ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 19 | Issue 81 | 26 July to 1 August, 2023 | Ph.: (510) 240-5949 | Email: asrtimes@gmail.com




# ਸੁਲਗਦਾ ਮਨੀਪੁਰ

## ਆਧੁਨਿਕਤਾ ਦੇ ਨਾਂਅ 'ਤੇ 'ਆਦਿਮਾਨਵ ਯੁਗ' 'ਚ ਜਾ ਰਿਹਾ ਭਾਰਤ

## ਦੇਸ਼ ਦੀ ਅਖੰਡਤਾ ਅਤੇ ਏਕਤਾ ਲਈ ਬੇਹੱਦ ਖ਼ਤਰਨਾਕ ਹੈ ਮਨੀਪੁਰ ਘਟਨਾ

- ਮਨੀਪੁਰ 'ਚ ਭਾਜਪਾ ਦੀ ਡਬਲ ਇੰਜਣ ਸਰਕਾਰ ਹੋਈ ਫੇਲ੍ਹ
- ਵੱਖ-ਵੱਖ ਭਾਈਚਾਰਿਆਂ ਨੂੰ ਆਪਸ ਵਿੱਚ ਲੜਾਉਣਾ ਭਾਜਪਾ ਦੇ ਸਿਆਸੀ ਹਿੱਤ : ਵਿਰੋਧੀ ਧਿਰ

ਪਟਿਆਲਾ/ਏ.ਟੀ.ਨਿਊਜ਼ : ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰ ਮੰਨਿਆ ਜਾਂਦਾ ਭਾਰਤ ਇੱਕ ਅਜਿਹਾ ਦੇਸ਼ ਹੈ, ਜਿਸ ਵਿੱਚ ਵੱਖ- ਵੱਖ ਧਰਮਾਂ, ਜਾਤਾਂ, ਨਸਲਾਂ, ਰੰਗਾਂ, ਭਾਸ਼ਾਵਾਂ ਵਾਲੇ ਲੋਕ ਰਹਿੰਦੇ ਹਨ। ਇਸ ਤਰਾਂ ਭਾਰਤ ਵਿੱਚ ਏਕਤਾ ਵਿੱਚ ਅਨੇਕਤਾ ਅਤੇ ਅਨੇਕਤਾ ਵਿੱਚ ਏਕਤਾ ਦਾ ਨਿਯਮ ਲਾਗੂ ਹੈ, ਪਰ ਪਿਛਲੇ ਕੁਝ ਸਮੇਂ ਤੋਂ ਭਾਰਤ ਦੇ ਵੱਖ-ਵੱਖ ਸੂਬਿਆਂ ਵਿੱਚ ਅਜਿਹੀਆਂ ਘਟਨਾਵਾਂ ਵਾਪਰ ਰਹੀਆਂ ਹਨ, ਜੋ ਕਿ ਭਾਰਤੀ ਸਮਾਜ ਨੂੰ ਸ਼ਰਮਸਾਰ ਕਰਨ ਵਾਲੀਆਂ ਹਨ। ਇਹਨਾਂ ਵਿਚੋਂ ਹੀ ਤਾਜ਼ਾ ਘਟਨਾ ਮਨੀਪੁਰ ਵਿੱਚ ਦੋ ਔਰਤਾਂ ਨੂੰ ਨਿਰਵਸਤਰ ਕਰਕੇ ਘੁਮਾਉਣ ਦੀ ਘਟਨਾ ਹੈ। ਇਸ ਘਟਨਾ ਨੇ ਪੂਰੀ ਦੁਨੀਆਂ ਵਿੱਚ ਰਹਿੰਦੇ ਲੋਕਾਂ ਦੇ ਹਿਰਦੇ ਵਲੂੰਧਰ ਦਿੱਤੇ ਹਨ




ਅਤੇ ਅੰਤਰਰਾਸ਼ਟਰੀ ਪੱਧਰ 'ਤੇ ਮਨੀਪੁਰ ਸਰਕਾਰ ਅਤੇ ਭਾਰਤ ਸਰਕਾਰ ਨੂੰ ਨਮੋਸ਼ੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਮਨੀਪੁਰ ਮਾਮਲੇ 'ਚ ਭਾਜਪਾ ਦੀ ਡਬਲ ਇੰਜਣ ਵਾਲੀ ਸਰਕਾਰ ਪੂਰੀ ਤਰਾਂ ਫੇਲ੍ਹ ਹੋ ਗਈ ਹੈ। ਦੁਨੀਆਂ ਭਰ ਦੇ ਵਿਦਵਾਨ ਕਹਿ ਰਹੇ ਹਨ ਭਾਰਤ ਵਿੱਚ ਇਕ ਪਾਸੇ ਔਰਤ ਨੂੰ ਦੇਵੀ ਕਹਿ ਕੇ ਪੂਜਿਆ ਜਾਂਦਾ ਹੈ, ਦੂਜੇ ਪਾਸੇ ਇਸੇ ਭਾਰਤ ਵਿੱਚ ਮਹਿਲਾਵਾਂ ਨੂੰ ਨੰਗੀਆਂ ਕਰਕੇ ਘੁਮਾਇਆ ਜਾਂਦਾ ਹੈ। ਮਨੀਪੁਰ ਵਿੱਚ ਵਾਪਰੀ ਇਹ ਘਟਨਾ ਭਾਰਤੀ ਸਮਾਜ ਦੇ ਆਧੁਨਿਕ ਯੁੱਗ ਤੋਂ ਪੁਰਾਤਨ 'ਆਦਿਮਾਨਵ ਯੁੱਗ' ਵਿੱਚ ਜਾਣ ਦਾ ਵੱਡਾ ਸਬੂਤ ਹੈ।

## ਮਨੀਪੁਰ ਘਟਨਾ 'ਤੇ ਮੋਦੀ ਦੀ ਚੋਣ ਰਾਜਨੀਤੀ

ਕਈ ਵਿਰੋਧੀ ਨੇਤਾਵਾਂ ਨੇ ਔਰਤਾਂ 'ਤੇ ਹੋ ਰਹੇ ਇਸ ਅੱਤਿਆਚਾਰ 'ਤੇ ਦੁੱਖ ਪ੍ਰਗਟ ਕੀਤਾ ਹੈ ਅਤੇ ਪ੍ਰਧਾਨ ਮੰਤਰੀ ਮੋਦੀ ਦੀ ਚੁੱਪ 'ਤੇ ਗੰਭੀਰ ਸਵਾਲ ਖੜ੍ਹੇ ਕੀਤੇ ਹਨ। ਸ਼ਾਇਦ ਵਿਰੋਧੀ ਧਿਰ ਦੇ ਦਬਾਅ ਨੇ ਕੰਮ ਕੀਤਾ ਜਾਂ ਆਪਣੇ ਅਕਸ ਨੂੰ ਲੈ ਕੇ



ਫਿਕਰਮੰਦ ਮੋਦੀ ਨੇ ਆਖਰਕਾਰ ਮਾਨਸੂਨ ਸੈਸ਼ਨ ਸ਼ੁਰੂ ਹੋਣ ਤੋਂ ਪਹਿਲਾਂ ਮਨੀਪੁਰ 'ਤੇ ਟਿੱਪਣੀ ਕਰ ਦਿੱਤੀ। ਉਨ੍ਹਾਂ ਨੇ ਇਸ ਘਟਨਾ ਨੂੰ 140 ਕਰੋੜ ਦੇਸ਼ਵਾਸੀਆਂ ਲਈ ਸ਼ਰਮ ਵਾਲੀ ਗੱਲ ਦੱਸਿਆ ਪਰ ਇਸ ਦੇ ਨਾਲ ਰਾਜਸਥਾਨ, ਪੱਛਮੀ ਬੰਗਾਲ ਅਤੇ ਛੱਤੀਸਗੜ੍ਹ ਦਾ ਵੀ ਜ਼ਿਕਰ ਕੀਤਾ। ਮਨੀਪੁਰ ਦੇ ਇਸ ਗੰਭੀਰ ਸੰਕਟ 'ਤੇ ਵੀ ਸ਼੍ਰੀ ਮੋਦੀ ਆਪਣੇ ਆਪ ਨੂੰ ਚੋਣ ਰਾਜਨੀਤੀ ਖੇਡਣ ਤੋਂ ਰੋਕ ਨਹੀਂ ਸਕੇ। ਇਹ ਬਹੁਤ ਦੁੱਖ ਦੀ ਗੱਲ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇੱਥੇ ਹਿੰਸਾ ਸ਼ੁਰੂ ਹੋਣ ਤੋਂ ਲੈ ਕੇ 75 ਦਿਨਾਂ ਤੱਕ ਇਸ ਵਿਸ਼ੇ 'ਤੇ ਪੂਰੀ ਤਰ੍ਹਾਂ ਚੁੱਪ ਧਾਰੀ ਰੱਖੀ।24 ਘੰਟੇ ਪੂਰੇ ਚੋਣ ਮੋਡ ਵਿੱਚ ਰਹਿਣ ਵਾਲੇ ਅਤੇ ਬਾਕੀ ਸਮਾਂ ਵਿਦੇਸ਼ ਦੌਰਿਆਂ 'ਤੇ ਰਹਿਣ ਵਾਲੇ ਸ੍ਰੀ ਮੋਦੀ ਕੋਲ ਕਦੇ ਵੀ ਮਨੀਪੁਰ ਜਾ ਕੇ ਲੋਕਾਂ ਦੇ ਜ਼ਖ਼ਮਾਂ 'ਤੇ ਮਲ੍ਹਮ ਲਾਉਣ ਦਾ ਸਮਾਂ ਨਹੀਂ ਰਿਹਾ। ਸੱਚਾਈ ਇਹ ਹੈ ਕਿ ਉਨ੍ਹਾਂ ਨੇ ਇਸ ਵਿਸ਼ੇ 'ਤੇ ਨਾ ਤਾਂ ਕੋਈ ਮੀਟਿੰਗ ਕੀਤੀ ਹੈ, ਨਾ ਹੀ ਵਿਰੋਧੀ ਪਾਰਟੀਆਂ ਨਾਲ ਕੋਈ ਚਰਚਾ ਕੀਤੀ ਹੈ ਅਤੇ ਨਾ ਹੀ ਹਿੰਸਕ ਭਾਈਚਾਰਿਆਂ ਨੂੰ ਸ਼ਾਂਤੀ ਦੀ ਅਪੀਲ ਕੀਤੀ ਹੈ। ਮਨੀਪੁਰ ਦੀ ਸਥਿਤੀ ਹੁਣ ਪੂਰੀ ਦੁਨੀਆ ਵਿੱਚ ਫੈਲ ਗਈ ਹੈ। ਹਾਲ ਹੀ ਵਿੱਚ ਜਦੋਂ ਮੋਦੀ ਵਿਦੇਸ਼ੀ ਦੌਰਿਆਂ 'ਤੇ ਗਏ ਸਨ, ਤਾਂ ਭਾਰਤ ਵਿੱਚ ਫੈਲੀ ਫਿਰਕੂ ਅਸਹਿਨਸ਼ੀਲਤਾ ਅਤੇ (ਬਾਕੀ ਸਫ਼ਾ 29 'ਤੇ)

## '84 'ਚ ਵੀ ਮਨੀਪੁਰ ਵਰਗੀ ਸਥਿਤੀ ਬਣੀ ਸੀ : ਐਡਵੋਕੇਟ ਫੂਲਕਾ

ਪ੍ਰਸਿੱਧ ਐਡਵੋਕੇਟ ਐਚ ਐਸ ਫੂਲਕਾ ਦਾ



ਕਹਿਣਾ ਹੈ ਕਿ ਅੱਜ ਮਨੀਪੁਰ ਵਿੱਚ ਜੋ ਕੁਝ ਹੋ ਰਿਹਾ ਹੈ, ਉਹ 1984 ਵਿੱਚ ਦਿੱਲੀ ਅਤੇ ਹੋਰ ਸ਼ਹਿਰਾਂ ਵਿੱਚ ਵੀ ਹੋਇਆ ਸੀ। ਉਹਨਾਂ ਕਿਹਾ ਕਿ ਅੱਜ ਸ਼ੋਸਲ ਮੀਡੀਆ ਹੋਣ ਕਾਰਨ ਮਨੀਪੁਰ ਦੀਆਂ ਘਟਨਾਵਾਂ ਦੁਨੀਆਂ ਅੱਗੇ ਆ ਰਹੀਆਂ ਹਨ ਪਰ 1984 ਵਿੱਚ ਸ਼ੋਸਲ ਮੀਡੀਆ ਨਾ ਹੋਣ ਕਾਰਨ ਵੱਡੀ ਗਿਣਤੀ ਅਜਿਹੀਆਂ ਘਟਨਾਂਵਾਂ ਨੂੰ ਦਬਾ ਦਿੱਤਾ ਗਿਆ। ਉਹਨਾਂ ਕਿਹਾ ਕਿ ਨਵੰਬਰ 1984 ਵਿੱਚ ਦਿੱਲੀ ਅਤੇ ਹੋਰ ਥਾਵਾਂ 'ਤੇ ਸਿੱਖਾਂ ਨੂੰ ਚੁਣ ਚੁਣ ਕੇ ਮਾਰਿਆ ਗਿਆ ਅਤੇ ਸਿੱਖ ਔਰਤਾਂ ਨੂੰ ਬੇਪੱਤ ਕੀਤਾ ਗਿਆ। (ਬਾਕੀ ਸਫ਼ਾ 29 'ਤੇ)

## ਡਰਾਮੇਬਾਜੀ ਕਰ ਰਹੇ ਹਨ ਮਨੀਪੁਰ ਦੇ ਮੁੱਖ ਮੰਤਰੀ : ਵਿਰੋਧੀ ਧਿਰ

ਵਿਰੋਧੀ ਸਿਆਸੀ ਪਾਰਟੀਆਂ ਦੇ ਆਗੂ ਕਹਿ ਰਹੇ ਹਨ ਕਿ ਮਨੀਪੁਰ ਨੂੰ ਇਸ ਹਾਲਤ ਵਿੱਚ ਲਿਆਉਣ ਲਈ ਉੱਥੋਂ ਦੀ ਭਾਜਪਾ ਸਰਕਾਰ ਪੂਰੀ ਤਰ੍ਹਾਂ ਜ਼ਿੰਮੇਵਾਰ ਹੈ। ਭਾਰਤੀ ਜਨਤਾ ਪਾਰਟੀ ਦੇ ਮੁੱਖ



ਮੰਤਰੀ ਐਨ.ਬੀਰੇਨ ਸਿੰਘ ਨਾ ਤਾਂ ਉੱਥੇ ਦੀ ਹਿੰਸਾ ਨੂੰ ਕਾਬੂ ਕਰ ਸਕੇ ਹਨ ਅਤੇ ਨਾ ਹੀ ਕੇਂਦਰ ਸਰਕਾਰ ਇਸ ਬਾਰੇ ਚਿੰਤਤ ਜਾਪਦੀ ਹੈ। ਬੀਰੇਨ ਸਿੰਘ ਵੀ ਕਈ ਵਾਰ ਲੋਕਾਂ ਦੇ ਸਾਹਮਣੇ ਆਪਣਾ ਅਸਤੀਫਾ ਦੇ ਚੁੱਕੇ ਹਨ, ਪਰ ਜਿਸ ਡਰਾਮੇ ਨਾਲ ਉਨ੍ਹਾਂ ਨੇ ਅਜਿਹਾ ਕੀਤਾ, ਬਰਾਬਰ ਦਾ ਡਰਾਮਾ ਦਿਖਾਉਂਦੇ ਹੋਏ ਉਸ ਅਸਤੀਫ਼ੇ ਦੀ ਚਿੱਠੀ ਵੀ ਉਨ੍ਹਾਂ ਦੇ ਸਮਰਥਕਾਂ ਨੇ ਪਾੜ ਦਿੱਤੀ। ਇੱਕ ਪਾਸੇ ਉਹ ਜਨਤਾ ਦੇ ਸਾਹਮਣੇ ਆਪਣੇ ਆਪ ਨੂੰ ਦੁਖੀ ਅਤੇ ਸੰਵੇਦਨਸ਼ੀਲ ਬਣਾਉਣ ਦੀ ਕੋਸ਼ਿਸ਼ ਕਰਦੇ ਹਨ, ਜਦਕਿ ਦੂਜੇ ਪਾਸੇ ਉਨ੍ਹਾਂ ਦੀ ਸਰਕਾਰ 'ਤੇ ਖੁਦ ਮੀਤੀ ਭਾਈਚਾਰੇ ਨੂੰ ਸੁਰੱਖਿਆ ਅਤੇ ਅਸਿੱਧੇ ਤੌਰ 'ਤੇ ਮਦਦ ਦੇਣ ਦੇ ਦੋਸ਼ ਵੀ ਲੱਗਦੇ ਹਨ, ਕਿਉਂਕਿ ਮੀਤੀ ਸੂਬੇ ਵਿੱਚ 52 ਫੀਸਦੀ ਹਨ, ਜਦੋਂ ਕਿ ਕੂਕੀ ਘੱਟ (ਬਾਕੀ ਸ.ਫ਼ਾ 29 'ਤੇ)

## ਆਈ.ਟੀ.ਐਲ.ਐਫ. ਦੀ ਰਿਪੋਰਟ

ਮਨੀਪੁਰ ਦੇ ਚੂਰਾਚੰਦਪੁਰ ਜ਼ਿਲ੍ਹੇ ਦੇ ਮਾਨਤਾ ਪ੍ਰਾਪਤ ਕਬੀਲਿਆਂ ਦੇ ਸਮੂਹ "ਇੰਡੀਜੀਨਸ ਕਬਾਇਲੀ ਲੀਡਰ ਫੋਰਮ (ਆਈਟੀਐਲਐਫ) ਨੇ ਚੱਲ ਰਹੀ ਅਸ਼ਾਂਤੀ ਦੌਰਾਨ ਕੁੱਕੀ-ਜ਼ੋ ਔਰਤਾਂ ਵਿਰੁੱਧ ਅਪਰਾਧਾਂ ਦੇ 14 ਕਥਿਤ ਮਾਮਲਿਆਂ ਦੀ ਸੂਚੀ ਜਾਰੀ ਕੀਤੀ ਹੈ। 16 ਪੰਨਿਆਂ ਦੇ ਦਸਤਾਵੇਜ਼ਾਂ ਵਿੱਚ ਅਤਿਆਚਾਰਾਂ ਦੀ ਸੂਚੀ ਦਿੱਤੀ ਗਈ ਹੈ। 3 ਮਈ ਤੋਂ 6 ਜੁਲਾਈ ਦੇ ਵਿਚਕਾਰ ਜਦੋਂ ਮੈਤੀ ਅਤੇ ਕੁੱਕੀ ਵਿਚਕਾਰ ਹਿੰਸਾ ਸ਼ੁਰੂ ਹੋਈ ਤਾਂ ਦੋਵਾਂ ਭਾਈਚਾਰਿਆਂ ਨੂੰ ਅਸ਼ਾਂਤੀ ਦਾ ਸਾਹਮਣਾ ਕਰਨਾ ਪਿਆ, ਜਿਸ ਵਿੱਚ 152 ਵਿਅਕਤੀਆਂ ਦੀ ਮੌਤ ਹੋਈ ਅਤੇ 60 ਹਜਾਰ ਲੋਕ ਬੇਘਰ ਹੋ ਗਏ। ਆਈਟੀਐਲਐਫ ਦੇ ਬੁਲਾਰੇ ਗਿੰਨਜਾਵੁਲਜੋਂਗ ਨੇ ਕਿਹਾ ਕਿ ਅੱਤਿਆਚਾਰਾਂ ਨੂੰ ਦਸਤਾਵੇਜੀ ਤੌਰ 'ਤੇ ਤਿਆਰ ਕੀਤਾ ਗਿਆ ਤਾਂ ਕਿ ਜਨਤਕ ਕੀਤਾ ਜਾਵੇ ਅਤੇ ਪੀੜਤਾਂ ਨੂੰ ਸਮਰਥਣ ਮਿਲ ਸਕੇ। ਉਹਨਾਂ ਨੇ ਇੱਕ ਨੰਬਰ ਵੀ ਦਿੱਤਾ ਕਿ ਪੀੜਤਾਂ ਦੀ ਮਦਦ ਕਰਨ ਦੇ ਲਈ 8826532299 'ਤੇ ਕਾਲ ਕੀਤੀ ਜਾ ਸਕੇ ਜਾਂ itlfmediacell@gmail.com 'ਤੇ ਸੰਦੇਸ਼ ਭੇਜੇ ਜਾ ਸਕਦੇ ਹਨ।

## ਮਨੀਪੁਰ ਵਿੱਚ ਰਾਸ਼ਟਰਪਤੀ ਸ਼ਾਸਨ ਕਿਉਂ ਨਹੀਂ ?



ਮਨੀਪੁਰ ਵਿੱਚ ਚੱਲ ਰਹੀ ਹਿੰਸਾ ਦੌਰਾਨ 70 ਹਜ਼ਾਰ ਲੋਕ ਬੇਘਰ ਹੋ ਗਏ। ਅੱਗਜ਼ਨੀ ਦੀਆਂ 5 ਹਜ਼ਾਰ ਤੋਂ ਵੱਧ ਘਟਨਾਵਾਂ ਹੋਈਆਂ। ਕਰੀਬ 150 ਲੋਕਾਂ ਦੀ ਮੌਤ ਹੋ ਗਈ। ਔਰਤਾਂ ਦੀ ਨੰਗੀ ਪਰੇਡ ਕੀਤੀ ਜਾ ਰਹੀ ਹੈ। ਮੀਤੀ ਅਤੇ ਕੁਕੀ ਇੱਕ ਦੂਜੇ ਦੇ ਖ਼ੂਨ ਦੇ ਪਿਆਸੇ ਹਨ। ਮਨੀਪੁਰ ਦੀ ਰਾਜਪਾਲ ਅਨੁਸੂਈਆ ਉਈਕੇ ਨੂੰ ਵੀ ਕਹਿਣਾ ਪਿਆ ਕਿ ਉਸਨੇ ਆਪਣੀ ਪੂਰੀ ਜ਼ਿੰਦਗੀ ਵਿੱਚ ਇੰਨੀ ਹਿੰਸਾ ਕਦੇ ਨਹੀਂ ਦੇਖੀ। ਵਿਰੋਧੀ ਧਿਰ ਦੀ ਮੰਗ ਦੇ ਬਾਵਜੂਦ ਨਾ ਤਾਂ ਮਨੀਪੁਰ ਦੇ ਮੁੱਖ ਮੰਤਰੀ ਐਨ ਬੀਰੇਨ ਸਿੰਘ ਨੇ ਅਸਤੀਫਾ ਦਿੱਤਾ ਅਤੇ (ਬਾਕੀ ਸਫ਼ਾ 29 'ਤੇ)

# ਕੈਨੇਡਾ ਵਿੱਚ 9 ਮਿਲੀਅਨ ਡਾਲਰ ਦੇ ਕਾਰਗੋ ਚੋਰੀ ਕਰਨ ਦੇ ਦੋਸ਼ 'ਚ 15 ਪੰਜਾਬੀ ਗ੍ਰਿਫ਼ਤਾਰ

ਟੋਰਾਂਟੋ /ਏ.ਟੀ.ਨਿਊਜ਼:ਗ੍ਰੇਟਰ ਟੋਰਾਂਟੋ ਏਰੀਆ (ਜੀਟੀਏ) ਦੀ ਪ੍ਰਲਿਸ ਵੱਲੋਂ ਕਾਰਗੋ ਤੇ ਕਮਰਸ਼ੀਅਲ ਵ੍ਹੀਕਲ ਚੋਰੀ ਕਰਨ ਵਾਲੇ 15 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਤੇ ਉਨ੍ਹਾਂ ਕੋਲੋਂ 9 ਮਿਲੀਅਨ ਡਾਲਰ ਮੁੱਲ ਦਾ ਚੋਰੀ ਦਾ ਸਮਾਨ ਬਰਾਮਦ ਹੋਇਆ ਹੈ।




ਪੀਲ ਰੀਜਨਲ ਪੁਲਿਸ ਦੀ ਅਗਵਾਈ ਵਿੱਚ ਕੀਤੀ ਗਈ ਜਾਂਚ ਨੂੰ ਪ੍ਰੋਜੈਕਟ 'ਬਿੱਗ ਰਿੱਗ' ਦਾ ਨਾਂ ਦਿੱਤਾ ਗਿਆ। ਮਾਰਚ 2023 ਵਿੱਚ ਜਾਂਚਕਾਰਾਂ ਨੇ ਆਖਿਆ ਕਿ ਜੀਟੀਏ ਭਰ ਵਿੱਚ ਛੇ ਲੋਕੇਸ਼ਨਜ਼ ਉੱਤੇ ਛਾਪੇ ਮਾਰੇ ਗਏ ਤੇ ਉੱਥੋਂ ਚੋਰੀ ਕੀਤੇ ਕਾਰਗੋ ਦੇ 28 ਕੰਟੇਨਰ ਬਰਾਮਦ ਹੋਏ, ਜਿਨ੍ਹਾਂ ਦੀ ਕੀਮਤ 7 ਮਿਲੀਅਨ ਡਾਲਰ ਦੇ ਨੇੜੇ ਤੇੜੇ ਸੀ। ਇਸ ਤੋਂ ਇਲਾਵਾ ਚੋਰੀ ਦੇ 28 ਟਰੈਕਟਰ ਤੇ ਟਰੇਲਰਜ਼ ਵੀ ਬਰਾਮਦ ਕੀਤੇ ਗਏ ਜਿਹੜੇ ਡਾਲਰ 2.25 ਮਿਲੀਅਨ ਡਾਲਰ ਦੇ ਸਨ।

ਇਸ ਦੌਰਾਨ 15 ਵਿਅਕਤੀਆਂ ਖਿਲਾਫ 73 ਚਾਰਜਿਜ਼ ਲਾਏ ਗਏ। ਇਹ ਚਾਰਜਿਜ਼ ਜੁਰਮ ਨਾਲ ਬਣਾਈ ਗਈ ਸੰਪਤੀ, ਮੋਟਰ ਵ੍ਹੀਕਲ ਚੋਰੀ ਕਰਨ, ਚੋਰੀਆਂ ਕਰਨ, ਪਾਬੰਦੀ ਦੇ ਬਾਵਜੂਦ ਮੋਟਰ ਵ੍ਹੀਕਲ ਆਪਰੇਟ ਕਰਨ ਵਰਗੇ ਜੁਰਮਾਂ ਲਈ ਲਾਏ ਗਏ। ਜਾਂਚਕਾਰਾਂ ਨੇ ਦੱਸਿਆ ਕਿ ਕਾਰਗੋ ਵਿੱਚ ਕਈ ਤਰ੍ਹਾਂ ਦੀਆਂ ਕੀਮਤੀ ਚੀਜ਼ਾਂ, ਜਿਨ੍ਹਾਂ ਵਿੱਚ ਸਨੋਅਮੋਬਿਲਜ਼, ਏਟੀਵੀਜ਼ ਤੇ ਫੂਡ ਨਾਲ ਸਬੰਧਤ ਵਸਤਾਂ ਸ਼ਾਮਲ ਸਨ, ਬਰਾਮਦ ਕੀਤੀਆਂ ਗਈਆਂ।

ਡਿਟੈਕਟਿਵ ਮਾਰਕ ਹੇਅਵੁੱਡ ਨੇ ਦੱਸਿਆ ਕਿ ਇਹ ਸਾਰੇ ਮਸ਼ਕੂਕ ਫੈਂਸ ਤੋੜ ਕੇ ਕਿਸੇ ਵੀ ਫੈਸਿਲਿਟੀ ਵਿੱਚ ਦਾਖਲ ਹੁੰਦੇ ਸਨ ਤੇ ਪ੍ਰਾਪਰਟੀ ਚੋਰੀ ਕਰਨ ਤੋਂ ਬਾਅਦ ਗੱਡੀਆਂ ਭਰ ਕੇ ਉੱਥੋਂ ਚਲੇ ਜਾਂਦੇ ਸਨ। ਇਨ੍ਹਾਂ ਮੁਜਰਮਾਂ ਨੇ ਚੋਰੀ ਦਾ ਸਮਾਨ ਰੱਖਣ ਲਈ ਜੀਟੀਏ ਵਿੱਚ ਛੇ ਥਾਂਵਾਂ ਤੈਅ ਕੀਤੀਆਂ ਹੋਈਆਂ ਸਨ।ਹੇਅਵੁੱਡ ਨੇ ਆਖਿਆ ਕਿ ਪੁਲਿਸ ਦਾ ਮੰਨਣਾ ਹੈ ਕਿ ਇਸ ਜੁਰਮ ਨਾਲ ਸਬੰਧਤ ਸਾਰੇ ਮੁਜਰਮਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ।

ਗ੍ਰਿਫਤਾਰ ਕੀਤੇ ਗਏ 15 ਵਿਅਕਤੀਆਂ ਵਿੱਚ 42 ਸਾਲਾ ਬਲਕਾਰ ਸਿੰਘ, 26 ਸਾਲਾ ਅਜੇ ਅਜੇ, 40 ਸਾਲਾ ਮਨਜੀਤ ਪੱਡਾ, 25 ਸਾਲਾ ਜਗਜੀਵਨ ਸਿੰਘ, 41 ਸਾਲਾ ਅਮਨਦੀਪ ਬੈਦਵਾਨ, 58 ਸਾਲਾ ਕਰਮਸਾਂਦ ਸਿੰਘ,45 ਸਾਲਾ ਜਸਵਿੰਦਰ ਅਟਵਾਲ, 45 ਸਾਲਾ ਲਖਵੀਰ ਸਿੰਘ, 34 ਸਾਲਾ ਜਸਪਾਲ ਸਿੰਘ, 31 ਸਾਲਾ ਉਪਕਰਨ ਸੰਧੂ,44 ਸਾਲਾ ਸੁਖਵਿੰਦਰ ਸਿੰਘ, 39 ਸਾਲਾ ਕੁਲਵੀਰ ਬੈਂਸ, 39 ਸਾਲਾ ਬਾਨੀਸ਼ਿਦਰ ਲਾਲਸਰਨ, 23 ਸਾਲਾ ਸ਼ੋਭਿਤ ਵਰਮਾ ਤੇ 34 ਸਾਲਾ ਸੁਖਨਿੰਦਰ ਢਿੱਲੋਂ ਸ਼ਾਮਲ ਹਨ।

# 15 ਅਗਸਤ ਨੂੰ ਸੁਤੰਤਰਤਾ ਦਿਵਸ 'ਤੇ ਵਿਦੇਸ਼ਾਂ ਵਿੱਚ ਪ੍ਰਦਰਸ਼ਨ ਕਰਨਗੇ ਖ਼ਾਲਿਸਤਾਨੀ

## ਖ਼ਾਲਿਸਤਾਨੀਆਂ ਨੇ ਕੈਨੇਡਾ ਵਿੱਚ ਮੁੜ ਜਾਰੀ ਕੀਤਾ ਭਾਰਤ ਵਿਰੋਧੀ ਪੋਸਟਰ




ਟੋਰਾਂਟੋ/ਏ.ਟੀ.ਨਿਊਜ਼ : ਵਿਦੇਸ਼ਾਂ ਵਿੱਚ ਬੈਠੇ ਖਾਲਿਸਤਾਨੀਆਂ ਨੇ ਹੁਣ ਭਾਰਤੀ ਸਿਆਸਤਦਾਨਾਂ ਅਤੇ ਡਿਪਲੋਮੈਟਾਂ ਨੂੰ ਪੋਸਟਰਾਂ ਰਾਹੀਂ ਧਮਕੀਆਂ ਦੇਕੇ ਡਰਾਉਣਾ ਸ਼ੁਰੂ ਕਰ ਦਿੱਤਾ ਹੈ। ਖਾਲਿਸਤਾਨੀਆਂ ਨੇ ਹੁਣ ਇਕ ਵਾਰ ਫਿਰ ਭਾਰਤੀ ਡਿਪਲੋਮੈਟਾਂ ਖ਼ਿਲਾਫ਼ ਪੋਸਟਰ ਜਾਰੀ ਕਰਕੇ 15 ਅਗਸਤ ਨੂੰ ਸੁਤੰਤਰਤਾ ਦਿਵਸ 'ਤੇ ਵਿਦੇਸ਼ਾਂ ਵਿਚ ਪ੍ਰਦਰਸ਼ਨ ਕਰਨ ਦਾ ਐਲਾਨ ਕੀਤਾ।ਇਹਨਾਂ ਪੋਸਟਰਾਂ ਵਿੱਚ ਭਾਰਤ ਦੇ ਨਕਸ਼ੇ 'ਤੇ ਟੈਂਕਾਂ ਰਾਹੀਂ ਗੋਲੇ ਵਰ੍ਹਾਉਂਦੇ ਹੋਏ ਦਿਖਾਇਆ ਗਿਆ ਹੈ, ਜਦਕਿ ਵਿਦੇਸ਼ਾਂ ਵਿੱਚ ਡਿਪਲੋਮੈਟਾਂ ਨੂੰ ਅੱਤਵਾਦੀ ਨਿੱਝਰ ਦੇ ਕਤਲ ਦਾ ਦੋਸ਼ੀ ਦੱਸਦੇ ਹੋਏ ਉਨ੍ਹਾਂ ਦੇ ਵਾਂਟਿਡ ਦੇ ਪੋਸਟਰ ਜਾਰੀ ਕੀਤੇ ਗਏ ਹਨ। ਖੁ਼ਫੀਆ ਏਜੰਸੀਆਂ ਦੀ ਜਾਣਕਾਰੀ ਮੁਤਾਬਕ ਵਿਦੇਸ਼ਾਂ ਵਿੱਚ ਖਾਲਿਸਤਾਨੀ ਆਗੂਆਂ ਦੀ ਮੌਤ ਤੋਂ ਬਾਅਦ ਉਹ ਵਿਦੇਸ਼ਾਂ ਵਿੱਚ ਭਾਰਤੀ ਕੌਂਸਲੇਟ ਨੂੰ ਵੱਡਾ ਨੁਕਸਾਨ ਪਹੁੰਚਾਉਣ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ। ਭਾਰਤ ਸਰਕਾਰ ਨੇ ਦੋਸ਼ ਲਗਾਇਆ ਹੈ ਕਿ ਇਸ ਦੇ ਬਾਵਜੂਦ ਕੈਨੇਡਾ ਦੀ ਟਰੂਡੋ ਸਰਕਾਰ ਅੱਖਾਂ ਬੰਦ ਕਰੀ ਬੈਠੀ ਹੈ। ਦੂਸਰੇ ਪਾਸੇ ਟਰੂਡੋ ਸਰਕਾਰ ਨੇ ਰਾਜਦੂਤਾਂ ਦੀ ਸੁਰਖਿਆ ਮਜ਼ਬੂਤ ਕਰ ਦਿੱਤੀ ਹੈ ਤੇ ਭਾਰਤ ਸਰਕਾਰ ਨੂੰ ਜੁਆਬ ਦਿੱਤਾ ਹੈ ਕਿ ਉਹ ਕੈਨੇਡਾ ਦੇ ਸਿਸਟਮ ਅਨੁਸਾਰ ਖਾਲਿਸਤਾਨੀਆਂ ਦੀਆਂ ਗਤੀਵਿਧੀਆਂ ਉਪਰ ਰੋਕ ਨਹੀਂ ਲਗਾ ਸਕਦੇ।

**ਐੱਨ. ਆਈ. ਏ. ਨੇ ਕੀਤਾ ਸੀ ਸਾਜ਼ਿਸ਼ਾਂ ਦਾ ਖੁਲਾਸਾ**

ਇਕ ਰਿਪੋਰਟ ਮੁਤਾਬਕ ਨੈਸ਼ਨਲ ਇਨਵੈਸਟੀਗੇਟਿੰਗ ਏਜੰਸੀ (ਐੱਨ ਆਈ. ਏ.) ਨੇ ਭਾਰਤੀ ਡਿਪਲੋਮੈਟਾਂ ਖ਼ਿਲਾਫ਼ ਰਚੀਆਂ ਜਾ ਰਹੀਆਂ ਖਤਰਨਾਕ ਸਾਜ਼ਿਸ਼ਾਂ ਦਾ ਜ਼ਿਕਰ 16 ਜੂਨ ਨੂੰ ਦਰਜ ਆਪਣੀ ਇਕ ਐੱਫ. ਆਈ. ਆਰ. 'ਚ ਵੀ ਕੀਤਾ ਸੀ। ਜਾਣਕਾਰੀ ਮੁਤਾਬਕ ਇਸ ਸਾਜ਼ਿਸ਼ ਦੇ ਸੂਤਰਧਾਰ ਸਾਨ ਫਰਾਂਸਿਸਕੋ 'ਚ ਰਹਿ ਰਿਹਾ ਬਾਬਾ ਸਰਵਣ ਸਿੰਘ ਅਤੇ ਉਸ ਦੇ 7 ਸਹਿਯੋਗੀ ਹਨ।ਇਹ ਸਾਰੇ ਖਾੜਕੂ ਫਿਲਹਾਲ ਐੱਨ.ਆਈ.ਏ.ਦੇ ਰਾਡਾਰ 'ਤੇ ਹਨ।ਇਕ ਮੀਡੀਆ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਅਮਰੀਕਾ, ਕੈਨੇਡਾ ਅਤੇ ਬ੍ਰਿਟੇਨ ਤੋਂ ਬਾਅਦ ਹੁਣ ਖਾਲਿਸਤਾਨੀਆਂ ਨੇ ਪੁਰਤਗਾਲ ਨੂੰ ਹੁਣ ਆਪਣਾ ਨਵਾਂ ਟਿਕਾਣਾ ਬਣਾਇਆ ਹੈ। ਇੱਥੋਂ ਉਹ ਭਾਰਤ ਵਿਰੋਧੀ ਨਵੀਆਂ ਸਾਜ਼ਿਸ਼ਾਂ ਰਚ ਰਹੇ ਹਨ। ਖਾਲਿਸਤਾਨ ਮੂਵਮੈਂਟ ਨੂੰ ਹਵਾ ਦੇਣ ਦੀ ਕੋਸ਼ਿਸ਼ ਕਰ ਰਹੇ ਹਨ।ਖੁ਼ਫੀਆ ਏਜੰਸੀਆਂ ਅਨੁਸਾਰ ਪਿਛਲੇ ਦਿਨੀਂ ਪੰਜਾਬ ਵਿੱਚ ਫੜੇ ਗਏ ਕੁਝ ਅਪਰਾਧੀਆਂ ਕੋਲੋਂ ਪੁਰਤਗਾਲੀ ਹਥਿਆਰਾਂ ਦੀ ਖੇਪ ਮਿਲਣ ਤੋਂ ਬਾਅਦ ਇਸ ਗੱਲ ਦਾ ਖੁਲਾਸਾ ਹੋਇਆ ਸੀ। ਇਸ ਪੂਰੀ ਸਾਜ਼ਿਸ਼ ਦੇ ਪਿੱਛੇ ਪਾਕਿਸਤਾਨੀ ਖੁ਼ਫੀਆ ਏਜੰਸੀ ਆਈ. ਐੱਸ. ਆਈ. ਦਾ ਹੱਥ ਹੈ। ਉਹ ਸਾਰੇ ਖਾੜਕੂਆਂ ਨੂੰ ਹਥਿਆਰ ਤੇ ਪੈਸੇ ਮੁਹੱਈਆ ਕਰਵਾ ਰਹੀ ਹੈ ਤਾਂ ਜੋ ਭਾਰਤ ਵਿੱਚ ਪੰਜਾਬ ਸਣੇ ਦੂਜੇ ਸੂਬਿਆਂ 'ਚ ਹਿੰਸਾ ਦੀ ਅੱਗ ਭੜਕਾਈ ਜਾ ਸਕੇ।

SEEKING GROOM

Jat Sikh well educated and well settled family seeking suitable match for their September, 2001 US born 5'-4" daughter. Turban wearing keshadari young man and compatible humble family is preference, but not limited to. She possesses a degree in Business Management and Supervision. Employed as a Federal employee in the Bay Area(California)

Contact Ph: 510-861-6491
or pgrrealty@gmail.com

# ਅਮਰੀਕਾ ਦੀ ਪ੍ਰਸਿੱਧ ਸਿਆਨਾ ਸੰਸਥਾ ਨੇ ਪੰਜਾਹ ਸਾਲਾ ਸਲਾਨਾ ਸਿੱਖ ਗੁਰਮਤਿ ਕੈਂਪ ਲਗਾਇਆ

## ਵਿਦੇਸ਼ ਵਿੱਚ ਸਿੱਖ ਨੌਜਵਾਨਾਂ ਨੂੰ ਸਿੱਖੀ ਨਾਲ ਜੁੜੇ ਰਹਿਣ ਦੇ ਉਪਰਾਲੇ ਨੇ ਪੂਰੇ ਕੀਤੇ 50 ਸਾਲ



ਸੈਕਰਾਮੈਂਟੋ/ ਹੁਸਨ ਲੜੋਆ ਬੰਗਾ : ਸਿੱਖ ਨੌਜਵਾਨਾਂ ਵਿੱਚ ਅਧਿਆਤਮਿਕ ਚੇਤਨਾ ਅਤੇ ਸੱਭਿਆਚਾਰਕ ਕਦਰਾਂ ਕੀਮਤਾਂ ਪੈਦਾ ਕਰਨ ਲਈ, ਸਿੱਖ ਯੂਥ ਅਲਾਇੰਸ ਆਫ਼ ਨਾਰਥ ਅਮਰੀਕਾ (ਸਿਆਨਾ) ਸੰਸਥਾ ਨੇ ਅਮਰੀਕਾ ਦੇ ਸੂਬੇ ਮਿਸ਼ੀਗਨ ਦੇ ਸ਼ਹਿਰ ਫੈਂਟਨ ਦੇ ਵਾਏ.ਐਮ.ਸੀ.ਏ ਦੇ ਕੈਂਪ ਕੋਪਨੇਕੋਨਿਕ ਵਿੱਚ ਇੱਕ ਹਫ਼ਤੇ ਲਈ ਗੁਰਮਤਿ ਕੈਂਪ ਲਗਾਇਆ।ਇਸ ਸਲਾਨਾ ਕੈਂਪ ਦੇ 50ਵੇਂ ਸਾਲ ਵਿੱਚ ਸ਼ਾਮਲ ਹੋਣ ਵਾਲੇ ਬੱਚਿਆਂ ਅਤੇ ਸੇਵਾਦਾਰਾਂ ਵੱਲੋਂ ਭਰਵਾਂ ਹੁੰਗਾਰਾ ਦੇਖਣ ਨੂੰ ਮਿਲਿਆ ਜੋ ਕਿ ਬਹੁਤ ਹੀ ਉਤਸੁਕਤਾ ਨਾਲ ਸਿੱਖ ਧਰਮ ਦੀਆਂ ਸਿੱਖਿਆਵਾਂ ਵਿੱਚ ਲੀਨ ਹੋ ਗਏ।ਸਿਆਨਾ ਸੰਸਥਾ ਦੇ ਸੰਸਥਾਪਕ ਅਤੇ

ਰਾਸ਼ਟਰੀ ਕਨਵੀਨਰ ਕੁਲਦੀਪ ਸਿੰਘ ਨੇ ਦੱਸਿਆ ਕਿ ਇਸ ਸਾਲਾਨਾ ਕੈਂਪ ਦਾ ਉਦੇਸ਼ ਪੂਰੇ ਉੱਤਰੀ ਅਮਰੀਕਾ ਦੇ ਸਿੱਖ ਨੌਜਵਾਨਾਂ ਨੂੰ ਇੱਕ ਅਜਿਹੇ ਮਾਹੌਲ ਵਿੱਚ ਲਿਆਉਣਾ ਹੈ ਜਿੱਥੇ ਸਿੱਖੀ ਜੀਵਨ ਦਾ ਅਨੁਭਵ ਕੀਤਾ ਜਾ ਸਕੇ।ਪਿਛਲੇ 50 ਸਾਲਾਂ ਤੋਂ ਸਿੱਖ ਬੱਚਿਆਂ ਲਈ ਗਰਮੀਆਂ ਵਿੱਚ ਇੱਕ

ਹਫ਼ਤੇ ਲਈ ਕੈਂਪ ਲਗਾਇਆ ਜਾ ਰਿਹਾ ਹੈ। ਇਸ ਕੈਂਪ ਨੇ ਸਾਡੇ ਸਿੱਖ ਪੰਥ ਦੇ ਨੌਜਵਾਨ ਮੈਂਬਰਾਂ ਨੂੰ ਕੀਰਤਨ, ਪਾਠ, ਗੁਰਮਤਿ, ਇਤਿਹਾਸ ਅਤੇ ਸਭ ਤੋਂ ਮਹੱਤਵਪੂਰਨ ਗੁਰੂ-ਮੁਖੀ ਸੰਗਤ ਪ੍ਰਦਾਨ ਕੀਤੀ ਹੈ।ਉਨ੍ਹਾਂ ਅੱਗੇ ਕਿਹਾ ਕਿ ਸਿੱਖ ਧਰਮ ਦੀਆਂ ਪ੍ਰੇਰਨਾਦਾਇਕ ਪਰੰਪਰਾਵਾਂ ਵਿੱਚ ਲੀਨ ਹੋ ਕੇ, ਇਹ ਨੌਜਵਾਨ ਸਿੱਖੀ ਦੇ ਰਾਹ 'ਤੇ ਚੱਲਦੇ ਰਹਿਣ ਅਤੇ ਸਿੱਖੀ ਲਈ ਆਪਣੇ ਪਿਆਰ ਨੂੰ ਹੋਰ ਉਤਸ਼ਾਹਿਤ ਕਰਨ ਦੀ ਉਮੀਦ ਵਿੱਚ ਗੁਰੂ ਦੇ ਸੰਦੇਸ਼ ਦੀ ਝਲਕ ਪਾਉਂਦੇ ਹਨ।ਇਹ ਕੈਂਪ ਉਹਨਾਂ ਰਿਸ਼ਤਿਆਂ ਨੂੰ ਉਤਸ਼ਾਹਿਤ ਕਰਨ ਲਈ ਤਿਆਰ ਕੀਤਾ ਗਿਆ ਹੈ ਜੋ ਸੰਗਤ ਰਾਹੀਂ ਅਧਿਆਤਮਿਕ ਅਨੁਭਵ ਨੂੰ ਮਜ਼ਬੂਤ ਕਰਦੇ ਹਨ ।ਕੈਂਪ ਵਿੱਚ ਅਮਰੀਕਾ ਅਤੇ ਕੈਨੇਡਾ ਦੇ ਵੱਖ-ਵੱਖ ਹਿੱਸਿਆਂ ਤੋਂ 8 ਤੋਂ 18 ਸਾਲ ਦੀ ਉਮਰ ਦੇ 130 ਤੋਂ ਵੱਧ ਸਿੱਖ ਨੌਜਵਾਨਾਂ ਨੇ ਸ਼ਮੂਲੀਅਤ ਕੀਤੀ।

ਇਸ ਸਾਲ ਦਾ ਥੀਮ ਸ਼ਬਦ ਸੀ ਸਿਮਰਿ ਮਨਾ ਰਾਮ ਨਾਮੁ ਚਿਤਾਰੇ॥ ਗੁਰਮਤਿ ਕੈਂਪ ਦੇ 50 ਸਾਲ ਪੂਰੇ ਹੋਣ ਨਾਲ ਇਹ ਸਾਲ ਵੀ ਵਿਸ਼ੇਸ਼ ਰਿਹਾ। 1980 ਅਤੇ 90 ਦੇ ਦਹਾਕੇ ਦੇ ਬਹੁਤ ਸਾਰੇ ਪੁਰਾਣੇ ਕੈਂਪਰ, ਜੋ ਹੁਣ ਸੇਵਾਦਾਰ ਅਤੇ ਪ੍ਰਬੰਧਕ ਹਨ, ਨੇ ਕੈਂਪ ਦੇ ਸੰਸਥਾਪਕ ਕੁਲਦੀਪ ਸਿੰਘ, ਪਤਨੀ ਅਰਮਿੰਦਰ ਕੌਰ ਅਤੇ 1985 ਤੋਂ ਲਗਾਤਾਰ ਸੇਵਾ ਨਿਭਾ ਰਹੇ ਡਾ ਅਮਰਜੀਤ ਸਿੰਘ ਅਤੇ ਪਤਨੀ ਡਾ. ਅਮਰਜੀਤ ਕੌਰ ਦਾ ਸਨਮਾਨ ਕੀਤਾ। ਕੈਂਪ ਵਿੱਚ (ਬਾਕੀ ਸਫ਼ਾ 29 'ਤੇ)




# ਜੀ.ਟੀ. ਰੋਡ 'ਤੇ ਦੁਹਾਈਆਂ ਪਾਵੇ...

**ਅਸੀਂ ਟਰਾਂਸਪੋਰਟ ਕਾਰੋਬਾਰ ਕਰਨ ਵਾਲਿਆਂ ਅਤੇ ਖਾਸ ਕਰਕੇ ਟਰੱਕਾਂ ਵਾਲੇ ਵੀਰਾਂ ਲਈ ਇਸ ਵਾਰ ਤੋਂ ਨਵਾਂ ਕਾਲਮ ਸ਼ੁਰੂ ਕਰਨ ਜਾ ਰਹੇ ਹਾਂ। ਆਸ ਹੈ ਕਿ ਸਾਡਾ ਇਹ ਉਪਰਾਲਾ ਸਭ ਨੂੰ ਪਸੰਦ ਆਵੇਗਾ। ਟਰੱਕਾਂ ਅਤੇ ਟਰਾਂਸਪੋਰਟ ਨਾਲ ਜੁੜੇ ਵੀਰਾਂ ਨੂੰ ਅਪੀਲ ਹੈ ਕਿ ਉਹ ਆਪਣੇ ਤਜ਼ਰਬੇ ਸਾਡੇ ਨਾਲ ਸਾਂਝੇ ਕਰਨ ਤਾਂ ਕਿ ਉਹਨਾਂ ਨੂੰ ਦੁਨੀਆਂ ਸਾਹਮਣੇ ਲਿਆਂਦਾ ਜਾ ਸਕੇ। ਸਾਡੇ ਨਾਲ ਮੋਬਾਇਲ ਨੰਬਰ 8427912001 ਅਤੇ ਈਮੇਲ asrtimes@gmail.com 'ਤੇ ਸੰਪਰਕ ਕੀਤਾ ਜਾ ਸਕਦਾ ਹੈ।**

## ਭਾਰਤ ਦੀ ਆਰਥਿਕਤਾ ਦਾ ਮੁੱਖ ਧੁਰਾ ਹੈ ਟਰਾਂਸਪੋਰਟ ਦਾ ਧੰਦਾ

## ਟਰੱਕਾਂ ਦੇ ਪਹੀਏ ਨਾਲ ਹੀ ਘੁੰਮਦਾ ਹੈ ਭਾਰਤੀ ਅਰਥ ਵਿਵਸਥਾ ਦਾ ਪਹੀਆ



ਭਾਰਤ ਸਮੇਤ ਪੂਰੇ ਵਿਸ਼ਵ ਵਿੱਚ ਟਰਾਂਸਪੋਰਟ ਦੇ ਕਾਰੋਬਾਰ ਦੀ ਵੱਖਰੀ ਮਹੱਤਤਾ ਅਤੇ ਪ੍ਰਸਿੱਧੀ ਹੈ। ਦੁਨੀਆਂ ਦੀ ਕੁਲ ਆਬਾਦੀ ਦਾ ਵੱਡਾ ਹਿੱਸਾ ਟਰਾਂਸਪੋਰਟ ਅਤੇ ਟਰਾਂਸਪੋਰਟ ਨਾਲ ਸਬੰਧਿਤ ਕੰਮਾਂ 'ਤੇ ਨਿਰਭਰ ਹੈ। ਲੱਖਾਂ ਕਰੋੜਾ ਲੋਕਾਂ ਦਾ ਰੁਜ਼ਗਾਰ ਟਰਾਂਸਪੋਰਟ ਨਾਲ ਜੁੜਿਆ ਹੋਇਆ ਹੈ। ਵਿਦੇਸ਼ਾਂ 'ਚ ਭਾਵੇਂ ਟਰਾਂਸਪੋਰਟ ਦਾ ਕਾਰੋਬਾਰ ਲਾਹੇਵੰਦ ਕਿੱਤਾ ਮੰਨਿਆ ਜਾਂਦਾ ਹੈ, ਪਰ ਭਾਰਤ ਵਿੱਚ ਇਸ ਕਾਰੋਬਾਰ ਦੀ ਜੋ ਅਸਲ ਹਾਲਤ ਹੈ, ਉਸ ਦਾ ਸਭ ਨੂੰ ਪਤਾ ਹੈ। ਟਰਾਂਸਪੋਰਟ ਦਾ ਕਾਰੋਬਾਰ ਬਹੁਤ ਜੋਖ਼ਮਾਂ ਭਰਿਆ ਹੁੰਦਾ ਹੈ ਅਤੇ ਇਸ ਕਾਰੋਬਾਰ ਵਿੱਚ ਪੈਸੇ ਕਮਾਉਣ ਲਈ ਬਹੁਤ ਸਖ਼ਤ ਮਿਹਨਤ ਕਰਨੀ ਪੈਂਦੀ ਹੈ। ਜਦੋਂ ਵੀ ਟਰਾਂਸਪੋਰਟ ਦੇ ਕਾਰੋਬਾਰ ਦਾ ਪਹੀਆ ਰੁਕਦਾ ਹੈ ਤਾਂ ਵੱਡੀ ਗਿਣਤੀ ਲੋਕਾਂ ਦੇ ਘਰਾਂ 'ਚ ਰੋਟੀ ਦਾ ਜੁਗਾੜ ਕਰਨ ਦਾ ਸੰਕਟ ਖੜਾ ਹੋ ਜਾਂਦੀ ਹੈ। ਟਰਾਂਸਪੋਰਟ ਦਾ ਧੰਦਾ ਹਰ ਮੁਲਕ ਦੀ ਆਰਥਿਕਤਾ ਨੂੰ ਮਜ਼ਬੂਤ ਕਰਨ ਵਿੱਚ ਵੱਡੀ ਭੂਮਿਕਾ ਨਿਭਾਉਂਦਾ ਹੈ ਪਰ ਫਿਰ ਵੀ ਭਾਰਤ ਵਿੱਚ ਟਰਾਂਸਪੋਰਟ ਦੇ ਕਾਰੋਬਾਰ ਨਾਲ ਜੁੜੇ ਲੋਕਾਂ ਨੂੰ ਉਹ ਮਾਣ ਸਤਿਕਾਰ ਨਹੀਂ ਮਿਲਦਾ, ਜਿਸਦੇ ਉਹ ਹੱਕਦਾਰ ਹੁੰਦੇ ਹਨ।

ਟਰੱਕ/ਟਰਾਲਾ ਚਾਲਕ ਆਮ ਤੌਰ 'ਤੇ ਆਪਣੇ ਘਰਾਂ ਤੋਂ ਦੂਰ ਰਹਿੰਦੇ ਹਨ, ਕਿਉਂਕਿ ਉਹਨਾਂ ਨੇ ਆਪਣੇ ਟਰੱਕਾਂ ਵਿੱਚ ਲੱਦਿਆ ਸਮਾਨ ਇੱਕ ਰਾਜ ਤੋਂ ਦੂਜੇ ਰਾਜ ਤਕ ਲੈ ਕੇ ਜਾਣਾ ਹੁੰਦਾ ਹੈ ਅਤੇ ਕਈ ਵਾਰ ਟਰੱਕਾਂ ਵਿੱਚ ਲੱਦੇ ਸਮਾਨ ਨੂੰ ਸਮੇਂ ਸਿਰ ਉਸਦੀ ਮੰਜ਼ਿਲਾਂ 'ਤੇ ਪਹੁੰਚਾਉਣਾ ਜ਼ਰੂਰੀ ਹੁੰਦਾ ਹੈ। ਇਸ ਤੋਂ ਇਲਾਵਾ ਬੱਸਾਂ, ਟੈਂਪੂਆਂ ਅਤੇ ਆਟੋਆਂ ਦੇ ਡਰਾਇਵਰ ਵੀ ਲੰਮਾ ਸਮਾਂ ਸਫ਼ਰ ਵਿੱਚ ਵੀ ਕੱਢਦੇ ਹਨ। ਇਹਨਾਂ ਲੋਕਾਂ ਨੂੰ ਆਪਣੇ ਪਰਿਵਾਰ ਵਿੱਚ ਰਹਿਣ ਲਈ ਬਹੁਤ ਘੱਟ ਸਮਾਂ ਮਿਲਦਾ ਹੈ। ਇਸੇ ਕਰਕੇ ਇਹ ਲੋਕ ਆਪਣਾ ਪਰਿਵਾਰਕ ਮੋਹ ਪਿਆਰ ਆਪਣੀਆਂ ਗੱਡੀਆਂ ਨੂੰ ਸ਼ਿੰਗਾਰਨ ਅਤੇ ਗੱਡੀਆਂ 'ਤੇ ਸ਼ਾਇਰੀ ਲਿਖਣ ਵਿੱਚ ਦਿਖਾਉਂਦੇ ਹਨ। ਹਮੇਸ਼ਾ ਸਫ਼ਰ ਵਿੱਚ ਰਹਿਣ ਵਾਲੇ ਇਹਨਾਂ ਟਰੱਕ ਮਾਲਕਾਂ, ਡਰਾਇਵਰਾਂ, ਕਲੀਨਰਾਂ ਨੇ ਆਪਣੀਆਂ ਗੱਡੀਆਂ ਨੂੰ ਹੀ ਆਪਣਾ ਰੈਣ ਵਸੇਰਾ ਵੀ ਬਣਾਇਆ ਹੁੰਦਾ ਹੈ ਅਤੇ ਇਹਨਾਂ ਵੱਲੋਂ ਆਪਣੀਆਂ ਗੱਡੀਆਂ 'ਤੇ ਬਹੁਤ ਹੀ ਸੁੰਦਰ ਸ਼ਾਇਰੀ ਲਿਖਵਾਈ ਜਾਂਦੀ ਹੈ। ਇਹਨਾਂ ਲੋਕਾਂ ਵੱਲੋਂ ਆਪਣੀਆਂ ਗੱਡੀਆਂ ਤੇ ਕਈ ਤਰਾਂ ਦੀਆਂ ਪੇਟਿੰਗਾਂ ਵੀ ਕਰਵਾਈਆਂ ਜਾਂਦੀਆਂ ਹਨ। ਟਰੱਕਾਂ ਅਤੇ ਹੋਰ ਵਾਹਨਾਂ ਤੇ ਲਿਖੀ ਗਈ ਸ਼ਾਇਰੀ ਅਤੇ ਕੀਤੀ ਗਈ ਪੇਟਿੰਗ ਕਈ ਵਾਰ ਬੜੇ ਡੂੰਘੇ ਅਰਥਾਂ ਵਾਲੀ ਹੁੰਦੀ ਹੈ ਅਤੇ ਅਕਸਰ ਇਸ ਸ਼ਾਇਰੀ ਵਿੱਚ ਇਹਨਾਂ ਵਾਹਨਾਂ ਦੇ ਮਾਲਕਾਂ /ਡਰਾਇਵਰਾਂ ਵੱਲੋਂ ਆਪਣੇ ਘਰਾਂ ਦਾ ਮੋਹ ਪਿਆਰ ਦਿਖਾਇਆ ਹੁੰਦਾ ਹੈ। ਅਕਸਰ ਇਹ ਸ਼ਾਇਰੀ ਜਿੰਦਾਦਿਲੀ ਦਾ ਸਬੂਤ ਹੁੰਦੀ ਹੈ ਅਤੇ ਲੋਕਾਂ ਨੂੰ ਸਹੀ ਰਾਹ ਦਿਖਾਉਂਣ ਦਾ ਯਤਨ ਕਰਦੀ ਹੈ।

ਟਰੱਕਾਂ/ਟੈਂਪੂ/ਬੱਸਾਂ ਵਾਲਿਆਂ ਵੱਲੋਂ ਆਪਣੀਆਂ ਗੱਡੀਆਂ ਦੇ ਨਾਮ ਵੀ ਬਹੁਤ ਸੁੰਦਰ ਰਖੇ ਹੁੰਦੇ ਹਨ। ਨਵੀਆਂ ਬੱਸਾਂ 'ਤੇ ਅਕਸਰ ਕਸ਼ਮੀਰ ਦੀ ਕਲੀ, ਹੁਸਣ ਪਹਾੜੋਂ ਕਾ, ਸ਼ੇਰਨੀ, ਮੋਰਨੀ ਆਦਿ ਵੀ ਲਿਖਿਆ ਹੁੰਦਾ ਹੈ। ਇਸ ਤੋਂ ਇਲਾਵਾ ਟਰੱਕਾਂ/ਟੈਂਪੂ ਅਤੇ ਟਰਾਲੇ ਵਾਲੇ ਆਪਣੀਆਂ ਗੱਡੀਆਂ ਨੂੰ ਘੋੜਾ ਟਰਾਲਾ, ਛੋਟਾ ਹਾਥੀ ਅਤੇ ਅਜਿਹੇ ਹੀ ਹੋਰ ਨਾਵਾਂ ਨਾਲ ਬੁਲਾਉਂਦੇ ਹਨ। ਇਹ ਨਾਮ ਇਹਨਾਂ ਦੀਆਂ ਗੱਡੀਆਂ ਦੀ ਪਹਿਚਾਣ ਬਣ ਜਾਂਦੇ ਹਨ।

ਕਈ ਬੱਸਾਂ ਅਤੇ ਟਰੱਕਾਂ ਵਾਲਿਆਂ ਨੇ ਬੱਸਾਂ ਤੇ ਟਰੱਕਾਂ ਵਿੱਚ ਲਾਲ ਤੇ ਰੰਗ ਬਿਰੰਗੇ ਚੂੜੇ ਵੀ ਟੰਗੇ ਹੁੰਦੇ ਹਨ। ਇਸ ਤੋਂ ਇਲਾਵਾ ਕਈ ਬੱਸਾਂ ਵਿੱਚ ਰੰਗ ਬਿਰੰਗੀਆਂ ਚੂੜੀਆਂ ਵੀ ਟੰਗੀਆਂ ਹੁੰਦੀਆਂ ਹਨ। ਇਸ ਤੋਂ ਇਲਾਵਾ ਕਈ ਟਰੱਕਾਂ ਅਤੇ ਬੱਸਾਂ ਵਿੱਚ ਲਾਲ ਅਤੇ ਕਾਲੀਆਂ ਪਰਾਂਦੀਆਂ ਵੀ ਟੰਗੀਆਂ ਹੁੰਦੀਆਂ ਹਨ। ਹਰ ਬੱਸ ਅਤੇ ਟਰੱਕ ਨੂੰ ਉਹਨਾਂ ਦੇ ਮਾਲਕਾਂ/ ਡਰਾਇਵਰਾਂ ਵੱਲੋਂ ਚੰਗੀ ਤਰਾਂ ਸ਼ਿੰਗਾਰਿਆ ਹੁੰਦਾ ਹੈ। ਨਵੀਆਂ ਬੱਸਾਂ ਅਤੇ ਨਵੇਂ ਟਰੱਕਾਂ ਦੀ ਸ਼ਾਨ ਹੀ ਨਿਰਾਲੀ ਹੁੰਦੀ ਹੈ। ਅਕਸਰ ਬੱਸ ਤੇ ਟਰੱਕ ਮਾਲਿਕ/ਡਰਾਇਵਰ ਆਪਣੀਆਂ ਗੱਡੀਆਂ ਨੂੰ ਮੱਥਾ ਟੇਕ ਕੇ ਸਵਾਰ ਹੁੰਦੇ ਹਨ ਅਤੇ ਸਵੇਰੇ ਸ਼ਾਮ ਬੱਸਾਂ ਜਾਂ ਟਰੱਕਾਂ ਵਿੱਚ ਧੂਪ ਅਗਰਵਤੀ ਵੀ ਚਲਾਉਂਦੇ ਹਨ।

ਅਕਸਰ ਟਰੱਕਾਂ 'ਤੇ ਲਿਖਿਆ ਹੁੰਦਾ ਹੈ ਕਿ 'ਮਿਲੇਗਾ ਮੁਕੱਦਰ' ਅਤੇ 'ਬਦਲੇਗੀ ਤਕਦੀਰ' ਲਿਖਿਆ ਹੁੰਦਾ ਹੈ। ਇਸ ਤੋਂ ਇਲਾਵਾ ਨਵੀਆਂ ਗੱਡੀਆਂ 'ਤੇ ਬੁਰੀ ਨਜ਼ਰ ਵਾਲੇ ਤੇਰਾ ਮੂੰਹ ਕਾਲਾ ਜਾਂ ਬੁਰੀ ਨਜ਼ਰ ਵਾਲੇ ਤੇਰੇ ਬੱਚੇ ਜੀਣ ਅਤੇ ਵੱਡੇ ਹੋ ਕੇ ਤੇਰਾ ਖ਼ੂਨ ਪੀਣ ਵੀ ਲਿਖਿਆ ਹੁੰਦਾ ਹੈ। ਇਸ ਤੋਂ ਇਲਾਵਾ ਕਈ ਵਾਹਨਾਂ 'ਤੇ ਲਿਖਿਆ ਹੁੰਦਾ ਹੈ ਕਿ 'ਜੁੱਤੀ ਝਾੜ ਕੇ ਚੜ੍ਹੀਂ ਮੁਟਿਆਰੇ, ਗੱਡੀ ਐ ਸ਼ੌਕੀਨ ਜੱਟ ਦੀ।'

ਟਰੱਕਾਂ ਅਤੇ ਹੋਰ ਮਾਲ ਵਾਹਨਾਂ ਨੇ ਇੱਕ ਰਾਜ ਤੋਂ ਦੂਜੇ ਰਾਜ ਵਿੱਚ ਜਾਂਦਿਆਂ ਕਰੀਬ ਪੂਰੇ ਭਾਰਤ ਦਾ ਹੀ ਚੱਕਰ ਲਗਾਉਣਾ ਹੁੰਦਾ ਹੈ, ਇਸ ਲਈ ਸਰਕਾਰੀ ਨੀਤੀਆਂ ਅਤੇ ਚੰਗੀਆਂ ਗੱਲਾਂ ਦਾ ਸੰਦੇਸ਼ ਪੂਰੇ ਦੇਸ਼ ਵਿੱਚ ਫੈਲਾਉਣ ਵਿੱਚ ਇਹਨਾਂ ਟਰੱਕਾਂ ਵਾਲਿਆਂ ਦਾ ਵੱਡਾ ਯੋਗਦਾਨ ਹੁੰਦਾ ਹੈ। ਕਈ ਟਰੱਕਾਂ 'ਤੇ ਸੁਖੀ ਪਰਿਵਾਰ ਦੀ ਕਾਮਨਾ ਕਰਦਿਆਂ ਲਿਖਿਆ ਹੁੰਦਾ ਹੈ, "ਬੱਚੇ ਦੋ ਹੀ ਕਾਫ਼ੀ ਅਤੇ ਹੋਰ ਤੋਂ ਮਾਫ਼ੀ।"

ਕਈ ਟਰੱਕਾਂ ਦੇ ਪਿਛਲੇ ਪਾਸੇ ਜਾਂ ਸਾਈਡਾਂ 'ਤੇ ਕੋਈ ਪੇਟਿੰਗ ਬਣਾਈ ਹੁੰਦੀ ਹੈ ਅਤੇ ਸ਼ਾਇਰੀ ਲਿਖੀ ਹੁੰਦੀ ਹੈ। ਕਈ ਟਰੱਕਾਂ 'ਤੇ ਲਿਖਿਆ ਹੁੰਦਾ ਹੈ ਕਿ " ਗੱਡੀ ਚਲਾਉਂਦੇ ਸਮੇਂ ਸੁੰਦਰਤਾ ਦਰਸ਼ਨ ਨਾ ਕਰੋ, ਨਹੀਂ ਤਾਂ ਦੇਵ ਦਰਸ਼ਨ ਹੋ ਜਾਣਗੇ।"

ਕਈ ਟਰੱਕਾਂ 'ਤੇ ਲਿਖਿਆ ਹੁੰਦਾ ਹੈ ਕਿ 'ਧੀਆਂ ਦਾ ਸਤਿਕਾਰ ਕਰੋ, ਪੁੱਤਾਂ ਵਾਂਗੂੰ ਪਿਆਰ ਕਰੋ।' ਇਹ ਸੰਦੇਸ਼ ਲੋਕਾਂ ਨੂੰ ਆਪਣੀਆਂ ਧੀਆਂ ਦਾ ਸਤਿਕਾਰ ਕਰਨ ਦੀ ਪ੍ਰੇਰਨਾ ਦਿੰਦਾ ਹੈ। ਕੋਰੋਨਾ ਕਾਲ ਸਮੇਂ ਵੀ ਟਰੱਕਾਂ ਵਾਲਿਆਂ ਨੇ ਜਾਗਰੂਕਤਾ ਫੈਲਾਉਣ ਵਿੱਚ ਆਪਣਾ ਯੋਗਦਾਨ ਪਾਇਆ। ਇੱਕ ਟਰੱਕ ਦੇ ਪਿੱਛੇ ਲਿਖਿਆ ਸੀ ਕਿ 'ਛੱਡੋ ਅਫ਼ਵਾਹਾਂ, ਲਗਵਾਓ ਵੈਕਸੀਨ। ਭੱਜੇਗਾ ਕੋਰੋਨਾ, ਜ਼ਿੰਦਗੀ ਹੋਵੇਗੀ ਹਸੀਨ।' ਕਈ ਟਰੱਕਾਂ ਵਾਲੇ ਕਿਸਮਤ ਵਿੱਚ ਯਕੀਨ ਰੱਖਦੇ ਹਨ ਅਤੇ ਆਪਣੇ ਟਰੱਕਾਂ 'ਤੇ ਲਿਖਵਾਉਂਦੇ ਹਨ ਕਿ 'ਵਕਤ ਤੋ ਪਹਿਲਾਂ ਅਤੇ ਨਸੀਬ ਤੋ ਜ਼ਿਆਦਾ ਕੁਝ ਨਹੀਂ ਮਿਲਦਾ।'

ਸ਼ਾਇਰੀ ਲਿਖਣ ਵਿੱਚ ਬੱਸਾਂ ਵਾਲੇ ਅਤੇ ਆਟੋ ਵਾਲੇ ਵੀ ਘੱਟ ਨਹੀਂ ਹੁੰਦੇ। ਅਕਸਰ ਬੱਸਾਂ ਵਿੱਚ ਲਿਖਿਆ ਹੁੰਦਾ ਹੈ ਕਿ 'ਸਾਡੀ ਸਵਾਰੀ ਸਭ ਤੋਂ ਪਿਆਰੀ।' ਸਕੂਲ ਬੱਸਾਂ 'ਤੇ ਅਕਸਰ ਲਿਖਿਆ ਹੁੰਦਾ ਹੈ ਕਿ 'ਮੈਨੂੰ ਨਾ ਛੇੜ, ਮੈਂ ਬੱਚਿਆਂ ਵਾਲੀ ਹਾਂ।" ਅਕਸਰ ਕਿਹਾ ਜਾਂਦਾ ਹੈ ਕਿ ਸਕੂਲਾਂ ਦੇ ਬੱਚਿਆਂ ਵਾਲੀਆਂ ਬੱਸਾਂ ਨੂੰ ਅਕਸਰ ਟ੍ਰੈਫਿਕ ਜਾਮ ਵਿੱਚ ਕਾਫ਼ੀ ਸਮਾਂ ਲੱਗ ਜਾਂਦਾ ਹੈ ਅਤੇ ਹੋਰ ਵਾਹਨਾਂ ਦ ਚਾਲਕ ਲਗਾਤਾਰ ਹਾਰਨ ਮਾਰਦੇ ਰਹਿੰਦੇ ਹਨ, ਪਰ ਸਕੂਲ ਬੱਸਾਂ ਵਾਲਿਆਂ ਦੀ ਮਜਬੂਰੀ ਹੁੰਦੀ ਹੈ ਕਿਉਂਕਿ ਉਹਨਾਂ ਨੇ ਸਮੇਂ ਸਿਰ ਬੱਚਿਆਂ ਨੂੰ ਸਵੇਰੇ ਸਕੂਲ ਅਤੇ ਦੁਪਹਿਰ ਵੇਲੇ ਘਰਾਂ ਤੱਕ ਜਲਦੀ ਪਹੁੰਚਾਉਣਾ ਹੁੰਦਾ ਹੈ।



ਕਈ ਛੋਟੇ ਟੈਂਪੂਆਂ ਦੇ ਪਿੱਛੇ ਲਿਖਿਆ ਹੁੰਦਾ ਹੈ ਕਿ 'ਵੱਡਾ ਹੋ ਕੇ ਮੈਂ ਵੀ ਟਰੱਕ ਬਣਾਂਗਾ'। ਅਕਸਰ ਟਰੱਕਾਂ ਅਤੇ ਟਰਾਲਿਆਂ 'ਤੇ ਲਿਖਿਆ ਹੁੰਦਾ ਹੈ ਕਿ 'ਕਿਤੇ ਕੱਲੀ ਬਹਿ ਕੇ ਸੋਚੀਂ ਅਸੀਂ ਕੀ ਨੀ ਕੀਤਾ ਤੇਰੇ ਲਈ' ਅਤੇ ਇਸ ਨਾਲ ਲੱਗੀ ਲੜਕੀ ਦੀ ਪੇਂਟਿੰਗ ਵਾਲੀ ਤਸਵੀਰ ਵੀ ਬਹੁਤ ਪ੍ਰਭਾਵਿਤ ਕਰਦੀ ਹੈ। ਇਸ ਤੋਂ ਇਲਾਵਾ ਕਈ ਟਰੱਕਾਂ 'ਤੇ ਲਿਖਿਆ ਹੁੰਦਾ ਹੈ ਕਿ 'ਦੁੱਧ ਨਾਲ ਪੁੱਤ ਪਾਲ ਕੇ, ਪਿਛੋਂ ਪਾਣੀ ਨੂੰ ਤਰਸਦੀਆਂ ਮਾਵਾਂ'। ਕਈ ਟਰੱਕਾਂ 'ਤੇ ਲਿਖਿਆ ਹੁੰਦਾ ਹੈ ਕਿ ਤੇਰਾ ਪੁੱਤ ਮਾਏ, ਨਿੱਤ ਪਰਦੇਸੀ ਰਹਿੰਦਾ।

ਬੜੇ ਦੁੱਖ ਨਾਲ ਕਹਿਣਾ ਪੈ ਰਿਹਾ ਹੈ ਕਿ ਜਿਥੇ ਟਰੱਕਾਂ/ਟਰਾਲਿਆਂ ਵਾਲੇ ਅਨੇਕਾਂ ਲੋਕਾਂ ਨੂੰ ਜਰੂਰੀ ਚੀਜ਼ਾਂ ਸਮੇਂ ਸਿਰ ਪਹੁੰਚਦੀਆਂ ਕਰਦੇ ਹਨ, ਉਥੇ ਇਹ ਦੇਸ਼ ਦੀ ਆਰਥਿਕਤਾ ਵਿੱਚ ਵੀ ਵੱਡਾ ਯੋਗਦਾਨ ਪਾਉਂਦੇ ਹਨ। ਇਸਦੇ ਬਾਵਜੂਦ ਇਹਨਾਂ ਟਰੱਕਾਂ ਵਾਲਿਆਂ ਨੂੰ ਅਕਸਰ ਸਹੀ ਇਨਸਾਨ ਨਹੀਂ ਸਮਝਿਆ ਜਾਂਦਾ। ਸਾਡੀਆਂ ਫ਼ਿਲਮਾਂ ਅਤੇ ਟੀ ਵੀ ਸੀਰੀਅਲਾਂ ਵਿੱਚ ਵੀ ਟਰੱਕਾਂ ਵਾਲਿਆਂ ਨੂੰ ਨਸ਼ੇੜੀ ਅਤੇ ਤਸਕਰ ਆਦਿ ਦਿਖਾ ਦਿੱਤਾ ਜਾਂਦਾ ਹੈ, ਜਦੋਂਕਿ ਵੱਡੀ ਗਿਣਤੀ ਟਰੱਕਾਂ ਵਾਲੇ ਪਾਠ ਪੂਜਾ ਕਰਨ ਵਾਲੇ ਹੁੰਦੇ ਹਨ ਅਤੇ ਅਨੇਕਾਂ ਡਰਾਇਵਰ ਸਵੇਰੇ ਸ਼ਾਮ ਗੱਡੀ ਵਿੱਚ ਧੂਪ ਲਗਾਉਂਦੇ ਹਨ। ਇਸ ਤੋਂ ਇਲਾਵਾ ਅਨੇਕਾਂ ਟਰੱਕਾਂ/ਟਰਾਲਿਆਂ ਵਾਲੇ ਆਮ ਲੋਕਾਂ ਦੀ ਸਹਾਇਤਾ ਵੀ ਕਿਸੇ ਨਾ ਕਿਸੇ ਰੂਪ ਵਿੱਚ ਜਰੂਰ ਕਰਦੇ ਹਨ। ਰਾਤ ਸਮੇਂ ਅਕਸਰ ਬੱਸਾਂ ਬੰਦ ਹੋ ਜਾਂਦੀਆਂ ਹਨ, ਉਸ ਸਮੇਂ ਪੂਰੀ ਰਾਤ ਚਲਦੇ ਟੱਰਕ ਤੇ ਟਰਾਲੇ ਹੀ ਆਮ ਲੋਕਾਂ ਦੀ ਆਵਾਜ਼ਾਈ ਦਾ ਸਾਧਨ ਬਣਦੇ ਹਨ। ਮੁੱਖ ਸੜਕਾਂ ਤੇ ਬਣੇ ਹੋਏ ਵੱਡੀ ਗਿਣਤੀ ਢਾਬੇ ਇਹਨਾਂ ਟਰੱਕਾਂ ਤੇ ਟਰਾਲਿਆਂ ਵਾਲਿਆਂ ਦੇ ਕਾਰਨ ਹੀ ਚੱਲ ਰਹੇ ਹਨ।

### ਮਹਿਲਾ ਟਰੱਕ/ਬੱਸ ਚਾਲਕ

ਤਮਿਲਨਾਡੂ, ਹਰਿਆਣਾ ਅਤੇ ਪੰਜਾਬ ਵਿੱਚ ਅਨੇਕਾਂ ਮਹਿਲਾਵਾਂ ਵੀ ਟਰੱਕ ਜਾਂ ਬੱਸ ਚਾਲਕ ਹਨ। ਕਈ ਮਹਿਲਾਵਾਂ ਤਾਂ ਇਹਨਾਂ ਸੂਬਿਆਂ ਵਿੱਚ ਬੱਸਾਂ ਦੀਆਂ ਡਰਾਇਵਰ ਹਨ। ਇਸ ਤੋਂ ਇਲਾਵਾ ਕਈ ਟਰੱਕਾਂ ਦੇ ਮਾਲਕ ਵੀ ਆਪ ਡਰਾਇਵਰੀ ਕਰਨ ਦੇ ਨਾਲ ਆਪਣੀਆਂ ਪਤਨੀਆਂ ਨੂੰ ਵੀ ਨਾਲ ਹੀ ਰਖਦੇ ਹਨ, ਇਹਨਾਂ ਦੀਆਂ ਪਤਨੀਆਂ ਵੀ ਚੰਗੀਆਂ ਡਰਾਇਵਰ ਬਣ ਗਈਆਂ ਹਨ ਅਤੇ ਉਹ ਵੀ ਅਕਸਰ ਟਰੱਕ ਚਲਾਉਂਦੀਆਂ ਹਨ। ਇਸ ਤਰਾਂ ਟਰੱਕਾਂ ਵਾਲੇ ਆਪਣੇ ਟਰੱਕਾਂ ਵਿੱਚ ਹੀ ਆਪਣਾ ਪੂਰਾ ਪਰਿਵਾਰ



(ਬਾਕੀ ਸਫ਼ਾ 30 'ਤੇ)

# ਅਮਰੀਕਾ ਖ਼ਬਰਨਾਮਾ

## 8 ਸਾਲਾ ਬੱਚੀ ਨੂੰ ਬਚਾਉਣ ਦੀ ਕੋਸ਼ਿਸ਼ 'ਚ ਮਰਨ ਵਾਲਾ ਸਿੱਖ 'ਕਾਰਨੇਗੀ ਹੀਰੋ ਐਵਾਰਡ' ਨਾਲ ਸਨਮਾਨਿਤ

ਕੈਲੀਫੋਰਨੀਆ/ਏ.ਟੀ.ਨਿਊਜ਼: ਕੈਲੀਫੋਰਨੀਆ ਵਿੱਚ 2020 ਦੌਰਾਨ 8 ਸਾਲਾ ਬੱਚੀ ਨੂੰ ਬਚਾਉਣ ਦੀ ਕੋਸ਼ਿਸ਼ ਵਿੱਚ ਮਰਨ ਵਾਲੇ 31 ਸਾਲਾ ਸਿੱਖ ਨੌਜਵਾਨ ਨੂੰ ਕਾਰਨੇਗੀ ਹੀਰੋ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ ਹੈ। ਦੱਸ ਦਈਏ ਕਿ 5 ਅਗਸਤ, 2020 ਨੂੰ ਰੀਡਲੇ ਵਿੱਚ ਕਿੰਗਜ਼ ਰਿਵਰ ਤੋਂ ਸਮੰਥਾ ਕਰੂਜ਼ ਪੇਡਰੋ ਨੂੰ ਬਚਾਉਣ ਦੀ ਕੋਸ਼ਿਸ਼ ਕਰਦੇ ਸਮੇਂ ਫਰਿਜ਼ਨੋ ਦੇ ਮਨਜੀਤ ਸਿੰਘ ਦੀ ਮੌਤ ਹੋ ਗਈ। ਪੇਡਰੋ ਨੂੰ ਤੈਰਨ ਲਈ ਸੰਘਰਸ਼ ਕਰਨਾ ਪਿਆ,ਕਿਉਂਕਿ ਉਹ ਨਦੀ ਵਿੱਚ ਖੇਡ ਰਹੇ ਬੱਚਿਆਂ ਦੇ ਇੱਕ ਸਮੂਹ ਤੋਂ ਵੱਖ ਹੋ ਗਿਆ ਸੀ ਅਤੇ ਪਾਣੀ ਦਾ ਤੇਜ਼ ਵਹਾਅ ਉਸ ਨੂੰ ਹੇਠਾਂ ਲੈ ਗਿਆ ਸੀ।



ਤੈਰਨਾ ਨਾ ਜਾਣਦੇ ਹੋਣ ਦੇ ਬਾਵਜੂਦ ਮਨਜੀਤ ਸਿੰਘ ਬੱਚੀ ਨੂੰ ਬਚਾਉਣ ਲਈ ਨਦੀ ਵਿੱਚ ਕੁੱਦ ਗਿਆ। ਲੜਕੀ ਨੂੰ ਬਚਾਉਣ ਲਈ ਸਿੰਘ ਨੇ ਆਪਣੀ ਪੱਗ ਲਾਹ ਦਿੱਤੀ ਤੇ ਉਸਦੀ ਮਦਦ ਲਈ ਡੂੰਘੇ ਪਾਣੀ ਵਿੱਚ ਚਲਾ ਗਿਆ। ਇਸ ਤੋਂ ਥੋੜ੍ਹੀ ਦੇਰ ਬਾਅਦ ਹੀ ਉਹ ਪਾਣੀ ਵਿੱਚ ਡੁੱਬ ਗਿਆ ਅਤੇ ਅਫਰਾ-ਤਫਰੀ ਦੌਰਾਨ ਲੋਕਾਂ ਨੇ ਮਨਜੀਤ ਸਿੰਘ ਨੂੰ ਦੇਖਿਆ ਹੀ ਨਹੀਂ। ਪੇਡਰੋ (ਲੜਕੀ) ਨੂੰ ਇੱਕ ਆਦਮੀ ਨੇ ਲੱਭਿਆ ਤੇ ਉਸਨੂੰ ਹਸਪਤਾਲ ਲਿਜਾਇਆ ਗਿਆ, ਜਿੱਥੇ ਛੇ ਦਿਨਾਂ ਬਾਅਦ ਉਸਦੀ ਮੌਤ ਹੋ ਗਈ। ਮਨਜੀਤ ਸਿੰਘ ਨੂੰ ਦਰਿਆ ਵਿਚੋਂ ਕੱਢ ਕੇ ਕਿਨਾਰੇ ਲਿਆਂਦਾ ਗਿਆ। ਉਸ ਨੂੰ ਜਿਉਂਦਾ ਰੱਖਣ ਦੀਆਂ ਸਾਰੀਆਂ ਕੋਸ਼ਿਸ਼ਾਂ ਅਸਫ਼ਲ ਰਹੀਆਂ।

ਰਿਪੋਰਟ ਦੇ ਅਨੁਸਾਰ, ਕਾਰਨੇਗੀ ਮੈਡਲ ਅਮਰੀਕਾ ਅਤੇ ਕੈਨੇਡਾ ਵਿੱਚ ਉਹਨਾਂ ਲੋਕਾਂ ਨੂੰ ਦਿੱਤਾ ਜਾਂਦਾ ਹੈ ਜੋ ਦੂਜਿਆਂ ਦੀ ਜਾਨ ਬਚਾਉਣ ਜਾਂ ਬਚਾਉਣ ਦੀ ਕੋਸ਼ਿਸ਼ ਕਰਦੇ ਹੋਏ ਆਪਣੀ ਜਾਨ ਨੂੰ ਖ਼ਤਰੇ ਵਿੱਚ ਪਾਉਂਦੇਹਨ। 1904 ਵਿੱਚ ਪਿਟਸਬਰਗ-ਆਧਾਰਿਤ ਫੰਡ ਦੀ ਸਥਾਪਨਾ ਤੋਂ ਬਾਅਦ, 10,371 ਵਿਅਕਤੀਆਂ ਨੂੰ ਕਾਰਨੇਗੀ ਮੈਡਲ ਨਾਲ ਸਨਮਾਨਿਤ ਕੀਤਾ ਗਿਆ ਹੈ।

## ਸਿੱਖ ਗੁਰਦੁਆਰਾ ਸੈਨਹੋਜ਼ੇ ਕੈਲੀਫੋਰਨੀਆ ਵਿਖੇ ਸਜਿਆ ਧਾਰਮਿਕ ਕਵੀ ਦਰਬਾਰ




ਸੈਨਹੋਜੇ/ ਪ੍ਰਮਿੰਦਰ ਸਿੰਘ ਪ੍ਰਵਾਨਾ: ਅਮਰੀਕੀ ਪੰਜਾਬੀ ਕਵੀਆਂ ਵੱਲੋਂ ਹਫ਼ਤਾਵਾਰੀ ਸਜੇ ਦਿਵਾਨਾਂ ਵਿੱਚ ਭਾਈ ਸਾਹਿਬ ਭਾਈ ਮਨੀ ਸਿੰਘ ਜੀ ਦੀ ਸ਼ਹੀਦੀ ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ ਕਰਵਾਇਆ ਗਿਆ। ਭਾਈ ਰਜਿੰਦਰ ਸਿੰਘ ਮੰਗਰ ਸਟੇਜ ਸਕੱਤਰ ਵੱਲੋਂ ਪ੍ਰਵਾਨਾਂ ਨੂੰ ਧਾਰਮਿਕ ਕਵੀ ਦਰਬਾਰ ਦੇ ਸੰਚਾਲਨ ਦਾ ਸੱਦਾ ਦਿੱਤਾ ਗਿਆ। ਪ੍ਰਵਾਨਾ ਨੇ ਇਤਿਹਾਸ 'ਤੇ ਰੋਸ਼ਨੀ ਪਾਉਂਦਿਆਂ ਕਿਹਾ ਕਿ ਮੁਗਲ ਸੂਬਾ ਲਾਹੌਰ ਦੇ ਜਕਰੀਆ ਖਾਨ ਨੇ ਹਰਿਮੰਦਰ ਸਾਹਿਬ ਵਿਖੇ ਪੁਰਬ ਮਨਾਉਣ ਉਤੇ ਸਰਕਾਰੀ ਪਾਬੰਦੀ ਲਾਈ ਹੋਈ ਸੀ। ਪਾਬੰਦੀ ਹਟਾਉਣ ਲਈ ਸੁਰਖਿਆ ਵਾਸਤੇ ਪੰਜ ਹਜ਼ਾਰ ਰੁਪਏ ਅਦਾ ਕਰਨ ਦੀ ਮੰਗ ਰਖੀ ਸੀ। ਭਾਈ ਸਾਹਿਬ ਨੇ ਸ਼ਰਤ ਪ੍ਰਵਾਨ ਕਰਦਿਆਂ ਸੰਗਤਾਂ ਨੂੰ ਦੀਪ ਮਾਲਾ ਪੁਰਬ ਹਰਿਮੰਦਰ ਸਾਹਿਬ ਵਿਖੇ ਮਨਾਉਣ ਦਾ ਸੱਦਾ ਸੰਗਤਾਂ ਨੂੰ ਭੇਜਿਆ। ਜਕਰੀਆ ਖਾਨ ਦੀ ਨੀਅਤ ਇੱਕਠੇ ਹੋਏ ਸਿੰਘਾਂ ਨੂੰ ਮਾਰ ਮੁਕਾਉਣ ਦੀ ਸੀ। ਭਾਈ ਸਾਹਿਬ ਨੂੰ ਇਸ ਗਲ ਦੀ ਸੂਹ ਮਿਲੀ ਤਾਂ ਉਹਨਾਂ ਨੇ ਸੰਗਤਾਂ ਨੂੰ ਪੁਰਬ 'ਤੇ ਆਉਣ ਤੋਂ ਰੋਕ ਦਿੱਤਾ। ਨਤੀਜੇ ਵਜੋਂ ਲੋੜੀਂਦੀ ਰਕਮ ਇਕਠੀ ਨਾ ਹੋ ਸਕੀ ਕਿ ਸਰਕਾਰੀ ਅਦਾਇਗੀ ਕੀਤੀ ਜਾਂਦੀ। ਸਰਕਾਰ ਨੇ ਇੱਕ ਹੋਰ ਪੁਰਬ ਵਿਸਾਖੀ ਮਨਾਉਣ ਦੀ ਇਜਾਜਤ ਦਿੱਤੀ ਕਿ ਰਕਮ ਇਕਠੀ ਕਰ ਲਉ ਪਰ ਇਹ ਚਾਲ ਵੀ ਸਿੰਘਾਂ ਨੂੰ ਮਾਰ ਮੁਕਾਉਣ ਦੀ ਹੀ ਸੀ। ਭਾਈ ਸਾਹਿਬ ਨੇ ਫਿਰ ਸੰਗਤਾਂ ਨੂੰ ਵਿਸਾਖੀ ਪੁਰਬ ਤੇ ਆਉਣ ਲਈ ਰੋਕ ਦਿੱਤਾ। ਸਰਕਾਰੀ ਰਕਮ ਅਦਾ ਨਾ ਕਰ ਸਕਣ ਲਈ ਭਾਈ ਸਾਹਿਬ ਨੂੰ ਬੰਦ ਬੰਦ ਕਟਵਾ ਕੇ ਸ਼ਹੀਦ ਕਰ ਦਿੱਤਾ ਗਿਆ।

ਧਾਰਮਿਕ ਕਵੀ ਦਰਬਾਰ ਵਿੱਚ ਗੁਰਦਿਆਲ ਸਿੰਘ ਨੂਰਪੁਰੀ, ਤ੍ਰਲੋਚਨ ਸਿੰਘ ਦੁਪਾਲਪੁਰ, ਤਰਸੇਮ ਸਿੰਘ , ਜਗਦੀਪ ਸਿੰਘ ਫਰੀਮੈਂਟ, ਬੀਬੀ ਬਲਵਿੰਦਰ ਕੌਰ, ਪ੍ਰਮਿੰਦਰ ਪ੍ਰਵਾਨਾ ਨੇ ਸਿੱਖ ਇਤਿਹਾਸ ਦੇ ਸਮੂਹ ਸ਼ਹੀਦਾਂ ਬਾਰੇ ਬੀਰ ਰਸੀ ਕਵਿਤਾਵਾਂ ਸੁਣਾਈਆਂ। ਡਾਇਰੈਕਟਰ ਸੁਖਦੇਵ ਸਿੰਘ ਬੈਨੀਵਾਨ ਨੇ ਇਸ ਮੌਕੇ ਕਿਹਾ ਕਿ ਕਾਫੀ ਸਮੇਂ ਤੋਂ ਗੁਰਦੁਆਰਾ ਸਾਹਿਬ ਵਿਖੇ ਧਾਰਮਿਕ ਕਵੀ ਦਰਬਾਰ ਕਰਵਾਇਆ ਜਾਂਦਾ ਹੈ। ਇਸ ਮੌਕੇ ਕਵੀਆਂ ਨੂੰ ਗੁਰੂ ਘਰ ਦੀ ਬਖਸ਼ਿਸ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ।

## 'ਚਿੜੀ' ਦੀ ਥਾਂ ਹੁਣ 'ਐਕਸ' ਹੋਵੇਗਾ ਟਵਿੱਟਰ ਦਾ ਲੋਗੋ

ਨਿਊਯਾਰਕ/ਏ.ਟੀ.ਨਿਊਜ਼ : ਸੋਸ਼ਲ ਮੀਡੀਆ ਪਲੈਟਫਾਰਮ 'ਟਵਿੱਟਰ' ਹੁਣ ਆਪਣੇ ਲੋਗੋ ਲਈ ਪ੍ਰਸਿੱਧ 'ਨੀਲੀ ਚਿੜੀ' ਦੀ ਥਾਂ ਅੰਗਰੇਜ਼ੀ ਦੇ 'ਐਕਸ' ਅੱਖਰ ਦਾ ਇਸਤੇਮਾਲ ਕਰੇਗਾ। ਉਦਯੋਗਪਤੀ ਐਲਨ ਮਸਕ ਨੇ ਇਹ ਜਾਣਕਾਰੀ ਦਿੱਤੀ। ਮਸਕ ਨੇ ਪਿਛਲੇ ਸਾਲ 44 ਅਰਬ ਡਾਲਰ ਵਿੱਚ ਟਵਿੱਟਰ ਨੂੰ ਖ਼ਰੀਦਿਆ ਸੀ। ਉਸ ਤੋਂ ਬਾਅਦ ਉਨ੍ਹਾਂ ਸਾਈਟ ਵਿੱਚ ਕਈ ਬਦਲਾਅ ਕੀਤੇ ਹਨ। ਮਸਕ ਨੇ ਐਤਵਾਰ ਦੇਰ ਰਾਤ ਟਵੀਟ ਕਰ ਕੇ ਦੱਸਿਆ ਕਿ ਉਹ ਲੋਗੋ ਵਿੱਚ ਬਦਲਾਅ ਸੋਮਵਾਰ ਨੂੰ ਹੀ ਕਰਨਾ ਚਾਹੁੰਦੇ ਹਨ। ਮਸਕ ਨੇ ਲਿਖਿਆ, 'ਤੇ ਜਲਦੀ ਹੀ ਅਸੀਂ ਟਵਿੱਟਰ ਬਰਾਂਡ ਤੇ ਸਾਰੀਆਂ ਚਿੜੀਆਂ ਨੂੰ ਅਲਵਿਦਾ ਕਹਿ ਦਿਆਂਗੇ।' ਮਸਕ ਨੇ ਨਵੇਂ ਲੋਗੋ ਵਜੋਂ ਚਿੱਟੇ ਰੰਗ ਦੀ ਐਕਸ ਲਾਂਚ ਕੀਤੀ ਹੈ ਜਿਸ ਦੇ ਪਿਛਲੇ ਹਿੱਸੇ ਨੂੰ ਕਾਲਾ ਰੱਖਿਆ ਗਿਆ ਹੈ। ਉਨ੍ਹਾਂ ਇਸ ਡਿਜ਼ਾਈਨ ਦੀ ਫੋਟੋ ਨੂੰ ਟਵਿੱਟਰ ਦੇ




ਸਾਂ ਫਰਾਂਸਿਸਕੋ ਸਥਿਤ ਹੈੱਡਕੁਆਰਟਰ ਉਤੇ ਪ੍ਰਾਜੈਕਟਰ 'ਤੇ ਵੀ ਪੋਸਟ ਕੀਤਾ ਹੈ। 'ਐਕਸ' ਲੋਗੋ ਟਵਿੱਟਰ ਦੇ ਡੈਸਕਟੌਪ ਸਰੂਪ ਉਤੇ ਚੱਲਣਾ ਸ਼ੁਰੂ ਹੋ ਗਿਆ ਹੈ ਪਰ ਫੋਨ ਐਪ ਉਤੇ ਅਜੇ 'ਬਲੂ ਬਰਡ' ਹੀ ਨਜ਼ਰ ਆ ਰਿਹਾ ਹੈ। ਐਕਸ ਡਾਟ ਕੌਮ ਵੈੱਬ ਡੋਮੇਨ ਹੁਣ ਵਰਤੋਂਕਾਰਾਂ ਨੂੰ ਟਵਿੱਟਰ ਡਾਟ ਕਾਮ ਉਤੇ ਲਿਜਾ ਰਿਹਾ ਹੈ। ਮਸਕ ਨੇ ਕਿਹਾ ਕਿ ਜਦ ਇਸ ਬਰਾਂਡ ਨੂੰ ਪੂਰੀ ਤਰ੍ਹਾਂ ਨਵਾਂ ਰੂਪ ਦੇ ਦਿੱਤਾ ਜਾਵੇਗਾ ਤਾਂ ਟਵੀਟ, 'ਐਕਸਿਜ਼' ਵਜੋਂ ਜਾਣੇ ਜਾਣਗੇ। ਜ਼ਿਕਰਯੋਗ ਹੈ ਕਿ ਟੈਸਲਾ ਦੇ ਸੀਈਓ ਮਸਕ ਦਾ 'ਐਕਸ' ਅੱਖਰ ਨਾਲ ਮੋਹ ਲੰਮੇ ਸਮੇਂ ਤੋਂ ਕਾਇਮ ਹੈ। ਉਨ੍ਹਾਂ ਦੀ ਰਾਕੇਟ ਕੰਪਨੀ ਦਾ ਨਾਂ 'ਸਪੇਸ ਐਕਸ' ਹੈ। ਸੰਨ 1999 ਵਿੱਚ ਮਸਕ ਨੇ ਇਕ ਸਟਾਰਟ-ਅਪ ਐਕਸ ਡਾਟ ਕਾਮ ਲਾਂਚ ਕੀਤਾ ਸੀ ਜਿਸ ਨੂੰ ਹੁਣ 'ਪੇਅਪਲ' ਕਿਹਾ ਜਾਂਦਾ ਹੈ ਜੋ ਕਿ ਇਕ ਆਨਲਾਈਨ ਵਿੱਤੀ ਸੇਵਾਵਾਂ ਮੁਹੱਈਆ ਕਰਾਉਣ ਵਾਲੀ ਕੰਪਨੀ ਹੈ।

## ਇੱਕ ਫ਼ਾਇਰ ਫ਼ਾਇਟਰ ਵਿਰੁੱਧ ਅਗਜ਼ਨੀ ਦੇ ਦੋਸ਼ ਆਇਦ

ਸੈਕਰਾਮੈਂਟੋ, ਕੈਲੀਫੋਰਨੀਆ/ ਹੁਸਨ ਲੜੋਆ ਬੰਗਾ: ਅਮਰੀਕਾ ਦੇ ਐਰੀਜ਼ੋਨਾ ਰਾਜ ਦੇ ਇੱਕ ਫਾਇਰ ਫਾਇਟਰ ਵਿਰੁੱਧ ਅੱਗ ਲਾਉਣ ਦੀਆਂ ਘਟਨਾਵਾਂ ਵਿੱਚ ਸ਼ਾਮਿਲ ਹੋਣ ਦੇ ਦੋਸ਼ ਆਇਦ ਕੀਤੇ ਗਏ ਹਨ। ਯਾਵਾਪਾਈ ਕਾਊਂਟੀ ਸ਼ੈਰਿਫ ਦਫ਼ਤਰ ਅਨੁਸਾਰ ਉਸ ਨੇ ਕਥਿੱਤ ਤੌਰ 'ਤੇ ਪਿਛਲੇ ਕੁਝ ਹਫਤਿਆਂ ਦੌਰਾਨ ਦੋ ਕਾਊਂਟੀਆਂ ਵਿੱਚ ਕਈ ਥਾਂਵਾਂ 'ਤੇ ਅੱਗਾਂ ਲਾਉਣ ਦਾ ਗੁਨਾਹ ਕਬੂਲ ਕਰ ਲਿਆ ਹੈ। ਅਧਿਕਾਰੀਆਂ ਨੇ ਇਸ ਫਾਇਰ ਫਾਇਟਰ ਦੀ ਕਰਸਨ ਨੂਟਰ (18) ਵਜੋਂ ਪਛਾਣ ਕੀਤੀ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਉਹ 8 ਥਾਂਵਾਂ 'ਤੇ ਅੱਗ ਲੱਗਣ ਦੀਆਂ ਘਟਨਾਵਾਂ ਵਿੱਚ ਪ੍ਰਮੁੱਖ ਸ਼ੱਕੀ ਦੋਸ਼ੀ ਹੈ। ਇਨ੍ਹਾਂ ਵਿੱਚ 15 ਜੂਨ ਤੋਂ ਬਾਅਦ ਯਾਵਾਪਾਈ ਤੇ ਕੋਕੋਨੀਨੋ ਕਾਊਂਟੀਆਂ ਵਿੱਚ 4 ਇਮਾਰਤਾਂ ਨੂੰ ਅੱਗ ਲੱਗਣ ਤੇ 4 ਥਾਂਵਾਂ 'ਤੇ ਜੰਗਲ ਵਿੱਚ ਅੱਗ ਲੱਗਣ ਦੀਆਂ ਘਟਨਾਵਾਂ ਸ਼ਾਮਿਲ ਹਨ। ਸ਼ੈਰਿਫ ਦਫ਼ਤਰ ਵੱਲੋਂ ਜਾਰੀ ਪ੍ਰੈਸ ਬਿਆਨ ਅਨੁਸਾਰ ਲੰਘੇ ਵੀਰਵਾਰ ਅੱਗ ਲੱਗਣ ਦੀ ਇਕ ਛੋਟੀ ਘਟਨਾ ਤੋਂ ਬਾਅਦ ਪੁਲਿਸ ਅਫਸਰਾਂ ਨੇ ਨੂਟਰ ਦੀ ਸ਼ੱਕੀ ਦੋਸ਼ੀ ਵਜੋਂ ਪਛਾਣ ਕੀਤੀ। ਬਿਆਨ ਵਿੱਚ ਕਿਹਾ ਗਿਆ ਹੈ ਕਿ ਨੂਟਰ ਐਸ਼ ਫੋਰਕ ,ਐਰੀਜ਼ੋਨਾ ਦੇ ਅੱਗ ਬੁਝਾਊ ਵਿਭਾਗ ਵਿਚ ਫਾਇਰ ਫਾਇਟਰ ਵਜੋਂ ਕੰਮ ਕਰਦਾ ਹੈ। ਸ਼ੈਰਿਫ ਦਫ਼ਤਰ ਅਨੁਸਾਰ ਨੂਟਰ ਦੀ ਜਾਂਚ ਦੀ ਸ਼ੁਰੂਆਤ ਵਿੱਚ ਹੀ ਪ੍ਰਮੁੱਖ ਸ਼ੱਕੀ ਦੋਸ਼ੀ ਦੇ ਰੂਪ ਵਿੱਚ ਪਛਾਣ ਕੀਤੀ ਗਈ ਹੈ।

## ਅਮਰੀਕਾ ਦੇ ਓਕਲਾਹੋਮਾ ਰਾਜ ਦੇ ਇੱਕ ਘਰ ਵਿਚੋਂ ਮਾਂ ਤੇ 3 ਬੱਚੇ ਮ੍ਰਿਤਕ ਮਿਲੇ



ਸੈਕਰਾਮੈਂਟੋ,ਕੈਲੀਫੋਰਨੀਆ/ਹੁਸਨ ਲੜੋਆ ਬੰਗਾ: ਅਮਰੀਕਾ ਦੇ ਓਕਲਾਹੋਮਾ ਰਾਜ ਦੇ ਇੱਕ ਘਰ ਵਿਚੋਂ 3 ਬੱਚਿਆਂ ਸਮੇਤ ਇੱਕ ਔਰਤ ਮ੍ਰਿਤਕ ਹਾਲਤ ਵਿੱਚ ਮਿਲਣ ਦੀ ਖ਼ਬਰ ਹੈ। ਇਨ੍ਹਾਂ ਵਿੱਚ ਕੁਝ ਮਹੀਨਿਆਂ ਦਾ ਇੱਕ ਨਵਜਾਤ ਵੀ ਸ਼ਾਮਿਲ ਹੈ। ਪੁਲਿਸ ਅਫਸਰਾਂ ਨੂੰ ਸੰਦੇਹ ਹੈ ਕਿ ਮਾਮਲਾ ਹੱਤਿਆ ਤੇ ਆਤਮਹੱਤਿਆ ਦਾ ਹੈ। ਇਹ ਦੁੱਖਦਾਈ ਘਟਨਾ ਓਕਲਾਹੋਮਾ ਦੇ ਇੱਕ ਛੋਟੇ ਜਿਹੇ ਕਸਬੇ ਵਰਡਿਗਰਿਸ ਵਿੱਚ ਵਾਪਰੀ ਹੈ। ਪੁਲਿਸ ਮੁਖੀ ਜੈਕ ਸ਼ੈਕਲਫੋਰਡ ਅਨੁਸਾਰ ਸ਼ਾਮ 4 ਵਜੇ ਦੇ ਕਰੀਬ ਇੱਕ ਅਣਪਛਾਤੀ ਔਰਤ ਨੇ ਦੱਸਿਆ ਕਿ ਉਸ ਨੂੰ ਇੱਕ ਹਥਿਆਰਬੰਦ ਔਰਤ ਨੇ ਇੱਕ ਗੈਰਾਜ ਵਿੱਚ ਬੰਧਕ ਬਣਾ ਲਿਆ ਸੀ ਪਰ ਉਹ ਕਿਸੇ ਤਰਾਂ ਉਥੋਂ ਬਚ ਕੇ ਨਿਕਲ ਆਈ । ਉਸ ਨੇ ਉਥੋਂ ਲੰਘ ਰਹੇ ਇੱਕ ਪੁਲਿਸ ਅਫਸਰ ਨੂੰ ਸਾਰੀ ਗੱਲ ਦੱਸੀ। ਉਸ ਨੇ ਇਹ ਵੀ ਦੱਸਿਆ ਕਿ ਘਰ ਵਿੱਚ ਬੱਚੇ ਵੀ ਹਨ। ਪੁਲਿਸ ਅਫਸਰ ਨੇ ਸਵੈਟ ਟੀਮ ਸਮੇਤ ਵੱਖ ਵੱਖ ਏਜੰਸੀਆਂ ਦੇ ਲਾਅ ਇਨਫੋਰਸਮੈਂਟ ਅਫਸਰਾਂ ਨੂੰ ਮੌਕੇ ਉਪਰ ਪੁੱਜਣ ਲਈ ਸੂਚਿਤ ਕੀਤਾ । ਪੁਲਿਸ ਅਫਸਰਾਂ ਨੇ ਮੌਕੇ ਉਪਰ ਪਹੁੰਚ ਕੇ ਘਰ ਦੀ ਘੇਰਾਬੰਦੀ ਕੀਤੀ। ਘਰ ਵਿਚੋਂ ਕੋਈ ਹੁੰਗਾਰਾ ਨਾ ਭਰਨ 'ਤੇ ਕੋਈ ਸਾਢੇ 3 ਘੰਟੇ ਬਾਅਦ ਪੁਲਿਸ ਘਰ ਵਿੱਚ ਦਾਖਲ ਹੋਈ ਜਿਥੇ ਉਸ ਨੂੰ ਇਕ ਔਰਤ ਤੇ 3 ਬੱਚਿਆਂ ਦੀਆਂ ਲਾਸ਼ਾਂ ਬਰਾਮਦ ਹੋਈਆਂ ਜਿਨ੍ਹਾਂ ਦੇ ਗੋਲੀਆਂ ਵੱਜੀਆਂ ਹੋਈਆਂ ਸਨ। ਇਨ੍ਹਾਂ ਬੱਚਿਆਂ ਦੀ ਉਮਰ ਕੁਝ ਮਹੀਨੇ ਤੋਂ ਲੈ ਕੇ 11 ਸਾਲਾਂ ਦਰਮਿਆਨ ਹੈ।

ਮੌਕੇ ਉਪਰੋਂ ਇਕ ਹੈਂਡਗੰਨ ਵੀ ਬਰਾਮਦ ਹੋਈ ਹੈ। ਪੁਲਿਸ ਨੇ ਮ੍ਰਿਤਕਾਂ ਦੀ ਪਛਾਣ ਅਜੇ ਜਨਤਿਕ ਨਹੀਂ ਕੀਤੀ ਹੈ। ਅਧਿਕਾਰੀਆਂ ਨੇ ਕਿਹਾ ਹੈ ਕਿ ਉਹ ਮਾਮਲੇ ਦੀ ਹੱਤਿਆ ਤੇ ਆਤਮਹੱਤਿਆ ਨਜ਼ਰੀਏ ਤੋਂ ਜਾਂਚ ਕਰ ਰਹੇ ਹਨ। ਸ਼ੈਕਲਫੋਰਡ ਨੇ ਇਹ ਵੀ ਦੱਸਿਆ ਕਿ ਪੁਲਿਸ ਅਫਸਰ ਪਹਿਲਾਂ ਵੀ ਇਸ ਘਰ ਵਿੱਚ ਘਰੇਲੂ ਝਗੜੇ ਤੇ ਮਾਨਸਿਕ ਸਮੱਸਿਆ ਕਾਰਨ ਕਈ ਵਾਰ ਜਾ ਚੁੱਕੇ ਹਨ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: Malkeet Singh Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: Anil Kumar Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

# ਸ਼੍ਰੋਮਣੀ ਅਕਾਲੀ ਦਲ ’ਚ ਨਿਘਾਰ ਆਉਣ ਕਾਰਨ ਸੁਖਬੀਰ ਦੀ ਪ੍ਰਧਾਨਗੀ ਲਈ ਖ਼ਤਰਾ ਵਧਿਆ

## ਅਕਾਲੀ ਦਲ ਦੀਆਂ ਇਸਤਰੀ ਆਗੂਆਂ ਦੀ ਬ਼ਗਾਵਤ ਨੇ ਸੁਖਬੀਰ ਦੀਆਂ ਵਧਾਈਆਂ ਚੁਣੌਤੀਆਂ

## ਸੁਖਦੇਵ ਸਿੰਘ ਢੀਂਡਸਾ ਅਕਾਲੀ ਤੇ ਪੰਥਕ ਆਗੂਆਂ ਨਾਲ ਬਾਦਲ ਪਰਿਵਾਰ ਵਿਰੁੱਧ ਮੀਟਿੰਗਾਂ ਕਰਨ ਲਗੇ

### ਢੀਂਡਸਾ ਦੀ ਮਦਦ ਕਰਨ ਲੱਗੀ ਮੋਦੀ ਸਰਕਾਰ





ਸ਼੍ਰੋਮਣੀ ਅਕਾਲੀ ਦਲ ਲਈ ਅੰਦਰੂਨੀ ਅਤੇ ਬਾਹਰੀ ਸੰਕਟ ਵਧਣ ਕਾਰਨ ਭਵਿੱਖ ਵਿੱਚ ਚੁਨੌਤੀਆਂ ਵੱਡੀਆਂ ਹੋਣ ਦੇ ਸੰਕੇਤ ਦਿਖਾਈ ਦੇ ਰਹੇ ਹਨ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਪਾਰਟੀ ਦੀ ਇਸਤਰੀ ਵਿੰਗ ਦੀ ਨਵੀਂ ਪ੍ਰਧਾਨ ਥਾਪੇ ਜਾਣ ਤੋਂ ਬਾਅਦ ਸਮੁੱਚਾ ਇਸਤਰੀ ਵਿੰਗ ਬਾਗੀ ਹੋ ਗਿਆ ਹੈ। ਸੁਖਬੀਰ ਸਿੰਘ ਬਾਦਲ ਵੱਲੋਂ ਉਨ੍ਹਾਂ ਨੂੰ ਮਨਾਉਣ ਦੀਆਂ ਕੋਸ਼ਿਸ਼ਾਂ ਜਾਰੀ ਹਨ ਪਰ ਬੀਬੀਆਂ ਬਾਗੀ ਮੂਡ ਵਿੱਚ ਹਨ। ਬੀਬੀ ਕਿਰਨਜੋਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ ਦਾ ਕਹਿਣਾ ਹੈ ਕਿ ਅਕਾਲੀ ਦਲ ਵਿੱਚ ਜਮਹੂਰੀਅਤ ਤੇ ਬਦਲਾਅ ਦੀ ਲੋੜ ਹੈ। ਸਿੱਖ ਪੰਥ ਨੂੰ ਵਿਸ਼ਵਾਸ ਵਿੱਚ ਲਏ ਬਿਨਾਂ ਸ਼੍ਰੋਮਣੀ ਅਕਾਲੀ ਦਲ ਦਾ ਉਭਾਰ ਨਹੀਂ ਹੋ ਸਕਦਾ।

ਇਸ ਤੋਂ ਇਲਾਵਾ ਕੌਮੀ ਪੱਧਰ ’ਤੇ ਕਿਸੇ ਵੀ ਵੱਡੇ ਗੱਠਜੋੜ ਨਾਲ ਅਕਾਲੀ ਦਲ ਦੀ ਸਾਂਝ ਭਿਆਲੀ ਨਹੀਂ ਪੈ ਰਹੀ। ਸੂਬੇ ਵਿੱਚ ਪੌਣੇ ਤਿੰਨ ਦਹਾਕਿਆਂ ਦੇ ਸਮੇਂ ਤੋਂ ਬਾਅਦ ਪਹਿਲੀ ਵਾਰੀ ਅਜਿਹੀ ਸਥਿਤੀ ਬਣੀ ਹੋਈ ਹੈ ਕਿ ਸ਼੍ਰੋਮਣੀ ਅਕਾਲੀ ਦਲ ਕੌਮੀ ਸਿਆਸਤ ਵਿੱਚ ਪੂਰੀ ਤਰ੍ਹਾਂ ਬੇਅਸਰ ਦਿਖਾਈ ਦੇ ਰਿਹਾ ਹੈ। ਕਾਂਗਰਸ ਦੀ ਅਗਵਾਈ ਵਾਲੇ ‘ਇੰਡੀਆ’ ਗੱਠਜੋੜ ਤੋਂ ਬਾਅਦ ਜਿਵੇਂ ਹੀ ਭਾਰਤੀ ਜਨਤਾ ਪਾਰਟੀ ਨੇ ਕੌਮੀ ਜਮਹੂਰੀ ਗੱਠਜੋੜ (ਐਨਡੀਏ) ਦੇ ਰੁੱਸੇ ਭਾਈਵਾਲਾਂ ਨੂੰ ਮਨਾਉਣ ਦੀ ਮੁਹਿੰਮ ਸ਼ੁਰੂ ਕੀਤੀ ਤਾਂ ਅਕਾਲੀ ਆਗੂਆਂ ਨੂੰ ਆਸ ਦੀ ਕਿਰਨ ਦਿਖਾਈ ਦੇਣ ਲੱਗੀ ਸੀ ਕਿ 1996 ਤੋਂ ਸਾਲ 2020 ਤੱਕ ਐਨਡੀਏ ਦਾ ਭਾਈਵਾਲ ਰਹਿਣ ਤੋਂ ਬਾਅਦ ਇੱਕ ਵਾਰੀ ਮੁੜ ਗਿਲੇ ਸ਼ਿਕਵੇ ਭੁਲਾ ਕੇ ਭਾਜਪਾ ਆਗੂ ਅਕਾਲੀਆਂ ਨੂੰ ਨਾਲ ਰਲ਼ਾ ਲੈਣਗੇ ਪਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਣੇ ਜਿਸ ਤਰ੍ਹਾਂ ਭਾਜਪਾ ਦੀ ਸਮੁੱਚੀ ਲੀਡਰਸ਼ਿਪ ਨੇ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠਲੇ ਅਕਾਲੀ ਦਲ ਨੂੰ ਨਜ਼ਰਅੰਦਾਜ਼ ਕੀਤਾ ਹੈ, ਉਸ ਤੋਂ ਇੱਕ ਗੱਲ ਸਪੱਸ਼ਟ ਹੋ ਗਈ ਹੈ ਕਿ ਆਗਾਮੀ ਸੰਸਦੀ ਚੋਣਾਂ ਦੌਰਾਨ ਅਕਾਲੀਆਂ ਕੋਲ ਬਸਪਾ ਨਾਲ ਸਿਆਸੀ ਸਾਂਝ ਬਰਕਰਾਰ ਰੱਖਣ ਤੋਂ ਬਾਅਦ ਕੋਈ ਚਾਰਾ ਬਾਕੀ ਨਹੀਂ ਬਚਿਆ। ਟਕਸਾਲੀ ਸੀਨੀਅਰ ਅਕਾਲੀ ਆਗੂ ਜਥੇਦਾਰ ਸੁਖਦੇਵ ਸਿੰਘ ਭੌਰ ਦਾ ਕਹਿਣਾ ਹੈ ਕਿ ਭਾਜਪਾ ਹਾਈਕਮਾਂਡ ਸੁਖਬੀਰ ਸਿੰਘ ਬਾਦਲ ਦੀ ਥਾਂ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ ਨੂੰ ਚਾਹੁੰਦੀ ਹੈ। ਇਸ ਕਰਕੇ ਭਾਜਪਾ ਤੇ ਬਾਦਲ ਦਲ ਦਾ ਸਮਝੌਤਾ ਸਿਰੇ ਨਹੀਂ ਚੜ੍ਹ ਸਕਿਆ। ਅਖੀਰ ਦੋਹਾਂ ਪਾਰਟੀਆਂ ਦੇ ਆਗੂਆਂ ਨੂੰ ਗੱਠਜੋੜ ਸਬੰਧੀ ਚਰਚਾ ਨੂੰ ਅਫਵਾਹ ਦੱਸਣਾ ਪਿਆ। ਟਕਸਾਲੀ ਆਗੂ ਜਥੇਦਾਰ ਭੌਰ ਦਾ ਕਹਿਣਾ ਸੀ ਕਿ ਭਾਜਪਾ ਤੇ ਆਪ ਦੋਵੇਂ ਸੁਖਬੀਰ ਬਾਦਲ ਦੀ ਸਿਆਸਤ ਲਈ ਖਤਰਾ ਬਣੇ ਹੋਏ ਹਨ। ਉਨ੍ਹਾਂ ਦੀ ਨੀਤੀ ਸ਼੍ਰੋਮਣੀ ਕਮੇਟੀ ਉਪਰ ਬਾਦਲ ਪਰਿਵਾਰ ਦਾ ਕਬਜ਼ਾ ਹਟਾਉਣ ਦੀ ਹੈ। ਭੌਰ ਦਾ ਕਹਿਣਾ ਹੈ ਕਿ ਖਾਲਸਾ ਪੰਥ ਨੂੰ ਇਸ ਬਾਰੇ ਸੁਚੇਤ ਹੋਣਾ ਚਾਹੀਦਾ ਹੈ। ਸ਼੍ਰੋਮਣੀ ਕਮੇਟੀ ਉਪਰ ਸਰਕਾਰੀ ਕਬਜ਼ਾ ਨਹੀਂ ਹੋਣ ਦੇਣਾ ਚਾਹੀਦਾ। ਸਾਨੂੰ ਅਕਾਲੀ ਦਲ ਦਾ ਪੰਥਕ ਸਰੂਪ ਉਸਾਰਨ ਦੀ ਲੋੜ ਹੈ।

ਸ਼੍ਰੋਮਣੀ ਕਮੇਟੀ ਉਪਰ ਕਬਜ਼ਾ ਕਰਨ ਦੀਆਂ ਸਾਜ਼ਿਸ਼ਾਂ ਬਾਰੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਵੀ ਪੁਸ਼ਟੀ ਕੀਤੀ ਹੈ। ਧਾਮੀ ਨੇ ਕਿਹਾ ਕਿ ਹੁਣ ਆਪ ਸਰਕਾਰ ਸ਼੍ਰੋਮਣੀ ਕਮੇਟੀ ਮੈਂਬਰਾਂ ਨੂੰ ਵਿਰੁੱਧ ਖੜਣ ਲਈ ਪੈਸਿਆਂ ਦਾ ਲਾਲਚ ਦੇ ਰਹੀ ਹੈ, ਜਿਸ ਨੂੰ ਮੈਂਬਰਾਂ ਨੇ ਇਨਕਾਰ ਵੀ ਕੀਤਾ ਹੈ ਤੇ ਇਹ ਸਾਰਾ ਮਾਮਲਾ ਉਨ੍ਹਾਂ ਦੇ ਧਿਆਨ ਵਿੱਚ ਲਿਆਂਦਾ ਹੈ ਕਿ ਪੈਸਿਆਂ ਦੇ ਨਾਲ ਕਈ ਤਰ੍ਹਾਂ ਦੇ ਲਾਲਚ ਵੀ ਦਿੱਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਸਮੁੱਚੇ ਪੰਥ ਨੂੰ ਡਟਕੇ ਸ਼੍ਰੋਮਣੀ ਕਮੇਟੀ ਦੇ ਹੱਕ ਵਿੱਚ ਖਲੋਣਾ ਚਾਹੀਦਾ ਹੈ। ਨਵੰਬਰ ਤਕ ਸ਼੍ਰੋਮਣੀ ਕਮੇਟੀ ਪੰਥ ਲਈ ਖਤਰਨਾਕ ਸਮਾਂ ਹੈ, ਇਸ ਲਈ ਸੁਚੇਤ ਹੋਣ ਦੀ ਲੋੜ ਹੈ। ਧਾਮੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਮੁਲਾਜ਼ਮਾਂ ਨੂੰ ਸਰਕਾਰ ਨੇ ਯੂਨੀਅਨ ਬਣਾ ਕੇ ਦਿੱਤੀ ਹੈ, ਇਕ ਕੋਈ ਫੈਕਟਰੀ ਜਾਂ ਫਰਮ ਨਹੀਂ ਹੈ, ਇਥੋਂ ਦੇ ਮੁਲਾਜ਼ਮਾਂ ਨੂੰ ਸੰਗਤ ਦੇ ਦਸਵੰਧ ਚੜ੍ਹਾਵੇ ਦੀ ਮਾਇਆ ਵਿਚੋਂ ਸੇਵਾ ਫਲ ਤਨਖਾਹ ਦਿੱਤੀ ਜਾਂਦੀ ਹੈ। ਧਾਮੀ ਨੇ ਮੁਲਾਜ਼ਮਾਂ ਨੂੰ ਵੀ ਤਾੜਨਾ ਕਰਦਿਆਂ ਕਿਹਾ ਕਿ ਯੂਨੀਅਨ ਰੱਦ ਕਰ ਦਿਉ ਇਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਨਹੀਂ ਤਾਂ ਇਸ ਵਿੱਚ ਸ਼ਾਮਲ ਮੁਲਾਜ਼ਮਾਂ ਦੀ ਨਿਸ਼ਾਨਦੇਹੀ ਕਰ ਕੇ ਸਖ਼ਤ ਕਾਰਵਾਈ ਕੀਤੀ ਜਾਵੇਗੀ।

## ਬਾਦਲ ਦਲ ਨੂੰ ਭਾਜਪਾ ਤੇ ਹੋਰ ਚੈਲਿੰਜ





ਹੁਣੇ ਜਿਹੇ ਪ੍ਰਧਾਨ ਮੰਤਰੀ ਨੇ ਬਾਦਲਾਂ ਦੇ ਸਿਆਸੀ ਸ਼ਰੀਕ ਸੁਖਦੇਵ ਸਿੰਘ ਢੀਂਡਸਾ ਨੂੰ ਮਰਹੂਮ ਅਕਾਲੀ ਆਗੂ ਪ੍ਰਕਾਸ਼ ਸਿੰਘ ਬਾਦਲ ਦੀ ਸਿਆਸੀ ਵਿਰਾਸਤ ਦਾ ਵਾਰਿਸ ਕਰਾਰ ਦੇ ਕੇ ਇੱਕ ਤਰ੍ਹਾਂ ਨਾਲ ਸੁਖਬੀਰ ਸਿੰਘ ਬਾਦਲ ਨੂੰ ਸਿਆਸੀ ਝਟਕਾ ਦਿੱਤਾ ਹੈ।

ਸੂਤਰਾਂ ਦਾ ਦੱਸਣਾ ਹੈ ਕਿ ਬੀਤੇ ਦਿਨੀਂ ਭਾਜਪਾ ਆਗੂ ਭੂਪਿੰਦਰ ਯਾਦਵ ਵੱਲੋਂ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਨਾਲ ਰਾਬਤਾ ਕਾਇਮ ਕਰਕੇ ਐਨਡੀਏ ਦੀ ਮੀਟਿੰਗ ਵਿੱਚ ਪੁੱਜਣ ਲਈ ਸੱਦਾ ਦਿੱਤਾ ਗਿਆ ਸੀ। ਭਾਜਪਾ ਪੰਜਾਬ ਵਿੱਚ ਆਪਣਾ ਵੀ ਆਧਾਰ ਵਧਾਉਣਾ ਚਾਹੁੰਦੀ ਹੈ। ਦੇਖਿਆ ਜਾਵੇ ਤਾਂ ਸ਼੍ਰੋਮਣੀ ਅਕਾਲੀ ਦਲ ਵੱਲੋਂ ਭਾਜਪਾ ਨਾਲੋਂ ਸਿਆਸੀ ਗੱਠਜੋੜ ਤੋੜਨ ਤੋਂ ਬਾਅਦ ਤੇ ਪੰਥਕ ਆਧਾਰ ਖੁਰਨ ਤੋਂ ਬਾਅਦ ਅਕਾਲੀ ਦਲ ਦਾ ਪੰਜਾਬ ਵਿੱਚ ਸਿਆਸੀ ਪ੍ਰਭਾਵ ਲਗਾਤਾਰ ਘਟਦਾ ਜਾ ਰਿਹਾ ਹੈ। ਸਾਲ 2022 ਵਿੱਚ ਹੋਈਆਂ ਵਿਧਾਨ ਸਭਾ ਚੋਣਾਂ ਦੌਰਾਨ ਅਕਾਲੀਆਂ ਦਾ ਵੋਟ ਬੈਂਕ ਘੱਟ ਕੇ 18 ਫੀਸਦੀ ਤੱਕ ਰਹਿ ਗਿਆ ਸੀ ਜਦੋਂ ਕਿ ਭਾਜਪਾ ਨੇ ਗੁਜ਼ਾਰੇ ਜੋਗੀਆਂ ਵੋਟਾਂ ਹਾਸਲ ਕਰਨ ਤੋਂ ਬਾਅਦ ਸੰਗਰੂਰ ਅਤੇ ਜਲੰਧਰ ਸੰਸਦੀ ਹਲਕਿਆਂ ਦੀਆਂ ਜ਼ਿਮਨੀ ਚੋਣਾਂ ਦੌਰਾਨ ਵੀ ਪ੍ਰਭਾਵਸ਼ਾਲੀ ਵੋਟ ਬੈਂਕ ਹਾਸਲ ਕੀਤਾ ਸੀ ਜਦੋਂ ਕਿ ਅਕਾਲੀਆਂ ਨੂੰ ਇਨ੍ਹਾਂ ਚੋਣਾਂ ਵਿੱਚ ਵੀ ਨਿਰਾਸ਼ਾ ਮਿਲੀ।

ਸ਼੍ਰੋਮਣੀ ਅਕਾਲੀ ਦਲ ਦੇ ਇਸ ਸਮੇਂ ਲੋਕ ਸਭਾ ਵਿੱਚ ਦੋ ਮੈਂਬਰ ਸੁਖਬੀਰ ਬਾਦਲ ਅਤੇ ਹਰਸਿਮਰਤ ਬਾਦਲ ਹਨ। ਇਸ ਪਾਰਟੀ ਦਾ ਰਾਜ ਸਭਾ ਵਿੱਚ ਕੋਈ ਮੈਂਬਰ ਨਹੀਂ ਹੈ। ਪੰਜਾਬ ਵਿਧਾਨ ਸਭਾ ਵਿੱਚ ਵੀ ਪਾਰਟੀ ਨੂੰ 3 ਸੀਟਾਂ ਨਾਲ ਹੀ ਸਬਰ ਕਰਨਾ ਪਿਆ ਸੀ। ਮੰਨਿਆ ਜਾ ਰਿਹਾ ਹੈ ਕਿ ਹੁਣ ਸੁਖਬੀਰ ਬਾਦਲ ਦੀ ਪਾਰਟੀ ਉਪਰ ਪਕੜ ਹੋਰ ਵੀ ਘਟ ਸਕਦੀ ਹੈ।

ਇਥੇ ਜ਼ਿਕਰਯੋਗ ਹੈ ਕਿ ਗੁਰਦੁਆਰਾ ਸੁਧਾਰ ਲਹਿਰ ਵਿਚੋਂ ਉੱਭਰਿਆ ਅਕਾਲੀ ਦਲ, ਜਿਸ ਦੀ ਦੇਸ਼ ਦੀ ਆਜ਼ਾਦੀ ਤੋਂ ਪਹਿਲਾਂ ਅਤੇ ਆਜ਼ਾਦੀ ਤੋਂ ਬਾਅਦ ਰਾਜਨੀਤਕ ਅਤੇ ਧਾਰਮਿਕ ਖੇਤਰਾਂ ਵਿੱਚ ਵੱਡੀ ਭੂਮਿਕਾ ਰਹੀ ਹੈ, ਇਸ ਸਮੇਂ ਬੇਹੱਦ ਕਮਜ਼ੋਰ ਤੇ ਨਿਤਾਣਾ ਨਜ਼ਰ ਆ ਰਿਹਾ ਹੈ। 1920 ਵਿੱਚ ਇਸ ਦੇ ਉਥਾਨ ਤੋਂ ਲੈ ਕੇ 100 ਸਾਲਾਂ ਦੇ ਸਫ਼ਰ ਦੌਰਾਨ ਸ਼ਾਇਦ ਹੀ ਇਸ ਲਈ ਇਸ ਤਰ੍ਹਾਂ ਦੀਆਂ ਸਥਿਤੀਆਂ ਬਣੀਆਂ ਹੋਣ, ਜਿਸ ਤਰ੍ਹਾਂ ਕਿ ਹੁਣ ਬਣੀਆਂ ਹੋਈਆਂ ਹਨ। ਦਿੱਲੀ ਗੁਰਦੁਆਰਾ ਕਮੇਟੀ ਇਸ ਦੇ ਹੱਥੋਂ ਨਿਕਲ ਚੁੱਕੀ ਹੈ ਅਤੇ ਇਸ ਦੇ ਦਿੱਲੀ ਯੂਨਿਟਾਂ ਨੇ ਹਰਮੀਤ ਸਿੰਘ ਕਾਲਕਾ ਦੀ ਅਗਵਾਈ ਵਿੱਚ ਬਗ਼ਾਵਤ ਕਰਕੇ ਸ਼੍ਰੋਮਣੀ ਅਕਾਲੀ ਦਲ ਦਿੱਲੀ ਸਟੇਟ ਦੇ ਰੂਪ ਵਿੱਚ ਆਪਣੀ ਵੱਖਰੀ ਪਾਰਟੀ ਬਣਾ ਲਈ ਹੈ। ਹਰਿਆਣਾ ਵਿੱਚ ਵੱਖਰੀ ਗੁਰਦੁਆਰਾ ਕਮੇਟੀ ਦੇ ਗਠਨ ਨਾਲ ਵੀ ਇਸ ਦਾ ਪ੍ਰਭਾਵ ਘਟਿਆ ਹੈ। ਪਾਰਟੀ ਅੰਦਰ ਬੇਚੈਨੀ ਹੈ ਤੇ ਚੋਣ ਰਾਜਨੀਤੀ ਵਿੱਚ ਇਹ ਲਗਾਤਾਰ ਹਾਰਾਂ ਦਾ ਸਾਹਮਣਾ ਕਰ ਰਿਹਾ ਹੈ। ਆਮ ਆਦਮੀ ਪਾਰਟੀ ਦੇ ਆਗੂਆਂ ਵੱਲੋਂ ਲਗਾਤਾਰ ਇਸ ਦੇ ਆਗੂਆਂ ’ਤੇ ਸਿਆਸੀ ਹਮਲੇ ਕੀਤੇ ਜਾ ਰਹੇ ਹਨ ਤੇ ਇਹ ਕੋਈ ਵੀ ਢੁੱਕਵਾਂ ਪ੍ਰਤੀਕਰਮ ਪ੍ਰਗਟ ਕਰਨ ਵਿੱਚ ਅਸਫ਼ਲ ਹੋ ਰਿਹਾ ਹੈ। ਦੂਜੇ ਪਾਸੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਪਿਛਲੇ ਲੰਮੇ ਸਮੇਂ ਤੋਂ ਅਕਾਲੀ ਆਗੂਆਂ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਤੇ ਉਸ ਦੇ ਮੈਂਬਰਾਂ ਇਥੋਂ ਤੱਕ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਖ਼ਿਲਾਫ਼ ਵੀ ਬੜੀ ਹੱਤਕ ਭਰੀ ਬਿਆਨਬਾਜ਼ੀ ਕੀਤੀ ਜਾਂਦੀ ਰਹੀ ਹੈ, ਪਰ ਅਕਾਲੀ ਦਲ ਇਸ ਦਾ ਕੋਈ ਗੰਭੀਰ ਨੋਟਿਸ ਨਹੀਂ ਲੈ ਸਕਿਆ। 20 ਜੂਨ, 2023 ਨੂੰ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਵਿਸ਼ੇਸ਼ ਵਿਧਾਨ ਸਭਾ ਸੈਸ਼ਨ ਬੁਲਾ ਕੇ ਗੁਰਦੁਆਰਾ ਐਕਟ 1925 ਵਿੱਚ ਧਾਰਾ 125ਏ ਸ਼ਾਮਿਲ ਕਰਕੇ

**(ਬਾਕੀ ਸਫ਼ਾ 29 ’ਤੇ)**

## ਅਕਾਲੀ ਦਲ ਦੀਆਂ ਕੀ ਹਨ ਵੱਡੀਆਂ ਗ਼ਲਤੀਆਂ ?

1. ਜਦੋਂ ਪੰਜਾਬ ਵਿੱਚ 1997, 2007, 2012 ਵਿੱਚ ਅਕਾਲੀ ਦਲ ਦੀਆਂ ਸਰਕਾਰਾਂ ਬਣੀਆਂ ਅਤੇ ਭਾਜਪਾ ਵੀ ਇਕ ਛੋਟੀ ਧਿਰ ਵਜੋਂ ਇਨ੍ਹਾਂ ਸਰਕਾਰਾਂ ਵਿੱਚ ਸ਼ਾਮਿਲ ਸੀ, ਉਸ ਸਮੇਂ ਪਹਿਲਾਂ ਕੇਂਦਰ ਵਿੱਚ ਅਟਲ ਬਿਹਾਰੀ ਵਾਜਪਾਈ ਪ੍ਰਧਾਨ ਮੰਤਰੀ ਸਨ ਤੇ ਬਾਅਦ ਵਿੱਚ ਡਾ. ਮਨਮੋਹਨ ਸਿੰਘ ਦੇਸ਼ ਦੇ ਪ੍ਰਧਾਨ ਮੰਤਰੀ ਬਣੇ। ਇਨ੍ਹਾਂ ਦੋਵਾਂ ਪ੍ਰਧਾਨ ਮੰਤਰੀਆਂ ਨਾਲ ਰਾਜ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਚੰਗੇ ਸੰਬੰਧ ਸਨ। ਇਨ੍ਹਾਂ ਤੋਂ ਬਹੁਤ ਸਾਰੇ ਵਿਕਾਸ ਦੇ ਪ੍ਰਾਜੈਕਟ ਵੀ ਉਨ੍ਹਾਂ ਰਾਜ ਲਈ ਹਾਸਿਲ ਕੀਤੇ। ਪਰ ਪੰਜਾਬ ਦੇ ਬੁਨਿਆਦੀ ਮੁੱਦੇ ਚੰਡੀਗੜ੍ਹ ਨੂੰ ਰਾਜਧਾਨੀ ਵਜੋਂ ਪੰਜਾਬ ਵਿੱਚ ਸ਼ਾਮਿਲ ਕਰਵਾਉਣਾ, ਦਰਿਆਈ ਪਾਣੀਆਂ ਸੰਬੰਧੀ ਇਨਸਾਫ਼ ਹਾਸਿਲ ਕਰਨਾ ਅਤੇ ਪੰਜਾਬ ਦੇ ਨੌਜਵਾਨਾਂ ਲਈ ਰਾਜ ਵਿੱਚ ਖੇਤੀ ਆਧਾਰਿਤ ਸਨਅਤਾਂ ਲਗਵਾ ਕੇ ਰੁਜ਼ਗਾਰ ਦੇ ਮੌਕੇ ਪੈਦਾ ਕਰਨੇ ਆਦਿ ਦੀ ਪੂਰਤੀ ਕਰਵਾਉਣ ਵਿੱਚ ਉਹ ਬੁਰੀ ਤਰ੍ਹਾਂ ਅਸਫ਼ਲ ਰਹੇ। ਇਹ ਮੁੱਦੇ ਉਨ੍ਹਾਂ ਗੰਭੀਰਤਾ ਨਾਲ ਸਮੇਂ ਦੀਆਂ ਕੇਂਦਰੀ ਸਰਕਾਰਾਂ ਕੋਲ ਉਠਾਏ ਹੀ ਨਹੀਂ, ਇਹ ਮਸਲੇ ਹੱਲ ਕਰਵਾਉਣ ਦਾ ਉਸ ਸਮੇਂ ਢੁੱਕਵਾਂ ਸਮਾਂ ਸੀ। ਅੱਜ ਜਿਥੇ ਪੰਜਾਬ ਦੇ ਹੱਥੋਂ ਦਰਿਆਈ ਪਾਣੀ ਫਿਸਲਦੇ ਜਾ ਰਹੇ ਹਨ, ਉਥੇ ਚੰਡੀਗੜ੍ਹ ਵੀ ਸਥਾਈ ਤੌਰ ’ਤੇ ਪੰਜਾਬ ਦੇ ਹੱਥੋਂ ਨਿਕਲਦਾ ਜਾ ਰਿਹਾ ਹੈ। ਇਸ ਲਈ ਰਾਜ ਦੇ ਲੋਕ ਅਕਾਲੀ ਦਲ ਦੀਆਂ ਸਰਕਾਰਾਂ ਅਤੇ ਉਸ ਸਮੇਂ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਜ਼ਿੰਮੇਵਾਰ ਸਮਝਦੇ ਹਨ।

2. ਸਾਲ 2015 ਵਿੱਚ ਬੁਰਜ ਜਵਾਹਰ ਸਿੰਘ ਵਾਲਾ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਚੋਰੀ ਹੋਏ, ਇਕ ਮਹੀਨਾ ਬਾਅਦ ਬਰਗਾੜੀ ਵਿੱਚ ਉਸ ਦੇ ਅੰਗ ਖਿਲਾਰ ਦਿੱਤੇ ਗਏ। ਇਸ ਨਾਲ ਸਿੱਖ ਪੰਥ ਵਿੱਚ ਵੱਡਾ ਰੋਹ ਤੇ ਰੋਸ ਪੈਦਾ ਹੋਇਆ। ਇਸ ਸਾਰੇ ਘਟਨਾਕ੍ਰਮ ਨਾਲ ਠੀਕ ਢੰਗ ਨਾਲ ਨਿਪਟਣ ਵਿੱਚ ਉਸ ਸਮੇਂ ਦੀ ਅਕਾਲੀ ਸਰਕਾਰ ਅਸਫ਼ਲ ਰਹੀ। ਡੇਰਾ ਸੌਦਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਸਿੰਘ ਸਾਹਿਬਾਨ ’ਤੇ ਆਪਣਾ ਪ੍ਰਭਾਵ ਵਰਤ ਕੇ ਮੁਆਫ਼ੀ ਦੁਆਉਣ ਅਤੇ ਉਸ ਤੋਂ ਸਲਾਬਤਪੁਰਾ ਦੇ ਘਟਨਾਕ੍ਰਮ ਨਾਲ ਸੰਬੰਧਿਤ ਕੇਸ ਵਾਪਿਸ ਲੈਣ ਨਾਲ ਵੀ ਸਿੱਖ ਪੰਥ ਵਿਚ ਅਕਾਲੀ ਦਲ ਦੇ ਅਕਸ ਨੂੰ ਭਾਰੀ ਢਾਹ ਲੱਗੀ।

3. ਇਸ ਤਰ੍ਹਾਂ ਦੀਆਂ ਸਥਿਤੀਆਂ ਵਿੱਚ ਹੀ ਪੁਲਿਸ ਅਧਿਕਾਰੀ ਸੁਮੇਧ ਸੈਣੀ ਜੋ ਕਿ ਰਾਜ ਵਿੱਚ ਝੂਠੇ ਪੁਲਿਸ ਮੁਕਾਬਲੇ ਬਣਾਉਣ ਲਈ ਬਦਨਾਮ ਸੀ, ਨੂੰ ਰਾਜ ਦਾ ਪੁਲਿਸ ਮੁਖੀ ਬਣਾਉਣਾ ਅਕਾਲੀ ਦਲ ਦੀ ਇਕ ਹੋਰ ਵੱਡੀ ਗ਼ਲਤੀ ਸੀ।

4. ਸਾਲ 2020 ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰੀ ਸਰਕਾਰ ਨੇ ਖੇਤੀ ਸੰਬੰਧੀ ਤਿੰਨ ਕਾਨੂੰਨ ਸੰਸਦ ਵਿਚੋਂ ਪਾਸ ਕਰਵਾਏ। ਇਨ੍ਹਾਂ ਨੂੰ ਪਹਿਲਾਂ ਤਿੰਨ ਆਰਡੀਨੈਂਸਾਂ ਦੇ ਰੂਪ ਵਿੱਚ ਲਾਗੂ ਕਰਵਾਉਣ ਦਾ ਯਤਨ ਕੀਤਾ ਗਿਆ ਸੀ। ਇਨ੍ਹਾਂ ਕਾਨੂੰਨਾਂ ਸੰਬੰਧੀ ਵੀ ਅਕਾਲੀ ਦਲ ਸਮੇਂ ਸਿਰ ਕੋਈ ਫ਼ੈਸਲਾ ਨਾ ਲੈ ਸਕਿਆ। ਇਕ ਤਰ੍ਹਾਂ ਨਾਲ ਤਿੰਨ ਮਹੀਨਿਆਂ ਤੱਕ ਵਿੰਗੇ-ਟੇਢੇ ਢੰਗਾਂ ਨਾਲ ਇਨ੍ਹਾਂ ਦਾ ਸਮਰਥਨ ਕਰਦਾ ਰਿਹਾ, ਜਦੋਂ ਕਿ ਰਾਜ ਦੇ ਕਿਸਾਨਾਂ ਦਾ ਇਕ ਵੱਡਾ ਹਿੱਸਾ ਇਨ੍ਹਾਂ ਕਾਨੂੰਨਾਂ ਨੂੰ ਕਿਸਾਨੀ ਅਤੇ ਖੇਤੀ ਲਈ ਘਾਤਕ ਮੰਨਦਾ ਸੀ। ਇਸ ਕਾਰਨ ਵੀ ਅਕਾਲੀ ਦਲ ਦੀ ਕਿਸਾਨਾਂ ਵਿੱਚ ਸਾਖ਼ ਜਾਂਦੀ ਰਹੀ।

5. ਅਕਾਲੀ ਦਲ ਦੀਆਂ ਸਰਕਾਰਾਂ ਸਮੇਂ ਭ੍ਰਿਸ਼ਟਾਚਾਰ ਵੀ ਇਕ ਵੱਡਾ ਮੁੱਦਾ ਰਿਹਾ। ਬਹੁਤ ਸਾਰੇ ਸਰਕਾਰੀ ਵਿਭਾਗਾਂ ਵਿੱਚ ਵੱਡੇ ਘਪਲੇ ਹੋਏ, ਜਿਨ੍ਹਾਂ ਦੀ ਚਰਚਾ ਅੱਜ ਤੱਕ ਹੋ ਰਹੀ ਹੈ। ਇਨ੍ਹਾਂ ਸਰਕਾਰਾਂ ਸਮੇਂ ਰਾਜ ਵਿੱਚ ਰਸਾਇਣਕ ਨਸ਼ਿਆਂ ਦਾ ਕਾਰੋਬਾਰ ਵਧਿਆ, ਰੇਤ ਬਜਰੀ ਦੀ ਨਾਜਾਇਜ਼ ਖ਼ੁਦਾਈ ਹੁੰਦੀ ਰਹੀ, ਗੈਂਗਸਟਰਵਾਦ ਉੱਭਰਿਆ ਅਤੇ ਕਈ ਤਰ੍ਹਾਂ ਦੇ ਹੋਰ ਮਾਫ਼ੀਏ ਵਧੇ ਫੁੱਲੇ। ਇਸ ਸਭ ਕੁਝ ਨਾਲ ਵੀ ਅਕਾਲੀ ਦਲ ਤੇ ਇਸ ਦੇ ਆਗੂਆਂ ਦੀ ਸਾਖ਼ ਨੂੰ ਵੱਡਾ ਧੱਕਾ ਲੱਗਾ।ਇਨ੍ਹਾਂ ਸਾਰੇ ਕਾਰਨਾਂ ਕਰਕੇ ਅਕਾਲੀ ਦਲ ਭਾਵੇਂ 2017 ਤੋਂ ਸੱਤਾ ਤੋਂ ਬਾਹਰ ਹੋ ਗਿਆ ਸੀ। ਪਰ ਉਸ ਸੰਬੰਧੀ ਸੱਤਾ ਵਿਰੋਧੀ ਰੁਝਾਨ ਅੱਜ ਤੱਕ ਬਣਿਆ ਹੋਇਆ ਹੈ। ਸਿੱਖ ਭਾਈਚਾਰੇ ਵਿੱਚ, ਕਿਸਾਨੀ ਵਿੱਚ ਅਤੇ ਦਿਹਾਤੀ ਖੇਤਰਾਂ ਵਿੱਚ ਅਕਾਲੀ ਦਲ ਦੀ ਪਹਿਲਾਂ ਵਾਲੀ ਪੈਠ ਨਹੀਂ ਰਹੀ। ਇਹ ਸਿੱਖ ਭਾਈਚਾਰੇ ਅਤੇ ਪੰਜਾਬ ਦੇ ਲੋਕਾਂ ਦਾ ਅਜੇ ਤੱਕ ਵੀ ਮੁੜ ਵਿਸ਼ਵਾਸ ਨਹੀਂ ਜਿੱਤ ਸਕਿਆ। ਬੀਬੀ ਕਿਰਨਜੋਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ ਦਾ ਕਹਿਣਾ ਹੈ ਕਿ ਜਦੋਂ ਤੱਕ ਅਕਾਲੀ ਦਲ ਦੀ ਲੀਡਰਸ਼ਿਪ ਜਨਤਕ ਤੌਰ ’ਤੇ ਆਪਣੇ ਵੱਲੋਂ ਕੀਤੀਆਂ ਗਈਆਂ ਗ਼ਲਤੀਆਂ ਦੀ ਨਿਸ਼ਾਨਦੇਹੀ ਕਰਕੇ ਉਨ੍ਹਾਂ ਲਈ ਜਨਤਕ ਤੌਰ ’ਤੇ ਪਸਚਾਤਾਪ ਨਹੀਂ ਕਰਦੀ ਅਤੇ ਅੱਗੇ ਲਈ ਪਾਰਟੀ ਅੰਦਰ ਜਮਹੂਰੀ ਅਤੇ ਪਾਰਦਰਸ਼ੀ ਢੰਗ ਨਾਲ ਫ਼ੈਸਲੇ ਨਹੀਂ ਲਏ ਜਾਂਦੇ ਅਤੇ ਅਕਾਲੀ ਦਲ ਆਪਣੇ-ਆਪ ਨੂੰ ਮੁੜ ਤੋਂ ਸਿੱਖ ਸਿਧਾਂਤਾਂ ਪ੍ਰਤੀ ਸਮਰਪਿਤ ਨਹੀਂ ਕਰਦਾ, ਉਦੋਂ ਤੱਕ ਅਕਾਲੀ ਦਲ ਦਾ ਮੁੜ ਉੱਭਰਨਾ ਮੁਸ਼ਕਲ ਜਾਪਦਾ ਹੈ।

# ਭਾਰਤ ਦੇ ਹਾਈਕੋਰਟਾਂ ਦੇ ਜੱਜਾਂ ਦੀ ਨਿਯੁਕਤੀ ਵਿੱਚ ਦਲਿਤਾਂ ਨਾਲ ਕੀਤਾ ਜਾ ਰਿਹਾ ਹੈ ਵਿਤਕਰਾ

## 2018 ਤੋਂ ਲੈ ਕੇ 17 ਜੁਲਾਈ 2023 ਤੱਕ 22 ਫ਼ੀਸਦੀ ਗ਼ੈਰ ਸਵਰਨ 78 ਫੀਸਦੀ ਉੱਚ ਜਾਤਾਂ ਦੇ ਜੱਜ ਬਣੇ

ਨਵੀਂ ਦਿੱਲੀ/ਏ.ਟੀ.ਨਿਊਜ਼ : ਕੇਂਦਰੀ ਕਾਨੂੰਨ ਮੰਤਰੀ ਅਰਜੁਨ ਮੇਘਵਾਲ ਨੇ 21 ਜੁਲਾਈ ਨੂੰ ਲੋਕ ਸਭਾ ਵਿੱਚ ਜਾਣਕਾਰੀ ਦਿੱਤੀ ਕਿ ਦੇਸ਼ ਦੀਆਂ ਵੱਖ-ਵੱਖ ਹਾਈ ਕੋਰਟਾਂ ਵਿੱਚ 2018 ਤੋਂ ਲੈ ਕੇ 17 ਜੁਲਾਈ 2023 ਤੱਕ 604 ਜੱਜਾਂ ਦੀਆਂ ਨਿਯੁਕਤੀਆਂ ਹੋਈਆਂ, ਜਿਨ੍ਹਾਂ ਵਿੱਚ ਓ ਬੀ ਸੀ ਤੋਂ 72, ਐੱਸ ਸੀ ਤੋਂ 18, ਐੱਸ ਟੀ ਤੋਂ 9 ਤੇ ਘੱਟ ਗਿਣਤੀਆਂ ਤੋਂ 34 ਜੱਜ ਬਣੇ। ਇਸ ਤਰ੍ਹਾਂ ਦੇਸ਼ ਦੀ 85 ਫੀਸਦੀ ਆਬਾਦੀ ਵਿੱਚੋਂ ਕੁੱਲ 133 ਗੈਰ-ਸਵਰਨ ਜੱਜਾਂ ਦੀ ਨਿਯੁਕਤੀ ਹੋਈ, ਜੋ ਕੁੱਲ ਨਿਯੁਕਤੀਆਂ ਦਾ ਸਿਰਫ਼ 22 ਫੀਸਦੀ ਹਨ। ਬਾਕੀ 15 ਫੀਸਦੀ ਸਵਰਨ ਆਬਾਦੀ ਵਿੱਚੋਂ 454 ਜੱਜਾਂ ਯਾਨਿ ਕਿ 78 ਫੀਸਦੀ ਜੱਜਾਂ ਦੀਆਂ ਨਿਯੁਕਤੀਆਂ ਹੋਈਆਂ। ਇਕ ਜਮਹੂਰੀ ਦੇਸ਼ ਦੀ ਨਿਆਂਪਾਲਿਕਾ ਦਾ ਇਸ ਤੋਂ ਅਨਿਆਂਇਕ ਚਿਹਰਾ ਹੋਰ ਕੀ ਹੋ ਸਕਦਾ ਹੈ?

ਡਾ. ਅੰਬੇਡਕਰ ਦੀ ਪੂਰੀ ਲੜਾਈ ਵਰਣਵਾਦੀ ਵਿਵਸਥਾ ’ਚ ਦਲਿਤਾਂ ਪ੍ਰਤੀ ਅਨਿਆਂ, ਨਜ਼ਰਅੰਦਾਜ਼ੀ ਤੇ ਸ਼ੋਸ਼ਣ ਖ਼ਿਲਾਫ਼ ਰਹੀ। ਉਮੀਦ ਸੀ ਕਿ ਆਜ਼ਾਦੀ ਦੇ ਬਾਅਦ ਸਥਿਤੀ ਬਦਲੇਗੀ, ਪਰ ਅਜਿਹਾ ਨਹੀਂ ਹੋਇਆ। ਨਿਯੁਕਤੀਆਂ ਵਿੱਚ ਰਿਜ਼ਰਵੇਸ਼ਨ ਦਾ ਕੋਈ ਵਿਧਾਨ ਲਾਗੂ ਨਹੀਂ ਹੋਇਆ। ਨਿਆਂਪਾਲਿਕਾ ਵਿੱਚ ਨਿਯੁਕਤੀਆਂ ਦੀ ਜਿਹੜੀ



ਪ੍ਰਕਿਰਿਆ ਕਾਇਮ ਕੀਤੀ ਗਈ, ਉਸ ਵਿੱਚ ਰਾਖਵੇਂ ਕਰਨ ਵਾਲਿਆਂ ਨੂੰ ਬਣਦੀ ਥਾਂ ਮਿਲਣੀ ਹੀ ਨਹੀਂ ਸੀ।

ਤਿੰਨ ਦਹਾਕੇ ਪਹਿਲਾਂ ਕਰੀਆ ਮੁੰਡਾ ਕਮੇਟੀ ਦੀ ਰਿਪੋਰਟ ਵਿੱਚ ਦੱਸਿਆ ਗਿਆ ਸੀ ਕਿ ਇਕ ਜਨਵਰੀ 1993 ਤੱਕ 18 ਹਾਈ ਕੋਰਟਾਂ ਵਿੱਚੋਂ 12 ਵਿੱਚ ਇਕ ਵੀ ਐੱਸ ਸੀ ਜੱਜ ਨਹੀਂ ਸੀ ਤੇ 14 ਹਾਈ ਕੋਰਟਾਂ ਵਿੱਚ ਇਕ ਵੀ ਐੱਸ ਟੀ ਜੱਜ ਨਹੀਂ ਸੀ। ਇਕ ਮਈ 1998 ਦੀ ਰਿਪੋਰਟ ਅਨੁਸਾਰ ਵੀ ਸਥਿਤੀ ’ਚ ਖਾਸ ਸੁਧਾਰ ਨਹੀਂ ਹੋਇਆ ਅਤੇ ਹਾਈ ਕੋਰਟਾਂ ਦੇ ਕੁੱਲ 481 ਜੱਜਾਂ ਵਿੱਚੋਂ ਸਿਰਫ਼ 15 ਐੱਸ ਸੀ ਤੇ 5 ਐੱਸ ਟੀ ’ਚੋਂ ਨਿਯੁਕਤ ਹੋਏ। 2011 ਵਿੱਚ 21 ਹਾਈ ਕੋਰਟਾਂ ਵਿੱਚ ਕੁੱਲ 850 ਜੱਜ ਸਨ, ਪਰ 14 ਵਿੱਚ ਇਕ ਵੀ ਐੱਸ ਸੀ ਤੇ ਐੱਸ ਟੀ ਜੱਜ ਨਹੀਂ ਸੀ। ਸੁਪ੍ਰੀਮ ਕੋਰਟ ਦੇ ਕੁੱਲ 31 ਵਿੱਚੋਂ ਇੱਕ ਵੀ ਐੱਸ ਸੀ ਤੇ ਐੱਸ ਟੀ ਵਿੱਚੋਂ ਨਹੀਂ ਸੀ। ਇਨ੍ਹਾਂ ਵਰਗਾਂ ਨੂੰ ਅਦਾਲਤਾਂ ਵਿੱਚ ਬਣਦੀ ਨੁਮਾਇੰਦਗੀ ਨਾ ਮਿਲਣ ਦਾ ਹੀ ਨਤੀਜਾ ਹੈ ਕਿ ਰਾਖਵੇਂ ਕਰਨ ਵਾਲੇ ਹੋਰ ਹਾਸ਼ੀਏ ’ਤੇ ਧੱਕੇ ਜਾ ਰਹੇ ਹਨ। ਜਦੋਂ ਤੱਕ ਸਾਰੇ ਸਮਾਜੀ ਭਾਈਚਾਰਿਆਂ ਵਿੱਚੋਂ ਉਨ੍ਹਾਂ ਦੀ ਆਬਾਦੀ ਦੇ ਹਿਸਾਬ ਨਾਲ ਨਿਯੁਕਤੀਆਂ ਨਹੀਂ ਹੋਣਗੀਆਂ ਜਾਂ ਅਨੁਪਾਤ ’ਚ ਘੱਟ ਹੋਣਗੀਆਂ, ਉਸੇ ਅਨੁਪਾਤ ’ਚ ਉਨ੍ਹਾਂ ਨਾਲ ਵਿਤਕਰਾ ਤੇ ਅਨਿਆਂ ਹੁੰਦਾ ਰਹੇਗਾ। ਸਮਾਜੀ ਅਨਿਆਂ ਤੇ ਨਿਆਂ ਦਾ ਇਹੀ ਸਮਾਜ ਸ਼ਾਸਤਰ ਹੈ। ਇਹ ਗੱਲ ਦੇਸ਼ ਦੇ ਕੁੱਲ ਸਾਧਨਾਂ ’ਤੇ ਕਬਜ਼ਾ ਬਣਾਈ ਰੱਖਣ, ਅਹੁਦੇ ਹਥਿਆਉਣ, ਅਪਰਾਧੀਆਂ ਨੂੰ ਬਚਾਉਣ ਤੇ ਆਰਥਕ ਨਾਬਰਾਬਰੀ ਵਧਣ ਆਦਿ ਵਿਚ ਸਪੱਸ਼ਟ ਦਿਖਾਈ ਦਿੰਦੀ ਹੈ।

# ਵਿਸ਼ਵ ਗੱਤਕਾ ਫੈਡਰੇਸ਼ਨ ਦਾ ਟੀਚਾ ਗੱਤਕੇ ਨੂੰ ਉਲੰਪਿਕ ਖੇਡਾਂ ਵਿੱਚ ਸ਼ਾਮਲ ਕਰਵਾਉਣਾ : ਹਰਜੀਤ ਗਰੇਵਾਲ

## ਗੱਤਕੇ ਦੀ ਪ੍ਰਫੁੱਲਤਾ ਲਈ ਹਰਜੀਤ ਗਰੇਵਾਲ ਤੇ ਦੀਪ ਸਿੰਘ ਦਾ ਅਮਰੀਕਾ ’ਚ ਸਨਮਾਨ

ਸੈਕਰਾਮੈਂਟੋ, ਕੈਲੀਫੋਰਨੀਆ/ਹੁਸਨ ਲੜੋਆ ਬੰਗਾ: ਵਿਸ਼ਵ ਗੱਤਕਾ ਫੈਡਰੇਸ਼ਨ ਅਤੇ ਨੈਸ਼ਨਲ ਗੱਤਕਾ ਐਸੋਸੀਏਸ਼ਨ ਆਫ਼ ਇੰਡੀਆ ਵੱਲੋਂ ਗੱਤਕੇ ਨੂੰ ਭਾਰਤ ਦੀਆਂ ਵੱਕਾਰੀ ਨੈਸ਼ਨਲ ਖੇਡਾਂ ਵਿੱਚ ਸ਼ਾਮਿਲ ਕਰਾਉਣ ਪਿੱਛੋਂ ਹੁਣ ਅਗਲਾ ਟੀਚਾ ਪੜਾਅਵਾਰ ਏਸ਼ੀਆਈ ਖੇਡਾਂ, ਕਾਮਨਵੈਲਥ ਖੇਡਾਂ ਤੇ ਉਲੰਪਿਕ ਖੇਡਾਂ ਵਿੱਚ ਸ਼ਾਮਲ ਕਰਵਾਉਣਾ ਹੈ। ਇਸ ਤੋਂ ਇਲਾਵਾ ਗੱਤਕਾ ਆਫੀਸ਼ੀਅਲਾਂ ਨੂੰ ਢੁੱਕਵੀਂ ਸਿਖਲਾਈ ਦੇਣ ਤੇ ਵਿਗਿਆਨਿਕ ਖੋਜਾਂ ਲਈ ਉਨ੍ਹਾਂ ਵੱਲੋਂ ਕੌਮਾਂਤਰੀ ਪੱਧਰ ਦੀ ਇੱਕ ਬਿਹਤਰੀਨ ਗੱਤਕਾ ਟ੍ਰੇਨਿੰਗ ਤੇ ਰਿਸਰਚ ਅਕੈਡਮੀ ਸਥਾਪਿਤ ਕਰਨ ਦੀ ਯੋਜਨਾ ਵੀ ਹੈ। ਗੱਤਕਾ ਖੇਡ ਦੀ ਪ੍ਰਫੁੱਲਤਾ ਲਈ ਆਪਣੇ ਵਿਸ਼ਵ ਦੌਰੇ ਦੌਰਾਨ ਅਮਰੀਕਾ ਪੁੱਜੇ ਵਿਸ਼ਵ ਗੱਤਕਾ ਫੈਡਰੇਸ਼ਨ ਦੇ ਪ੍ਰਧਾਨ ਸ. ਹਰਜੀਤ ਸਿੰਘ ਗਰੇਵਾਲ ਨੇ ਇਹ ਐਲਾਨ ਗੁਰਦੁਆਰਾ ਸਾਹਿਬ ਸ਼ਹੀਦ ਅਕਾਲੀ ਬਾਬਾ ਫੂਲਾ ਸਿੰਘ ਜੀ, ਪਲੇਨਫੀਲਡ, ਇੰਡਿਆਨਾ ਵਿਖੇ ਇੱਕ ਮੀਟਿੰਗ ਦੌਰਾਨ ਕੀਤਾ ਜਿਸ ਵਿੱਚ ਹੋਰਨਾਂ ਤੋਂ ਇਲਾਵਾ ਵਿਸ਼ਵ ਗੱਤਕਾ ਫੈਡਰੇਸ਼ਨ ਦੇ ਜਨਰਲ ਸਕੱਤਰ



ਡਾ. ਦੀਪ ਸਿੰਘ ਅਤੇ ਭਾਈ ਮੁਖਤਿਆਰ ਸਿੰਘ ਮੁਖੀ ਟੋਡਰਵਾਲ, ਬਾਬਾ ਮਨਮੋਹਨ

ਸਿੰਘ ਬਾਰਨ, ਪਟਿਆਲਾ, ਸ. ਅਮਰਦੀਪ ਸਿੰਘ, ਚੇਅਰਮੈਨ ਗੁਰਦੁਆਰਾ ਸ਼੍ਰੀ ਹਰਗੋਬਿੰਦ ਸਾਹਿਬ, ਗ੍ਰੀਨਵੁੱਡ, ਇੰਡੀਆਨਾ, ਯੂਐਸਏ ਅਤੇ ਸ. ਸਿਮਰਨਜੀਤ ਸਿੰਘ ਵੀ ਹਾਜਰ ਸਨ। ਇਸ ਮੌਕੇ ਉਕਤ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਹਰਜੀਤ ਸਿੰਘ ਗਰੇਵਾਲ ਅਤੇ ਡਾ. ਦੀਪ ਸਿੰਘ ਨੂੰ ਗੱਤਕੇ ਨੂੰ ਕੌਮੀ ਪੱਧਰ ਉੱਤੇ ਮਾਨਤਾ ਦਿਵਾਉਣ ਅਤੇ ਅਣਥੱਕ ਸੇਵਾਵਾਂ ਨਿਭਾਉਣ ਬਦਲੇ ਸਨਮਾਨਿਤ ਵੀ ਕੀਤਾ ਗਿਆ। ਗੱਲਬਾਤ ਦੌਰਾਨ ਉਨ੍ਹਾਂ ਦੱਸਿਆ ਕਿ ਮਈ ਮਹੀਨੇ ਨੈਸ਼ਨਲ ਗੱਤਕਾ ਐਸੋਸੀਏਸ਼ਨ ਦੇ ਉੱਦਮ ਸਦਕਾ ਭਾਰਤੀ ਉਲੰਪਿਕ ਐਸੋਸੀਏਸ਼ਨ ਵੱਲੋਂ ਗੱਤਕੇ ਨੂੰ ਬਤੌਰ ਖੇਡ ਵਜੋਂ ਮਾਨਤਾ ਦਿੰਦਿਆਂ 37ਵੀਆਂ ਨੈਸ਼ਨਲ ਖੇਡਾਂ ਵਿੱਚ ਸ਼ਾਮਿਲ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਉਨ੍ਹਾਂ ਵੱਲੋਂ ਗੱਤਕਾ ਖੇਡ ਨੂੰ ਖੇਲੋ ਇੰਡੀਆ ਯੁਵਾ ਖੇਡਾਂ, ਆਲ ਇੰਡੀਆ ਅੰਤਰ ਯੂਨੀਵਰਸਿਟੀ ਖੇਡਾਂ ਅਤੇ ਰਾਸ਼ਟਰੀ ਸਕੂਲ ਖੇਡਾਂ ਵਿੱਚ ਵੀ ਸ਼ਾਮਿਲ ਕਰਵਾਇਆ ਜਾ ਚੁੱਕਾ ਹੈ। ਗੱਤਕਾ ਪ੍ਰਮੋਟਰ ਸ. ਗਰੇਵਾਲ, ਜੋ ਕਿ ਨੈਸ਼ਨਲ ਗੱਤਕਾ ਐਸੋਸੀਏਸ਼ਨ ਦੇ ਪ੍ਰਧਾਨ ਵੀ ਹਨ, ਨੇ ਦੱਸਿਆ ਕਿ ਗੱਤਕੇ ਨੂੰ ਪੰਜਾਬ ਸਪੋਰਟਸ ਗ੍ਰੇਡੇਸ਼ਨ ਸੂਚੀ ਵਿੱਚ ਸ਼ਾਮਿਲ ਕਰਾਉਣ ਸਦਕਾ ਗੱਤਕਾ ਖਿਡਾਰੀ ਵੀ ਸਰਕਾਰੀ ਨੌਕਰੀਆਂ ਵਿੱਚ ਭਰਤੀ ਹੋਣ ਸਮੇਂ ਅਤੇ ਵਿੱਦਿਅਕ ਅਦਾਰਿਆਂ ਵਿੱਚ ਦਾਖਲੇ ਵੇਲੇ 3 ਫ਼ੀਸਦ ਖੇਡ ਕੋਟੇ ਦੇ ਤਹਿਤ ਲਾਭ ਲੈਣ ਦੇ ਯੋਗ ਹੋਏ ਹਨ। ਇਸ ਤੋਂ ਇਲਾਵਾ ਛੋਟੇ ਬੱਚਿਆਂ ਦੀ ਜਾਣਕਾਰੀ ਹਿੱਤ ਸਕੂਲੀ ਸਿਲੇਬਸ ਦੀ ਪੰਜਵੀਂ ਤੇ ਦਸਵੀਂ ਜਮਾਤ ਦੀ ਪਾਠ ਪੁਸਤਕ ਵਿੱਚ ਗੱਤਕੇ ਬਾਰੇ ਇੱਕ ਪਾਠ (ਲੈਸਨ) ਸ਼ਾਮਲ ਕਰਵਾਇਆ ਹੈ। ਉਨ੍ਹਾਂ ਦੱਸਿਆ ਕਿ ਇਸ ਦੌਰੇ ਦੌਰਾਨ ਵੱਖ-ਵੱਖ ਮੁਲਕਾਂ ਅਤੇ ਸਟੇਟਾਂ ਵਿੱਚ ਗੱਤਕਾ ਅਖਾੜਿਆਂ ਅਤੇ ਗੁਰੂ ਘਰਾਂ ਦੇ ਪ੍ਰਬੰਧਕਾਂ ਨਾਲ ਮੀਟਿੰਗਾਂ ਦਾ ਸਿਲਸਿਲਾ ਜਾਰੀ ਹੈ ਤਾਂ ਜੋ ਗੱਤਕੇ ਦਾ ਕੌਮਾਂਤਰੀ ਪੱਧਰ ਉੱਤੇ ਢੁੱਕਵਾਂ ਪ੍ਰਚਾਰ ਅਤੇ ਪਸਾਰ ਕਰਦੇ ਹੋਏ ਵੱਧ ਤੋਂ ਵੱਧ ਜਾਗਰੂਕਤਾ ਫੈਲਾਈ ਜਾ ਸਕੇ ਅਤੇ ਗੱਤਕਾ ਖੇਡ ਨੂੰ ਕੌਮਾਂਤਰੀ ਪੱਧਰ ਦੀਆਂ ਖੇਡਾਂ ਵਿੱਚ ਸ਼ਾਮਿਲ ਕਰਵਾਇਆ ਜਾ ਸਕੇ। ਇਸ ਮੌਕੇ ਗੱਲਬਾਤ ਕਰਦਿਆਂ ਵਿਸ਼ਵ ਗੱਤਕਾ ਫੈਡਰੇਸ਼ਨ ਦੇ ਜਨਰਲ ਸਕੱਤਰ ਡਾ. ਦੀਪ ਸਿੰਘ ਨੇ ਖੁਲਾਸਾ ਕੀਤਾ ਕਿ ਗੱਤਕਾ ਫੈਡਰੇਸ਼ਨ ਯੂਐਸਏ ਵੱਲੋਂ ਅਮਰੀਕਾ ਦੇ ਸਾਰੇ ਰਾਜਾਂ ਵਿੱਚ ਰਾਜ ਪੱਧਰੀ ਗੱਤਕਾ ਐਸੋਸੀਏਸ਼ਨਾਂ ਦਾ ਗਠਨ ਕੀਤਾ ਜਾਵੇਗਾ। ਇਸ ਤੋਂ ਇਲਾਵਾ ਵੱਖ-ਵੱਖ ਅਮਰੀਕਾ ਦੇ ਗੁਰਦੁਆਰਿਆਂ ਦੀਆਂ ਪ੍ਰਬੰਧਨ ਕਮੇਟੀਆਂ ਨਾਲ ਜੁੜ ਕੇ ਨਵੇਂ ਉੱਥੇ ਨਵੇਂ ਗੱਤਕਾ ਸਿਖਲਾਈ ਕੇਂਦਰ/ਅਖਾੜੇ ਸ਼ੁਰੂ ਕੀਤੇ ਜਾਣਗੇ।

## ਗਾਇਕ ਸੁਰਿੰਦਰ ਛਿੰਦਾ ਦਾ ਦੇਹਾਂਤ



ਲੁਧਿਆਣਾ/ ਏ.ਟੀ.ਨਿਊਜ਼: ਸ਼੍ਰੋਮਣੀ ਗਾਇਕ ਸੁਰਿੰਦਰ ਛਿੰਦਾ ਦਾ ਅੱਜ (ਬੁੱਧਵਾਰ, 26 ਜੂਨ) ਸਵੇਰੇ ਕਰੀਬ 6.30 ਵਜੇ ਲੁਧਿਆਣਾ ਦੇ ਡੀਐੱਮਸੀ ਵਿੱਚ ਦੇਹਾਂਤ ਹੋ ਗਿਆ। ਇਹ ਜਾਣਕਾਰੀ ਉਨ੍ਹਾਂ ਦੇ ਸਪੁੱਤਰ ਮਨਿੰਦਰ ਛਿੰਦਾ ਨੇ ਸਾਂਝੀ ਕੀਤੀ ਹੈ। ਜ਼ਿਕਰਯੋਗ ਹੈ ਕਿ ਸਵਰਗੀ ਛਿੰਦਾ ਪਿਛਲੇ ਕਈ ਦਿਨਾਂ ਤੋਂ ਜ਼ੇਰੇ ਇਲਾਜ ਸਨ। ਪਹਿਲਾਂ ਉਨ੍ਹਾਂ ਨੂੰ ਦੀਪ ਹਸਪਤਾਲ ਲੁਧਿਆਣਾ ਵਿਖੇ ਦਾਖਲ ਕਰਵਾਇਆ ਗਿਆ ਸੀ ਜਦ ਕਿ ਕੁਝ ਦਿਨ ਪਹਿਲਾਂ ਉਨ੍ਹਾਂ ਨੂੰ ਡੀਐੱਮਸੀ ਦਾਖਲ ਕਰਵਾਇਆ ਗਿਆ ਸੀ। ਦੱਸਣਯੋਗ ਹੈ ਕਿ ਮਸ਼ਹੂਰ ਗਾਇਕ ਸੁਰਿੰਦਰ ਪਾਲ ਧੰਮੀ, ਜਿਨ੍ਹਾਂ ਨੂੰ ਅਸੀਂ ਸੁਰਿੰਦਰ ਛਿੰਦਾ ਵਜੋਂ ਜਾਣਦੇ ਹਾਂ, ਉਨ੍ਹਾਂ ਦਾ ਜਨਮ 20 ਮਈ, 1953 ਨੂੰ ਪਿੰਡ ਚੋਟੀ ਈਯਾਲੀ, ਜ਼ਿਲ੍ਹਾ ਲੁਧਿਆਣਾ, ਪੰਜਾਬ ’ਚ ਹੋਇਆ ਸੀ। ਸੁਰਿੰਦਰ ਛਿੰਦਾ ਦਾ ਜਨਮ ਇੱਕ ਰਾਮਗੜ੍ਹੀਆ ਪਰਿਵਾਰ ’ਚ ਹੋਇਆ ਸੀ। (ਬਾਕੀ ਸਫ਼ਾ 29 ’ਤੇ)

Allstate You're in good hands.
ALL STATE INSURANCE
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
• ਇੰਡੀਅਨ ਪਾਸਪੋਰਟ
• ਇੰਡੀਅਨ ਵੀਜ਼ਾ, OCI
• ਮੁਖਤਿਆਰਨਾਮਾ
• ਇਮੀਗਰੇਸ਼ਨ ਸਰਵਿਸਜ਼
• ਸਿਟੀਜਨ, ਗਰੀਨ ਕਾਰਡ
• ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

# ਸ਼੍ਰੋਮਣੀ ਕਮੇਟੀ ਦੇ ਵੈੱਬ ਚੈਨਲ ਨੂੰ ਸੰਗਤ ਵੱਲੋਂ ਭਰਵਾਂ ਹੁੰਗਾਰਾ

ਅੰਮ੍ਰਿਤਸਰ/ਏ.ਟੀ.ਨਿਊਜ਼ : ਸ੍ਰੀ ਹਰਿਮੰਦਰ ਸਾਹਿਬ ਵਿੱਚ ਹੁੰਦੇ ਗੁਰਬਾਣੀ ਕੀਰਤਨ ਦੇ ਸਿੱਧੇ ਪ੍ਰਸਾਰਨ ਲਈ ਸ਼੍ਰੋਮਣੀ ਕਮੇਟੀ ਵੱਲੋਂ ਸ਼ੁਰੂ ਕੀਤੇ ਗਏ ਆਪਣੇ ਵੈੱਬ ਚੈਨਲ 'ਐੱਸਜੀਪੀਸੀ ਸ੍ਰੀ ਅੰਮ੍ਰਿਤਸਰ' ਨੂੰ ਸੰਗਤ ਵੱਲੋਂ ਭਰਵਾਂ ਹੁੰਗਾਰਾ ਮਿਲਿਆ ਹੈ ਅਤੇ ਪਹਿਲੇ ਦਿਨ ਹੀ ਯੂਟਿਊਬ ਰਾਹੀਂ ਗੁਰਬਾਣੀ ਦੇ ਪ੍ਰਸਾਰਨ ਨੂੰ ਦੇਖਣ ਵਾਲਿਆਂ ਦੀ ਗਿਣਤੀ 70 ਹਜ਼ਾਰ ਤੋਂ ਵੱਧ ਹੋ ਗਈ ਹੈ। ਸ੍ਰੀ ਹਰਿਮੰਦਰ ਸਾਹਿਬ ਵਿੱਚ ਹੁੰਦੇ ਗੁਰਬਾਣੀ ਕੀਰਤਨ ਦਾ ਸਿੱਧਾ ਪ੍ਰਸਾਰਨ ਤੜਕੇ ਸਾਢੇ ਤਿੰਨ ਵਜੇ ਤੋਂ 8:30 ਵਜੇ ਤੱਕ, ਦੁਪਹਿਰ ਸਾਢੇ 12 ਵਜੇ ਤੋਂ ਢਾਈ ਵੱਜੇ ਤੱਕ ਅਤੇ ਰਾਤ ਸਾਢੇ ਛੇ ਵਜੇ ਤੋਂ 8:30 ਵਜੇ ਤੱਕ ਕੀਤਾ ਗਿਆ। ਮਿਲੇ ਵੇਰਵਿਆਂ ਮੁਤਾਬਕ ਸਵੇਰ ਵੇਲੇ ਸਿੱਧਾ ਪ੍ਰਸਾਰਣ ਦੇਖਣ ਵਾਲਿਆਂ ਦੀ ਗਿਣਤੀ ਲਗਭਗ 14000 ਸੀ ਅਤੇ ਸ਼ਾਮ ਵੇਲੇ ਇਹ ਗਿਣਤੀ ਵੱਧ ਕੇ 17000 ਹੋ ਗਈ। ਵੈੱਬ ਚੈਨਲ ਦੇ ਸਬਸਕ੍ਰਾਈਬਰਾਂ ਦੀ ਗਿਣਤੀ ਸ਼ਾਮ ਤੱਕ ਵੱਧ ਕੇ 71000 ਹੋ ਗਈ ਸੀ। ਇਸੇ ਤਰ੍ਹਾਂ ਫੇਸਬੁੱਕ ਪੇਜ 'ਤੇ ਜੁੜੇ ਲੋਕਾਂ ਦੀ ਗਿਣਤੀ 4 ਲੱਖ ਦੇ ਨੇੜੇ ਪੁੱਜ ਗਈ ਹੈ। ਇਸ ਪੇਜ ਨਾਲ ਪਹਿਲਾਂ ਹੀ 3 ਲੱਖ ਲੋਕ ਜੁੜੇ ਹੋਏ ਸਨ। ਲੋਕਾਂ ਨੇ ਆਪਣੇ ਪ੍ਰਤੀਕਰਮ ਦਿੰਦਿਆਂ ਚੈਨਲ ਅਤੇ ਇਸ ਦੀ ਕਾਰਗੁਜ਼ਾਰੀ ਨੂੰ ਪਸੰਦ ਕੀਤਾ ਹੈ। ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਗੁਰਚਰਨ ਸਿੰਘ ਗਰੇਵਾਲ ਨੇ ਦੱਸਿਆ ਕਿ



ਵੈੱਬ ਚੈਨਲ ਨੂੰ ਭਰਵਾਂ ਹੁੰਗਾਰਾ ਮਿਲਿਆ ਹੈ। ਉਨ੍ਹਾਂ ਉਮੀਦ ਪ੍ਰਗਟਾਈ ਕਿ ਜਲਦੀ ਹੀ ਸਬਸਕਰਾਈਬਰਾਂ ਦੀ ਗਿਣਤੀ ਲੱਖਾਂ ਵਿੱਚ ਹੋਵੇਗੀ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਜਲਦੀ ਹੀ ਆਪਣਾ ਸੈਟੇਲਾਈਟ ਚੈਨਲ ਵੀ ਸ਼ੁਰੂ ਕਰੇਗੀ ਅਤੇ ਇਸ ਸਬੰਧੀ ਪ੍ਰਕਿਰਿਆ ਸ਼ੁਰੂ ਕੀਤੀ ਹੋਈ ਹੈ।

**ਪੰਜ ਚੈਨਲਾਂ ਵੱਲੋਂ ਚੋਰੀਓਂ ਗੁਰਬਾਣੀ ਦੇ ਸਿੱਧੇ ਪ੍ਰਸਾਰਨ ਦਾ ਯਤਨ**

ਸ਼੍ਰੋਮਣੀ ਕਮੇਟੀ ਦੇ ਤਕਨੀਕੀ ਮਾਹਿਰਾਂ ਕੋਲੋਂ ਮਿਲੀ ਜਾਣਕਾਰੀ ਦੇ ਮੁਤਾਬਕ ਸ਼੍ਰੋਮਣੀ ਕਮੇਟੀ ਦੇ ਵੈੱਬ ਚੈਨਲ ਰਾਹੀਂ ਗੁਰਬਾਣੀ ਦੇ ਸਿੱਧੇ ਪ੍ਰਸਾਰਨ ਨੂੰ 5 ਚੈਨਲਾਂ ਵੱਲੋਂ ਚੋਰੀ ਕਰਕੇ ਆਪਣੇ ਚੈਨਲਾਂ ਤੋਂ ਦਿਖਾਉਣ ਦਾ ਯਤਨ ਕੀਤਾ ਗਿਆ ਹੈ ਅਤੇ ਇਨ੍ਹਾਂ ਦੀ ਸ਼ਨਾਖਤ ਕਰ ਲਈ ਗਈ ਹੈ ਤੇ ਇਸ ਸਬੰਧੀ ਯੂਟੀਊਬ ਮੰਚ 'ਤੇ ਉਨ੍ਹਾਂ ਖ਼ਿਲਾਫ਼ ਕਾਰਵਾਈ ਵੀ ਕੀਤੀ ਗਈ ਹੈ। ਇਸ ਮਗਰੋਂ ਚਾਰ ਚੈਨਲ ਤੋਂ ਉਨ੍ਹਾਂ ਦੀ ਇਹ ਪੇਸ਼ਕਾਰੀ ਹਟਾ ਦਿੱਤੀ ਗਈ ਹੈ।

**ਗੁਰਬਾਣੀ ਕੀਰਤਨ ਦਾ ਸੈਟੇਲਾਈਟ ਚੈਨਲ 'ਤੇ ਪ੍ਰਸਾਰਣ ਵੀ ਜਾਰੀ**

ਸ੍ਰੀ ਹਰਿਮੰਦਰ ਸਾਹਿਬ ਵਿੱਚ ਹੁੰਦੇ ਗੁਰਬਾਣੀ ਦੇ ਕੀਰਤਨ ਦਾ ਸੈਟੇਲਾਈਟ ਚੈਨਲ 'ਤੇ ਪ੍ਰਸਾਰਣ ਵੀ ਜਾਰੀ ਰਿਹਾ ਹੈ। ਇੱਥੇ ਦੱਸਣਯੋਗ ਹੈ ਕਿ ਸ਼੍ਰੋਮਣੀ ਕਮੇਟੀ ਅਤੇ ਪੀਟੀਸੀ ਵਿਚਾਲੇ ਸਿੱਧੇ ਪ੍ਰਸਾਰਨ ਨੂੰ ਦਿਖਾਉਣ ਦਾ ਸਮਝੌਤਾ 23 ਜੁਲਾਈ ਤੱਕ ਸੀ ਪਰ ਸ਼੍ਰੋਮਣੀ ਕਮੇਟੀ ਵੱਲੋਂ ਕੀਤੀ ਗਈ ਅਪੀਲ 'ਤੇ ਇਸ ਨਿੱਜੀ ਚੈਨਲ ਨੇ ਫਿਲਹਾਲ ਸਿੱਧਾ ਪ੍ਰਸਾਰਨ ਜਾਰੀ ਰੱਖਿਆ ਹੈ।

## ਇੱਕ ਹੀ ਚੈਨਲ ਤੇ ਕਿਉਂ ਮਿਹਰਬਾਨ ਹੈ ਸ਼੍ਰੋਮਣੀ ਕਮੇਟੀ : ਭਗਵੰਤ ਮਾਨ

ਚੰਡੀਗੜ੍ਹ/ਏ.ਟੀ.ਨਿਊਜ਼: ਮੁੱਖ ਮੰਤਰੀ ਭਗਵੰਤ ਮਾਨ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉਤੇ ਸਵਾਲ ਚੁੱਕੇ ਹਨ। ਇਸ ਮੌਕੇ ਭਗਵੰਤ ਮਾਨ ਨੇ ਬਿਨਾਂ ਕਿਸੇ ਦਾ ਨਾਂ ਲਏ ਕਿਹਾ ਹੈ ਕਿ ਸ਼੍ਰੋਮਣੀ ਕਮੇਟੀ ਸਿਰਫ਼ ਇੱਕ ਚੈਨਲ ਨੂੰ ਲੈ ਕੇ ਹੀ ਕਿਉਂ ਬੇਨਤੀ ਕਰ ਰਹੀ ਹੈ। ਇੱਕ ਹੀ ਪਰਿਵਾਰ ਦੇ ਚੈਨਲ ਨੂੰ ਕਿਉਂ ਅਧਿਕਾਰ ਦਿੱਤੇ ਜਾ ਰਹੇ ਹਨ। ਮਾਨ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਨੂੰ ਨਵੀਂ ਤਕਨਾਲੋਜੀ ਦਾ ਨਹੀਂ ਪਤਾ ਹੈ।

ਸੀਐਮ ਮਾਨ ਨੇ ਕਿਹਾ ਕਿ ਬਹੁਤ ਵਧੀਆ ਤਰੀਕੇ ਨਾਲ ਪਲਾਨਿੰਗ ਕੀਤੀ ਗਈ ਹੈ। ਉਨ੍ਹਾਂ ਅੱਗੇ ਕਿਹਾ ਕਿ ਜਥੇਦਾਰ ਸਾਹਿਬ ਨੇ ਕਿਹਾ ਹੈ ਕਿ ਸੈਟੇਲਾਈਟ ਚੈਨਲ 'ਤੇ ਵੀ ਪ੍ਰਸਾਰਣ ਹੋਵੇ। ਜਥੇਦਾਰ ਸਾਹਿਬ ਨੇ ਕਿਸੇ ਚੈਨਲ ਦਾ ਨਾਮ ਨਹੀਂ ਲਿਆ ਹੈ। ਫਿਰ ਸਿਰਫ਼ ਪੀਟੀਸੀ ਨੂੰ ਕਿਉਂ ਪ੍ਰਸਾਰਣ ਲਈ ਕਿਹਾ ਹੈ ਅਤੇ ਮਿੰਨਤਾ ਕਰਕੇ ਪ੍ਰਸਾਰਣ ਕਰਨ ਨੂੰ ਕਹਿ ਰਹੇ ਹਨ।

ਜ਼ਿਕਰਯੋਗ ਹੈ ਕਿ ਬੀਤੇ ਦਿਨ ਸ਼੍ਰੋਮਣੀ



ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੋਂ ਗੁਰਬਾਣੀ ਪ੍ਰਸਾਰਣ ਸਬੰਧੀ ਸਿੱਖ ਸੰਗਤ ਦੀਆਂ ਭਾਵਨਾਵਾਂ ਦੇ ਮੱਦੇਨਜ਼ਰ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਵੱਲੋਂ ਕੀਤੇ ਗਏ ਆਦੇਸ਼ ਅਨੁਸਾਰ ਆਪਣਾ ਯੂਟਿਊਬ ਚੈਨਲ ਸ਼ੁਰੂ ਕਰਨ ਦੇ ਨਾਲ-ਨਾਲ ਆਪਣਾ ਸੈਟੇਲਾਈਟ ਚੈਨਲ ਸਥਾਪਤ ਹੋਣ ਤੱਕ ਪੀਟੀਸੀ ਚੈਨਲ ਦੇ ਪ੍ਰਬੰਧਕਾਂ ਨੂੰ ਗੁਰਬਾਣੀ ਪ੍ਰਸਾਰਣ ਜਾਰੀ ਰੱਖਣ ਦੀ ਅਪੀਲ ਕੀਤੀ ਸੀ।

# ਰਿਆਸਤਾਂ ਵਿੱਚ ਸਿੱਖ ਬੀਬੀਆਂ ਦਾ ਰਾਜ

ਅਵਤਾਰ ਸਿੰਘ ਗਿੱਲ
ਸੇਵਾਮੁਕਤ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ, ਚੰਡੀਗੜ੍ਹ।
ਮੋਬਾ: 98783-36677 (ਚੰਡੀਗੜ੍ਹ)।
905-913-0874 (ਕੈਨੇਡਾ)

ਸਿੱਖ ਮਿਸਲਾਂ ਦੇ ਸਮੇਂ ਸਰਦਾਰ ਆਮ ਕਰਕੇ ਜੰਗਾਂ ਦੇ ਮੈਦਾਨ ਵਿੱਚ ਹੀ ਸਮਾਂ ਬਤੀਤਦੇ ਸਨ। ਉਨ੍ਹਾਂ ਦੀ ਗ਼ੈਰ-ਹਾਜ਼ਰੀ ਵਿੱਚ ਉਨ੍ਹਾਂ ਦੀਆਂ ਪਤਨੀਆਂ ਪੂਰੀ ਕਾਮਯਾਬੀ ਨਾਲ ਆਪਣੀਆਂ ਛੋਟੀਆਂ-ਛੋਟੀਆਂ ਰਿਆਸਤਾਂ ਦਾ ਪ੍ਰਬੰਧ ਚਲਾਉਂਦੀਆਂ ਸਨ। ਉਨ੍ਹਾਂ ਕੁਝ ਮਸ਼ਹੂਰ ਰਿਆਸਤਾਂ ਅਤੇ ਸਰਦਾਰਨੀਆਂ ਦੇ ਨਾਂਅ ਇਸ ਪ੍ਰਕਾਰ ਹਨ-

1. ਅੰਬਾਲਾ : ਰਾਣੀ ਦਿਆ ਕੌਰ ਪਤਨੀ ਸਵਰਗੀ ਸ: ਗੁਰਬਖਸ਼ ਸਿੰਘ। 2. ਬੜ੍ਹਾ ਗਾਓਂ (ਨੇੜੇ ਸ਼ਹਿਜ਼ਾਦਪੁਰ) : ਮਾਤਾ ਦੇਸਾਂ ਪਤਨੀ ਸ਼ਹੀਦ ਸਵ: ਸ: ਧਰਮ ਸਿੰਘ। 3. ਬਰਵਾਲਾ : ਮਾਈ ਲਾਲਾਂ। 4. ਭੜੋਗ (ਨੇੜੇ ਅੰਬਾਲਾ ਛਾਉਣੀ) : ਮਾਈ ਸਦਾ ਕੌਰ ਪਤਨੀ ਸਵ: ਸ: ਜਵਾਹਰ ਸਿੰਘ। 5. ਬਿਲਾਸਪੁਰ (ਜ਼ਿਲ੍ਹਾ ਅੰਬਾਲਾ) : ਮਾਈ ਦਯਾ ਕੌਰ। 6. ਬੂਰੀਆ : ਮਾਈ ਨੰਦ ਕੌਰ ਪਤਨੀ ਸਵਰਗੀ ਸ: ਜੈਮਲ ਸਿੰਘ। 7. ਚਲੌਂਦੀ : ਮਾਈ ਰਾਮ ਕੌਰ ਪਤਨੀ ਸਵ: ਸ: ਬਘੇਲ ਸਿੰਘ। 8. ਦਿਆਲਗੜ੍ਹ : ਰਾਣੀ ਸੁੱਖਾਂ। 9. ਧਨੌਰਾ : ਮਾਈ ਰਾਜ ਕੌਰ। 10. ਧਰਮਕੋਟ : ਰਾਣੀ ਰਤਨ ਕੌਰ ਪਤਨੀ ਸਵ: ਸ: ਤਾਰਾ ਸਿੰਘ ਘੇਬਾ। 11. ਧੀਨ : ਮਾਈ ਰਤਨ ਕੌਰ ਉਰਫ ਭਾਗ ਭਰੀ ਪਤਨੀ ਸਵ: ਸ: ਮਨਸਾ ਸਿੰਘ ਸੋਢੀ। 12. ਫਿਰੋਜ਼ਪੁਰ : ਰਾਣੀ ਲਛਮਨ ਕੌਰ ਪਤਨੀ ਸਵ: ਸ: ਧੰਨਾ ਸਿੰਘ ਅਤੇ ਪੁੱਤਰੀ ਜਗਾਧਰੀ ਵਾਲੇ ਰਾਏ ਸਿੰਘ ਭੰਗੀ। 13. ਗਦੌਲੀ (ਨੇੜੇ ਸਧੌੜਾ) : ਮਾਈ ਵਸੰਤ ਕੌਰ ਪਤਨੀ ਸਵ: ਸ: ਰਾਮ ਸਿੰਘ ਕਰੋੜ ਸਿੰਘੀਆਂ। 14. ਜਗਾਧਰੀ : ਮਾਈ ਦਯਾ ਕੌਰ ਪਤਨੀ ਸਵ: ਸ: ਭਗਵਾਨ ਸਿੰਘ। 15. ਕੈਥਲ : ਰਾਣੀ ਭਾਗਾਂ ਪਤਨੀ ਸਵ: ਸ: ਦੇਸੂ ਸਿੰਘ। 16. ਕਕਰਾਲਾ : ਮਾਈ ਭਾਗ ਭਰੀ ਪਤਨੀ ਸਵ: ਸ: ਕਰਮ ਸਿੰਘ ਜੋ





ਕੈਥਲ ਦੇ ਰਾਜੇ ਭਾਈ ਲਾਲ ਸਿੰਘ ਦੀ ਚਾਚੇ ਦੀ ਧੀ ਸੀ। 17. ਕਲੌੜ : ਰਾਣੀ ਰਤਨ ਕੌਰ ਪਤਨੀ ਸਵ: ਸ: ਬਘੇਲ ਸਿੰਘ ਕਰੋੜ ਸਿੰਘੀਆਂ। 18. ਖਮਾਣੋ : ਮਾਈ ਖੇਮ ਕੌਰ ਪਤਨੀ ਸਵ: ਸ: ਦੇਸੂ ਸਿੰਘ ਕੱਕੜ। 19. ਖੰਨਾ : ਮਾਈ ਦਯਾ ਕੌਰ ਪਤਨੀ ਸ: ਹਰੀ ਸਿੰਘ, ਜੋ ਜੀਂਦ ਦੇ ਰਾਜੇ ਭਾਗ ਸਿੰਘ ਦਾ ਭਤੀਜਾ ਸੀ। 20. ਖੰਨਾ (ਕੁਝ ਹਿੱਸਾ) : ਰਾਣੀ ਰਾਏ ਪੁਰੀ ਪਤਨੀ ਸ: ਜੀਤਮਲ ਸਿੰਘ ਨਰੈਣਗੜ੍ਹੀ। 21. ਮੁਬਾਰਕਪੁਰ : ਰਾਣੀ ਰੂਪ ਕੌਰ ਪਤਨੀ ਸਵ: ਸੋਭਾ ਸਿੰਘ।

22. ਮੁਲਾਣਾ : ਮਾਈ ਰੂਪ ਕੌਰ ਪਤਨੀ ਸਵ: ਸ: ਲਾਲ ਸਿੰਘ ਅੰਬਾਲੇ ਵਾਲਾ। 23. ਨਿਹਾਲਵਾਲਾ : ਮਾਈ ਧਰਮੋ ਅਤੇ ਮਾਈ ਰਾਜਿੰਦਰ ਕੌਰ ਪਤਨੀਆਂ ਸਵ: ਸ: ਦਯਾ ਸਿੰਘ। 24. ਮੁਸਤਫਾਬਾਦ : ਮਾਈ ਗੌਰਾਂ ਪਤਨੀ ਸਵ: ਸ: ਜੋਧ ਸਿੰਘ। 25. ਨਾਭਾ : ਰਾਣੀ ਦੇਸੋ ਪਤਨੀ ਰਾਜਾ ਹਮੀਰ ਸਿੰਘ, ਜਿਸ ਨੇ ਪਤੀ ਦੇ ਧੋਖੇ ਨਾਲ ਫੜੇ ਜਾਣ 'ਤੇ ਚਾਰ ਮਹੀਨੇ ਰਾਜ ਚਲਾਇਆ। 26. ਪਟਿਆਲਾ : ਰਾਣੀ ਹੁਕਮਾਂ ਦਾਦੀ ਰਾਜਾ ਸਾਹਿਬ ਸਿੰਘ, ਜਿਸ ਨੇ ਬਹੁਤ ਚੰਗਾ ਰਾਜ ਚਲਾਇਆ। 27. ਪਟਿਆਲਾ : ਰਾਣੀ ਰਾਜਿੰਦਰ ਕੌਰ ਸ਼ਹਿਜਾਦੀ ਪਟਿਆਲਾ, ਜੋ ਫਗਵਾੜੇ ਵਿਆਹੀ ਸੀ, ਜਿਸ ਨੇ ਪਟਿਆਲਾ ਰਿਆਸਤ ਟੁੱਟਣ ਤੋਂ ਬਚਾਈ ਸੀ। 28. ਪਟਿਆਲਾ : ਰਾਣੀ ਸਾਹਿਬ ਕੌਰ ਜੋ ਫਤਹਿਗੜ੍ਹ ਵਿਆਹੀ ਸੀ ਅਤੇ ਪਟਿਆਲਾ ਰਿਆਸਤ ਦੀ ਕਾਮਯਾਬ ਪ੍ਰਧਾਨ ਮੰਤਰੀ ਰਹੀ ਸੀ। 29. ਪਿਹੋਵਾ : ਮਾਈ ਰਤਨ ਕੌਰ। 30. ਰਾਦੌੜ : ਮਾਈ ਅਨੰਦ ਕੌਰ ਪਤਨੀ ਸਵ: ਸ: ਦੁਲਚਾ ਸਿੰਘ। 31. ਰੋਪੜ : ਮਾਈ ਰਾਜ ਕੌਰ ਪੁੱਤਰੀ ਸ: ਕਰਮ ਸਿੰਘ ਨਿਰਮਲਾ ਵਾਸੀ ਸ਼ਾਹਬਾਦ ਮਾਰਕੰਡਾ ਅਤੇ ਸ: ਹਰੀ ਸਿੰਘ ਦੇ ਪੁੱਤਰ ਚੜ੍ਹਤ ਸਿੰਘ ਦੀ ਪਤਨੀ ਸੀ। 32. ਸ਼ਾਹਬਾਦ ਮਾਰਕੰਡਾ : ਮਾਈ ਮਹਾਂ ਕੌਰ ਪਤਨੀ ਸਵ: ਸ: ਕਰਮ ਸਿੰਘ ਨਿਰਮਲਾ। 33. ਸਬਕਾ (ਨੇੜੇ ਸ਼ਾਹਬਾਦ) : ਪਤਨੀ ਸਵ: ਬਖਸ਼ੀਸ਼ ਸਿੰਘ। 34. ਸਰਾਂ ਲਸ਼ਕਰੀ ਖਾਂ : ਮਾਈ ਸੋਭਰਾਈ ਪਤਨੀ ਸਵ: ਸ: ਅਨੂਪ ਸਿੰਘ। 35. ਸਿਆਲਬਾ : ਮਾਈ ਰਾਜਾਂ ਪਤਨੀ ਸਵ: ਸ: ਹਰੀ ਸਿੰਘ। 36. ਤਲਵੰਡੀ ਭਾਈ : ਮਾਈ ਦਰਯਾਈ ਪਤਨੀ ਸਵ: ਸ: ਮੋਹਰ ਸਿੰਘ ਨਿਸ਼ਾਨਵਾਲੀਆ। 37. ਥਾਨੇਸਰ : ਮਾਈ ਹੱਸਾਂ ਪਤਨੀ ਸਵ: ਸ: ਭੰਗਾ ਸਿੰਘ ਜਿਸ ਨੇ ਆਪਣੇ ਇਕਲੌਤੇ ਪੁੱਤਰ ਸ: ਫਤਹਿ ਸਿੰਘ ਦੀ ਮੌਤ ਉਪਰੰਤ 1819 ਵਿੱਚ ਰਾਜ ਸੰਭਾਲਿਆ।

# 12 ਸਾਲਾਂ 'ਚ 13.86 ਲੱਖ ਲੋਕਾਂ ਨੇ ਭਾਰਤ ਦੀ ਨਾਗਰਿਕਤਾ ਛੱਡੀ

## ਭਾਰਤੀ ਨਾਗਰਿਕਤਾ ਛੱਡਣ ਵਾਲਿਆਂ 'ਚੋਂ ਸਿਰਫ਼ 2.5% ਕਰੋੜਪਤੀ

ਨਵੀਂ ਦਿੱਲੀ/ਏ.ਟੀ.ਨਿਊਜ਼.:ਪਿਛਲੇ 12 ਸਾਲਾਂ ਵਿੱਚ 2011 ਤੋਂ 2022 ਤੱਕ 13.86 ਲੱਖ ਲੋਕਾਂ ਨੇ ਭਾਰਤ ਦੀ ਨਾਗਰਿਕਤਾ ਤਿਆਗ ਦਿੱਤੀ ਹੈ। ਇਨ੍ਹਾਂ ਵਿੱਚੋਂ 7 ਲੱਖ ਅਮਰੀਕਾ ਵਿੱਚ ਸੈਟਲ ਹੋ ਗਏ। ਖਾਸ ਗੱਲ ਇਹ ਹੈ ਕਿ ਨਾਗਰਿਕਤਾ ਛੱਡਣ ਵਾਲੇ ਭਾਰਤੀਆਂ 'ਚ ਕਰੋੜਪਤੀਆਂ ਦੀ ਗਿਣਤੀ ਸਿਰਫ਼ 2.5 ਫੀਸਦੀ ਹੈ। ਯਾਨੀ ਕਿ ਨਾਗਰਿਕਤਾ ਛੱਡਣ ਵਾਲਿਆਂ ਵਿੱਚ 97.5% ਅਜਿਹੇ ਹਨ, ਜੋ ਬਿਹਤਰ ਮੌਕਿਆਂ ਲਈ ਵਿਦੇਸ਼ ਗਏ ਹਨ।

ਹੈਨਲੇ ਪ੍ਰਾਈਵੇਟ ਵੈਲਥ ਮਾਈਗ੍ਰੇਸ਼ਨ ਰਿਪੋਰਟ 2023 ਦੇ ਅਨੁਸਾਰ, ਭਾਰਤ ਛੱਡਣ ਵਾਲੇ ਕਰੋੜਪਤੀਆਂ ਦੀ ਗਿਣਤੀ ਵਿੱਚ ਕੋਈ ਖਾਸ ਵਾਧਾ ਨਹੀਂ ਹੋਇਆ ਹੈ। ਪਰ, ਪੇਸ਼ੇਵਰਾਂ ਵਿੱਚ ਵਿਦੇਸ਼ ਜਾਣ ਲਈ ਮੁਕਾਬਲਾ ਪਹਿਲਾਂ ਨਾਲੋਂ ਲਗਭਗ ਦੁੱਗਣਾ ਹੋ ਗਿਆ ਹੈ।

ਭਾਰਤ ਦੇ ਵਿਦੇਸ਼ ਮੰਤਰਾਲੇ ਦੇ ਅੰਕੜੇ ਦਰਸਾਉਂਦੇ ਹਨ ਕਿ 2010 ਤੱਕ, ਨਾਗਰਿਕਤਾ ਤਿਆਗਣ ਦੀ ਦਰ 7% ਦੀ ਸਾਲਾਨਾ ਦਰ ਨਾਲ



ਵਧ ਰਹੀ ਸੀ। ਹੁਣ ਇਹ ਦਰ ਵਧ ਕੇ 29% ਹੋ ਗਈ ਹੈ।

ਸੰਸਦ ਵਿੱਚ ਪੇਸ਼ ਕੀਤੇ ਗਏ ਅੰਕੜਿਆਂ ਅਨੁਸਾਰ 2022 ਵਿੱਚ ਸਭ ਤੋਂ ਵੱਧ 2 ਲੱਖ 25 ਹਜ਼ਾਰ 620 ਲੋਕਾਂ ਨੇ ਭਾਰਤ ਦੀ ਨਾਗਰਿਕਤਾ ਛੱਡੀ। ਜਦੋਂ ਕਿ ਸਾਲ 2021 ਵਿੱਚ 1.63 ਲੱਖ ਲੋਕਾਂ ਨੇ ਆਪਣੀ ਨਾਗਰਿਕਤਾ ਛੱਡ ਦਿੱਤੀ ਸੀ। 2020 ਵਿੱਚ, ਸਭ ਤੋਂ ਘੱਟ 85 ਹਜ਼ਾਰ ਲੋਕ ਵਿਦੇਸ਼ ਵਿੱਚ ਵਸੇ। ਇਹ ਸੰਖਿਆ 2010 ਤੋਂ ਬਾਅਦ ਸਭ ਤੋਂ ਘੱਟ ਸੀ, ਕਿਉਂਕਿ ਉਦੋਂ ਕੋਰੋਨਾ ਦਾ ਦੌਰ ਚੱਲ ਰਿਹਾ ਸੀ।

ਭਾਰਤ ਦੋਹਰੀ ਨਾਗਰਿਕਤਾ ਦੀ ਇਜਾਜ਼ਤ ਨਹੀਂ ਦਿੰਦਾ, ਇਸ ਲਈ ਜਿਹੜੇ ਲੋਕ ਕਿਸੇ ਹੋਰ ਦੇਸ਼ ਵਿੱਚ ਵਸਣਾ ਚਾਹੁੰਦੇ ਹਨ, ਉਨ੍ਹਾਂ ਨੂੰ ਆਪਣੀ ਨਾਗਰਿਕਤਾ ਛੱਡਣੀ ਪੈਂਦੀ ਹੈ। ਪੇਸ਼ੇਵਰਾਂ ਲਈ ਅਮਰੀਕਾ ਅਤੇ ਕਾਰੋਬਾਰੀਆਂ ਲਈ ਆਸਟ੍ਰੇਲੀਆ-ਸਿੰਗਾਪੁਰ ਚੋਟੀ ਦੀਆਂ ਮੰਜ਼ਿਲਾਂ ਹਨ। ਇੱਥੇ ਨਵਾਂ ਕਾਰੋਬਾਰ ਸਥਾਪਤ ਕਰਨ ਲਈ ਨਾਗਰਿਕਤਾ ਲੈਣ ਲਈ ਸ਼ੁਰੂਆਤੀ ਸਾਲਾਂ ਵਿੱਚ ਨਾਮਾਤਰ ਟੈਕਸ ਹੈ।



# ਹੈਲੋ ! ਮੈਂ ਕੈਨੇਡਾ ਤੋਂ ਤੁਹਾਡਾ ਰਿਸ਼ਤੇਦਾਰ ਬੋਲਦਾਂ

## ਰਿਸ਼ਤੇਦਾਰ ਬਣ ਕੇ ਸਾਈਬਰ ਠੱਗੀਆਂ ਮਾਰਨ ਦਾ ਰੁਝਾਨ ਚਿੰਤਾਜਨਕ

### ਲਾਟਰੀ ਨਿਕਲਣ ਦੇ ਨਾਂਅ 'ਤੇ ਵੀ ਕਈ ਪੰਜਾਬੀਆਂ ਨਾਲ ਹੋ ਚੁੱਕੀਆਂ ਨੇ ਠੱਗੀਆਂ

ਚੰਡੀਗੜ੍ਹ/ਏ.ਟੀ.ਨਿਊਜ਼: ਸਾਈਬਰ ਠੱਗ ਆਮ ਲੋਕਾਂ ਨਾਲ ਠੱਗੀ ਮਾਰਨ ਲਈ ਕੋਈ ਨਾ ਕੋਈ ਤਰੀਕਾ ਲੱਭ ਦੇ ਰਹਿੰਦੇ ਹਨ, ਜਿਸ ਕਰਕੇ ਪੰਜਾਬ ਦੇ ਭੋਲੇ ਭਾਲੇ ਆਮ ਲੋਕ ਇਹਨਾਂ ਠੱਗਾਂ ਦੀ ਠੱਗੀ ਦਾ ਸ਼ਿਕਾਰ ਹੋ ਜਾਂਦੇ ਹਨ। ਅਕਸਰ ਲੋਕਾਂ ਨੂੰ ਫੋਨ ਕਾਲ ਆਉਂਦੀ ਹੈ, ਜਿਸ ਵਿੱਚ ਬੋਲਣ ਵਾਲਾ ਵਿਅਕਤੀ ਬਹੁਤ ਹੀ ਮਿੱਠੀ ਆਵਾਜ਼ ਵਿੱਚ ਕਹਿੰਦਾ ਹੈ ਕਿ ਮੈਂ ਕੈਨੇਡਾ ਤੋਂ ਤੁਹਾਡਾ ਰਿਸ਼ਤੇਦਾਰ ਬੋਲਦਾਂ ਹਾਂ, ਕੀ ਗਲ ਪਹਿਚਾਣਿਆਂ ਨਹੀਂ। ਫਿਰ ਇਹ ਠੱਗ ਦਾਅਵਾ ਕਰਦਾ ਹੈ ਕਿ ਉਹ ਵਿਦੇਸ਼ ਵਿੱਚ ਰਹਿੰਦਾ ਉਹਨਾਂ ਦਾ ਕੋਈ ਰਿਸ਼ਤੇਦਾਰ ਹੀ ਬੋਲਦਾ ਹੈ।

ਇੱਧਰ ਉਧਰ ਦੀ ਗੱਲਾਂ ਤੋਂ ਬਾਅਦ ਉਸ ਵਿਅਕਤੀ ਵੱਲੋਂ ਫੋਨ ਸੁਣਨ ਵਾਲੇ ਦਾ ਭਰੋਸਾ ਜਿੱਤ ਲਿਆ ਜਾਂਦਾ ਹੈ। ਇਸ ਤੋਂ ਬਾਅਦ ਇਸ ਰਿਸ਼ਤੇਦਾਰ ਵੱਲੋਂ ਕੁਝ ਪੈਸੇ ਭੇਜਣ ਲਈ ਬੈਂਕ ਖਾਤਾ ਨੰਬਰ ਮੰਗਿਆ ਜਾਂਦਾ ਹੈ ਅਤੇ ਕਿਹਾ ਜਾਂਦਾ ਹੈ ਕਿ ਬੈਂਕ ਵੱਲੋਂ ਇੱਕ ਓਟੀਪੀ ਆਵੇਗਾ ਤੇ ਇਹ ਓਟੀਪੀ ਉਸ ਨੂੰ ਦਸ ਦੇਣਾ, ਫਿਰ ਪੈਸੇ ਤੁਹਾਡੇ ਬੈਂਕ ਖਾਤੇ ਵਿੱਚ ਆ ਜਾਣਗੇ। ਇਸ ਤੋਂ ਬਾਅਦ ਜਦੋਂ ਬੈਂਕ ਵੱਲੋਂ ਓਟੀਪੀ ਆਉਂਦਾ ਹੈ ਤਾਂ ਫੋਨ ਸੁਣਨ ਵਾਲਾ ਵਿਅਕਤੀ ਕੈਨੇਡਾ ਦੇ ਇਸ ਨਕਲੀ ਰਿਸ਼ਤੇਦਾਰ ਨੂੰ ਭੇਜ ਦਿੰਦਾ ਹੈ ਤਾਂ ਬੈਂਕ ਵੱਲੋਂ ਇੱਕ ਹੋਰ ਮੈਸੇਜ ਆ ਜਾਂਦਾ ਹੈ ਕਿ ਤੁਹਾਡੇ ਖਾਤੇ ਵਿੱਚ ਜਿੰਨੇ ਰੁਪਏ ਸਨ, ਉਹ ਕੱਢ ਲਏ ਗਏ ਹਨ ਅਤੇ ਤੁਹਾਡਾ ਖਾਤਾ ਖਾਲੀ ਹੋ ਗਿਆ ਹੈ। ਇਹ ਮੈਸੇਜ ਪੜ੍ਹ ਕੇ ਫਿਰ ਲੋਕਾਂ ਨੂੰ ਪਤਾ ਚਲਦਾ ਹੈ ਕਿ ਕੈਨੇਡਾ ਦਾ ਨਕਲੀ ਰਿਸ਼ਤੇਦਾਰ ਬਣ ਕੇ ਉਸ ਨਾਲ ਠੱਗੀ ਮਾਰ ਲਈ



ਗਈ ਹੈ। ਅਜਿਹੀਆਂ ਰਲਦੀਆਂ ਮਿਲਦੀਆਂ ਕਈ ਘਟਨਾਵਾਂ ਅਕਸਰ ਮੀਡੀਆ ਵਿੱਚ ਆਉਂਦੀਆਂ ਹਨ, ਜਿਹਨਾਂ ਵਿੱਚ ਕਈ ਵਾਰ ਸਾਈਬਰ ਠੱਗਾਂ ਵੱਲੋਂ ਨਵੇਂ ਨਵੇਂ ਤਰੀਕਿਆਂ ਨਾਲ ਠੱਗੀ ਮਾਰੀ ਜਾਂਦੀ ਹੈ।

ਇਸ ਤੋਂ ਇਲਾਵਾ ਸਾਈਬਰ ਠੱਗਾਂ ਵੱਲੋਂ ਲਾਟਰੀ ਨਿਕਲਣ ਦਾ ਝਾਂਸਾ ਦੇ ਕੇ ਵੀ ਆਮ ਲੋਕਾਂ ਨਾਲ ਠੱਗੀਆਂ ਮਾਰਨ ਦਾ ਯਤਨ ਕੀਤਾ ਜਾਂਦਾ ਹੈ। ਅਜਿਹੇ ਠੱਗ ਕਿਸੇ ਵਿਅਕਤੀ ਨੂੰ ਫੋਨ ਕਰਕੇ ਦਸਦੇ ਹਨ ਕਿ ਉਸਦੀ ਪੰਜ ਜਾਂ ਦਸ ਲੱਖ ਦੀ ਲਾਟਰੀ ਨਿਕਲ ਆਈ ਹੈ, ਪਰ ਇਹ ਲਾਟਰੀ ਦੇ ਪੈਸੇ ਦੇਣ ਲਈ ਪਹਿਲਾਂ ਟੈਕਸ ਦੇਣਾ ਪਵੇਗਾ। ਫਿਰ ਟੈਕਸ ਜਾਂ ਹੋਰ ਬਹਾਨੇ ਨਾਲ ਸਾਈਬਰ ਠੱਗਾਂ ਵੱਲੋਂ ਭੋਲੇ ਭਾਲੇ ਲੋਕਾਂ ਤੋਂ ਕਈ ਹਜਾਰ ਰੁਪਏ ਆਪਣੇ ਖਾਤੇ ਵਿੱਚ ਜਮਾਂ ਕਰਵਾ ਲਏ ਜਾਂਦੇ ਹਨ, ਜਦੋਂ ਲਾਟਰੀ ਦਾ ਪੈਸਾ ਲੋਕਾਂ ਨੂੰ ਨਹੀਂ ਮਿਲਦਾ ਤਾਂ ਉਹਨਾਂ ਨੂੰ ਪਤਾ ਚਲਦਾ ਹੈ ਕਿ ਉਹਨਾਂ ਨਾਲ ਠੱਗੀ ਹੋ ਗਈ ਹੈ।

ਅਕਸਰ ਆਮ ਲੋਕ ਇਹ ਨਹੀਂ ਸੋਚਦੇ ਕਿ ਜਦੋਂ ਉਹਨਾਂ ਨੇ ਲਾਟਰੀ ਦੀ ਕੋਈ ਟਿਕਟ ਹੀ ਨਹੀਂ ਖਰੀਦੀ ਤਾਂ ਫਿਰ ਉਹਨਾਂ ਦੀ ਲਾਟਰੀ ਕਿਸ ਤਰਾਂ ਨਿਕਲ ਸਕਦੀ ਹੈ।

ਅਸਲ ਵਿੱਚ ਸਾਈਬਰ ਠੱਗਾਂ ਨੇ ਆਪਣਾ ਨੈਟਵਰਕ ਏਨਾ ਮਜਬੂਤ ਬਣਾਇਆ ਹੁੰਦਾ ਹੈ ਕਿ ਇਹਨਾਂ ਨੂੰ ਕਾਬੂ ਕਰਨਾ ਮੁਸ਼ਕਿਲ ਹੁੰਦਾ ਹੈ। ਠੱਗਾਂ ਦੇ ਜਿਸ ਖਾਤੇ ਵਿੱਚ ਇਹ ਲੋਕ ਪੈਸੇ ਜਮਾਂ ਕਰਵਾਉਂਦੇ ਹਨ ਤਾਂ ਕੁਝ ਸਮੇਂ ਬਾਅਦ ਉਹ ਖਾਤਾ ਹੀ ਬੰਦ ਹੋ ਜਾਂਦਾ ਹੈ।

## 'ਆਪ' ਵਿਧਾਇਕ ਦੀ ਫਰਜ਼ੀ ਆਈ.ਡੀ. ਬਣਾ ਕੇ ਮੰਗੇ ਪੈਸੇ




ਸਾਈਬਰ ਠੱਗ ਭੋਲੇ-ਭਾਲੇ ਲੋਕਾਂ ਨੂੰ ਠੱਗਣ ਲਈ ਨਿੱਤ ਨਵੇਂ ਹੱਥਕੰਡੇ ਅਜ਼ਮਾ ਰਹੇ ਹਨ। ਹੁਣ ਠੱਗਾਂ ਨੇ ਲੋਕਾਂ ਨਾਲ ਧੋਖਾ ਕਰਨ ਲਈ ਆਮ ਆਦਮੀ ਪਾਰਟੀ ਦੇ ਵਿਧਾਇਕ ਦੀ ਉਨ੍ਹਾਂ ਦੇ ਸੋਸ਼ਲ ਪੇਜ 'ਤੇ ਫੇਕ ਆਈ. ਡੀ. ਬਣਾ ਲਈ। ਫਿਰ ਇਸ ਜ਼ਰੀਏ ਉਸ ਨੇ ਵਿਧਾਇਕ ਦੇ ਜਾਣਕਾਰਾਂ ਤੋਂ ਪੈਸੇ ਮੰਗਣੇ ਸ਼ੁਰੂ ਕਰ ਦਿੱਤੇ। ਹਾਲਾਂਕਿ, ਵਿਧਾਇਕ ਨੂੰ ਇਸ ਬਾਰੇ ਸਮੇਂ ਸਿਰ ਪਤਾ ਲੱਗਾ ਅਤੇ ਉਨ੍ਹਾਂ ਨੇ ਆਪਣੇ ਮਾਹਿਰਾਂ ਨੂੰ ਅਜਿਹੇ ਸਾਈਬਰ ਠੱਗਾਂ ਤੋਂ ਸੁਚੇਤ ਰਹਿਣ ਦੀ ਅਪੀਲ ਕੀਤੀ।ਸਾਈਬਰ ਠੱਗ ਭੋਲੇ-ਭਾਲੇ ਲੋਕਾਂ ਨੂੰ ਠੱਗਣ ਲਈ ਨਿੱਤ ਨਵੇਂ ਹੱਥਕੰਡੇ ਅਜ਼ਮਾ ਰਹੇ ਹਨ। ਹੁਣ ਠੱਗਾਂ ਨੇ ਲੋਕਾਂ ਨਾਲ ਧੋਖਾ ਕਰਨ ਲਈ ਆਮ ਆਦਮੀ ਪਾਰਟੀ ਦੇ ਵਿਧਾਇਕ ਦੀ ਉਨ੍ਹਾਂ ਦੇ ਸੋਸ਼ਲ ਪੇਜ 'ਤੇ ਫੇਕ ਆਈ. ਡੀ. ਬਣਾ ਲਈ। ਫਿਰ ਇਸ ਜ਼ਰੀਏ ਉਸ ਨੇ ਵਿਧਾਇਕ ਦੇ ਜਾਣਕਾਰਾਂ ਤੋਂ ਪੈਸੇ ਮੰਗਣੇ ਸ਼ੁਰੂ ਕਰ ਦਿੱਤੇ। ਹਾਲਾਂਕਿ, ਵਿਧਾਇਕ ਨੂੰ ਇਸ ਬਾਰੇ ਸਮੇਂ ਸਿਰ ਪਤਾ ਲੱਗਾ ਅਤੇ ਉਨ੍ਹਾਂ ਨੇ ਆਪਣੇ ਮਾਹਿਰਾਂ ਨੂੰ ਅਜਿਹੇ ਸਾਈਬਰ ਠੱਗਾਂ ਤੋਂ ਸੁਚੇਤ ਰਹਿਣ ਦੀ ਅਪੀਲ ਕੀਤੀ।

ਦਰਅਸਲ ਸ਼ੁੱਕਰਵਾਰ ਨੂੰ ਇਕ ਸਾਈਬਰ ਠੱਗ ਨੇ ਹਲਕਾ ਕੇਂਦਰੀ ਤੋਂ 'ਆਪ' ਵਿਧਾਇਕ ਅਸ਼ੋਕ ਕੁਮਾਰ ਪੱਪੀ ਪਰਾਸ਼ਰ ਦੇ ਨਾਂ 'ਤੇ ਇੰਸਟਾਗ੍ਰਾਮ 'ਤੇ ਇਕ ਫਰਜ਼ੀ ਆਈ. ਡੀ. ਪੋਸਟ ਕੀਤੀ ਸੀ। ਇਸ ਤੋਂ ਬਾਅਦ ਉਸ ਨੇ ਆਪਣੇ ਜਾਣਕਾਰਾਂ ਨੂੰ ਫਰੈਂਡ ਰਿਕਵੈਸਟ ਭੇਜੀ। ਜਿਉਂ ਹੀ ਕੋਈ ਸਵੀਕਾਰ ਕਰਦਾ ਹੈ, ਸਾਈਬਰ ਠੱਗ ਉਸ ਨੂੰ ਮੈਸੇਜ ਕਰਦਾ ਹੈ ਕਿ ਉਸ ਨੂੰ ਪੈਸੇ ਦੀ ਲੋੜ ਹੈ। ਵਿਧਾਇਕ ਦੀ ਆਈ. ਡੀ. ਦਾ ਅਜਿਹਾ ਸੰਦੇਸ਼ ਦੇਖ ਕੇ ਪਹਿਲਾਂ ਤਾਂ ਲੋਕ ਹੈਰਾਨ ਰਹਿ ਗਏ ਪਰ ਉਹ ਸਮਝ ਗਏ ਕਿ ਇਹ ਵਿਧਾਇਕ ਨਹੀਂ, ਉਸ ਦੀ ਫਰਜ਼ੀ ਆਈ. ਡੀ. ਬਣਾਈ ਗਈ ਹੈ।

ਉਨ੍ਹਾਂ ਤੁਰੰਤ ਇਸ ਸਬੰਧੀ ਵਿਧਾਇਕ ਨੂੰ ਸੂਚਿਤ ਕੀਤਾ। ਇਸ ਤੋਂ ਬਾਅਦ ਵਿਧਾਇਕ ਅਸ਼ੋਕ ਕੁਮਾਰ ਪੱਪੀ ਪਰਾਸ਼ਰ ਨੇ ਆਪਣੇ ਮਾਹਿਰਾਂ ਅਤੇ ਜਾਣਕਾਰਾਂ ਨੂੰ ਅਜਿਹੇ ਠੱਗਾਂ ਤੋਂ ਸੁਚੇਤ ਰਹਿਣ ਲਈ ਕਿਹਾ। ਉਨ੍ਹਾਂ ਪੁਲਿਸ ਨੂੰ ਇਸ ਸਬੰਧੀ ਜਾਂਚ ਕਰਨ ਲਈ ਵੀ ਕਿਹਾ ਹੈ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਸਾਈਬਰ ਠੱਗਾਂ ਨੇ ਸਾਬਕਾ ਪੁਲਿਸ ਕਮਿਸ਼ਨਰ ਕੌਸਤੁਭ ਸ਼ਰਮਾ ਦੀ ਵੀ ਫਰਜ਼ੀ ਆਈ. ਡੀ. ਬਣਾਈ ਸੀ। ਇਸ ਤੋਂ ਇਲਾਵਾ ਲੁਧਿਆਣਾ ਸ਼ਹਿਰ ਦੇ ਸਾਬਕਾ ਜੁਆਇੰਟ ਸੀ. ਪੀ. ਡਾ. ਸਚਿਨ ਗੁਪਤਾ ਦੇ ਨਾਂ 'ਤੇ ਜਾਅਲੀ ਆਈ. ਡੀ. ਨੂੰ ਬਣਾਇਆ ਗਿਆ ਸੀ ਅਤੇ ਏ. ਸੀ. ਪੀ. ਗੁਰਦੇਵ ਸਿੰਘ ਦੇ ਨਾਂ 'ਤੇ ਸਾਈਬਰ ਠੱਗਾਂ ਨੇ ਲੋਕਾਂ ਤੋਂ ਪੈਸੇ ਮੰਗਣ ਦੀ ਕੋਸ਼ਿਸ਼ ਵੀ ਕੀਤੀ ਸੀ।

## ਠੱਗੀ ਮਾਰਨ ਦੇ ਤਰੀਕੇ




1. ਇਹ ਦੋਸ਼ੀ ਅਮਰੀਕਾ ਰਹਿੰਦੇ ਲੋਕਾਂ ਨੂੰ ਸੁਵਿਧਾ ਦੇਣ ਦਾ ਦਾਅਵਾ ਕਰਦੇ ਹੋਏ ਈਮੇਲ ਭੇਜਦੇ ਸਨ ਅਤੇ ਉਹ ਕਾਲ ਕਰਨ ਲਈ ਇੱਕ ਖਾਸ ਨੰਬਰ ਦਿੰਦੇ ਸਨ।

2. ਜਦੋਂ ਕੋਈ ਵੀ ਵਿਅਕਤੀ ਉਸ ਦਿੱਤੇ ਹੋਏ ਨੰਬਰ 'ਤੇ ਕਾਲ ਕਰਦੇ ਹਨ ਤਾਂ ਉਨ੍ਹਾਂ ਦੀਆਂ ਕਾਲਾਂ ਪਹਿਲਾਂ ਦਿੱਲੀ ਦੇ ਕਾਲ ਸੈਂਟਰ 'ਤੇ ਜਾਂਦੀਆਂ ਹਨ, ਜਿੱਥੋਂ ਕਿ ਉਸ ਵਿਅਕਤੀ ਦੀ ਕਾਲਾਂ ਨੂੰ ਹੋਰ ਸਬ-ਕਾਲ ਸੈਂਟਰਾਂ (ਜਿਵੇਂ ਕਿ ਇਹ ਲੁਧਿਆਣਾ ਸਥਿਤ) 'ਤੇ ਭੇਜਦੀਆਂ ਹਨ।

3. ਇੱਥੇ ਇਹਨਾਂ ਵੱਲੋਂ ਕਾਲ ਚੁੱਕ ਕੇ ਆਪਣੇ ਆਪ ਨੂੰ ਮਾਈਕ੍ਰੋਸਾਫਟ ਜਾਂ ਐਪਲ ਕੰਪਨੀ ਦਾ ਤਕਨੀਕੀ ਸਟਾਫ ਦੱਸਿਆ ਜਾਂਦਾ ਸੀ ਅਤੇ ਉਹ ਕਸਟਮਰ ਨੂੰ ਦੱਸਦੇ ਸਨ ਕਿ ਉਨ੍ਹਾਂ ਦੇ ਕੰਪਿਊਟਰ ਅਤੇ ਸਿਸਟਮ ਨੂੰ ਖਤਰਾ ਹੈ ਤਾਂ ਜੋ ਕਸਟਮਰ ਆਪਣੀ ਬੈਂਕਿੰਗ ਜਾਣਕਾਰੀ ਇਹਨਾਂ ਨਾਲ ਸ਼ੇਅਰ ਕਰ ਸਕੇ। ਜਿਸ ਤੋਂ ਬਾਅਦ ਇਹ ਕਸਟਮਰ ਦੀ ਕਾਲ ਨੂੰ ਅੱਗੇ ਆਪਣੇ ਸੀਨੀਅਰ/ਸਹਾਇਕ ਨੂੰ ਫਾਰਵਡ ਕਰ ਦਿੰਦੇ ਅਤੇ ਕਸਟਮਰ ਨੂੰ ਦੱਸਦੇ ਕਿ ਉਹਨਾਂ ਦਾ ਸੀਨੀਅਰ/ਸਹਾਇਕ ਕਸਟਮਰ ਦੇ ਬੈਂਕ ਖਾਤਿਆਂ ਨੂੰ ਸੁਰੱਖਿਅਤ ਕਿਸ ਤਰ੍ਹਾਂ ਸੁਰੱਖਿਅਤ ਰੱਖਣਾ ਹੈ, ਇਸ ਸੰਬੰਧੀ ਜਾਣਕਾਰੀ ਦੇਵੇਗਾ।

4. ਜਿਸ ਤੋਂ ਬਾਅਦ ਇਹਨਾਂ ਦਾ ਉਹ ਸੀਨੀਅਰ/ਸਹਾਇਕ ਉਸ ਗ੍ਰਾਹਕ ਨੂੰ ਇੱਕ ਫਾਰਮ ਭੇਜ ਕੇ ਉਸ ਦਾ ਨਾਮ, ਪਤਾ, ਬੈਂਕ ਦਾ ਨਾਮ ਆਦਿ ਭਰਨ ਲਈ ਕਹਿੰਦਾ ਸੀ। ਉਹ ਫਿਰ ਉਸ ਕਸਟਮਰ ਨੂੰ ਉਸ ਦੇ ਬੈਂਕ ਖਾਤੇ ਵਿੱਚ ਪਏ ਪੈਸਿਆਂ ਨੂੰ ਸੁਰੱਖਿਅਤ ਕਰਨ ਸੰਬੰਧੀ ਕਹਿੰਦੇ ਹਨ ਅਤੇ ਇਹ ਵੀ ਕਹਿੰਦੇ ਹਨ ਕਿ ਉਸ ਦੇ ਕੰਪਿਊਟਰ ਨੂੰ ਹੈਕ ਕਰਨ ਵਿੱਚ ਉਸ ਦੇ ਬੈਂਕ ਦੇ ਕਰਮਚਾਰੀ ਵੀ ਸ਼ਾਮਿਲ ਹਨ ਅਤੇ ਉਹ ਉਸ ਦੇ ਪੈਸੇ ਲੈ ਸਕਦੇ ਹਨ।

5. ਫਿਰ ਉਹ ਗਾਹਕ ਨੂੰ ਆਪਣੀ ਸਬੰਧਿਤ ਬੈਂਕ ਸ਼ਾਖਾ ਵਿੱਚ ਵਿੱਚ ਜਾਕਰ / 500 ਦੀ ਰਕਮ ਕਢਵਾਉਣ ਲਈ ਕਹਿੰਦੇ ਹਨ ਅਤੇ ਇਹ ਵੀ ਕਹਿੰਦੇ ਸਨ ਕਿ ਉਹ ਇਸ ਕਾਲ ਬਾਰੇ ਬੈਂਕ ਦੇ ਕਿਸੇ ਵੀ ਕਰਮਚਾਰੀ ਨਾਲ ਗੱਲ ਨਾਲ ਕਰੇ ਕਿਉਂਕਿ ਹੋ ਸਕਦਾ ਹੈ ਕਿ ਉਹ ਬੈਂਕ ਕਰਮਚਾਰੀ ਉਸ ਕਸਟਮਰ ਦਾ ਕੰਪਿਊਟਰ ਹੈਕ ਕਰਨ ਅਤੇ ਉਸ ਦੇ ਪੈਸੇ ਧੋਖੇ ਨਾਲ ਉਸ ਦੇ ਬੈਂਕ ਵਿੱਚੋਂ ਕਢਵਾਉਣ ਵਿੱਚ ਸ਼ਾਮਿਲ ਹੋ ਸਕਦੇ ਹਨ। ਇਹ ਕਸਟਮਰ ਨੂੰ ਇਹ ਵੀ ਕਹਿੰਦੇ ਸਨ ਕਿ ਇਹ ਉਸ ਦੇ ਬੈਂਕ ਖਾਤਿਆਂ ਦੀ ਨਿਗਰਾਨੀ ਕਰਨਗੇ ਅਤੇ ਹੈਕਰਾਂ ਦਾ ਪਤਾ ਲਗਾਉਣ ਦੀ ਕੋਸ਼ਿਸ਼ ਕਰਨਗੇ।

6. ਉਸ ਗ੍ਰਾਹਕ ਵੱਲੋਂ ਇਹਨਾਂ ਦੁਆਰਾ ਦੱਸੀ ਰਕਮ ਆਪਣੇ ਬੈਂਕ ਖਾਤੇ ਵਿੱਚੋਂ ਕਢਵਾਉਣ ਤੋਂ ਬਾਅਦ ਇਹ ਉਸ ਕਸਟਮਰ ਨੂੰ ਇਸ ਨਕਦ ਰਕਮ ਨੂੰ ਕੁਝ ਟਰੇਸਯੋਗ ਇਲੈਕਟ੍ਰਾਨਿਕ ਮੋਡ ਜਿਵੇਂ ਕਿ ਗਿਫਟ ਕਾਰਡ ਜਾਂ ਬਿਟ ਕੁਆਇਨ ਵਿੱਚ ਬਦਲਣ ਲਈ ਕਹਿੰਦੇ ਹਨ ਅਤੇ ਉਸ ਕਸਟਮਰ ਨੂੰ ਆਪਣੇ ਗਿਫਟ ਕਾਰਡ ਦਾ ਨੰਬਰ ਦੱਸਣ ਲਈ ਕਹਿੰਦੇ ਹਨ।

7. ਫਿਰ ਇਹ ਉਸ ਕਸਟਮਰ ਨੂੰ ਦੱਸਦੇ ਹਨ ਕਿ ਉਹ ਉਸ ਦੇ ਪੈਸੇ ਵਾਪਿਸ ਉਸ ਦੇ ਬੈਂਕ ਖਾਤੇ ਵਿੱਚ ਪਾ ਦੇਣਗੇ ਅਤੇ ਉਸ ਦੇ ਬੈਂਕ ਖਾਤੇ ਨੂੰ ਸੁਰੱਖਿਅਤ ਕਰਨਗੇ।

## ਲੁਧਿਆਣਾ 'ਚ ਅੰਤਰਰਾਸ਼ਟਰੀ ਕਾਲ ਸੈਂਟਰ ਦਾ ਪਰਦਾਫਾਸ਼ !



ਲੁਧਿਆਣਾ/ਏ.ਟੀ.ਨਿਊਜ਼: ਰਾਤੋਂ ਰਾਤ ਅਮੀਰ ਬਣਨ ਲਈ ਠੱਗਾਂ ਦਾ ਗਿਰੋਹ ਬਣ ਗਿਆ। ਲੁਧਿਆਣਾ ਪੁਲਿਸ ਨੇ ਅੰਤਰਰਾਸ਼ਟਰੀ ਕਾਲ ਸੈਂਟਰ ਦਾ ਪਰਦਾਫਾਸ਼ ਕੀਤਾ ਹੈ। ਥਾਣਾ ਡਿਵੀਜ਼ਨ ਨੰਬਰ 8 ਦੀ ਪੁਲਿਸ ਨੇ 30 ਠੱਗਾਂ ਨੂੰ ਕਾਬੂ ਕੀਤਾ ਹੈ, ਜਿਸ ਵਿੱਚ ਦੋ ਲੜਕੀਆਂ ਵੀ ਸ਼ਾਮਲ ਹਨ। ਪੁਲਿਸ ਕਮਿਸ਼ਨਰ ਮਨਦੀਪ ਸਿੰਘ ਸਿੱਧੂ ਨੇ ਇੱਕ ਪੱਤਰਕਾਰ ਸੰਮੇਲਨ 'ਚ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੁਲਿਸ ਨੂੰ ਇਸ ਗਿਰੋਹ ਬਾਰੇ ਗੁਪਤ ਸੂਚਨਾ ਮਿਲੀ ਸੀ, ਜਿਸ ਤੋਂ ਬਾਅਦ ਪੁਲਿਸ ਨੇ ਛਾਪਾ ਮਾਰ ਕੇ ਇਨ੍ਹਾਂ ਦੋਸ਼ੀਆਂ ਨੂੰ ਕਾਬੂ ਕੀਤਾ । ਫੜ੍ਹੇ ਗਏ ਸਾਰੇ ਮੁਲਜ਼ਮ ਨੌਜਵਾਨ ਹਨ, ਜਿਨ੍ਹਾਂ ਨੇ ਰਾਤੋ-ਰਾਤ ਅਮੀਰ ਬਣਨ ਲਈ ਆਪਣਾ ਗਿਰੋਹ ਬਣਾ ਕੇ ਠੱਗੀ ਦਾ ਧੰਦਾ ਸ਼ੁਰੂ ਕਰ ਦਿੱਤਾ ਸੀ। ਇਸ ਗਰੋਹ ਦੇ ਮੈਂਬਰ ਜ਼ਿਆਦਾਤਰ ਵਿਦੇਸ਼ੀਆਂ ਨੂੰ ਆਪਣਾ ਸ਼ਿਕਾਰ ਬਣਾਉਂਦੇ ਸਨ। ਪਿਛਲੇ ਡੇਢ ਮਹੀਨੇ ਤੋਂ ਇਹ ਗਿਰੋਹ ਲਗਾਤਾਰ ਠੱਗੀ ਦੀਆਂ ਵਾਰਦਾਤਾਂ ਨੂੰ ਅੰਜਾਮ ਦੇ ਰਿਹਾ ਸੀ। ਮੁਲਜ਼ਮਾਂ ਨੇ ਆਪਣੇ ਆਪ ਨੂੰ ਬਹੁ ਰਾਸ਼ਟਰੀ ਕੰਪਨੀਆਂ ਨੂੰ ਤਕਨੀਕੀ ਸੇਵਾ ਪ੍ਰਦਾਨ ਕਰਨ ਵਾਲੇ ਵਜੋਂ ਪੇਸ਼ ਕੀਤਾ ਅਤੇ ਵਿਸ਼ਵ-ਵਿਆਪੀ ਨਾਗਰਿਕਾਂ, ਮੁੱਖ ਤੌਰ 'ਤੇ ਵਿਦੇਸ਼ੀ ਲੋਕਾਂ ਨੂੰ ਵੱਡੀ ਰਕਮ ਦਾ ਧੋਖਾ ਦਿੱਤਾ। ਪੁਲਿਸ ਨੇ ਘੁਟਾਲੇ ਵਿੱਚ ਵਰਤੇ ਗਏ ਸਾਰੇ ਇਲੈਕਟ੍ਰੋਨਿਕਸ ਅਤੇ ਮੋਬਾਈਲ ਫੋਨ ਵੀ ਜ਼ਬਤ ਕਰ ਲਏ ਹਨ। ਫੜੇ ਗਏ ਗਿਰੋਹ ਦੇ ਮੈਂਬਰ ਮੇਘਾਲਿਆ, ਉੱਤਰ ਪ੍ਰਦੇਸ਼, ਗੁਜਰਾਤ, ਹਿਮਾਚਲ ਪ੍ਰਦੇਸ਼, ਨਾਗਾਲੈਂਡ, ਦਿੱਲੀ ਅਤੇ ਪੰਜਾਬ ਦੇ ਹਨ, ਸਾਰੇ ਮੁਲਜ਼ਮ ਨੌਜਵਾਨ ਹਨ ਅਤੇ ਦੋ ਲੜਕੀਆਂ ਵੀ ਸ਼ਾਮਲ ਹਨ ਥਾਣਾ ਡਵੀਜ਼ਨ ਨੰਬਰ 8 ਲੁਧਿਆਣਾ ਦੀ ਪੁਲਿਸ ਪਾਰਟੀ ਵੱਲੋਂ ਕਾਰਵਾਈ ਕਰਦੇ ਹੋਏ 30 ਦੋਸ਼ੀਆਂ ਨੂੰ ਕਾਬੂ ਕਰਕੇ ਉਹਨਾਂ ਪਾਸੋਂ 14 ਇਲੈਕਟ੍ਰੋਨਿਕ ਟੈਬ, 34 ਮੋਬਾਇਲ ਫੋਨ, 2 ਲੈਪਟਾਪ, 1,17,000 ਰੁਪਏ ਦੀ ਨਗਦੀ ਅਤੇ ਇੱਕ ਐਕਟੀਵਾ ਬਰਾਮਦ ਕਰਕੇ ਵੱਡੀ ਸਫਲਤਾ ਹਾਸਲ ਕੀਤੀ ਹੈ।

ਦਰਪਣ ਝੂਠ ਨਹੀਂ ਬੋਲਦਾ

# ਕੀ ਬਲਾਤਕਾਰੀਆਂ ਦੇ ਰਾਖੇ ਨੇ ਪ੍ਰਧਾਨ ਮੰਤਰੀ ਮੋਦੀ ?

## ਪਹਿਲਵਾਨ ਕੁੜੀਆਂ ਤੇ ਮਨੀਪੁਰ ਦੀਆਂ ਪੀੜ੍ਹਤ ਮਹਿਲਾਵਾਂ ਨਾਲ ਇਨਸਾਫ਼ ਕਿਉਂ ਨਹੀਂ ?



ਕੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਬਲਾਤਕਾਰੀਆਂ ਦੇ ਰਾਖੇ ਬਣ ਗਏ ਹਨ। ਕੋਈ ਵੀ ਬਲਾਤਕਾਰ ਕਰਕੇ ਆਏ ਜਾਂ ਲੜਕੀਆਂ ਅਤੇ ਔਰਤਾਂ ਨਾਲ ਛੇੜਛਾੜ ਕਰੇ, ਉਨ੍ਹਾਂ ਦੀ ਸੁਰੱਖਿਆ ਸਰਕਾਰ ਕਿਉਂ ਕਰਦੀ ਹੈ ? ਇਹ ਆਮ ਭਾਰਤੀਆਂ ਦੇ ਮਨਾਂ ਵਿਚੋਂ ਸੁਆਲ ਉਠ ਰਹੇ ਹਨ। ਜੇ ਕੋਈ ਡੇਰੇਦਾਰ ਬਾਬਾ ਬਲਾਤਕਾਰੀ ਹੈ ਤਾਂ ਉਹ ਸਰਕਾਰੀ ਮਹਿਮਾਨ ਹੁੰਦਾ ਹੈ । ਉਸ ਦੀ ਸੁਰਖਿਆ ਦੀ 100 ਪ੍ਰਤੀਸ਼ਤ ਗਰੰਟੀ ਸਟੇਟ ਲੈਂਦੀ ਹੈ। ਜੇਕਰ ਬਲਾਤਕਾਰੀ ਪਾਰਟੀ ਦਾ ਮੈਂਬਰ ਹੈ ਤਾਂ ਉਸ ਦੀ ਵੀ 100 ਫੀਸਦੀ ਸੁਰਖਿਆ ਹੁੰਦੀ ਹੈ। ਅਜਿਹੇ ਲੋਕਾਂ ਦੀ ਲੰਮੀ ਲਿਸਟ ਹੈ, ਜੇਕਰ ਤੁਸੀਂ ਨਾਮ ਗਿਣਨ ਲੱਗੋਗੇ ਤਾਂ ਪੂਰੀ ਇਤਿਹਾਸਕ ਪੁਸਤਕ ਲਿਖੀ ਜਾ ਸਕੇਗੀ। ਸੇਂਗਰ ਤੋਂ ਸਾਕਸ਼ੀ ਅਤੇ ਸਵਾਮੀ ਚਿਨਮਯਾਨੰਦ ਤੋਂ ਬ੍ਰਿਜ ਭੂਸ਼ਨ ਤੱਕ, ਸੂਚੀ ਲੰਬੀ ਹੈ। ਵੈਸੇ ਤਾਂ ਸ਼੍ਰੀਮਾਨ ਪ੍ਰਧਾਨ ਮੰਤਰੀ ਨੇ ਬੇਟੀ ਬਚਾਓ.. ਦਾ ਨਾਅਰਾ ਦਿੱਤਾ ਸੀ ਪਰ ਹੁਣ ਮਾਪਿਆਂ ਲਈ ਇਹ ਸਥਿਤੀ ਆ ਗਈ ਹੈ ਕਿ ਉਨ੍ਹਾਂ ਨੂੰ ਆਪਣੀਆਂ ਧੀਆਂ ਨੂੰ ਆਪਣੇ ਨੇਤਾਵਾਂ ਤੋਂ ਹੀ ਬਚਾਉਣਾ ਪੈ ਰਿਹਾ ਹੈ। ਨਵੰਬਰ 84 ਦੌਰਾਨ ਸਿੱਖ ਆਪਣੀਆਂ ਧੀਆਂ ਭੈਣਾਂ ਦੀ ਬੇਅਦਬੀ ਦਾ ਸੰਤਾਪ ਨਸਲਕੁਸ਼ੀ ਦੌਰਾਨ ਹੰਢਾ ਚੁੱਕੇ ਹਨ ਪਰ ਸੱਤਾ ਨੇ ਹਾਲੇ ਤਕ ਇਨਸਾਫ ਨਹੀਂ ਦਿੱਤਾ।

ਬੀਤੇ ਦਿਨੀਂ ਔਰਤਾਂ ਨਾਲ ਸਬੰਧਿਤ ਤਿੰਨ ਘਟਨਾਵਾਂ ਭਾਰਤ ਵਿੱਚ ਸਾਹਮਣੇ ਆਈਆਂ। ਜਿਸ ਵਿੱਚ ਸੱਤਾ ਅਤੇ ਸਮੁੱਚਾ ਸਿਸਟਮ ਦੋਸ਼ੀਆਂ ਦੇ ਹੱਕ ਵਿੱਚ ਖੜ੍ਹਾ ਨਜ਼ਰ ਆਇਆ। ਤਿੰਨਾਂ ਵਿੱਚ, ਔਰਤਾਂ ਨੂੰ ਤੰਗ ਕਰਨ ਵਾਲੇ ਜਾਂ ਬਲਾਤਕਾਰ ਕਰਨ ਵਾਲੇ ਜਿੱਤ ਗਏ। ਅਜਿਹੇ ਸਮੇਂ ਜਦੋਂ ਪੂਰਾ ਭਾਰਤ ਮਨੀਪੁਰ ਵਿੱਚ ਵਾਪਰੀ ਘਟਨਾ ਤੋਂ ਭੜਕਿਆ ਹੋਇਆ ਸੀ ਅਤੇ ਮਨੀਪੁਰ ਦੀਆਂ ਔਰਤਾਂ ਨੂੰ ਕਿਸੇ ਵੀ ਕੀਮਤ 'ਤੇ ਇਨਸਾਫ਼ ਅਤੇ ਸਰਕਾਰ ਤੋਂ ਠੋਸ ਕਾਰਵਾਈ ਦੀ ਉਮੀਦ ਸੀ ਤਾਂ ਹਰਿਆਣਾ ਦੀ ਜੇਲ੍ਹ ਵਿੱਚ ਬਲਾਤਕਾਰ ਦੇ ਦੋਸ਼ੀ ਪਖੰਡੀ ਤੇ ਬਲਾਤਕਾਰੀ ਰਾਮ ਰਹੀਮ ਨੂੰ ਇੱਕ ਵਾਰ ਫਿਰ ਪੈਰੋਲ 'ਤੇ ਰਿਹਾਅ ਕਰ ਦਿੱਤਾ ਗਿਆ। ਹਰ ਤਿੰਨ ਮਹੀਨੇ ਬਾਅਦ ਉਹ ਪੈਰੋਲ 'ਤੇ ਜੇਲ੍ਹ ਤੋਂ ਬਾਹਰ ਆਉਂਦਾ ਹੈ। ਜਿਵੇਂ ਕਿ ਇਹ ਜੇਲ੍ਹ ਨਹੀਂ , ਸਗੋਂ ਸੈਰ ਸਪਾਟਾ ਸਥਾਨ ਹੋਵੇ। ਇਹ ਸਭ ਕੁਝ ਸੂਬੇ ਦੀ ਭਾਜਪਾ ਦੀ ਚੋਟੀ ਦੀ ਲੀਡਰਸ਼ਿਪ ਦੀ ਸਹਿਮਤੀ ਤੋਂ ਬਿਨਾਂ ਸੰਭਵ ਨਹੀਂ ਹੈ। ਇਹ ਹਰਿਆਣਾ ਅਤੇ ਦੇਸ਼ ਦੀਆਂ ਧੀਆਂ ਲਈ ਭਾਜਪਾ ਦਾ ਸੰਦੇਸ਼ ਹੈ ਕਿ ਅਸੀਂ ਬਲਾਤਕਾਰ ਦੇ ਹਮਾਇਤੀ ਹਾਂ।

ਦੂਜੀ ਘਟਨਾ ਦਿੱਲੀ ਵਿੱਚ ਵਾਪਰਦੀ ਹੈ। ਮਹੀਨਿਆਂ ਤੱਕ ਪਹਿਲਵਾਨ ਧੀਆਂ ਨੇ ਅੰਦੋਲਨ ਕੀਤਾ ਅਤੇ ਜਦੋਂ ਪੂਰਾ ਦੇਸ਼ ਇਸ ਵਿੱਚ ਸ਼ਾਮਲ ਸੀ ਤਾਂ ਦੋਸ਼ੀ ਸੰਸਦ ਮੈਂਬਰ ਬ੍ਰਿਜ ਭੂਸ਼ਨ ਸ਼ਰਨ ਦੇ ਖ਼ਿਲਾਫ਼ ਐਫਆਈਆਰ ਦਰਜ ਕੀਤੀ ਗਈ ਅਤੇ ਹੁਣ ਜਦੋਂ ਉਹ ਚਾਰਜਸ਼ੀਟ ਦਾਇਰ ਹੋਣ ਤੋਂ ਬਾਅਦ ਅਦਾਲਤ ਵਿੱਚ ਪੇਸ਼ ਹੋਇਆ ਤਾਂ ਉਸ ਨੂੰ ਤੁਰੰਤ ਜ਼ਮਾਨਤ ਮਿਲ ਗਈ। ਇਸ ਤੋਂ ਪਹਿਲੇ ਭਾਜਪਾ ਦੇ ਸੰਸਦ ਮੈਂਬਰ ਨੂੰ ਜੇਲ੍ਹ ਨਾ ਜਾਣਾ ਪਵੇ ਉਸ ਦੇ ਲਈ ਪੀਐਮ ਮੋਦੀ ਨੇ ਕੀ ਕੁਛ ਕੀਤਾ ਪੂਰੇ ਦੇਸ਼ ਨੇ ਦੇਖਿਆ। ਇਸ ਦਾ ਨਤੀਜਾ ਇਹ ਨਿਕਲਿਆ ਕਿ ਬ੍ਰਿਜ ਭੂਸ਼ਨ ਬਾਹਰ ਘੁੰਮ ਕੇ ਨਾ ਸਿਰਫ਼ ਔਰਤ ਪਹਿਲਵਾਨਾਂ ਨੂੰ ਚਿੜ੍ਹਾ ਰਿਹਾ ਹੈ, ਸਗੋਂ ਮੀਡੀਆ ਦੇ ਕੈਮਰਿਆਂ ਸਾਹਮਣੇ ਜਿੱਤ ਦੇ ਨਿਸ਼ਾਨ ਬਣਾ ਕੇ ਉਨ੍ਹਾਂ ਦਾ ਮਜ਼ਾਕ ਵੀ ਉਡਾ ਰਿਹਾ ਹੈ। ਕੀ ਇਹ ਸਭ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਦੀ ਸਹਿਮਤੀ ਤੋਂ ਬਿਨਾਂ ਸੰਭਵ ਹੈ ?

ਖਤਰਨਾਕ ਗੱਲ ਇਹ ਹੈ ਕਿ ਜਦੋਂ ਬ੍ਰਿਜ ਭੂਸ਼ਨ ਦੇ ਵਕੀਲ ਨੇ ਜੱਜ ਅੱਗੇ ਜ਼ਮਾਨਤ ਦੀ ਅਰਜ਼ੀ ਪੇਸ਼ ਕੀਤੀ ਤਾਂ ਸਿੱਧੇ ਤੌਰ 'ਤੇ ਵਿਰੋਧ ਕਰਨ ਦੀ ਬਜਾਏ ਦਿੱਲੀ ਪੁਲਿਸ, ਜੋ ਸਿੱਧੇ ਤੌਰ 'ਤੇ ਗ੍ਰਹਿ ਮੰਤਰਾਲੇ ਦੇ ਅਧੀਨ ਆਉਂਦੀ ਹੈ, ਦਾ ਕਹਿਣਾ ਹੈ ਕਿ ਉਹ ਨਾ ਤਾਂ ਇਸ ਦਾ ਵਿਰੋਧ ਕਰਦੀ ਹੈ ਅਤੇ ਨਾ ਹੀ ਸਮਰਥਨ ਕਰਦੀ ਹੈ, ਸਭ ਕੁਝ ਜੱਜ 'ਤੇ ਛੱਡਦੀ ਹੈ। ਹੁਣ ਜੇਕਰ ਪੁਲਿਸ ਇਸੇ ਤਰ੍ਹਾਂ ਕਿਸੇ ਦੋਸ਼ੀ-ਅਪਰਾਧੀ ਵਿਰੁੱਧ ਕੇਸ ਲੜੇਗੀ ਤਾਂ ਨਤੀਜਾ ਕੀ ਨਿਕਲੇਗਾ, ਇਹ ਸਹਿਜੇ ਹੀ ਸਮਝਿਆ ਜਾ ਸਕਦਾ ਹੈ।

ਅਤੇ ਤੀਜਾ ਮਾਮਲਾ ਜਿਸ 'ਤੇ ਪੂਰਾ ਦੇਸ਼ ਭੜਕ ਗਿਆ ਸੀ। ਮਾਮਲਾ ਕਿੰਨਾ ਗੰਭੀਰ ਸੀ, ਇਸ ਦਾ ਅੰਦਾਜ਼ਾ ਸੁਪ੍ਰੀਮ ਕੋਰਟ ਦੇ ਦਖਲ ਅਤੇ ਉਸ ਦੀ ਭਾਸ਼ਾ ਤੋਂ ਲਗਾਇਆ ਜਾ ਸਕਦਾ ਹੈ। ਇਸ ਮਾਮਲੇ ਵਿੱਚ ਸੀਜੇਆਈ ਨੇ ਕਿਹਾ ਕਿ ਜੇਕਰ ਸਰਕਾਰ ਕਾਰਵਾਈ ਨਹੀਂ ਕਰਦੀ ਤਾਂ ਉਹ ਸਖ਼ਤ ਫੈਸਲਾ ਲੈਣ ਲਈ ਮਜਬੂਰ ਹੋਣਗੇ। ਜਨਤਾ ਅਤੇ ਨਿਆਂਪਾਲਿਕਾ ਦੇ ਇਸ ਦਬਾਅ ਤੋਂ ਬਾਅਦ ਕੀ ਹੋਇਆ ?

ਲੋਕਾਂ ਨੂੰ ਉਮੀਦ ਸੀ ਕਿ ਘੱਟੋ-ਘੱਟ ਮੁੱਖ ਮੰਤਰੀ ਨੂੰ ਹਟਾ ਦਿੱਤਾ ਜਾਵੇਗਾ। ਪਰ ਮੁੱਖ ਮੰਤਰੀ ਨਾ ਸਿਰਫ਼ ਆਪਣੀ ਕੁਰਸੀ 'ਤੇ ਬਿਰਾਜਮਾਨ ਹੈ, ਸਗੋਂ ਉਸ ਨੇ ਪੂਰੀ ਬੇਸ਼ਰਮੀ ਨਾਲ ਹਾਸੋਹੀਣੀ ਬਿਆਨਬਾਜ਼ੀ ਕੀਤੀ ਕਿ ਅਜਿਹੀਆਂ ਕਈ ਘਟਨਾਵਾਂ ਆਮ ਵਾਪਰਦੀਆਂ ਹਨ, ਜੋ ਸਾਹਮਣੇ ਨਹੀਂ ਆ ਸਕੀਆਂ। ਭਾਵ ਤੁਹਾਨੂੰ ਇਸ ਘਟਨਾ ਤੋਂ ਪਰੇਸ਼ਾਨ ਨਹੀਂ ਹੋਣਾ ਚਾਹੀਦਾ। ਮਤਲਬ ਸਟੇਟ ਅਪਰਾਧੀਆਂ, ਬਲਾਤਕਾਰੀਆਂ ਤੇ ਦੰਗੇਬਾਜ਼ਾਂ ਨਾਲ ਖੜੀ ਰਹੇਗੀ। ਪ੍ਰਧਾਨ ਮੰਤਰੀ ਮੋਦੀ ਨੇ ਇਸ ਬਾਰੇ ਕੋਈ ਨੋਟਿਸ ਨਹੀਂ ਲਿਆ। ਕਾਰਵਾਈ ਦੇ ਨਾਮ 'ਤੇ ਐਫਆਈਆਰ ਦਰਜ ਕੀਤੇ ਗਏ ਇੱਕ ਹਜ਼ਾਰ ਅਣਪਛਾਤੇ ਮੁਲਜ਼ਮਾਂ ਵਿੱਚੋਂ ਕੁਝ ਨੂੰ ਹੀ ਗ੍ਰਿਫ਼ਤਾਰ ਕੀਤਾ ਗਿਆ । ਕੀ ਇਹੀ ਸੀ ਮੋਦੀ ਦੇ ਲੋਕਤੰਤਰ ਦਾ ਇਨਸਾਫ ?

ਦੋ ਮਹੀਨਿਆਂ ਬਾਅਦ ਬੇਸ਼ੱਕ ਪ੍ਰਧਾਨ ਮੰਤਰੀ ਮੋਦੀ ਨੇ ਮਨੀਪੁਰ ਬਾਰੇ ਇਸ ਵਹਿਸ਼ੀ ਘਟਨਾ ਤੋਂ ਬਾਅਦ ਆਪਣੀ ਚੁੱਪੀ ਤੋੜੀ, ਪਰ ਉਸ ਵਿਚ ਉਸ ਦਾ ਸਿਆਸੀ ਪਖੰਡ ਜ਼ਿਆਦਾ ਨਜ਼ਰ ਆਇਆ। ਹਰ ਕੋਈ ਇਨਸਾਫ਼ ਦੀ ਆਸ ਵਿੱਚ ਸੱਤਾ ਦੇ ਸਿਖਰ ਵੱਲ ਦੇਖ ਰਿਹਾ ਹੈ।ਪਰ ਸਤਾ ਜਾਣ ਬੁਝ ਕੇ ਕੁੰਭਕਰਨੀ ਨੀਂਦ ਸੁੱਤੀ ਹੋਈ ਹੈ ਜਾਂ ਧ੍ਰਿਤਰਾਸ਼ਟਰ ਵਾਂਗ ਇਕ ਵਾਰ ਫਿਰ ਦਰੋਪਤੀ ਦੇ ਬਲਾਤਕਾਰ ਦੀਆਂ ਚੀਕਾਂ ਸੁਣ ਰਹੀ ਹੈ। ਇਸ ਘਟਨਾ ਲਈ ਵਿਰੋਧੀ ਧਿਰ ਸੰਸਦ ਦੇ ਦੋਵਾਂ ਸਦਨਾਂ ਵਿੱਚ ਪ੍ਰਧਾਨ ਮੰਤਰੀ ਤੋਂ ਬਿਆਨ ਦੀ ਮੰਗ ਕਰਦੀ ਰਹੀ, ਪਰ ਪ੍ਰਧਾਨ ਮੰਤਰੀ ਨੇ ਇਸ ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕਰ ਦਿੱਤਾ। ਜਦੋਂ ਵਿਰੋਧੀ ਪਾਰਟੀਆਂ ਨੇ ਸਾਰਾ ਕੰਮ ਰੋਕ ਕੇ ਮਨੀਪੁਰ ਦੇ ਮੁੱਦੇ 'ਤੇ ਬਹਿਸ ਦੀ ਮੰਗ ਕੀਤੀ ਤਾਂ 'ਮੋਦੀ' ਨੇ ਇਸ ਨੂੰ ਰੱਦ ਕਰ ਦਿੱਤਾ। ਜਦ ਸੱਤਾ ਹੰਕਾਰ ਵਿੱਚ ਹੋਵੇ ਤਾਂ ਇਨਸਾਫ ਦੀ ਗਲ ਮੁੱਕ ਜਾਂਦੀ ਹੈ।

# ਕੀ ਭਗਵਿਆਂ ਦਾ ਸਰਕਾਰੀ ਮਹਿਮਾਨ ਹੈ ਸੌਧਾ ਸਾਧ ?

## ਬਾਬਾ ਰਾਮ ਰਹੀਮ ਦੇ ਮਾਮਲੇ 'ਚ ਅਸੀਂ ਸਭ ਕੁਝ ਅਦਾਲਤ 'ਤੇ ਛੱਡਿਆ -ਖੱਟੜ

ਹਰਿਆਣਾ ਦੇ ਰੋਹਤਕ ਦੀ ਸੁਨਾਰੀਆ ਜੇਲ੍ਹ ਵਿੱਚ ਬੰਦ ਕੈਦੀ ਡੇਰਾ ਮੁਖੀ ਸਿਰਸਾ ਗੁਰਮੀਤ ਰਾਮ ਰਹੀਮ ਨੰਬਰ 8647 ਕੋਈ ਆਮ ਕੈਦੀ ਨਹੀਂ ਹੈ। ਉਸ ਨੂੰ ਦੋਹਰੀ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ। ਕਿਸੇ ਸਮੇਂ ਲੋਕ ਉਸ ਨੂੰ ਸੰਤ ਸਮਝਦੇ ਸਨ ਅਤੇ ਕੁਝ ਅਜੇ ਵੀ ਉਸ ਨੂੰ ਮੰਨਦੇ ਹਨ ਅਤੇ ਉਹ ਆਪਣੇ ਆਪ ਨੂੰ ਲੋਕਾਂ ਦਾ ਰੱਬ ਮੰਨਦਾ ਹੈ , ਜਗਤ ਪਿਤਾ ਸਦਵਾਉਂਦਾ ਹੈ। ਅਗਸਤ 2017 ਦੌਰਾਨ ਸੌਦਾ ਸਾਧ ਨੂੰ ਡੇਰੇ ਦੀਆਂ ਦੋ ਸਾਧਵੀਆਂ ਨਾਲ ਬਲਾਤਕਾਰ ਦੇ ਮਾਮਲੇ ਵਿੱਚ ਪੰਚਕੂਲਾ ਦੀ ਵਿਸ਼ੇਸ਼ ਸੀਬੀਆਈ ਅਦਾਲਤ ਨੇ 20 ਸਾਲ ਦੀ ਸਖ਼ਤ ਕੈਦ ਦੀ ਸਜ਼ਾ ਸੁਣਾਈ ਸੀ। ਇਸ ਤੋਂ ਇਲਾਵਾ ਸਿਰਸਾ ਦੇ ਨਿਡਰ ਪੱਤਰਕਾਰ ਰਾਮਚੰਦਰ ਛਤਰਪਤੀ ਅਤੇ ਡੇਰਾ ਸੱਚਾ ਸੌਦਾ ਦੇ ਸਾਬਕਾ ਮੈਨੇਜਰ ਰਣਜੀਤ ਸਿੰਘ ਨੂੰ ਮਾਰਨ ਦੀ ਸਜ਼ਾ ਦਿੱਤੀ ਗਈ ਸੀ। ਅਦਾਲਤੀ ਹੁਕਮ ਮੁਤਾਬਕ ਇੱਕ ਸਜ਼ਾ ਪੂਰੀ ਹੋਣ ਤੋਂ ਬਾਅਦ, ਦੂਜੀ ਚੱਲੇਗੀ। ਯਾਨੀ ਜੇਕਰ ਨਿਆਂਪਾਲਿਕਾ ਨਿਰਪੱਖ ਤੇ ਨਿਆਂ ਪੱਖੀ ਰਿਹਾ ਤਾਂ ਉਹ ਸਾਰੀ ਉਮਰ ਸਲਾਖਾਂ ਪਿੱਛੇ ਰਹੇਗਾ।

ਪਿਛਲੇ ਕੁਛ ਅਰਸੇ ਦੌਰਾਨ ਨਿਆਂ ਪਾਲਿਕਾ ਦੇ ਫੈਸਲੇ ਇਨਸਾਫ ਦੇ ਵਿਰੁੱਧ ਜਾਂਦੇ ਰਹੇ ਹਨ।

15 ਅਗਸਤ ਦੌਰਾਨ ਇਸ ਕਾਤਲ ਅਤੇ ਬਲਾਤਕਾਰੀ ਬਾਬੇ ਦਾ ਜਨਮ ਦਿਨ ਹੈ। ਉਹ ਆਪਣਾ ਜਨਮ ਦਿਨ ਮਨਾਉਣ ਲਈ ਪੈਰੋਲ 'ਤੇ ਬਾਹਰ ਹੈ। ਉਸ ਨੂੰ ਬੀਤੇ ਵੀਰਵਾਰ ਸ਼ਾਮ 4.45 ਵਜੇ ਸੁਨਾਰੀਆ ਜੇਲ੍ਹ ਤੋਂ ਬਾਹਰ ਨਿਕਲਣ ਦੀ ਇਜਾਜ਼ਤ ਦਿੱਤੀ ਗਈ। ਉਸ ਦੀ ਗੋਦ ਲਈ ਧੀ ਹਨੀਪ੍ਰੀਤ ਉਸ ਨੂੰ ਲੈਣ ਆਈ ਸੀ, ਜੋ ਹੁਣ ਡੇਰਾ ਪ੍ਰੇਮੀਆਂ ਦੀ 'ਭੈਣ' ਬਣੀ ਹੋਈ ਹੈ।

ਸੌਦਾ ਸਾਧ ਦਾ ਪੂਰਾ ਪਰਿਵਾਰ ਉਸ ਨੂੰ ਹਨੀਪ੍ਰੀਤ ਕਾਰਨ ਛੱਡ ਕੇ ਵਿਦੇਸ਼ ਚਲਾ ਗਿਆ ਹੈ ਅਤੇ ਪ੍ਰਾਪਤ ਜਾਣਕਾਰੀ ਅਨੁਸਾਰ ਪਰਿਵਾਰਕ ਮੈਂਬਰਾਂ ਨੇ ਉਸ ਨਾਲੋਂ ਪੂਰੀ ਤਰ੍ਹਾਂ ਨਾਲ ਨਾਤਾ ਤੋੜ ਲਿਆ ਹੈ। ਡੇਰਾ ਸੌਦਾ ਸਿਰਸਾ ਤੋਂ ਬਾਅਦ




ਉੱਤਰ ਪ੍ਰਦੇਸ਼ ਦੇ ਬਾਗਪਤ ਜ਼ਿਲ੍ਹੇ ਵਿੱਚ ਸਥਿਤ ਬਰਨਾਵਾ ਆਸ਼ਰਮ ਇਸ ਦਾ ਸਭ ਤੋਂ ਵੱਡਾ ਡੇਰਾ ਹੈ। ਸਖ਼ਤ ਸੁਰੱਖਿਆ ਦਰਮਿਆਨ ਪੁਲੀਸ ਟੀਮ ਉਸ ਨੂੰ ਲੈ ਕੇ ਬਰਨਾਵਾ ਆਸ਼ਰਮ ਲੈਕੇ ਗਈ। ਉੱਥੇ ਸੌਦਾ ਸਾਧ ਇੱਕ ਮਹੀਨਾ ਰੁਕੇਗਾ ਅਤੇ 15 ਅਗਸਤ ਨੂੰ ਆਪਣਾ ਜਨਮ ਦਿਨ ਸੋਸ਼ਲ ਮੀਡੀਆ ਰਾਹੀਂ ਮਨਾਏਗਾ। ਪਿਛਲੇ ਸਾਲ ਵੀ ਅਜਿਹਾ ਹੀ ਹੋਇਆ ਸੀ।

ਦੋ ਸਾਧਵੀਆਂ ਦੇ ਬਲਾਤਕਾਰ ਅਤੇ ਦੋ ਕਤਲਾਂ ਦੇ ਪ੍ਰਮੁਖ ਦੋਸ਼ੀ ਸੌਦਾ ਸਾਧ ਨੇ ਜੇਲ੍ਹ ਪ੍ਰਸ਼ਾਸਨ ਨੂੰ ਨਿਯਮਾਂ ਅਨੁਸਾਰ ਇੱਕ ਮਹੀਨੇ ਦੀ ਪੈਰੋਲ ਲਈ ਅਰਜ਼ੀ ਦਿੱਤੀ ਸੀ ਅਤੇ ਇਸ ਨੂੰ ਜਲਦਬਾਜ਼ੀ ਵਿੱਚ ਖੱਟੜ ਸਰਕਾਰ ਨੇ ਮਨਜ਼ੂਰ ਕਰ ਲਿਆ ਗਿਆ ਸੀ। ਅਜਿਹਾ 33ਵੀਂ ਵਾਰ ਹੋਇਆ ਹੈ। ਨਹੀਂ ਤਾਂ, ਇਹ ਉਹ ਦੇਸ਼ ਹੈ ਜਿੱਥੇ ਬੇਕਸੂਰ ਅਤੇ ਸਿਸਟਮ ਵਿਰੋਧੀ ਬੁੱਧੀਜੀਵੀਆਂ,ਖਾੜਕੂ ਸਿੱਖਾਂ ਨੂੰ ਬਿਨਾਂ ਕਿਸੇ ਅਪੀਲ ਜਾਂ ਦਲੀਲ ਦੇ ਜੇਲ੍ਹਾਂ ਵਿੱਚ ਸੜਨ ਲਈ ਮਜਬੂਰ ਕੀਤਾ ਹੋਇਆ ਹੈ। ਗੰਭੀਰ ਬਿਮਾਰੀਆਂ ਦੀ ਹਾਲਤ ਵਿੱਚ ਵੀ ਜੇਲ੍ਹ ਦੀਆਂ ਕਾਲ ਕੋਠੜੀਆਂ ਵਿੱਚੋਂ ਉਨ੍ਹਾਂ ਨੂੰ ਬਾਹਰ ਨਹੀਂ ਕੱਢਿਆ ਜਾਂਦਾ।

ਬਾਬੇ ਦੀ ਮੌਜਾਂ, ਭਗਵੀਂ ਸੱਤਾ ਦਿਆਲ

ਇਹ ਅਖੌਤੀ ਬਾਬਾ 33 ਮਹੀਨਿਆਂ ਵਿੱਚ 11 ਵਾਰ ਆਪਣੇ ਜਨਮ ਦਿਨ ਮਨਾਉਣ, ਹਾਸੋਹੀਣੇ ਗੀਤਾਂ ਦੀ ਰਿਕਾਰਡਿੰਗ ਕਰਾਉਣ ਅਤੇ ਵਰਚੁਅਲ ਸਤਸੰਗ ਕਰਨ ਲਈ ਪੈਰੋਲ ਲੈ ਚੁਕਾ ਹੈ ਤੇ ਜੇਲ੍ਹ ਤੋਂ ਬਾਹਰ ਮੌਜਾਂ ਕਰਦਾ ਹੈ। ਰਾਮ ਰਹੀਮ ਨੂੰ ਇੱਕ ਸਾਲ ਦੀ ਸਜ਼ਾ ਕੱਟਣ ਤੋਂ ਬਾਅਦ ਸਾਲ 2020 ਵਿੱਚ ਪਹਿਲੀ ਵਾਰ ਪੈਰੋਲ ਦਿੱਤੀ ਗਈ ਸੀ। ਸੌਦਾ ਸਾਧ ਨੂੰ 24 ਅਕਤੂਬਰ 2020 ਨੂੰ ਇੱਕ ਦਿਨ ਦੀ ਪੈਰੋਲ ਦਿੱਤੀ ਗਈ ਸੀ। ਉਸ ਦੀ ਇਹ ਪਹਿਲੀ ਪੈਰੋਲ ਬਹੁਤ ਗੁਪਤ ਸੀ। ਇਹ ਪੈਰੋਲ ਇੰਨੀ ਗੁਪਤ ਸੀ ਕਿ ਪੂਰੇ ਹਰਿਆਣਾ ਵਿੱਚ ਸਿਰਫ਼ 4 ਲੋਕਾਂ ਨੂੰ ਇਸ ਬਾਰੇ ਪਤਾ ਸੀ। ਪਹਿਲੀ ਵਾਰ ਉਸ ਨੂੰ ਸਖ਼ਤ ਸੁਰੱਖਿਆ ਹੇਠ ਜੇਲ੍ਹ ਤੋਂ ਬਾਹਰ ਲਿਆਂਦਾ ਗਿਆ। ਪਹਿਲੀ ਪੈਰੋਲ 'ਤੇ ਸੌਦਾ ਸਾਧ ਨੂੰ ਆਪਣੀ ਬਿਮਾਰ ਮਾਂ ਨੂੰ ਮਿਲਣ ਲਈ ਜੇਲ੍ਹ ਤੋਂ ਬਾਹਰ ਆਉਣ ਦੀ ਇਜਾਜ਼ਤ ਦਿੱਤੀ ਗਈ ਸੀ।

ਭਗਵੇਂਵਾਦ ਦੀ ਸਿਆਸੀ ਖੇਡ

ਸੌਦਾ ਸਾਧ ਦੇ ਅਪਰਾਧਾਂ ਦੀ ਸੂਚੀ ਕਾਫ਼ੀ ਗੰਭੀਰ ਹੈ। ਜੇਲ੍ਹ ਪ੍ਰਸ਼ਾਸਨ ਅਤੇ ਜ਼ਿਲ੍ਹਾ ਪ੍ਰਸ਼ਾਸਨ ਉਸ ਨੂੰ ਸਤਾ ਦੇ ਦਬਾਅ ਬਿਨਾਂ ਵਾਰ-ਵਾਰ ਪੈਰੋਲ ਨਹੀਂ ਦੇ ਸਕਦਾ, ਇਹ ਹਰਿਆਣਾ ਅਤੇ ਪੰਜਾਬ ਦੇ ਲੋਕਾਂ ਦੀ ਆਮ ਰਾਏ ਹੈ। ਕੌਣ ਨਹੀਂ ਜਾਣਦਾ ਕਿ ਸਿੱਖ ਜਾਂ ਖੱਬੇਪਖੀ ਕੈਦੀਆਂ ਨੂੰ ਆਪਣੀ ਮਾਂ, ਪਿਤਾ ਜਾਂ ਪਤਨੀ ਦੇ ਸਸਕਾਰ ਵਿੱਚ ਸ਼ਾਮਲ ਹੋਣ ਲਈ ਪੈਰੋਲ ਲਈ ਕਿੰਨੀਆਂ ਅਪੀਲਾਂ ਕਰਨੀਆਂ ਪੈਂਦੀਆਂ ਹਨ ? ਇਸ ਵਾਰ ਸੌਦਾ ਸਾਧ ਨੇ ਪੈਰੋਲ ਲਈ ਬਿਮਾਰ ਮਾਂ ਨੂੰ ਦੇਖਣ ਲਈ,ਆਪਣੀਆਂ ਗੋਦ ਲਈਆਂ ਧੀਆਂ ਦਾ ਵਿਆਹ ਕਰਨ ਲਈ,ਆਪਣੇ ਖੇਤਾਂ ਦੀ ਸੰਭਾਲ ਕਰਨ ਲਈ, ਸਾਬਕਾ ਡੇਰਾ ਮੁਖੀ ਸ਼ਾਹ ਸਤਨਾਮ ਦਾ ਜਨਮ ਦਿਨ ਮਨਾਉਣ ਲਈ ਬਹਾਨਾ ਬਣਾਇਆ ਹੈ ਪਰ ਅਸਲ ਕਾਰਨ 15 ਅਗਸਤ ਨੂੰ ਉਸ ਦਾ ਜਨਮ ਦਿਨ ਮਨਾਉਣਾ ਅਤੇ ਇਕ ਤਰ੍ਹਾਂ ਦਾ 'ਸ਼ਕਤੀ ਦਾ ਪ੍ਰਦਰਸ਼ਨ'

(**ਬਾਕੀ ਸਫ਼ਾ 30 'ਤੇ**)

# ਅੰਮ੍ਰਿਤਪਾਲ ਸਿੰਘ ਦੀ ਪਤਨੀ ਕਿਰਨਦੀਪ ਕੌਰ ਨੂੰ ਵਿਦੇਸ਼ ਜਾਣ ਤੋਂ ਤੀਜੀ ਵਾਰ ਰੋਕਣਾ ਬੇਇਨਸਾਫ਼ੀ

### ਭਾਈ ਅਵਤਾਰ ਖੰਡਾ ਦੇ ਸਸਕਾਰ 'ਚ ਹੋਣਾ ਚਾਹੁੰਦੀ ਸੀ ਸ਼ਾਮਲ




'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਦੀ ਪਤਨੀ ਕਿਰਨਦੀਪ ਕੌਰ ਨੂੰ ਵਿਦੇਸ਼ ਜਾਣ ਤੋਂ ਮੁੜ ਰੋਕਕੇ ਭਾਰਤ ਸਰਕਾਰ ਨੇ ਬੇਇਨਸਾਫ਼ੀ ਕੀਤੀ ਹੈ। ਇਹ ਤੀਜੀ ਵਾਰ ਹੈ ਜਦੋਂ ਕਿਰਨਦੀਪ ਨੂੰ ਵਿਦੇਸ਼ ਜਾਣ ਤੋਂ ਹੁਣ ਦਿੱਲੀ ਏਅਰਪੋਰਟ 'ਤੇ ਰੋਕਿਆ ਗਿਆ ਹੈ। ਇਸ ਤੋਂ ਪਹਿਲਾਂ ਉਸ ਨੂੰ ਅੰਮ੍ਰਿਤਸਰ ਦੇ ਸ੍ਰੀ ਗੁਰੂ ਰਾਮਦਾਸ ਇੰਟਰਨੈਸ਼ਨਲ ਏਅਰਪੋਰਟ 'ਤੇ ਰੋਕਿਆ ਗਿਆ ਸੀ। ਇਸ ਤੋਂ ਬਾਅਦ ਕਿਰਨਦੀਪ ਕੌਰ ਨੇ ਮੀਡੀਆ ਵਿੱਚ ਆਪਣੀ ਲਿਖਤੀ ਸਟੇਟਮੈਂਟ ਜਾਰੀ ਕੀਤੀ ਹੈ। ਜਿਸ ਵਿੱਚ ਉਹਨਾਂ ਲਿਖਿਆ ਕਿ - ਮੈਨੂੰ ਇੰਗਲੈਂਡ ਜਾਣ ਤੋਂ ਤੀਜੀ ਵਾਰ ਰੋਕਿਆ ਗਿਆ ਹੈ, ਕਿਉਂਕਿ ਕਾਨੂੰਨ ਦੇ ਅਨੁਸਾਰ ਮੈਨੂੰ 180 ਦਿਨ ਪਹਿਲਾਂ ਦਾਖਲਾ ਲੈਣ ਦੀ ਲੋੜ ਹੈ। ਅਪ੍ਰੈਲ ਦੇ ਦੌਰਾਨ ਗੋਦੀ ਮੀਡੀਆ ਨੇ ਖ਼ਬਰਾਂ ਛਾਪੀਆਂ ਕਿ ਮੈਂ ਇੰਗਲੈਂਡ ਵਾਪਸ ਭੱਜ ਰਹੀ ਸੀ, ਕਿਸੇ ਦੇ ਵੀ ਘਰ ਵਾਪਸ ਜਾਣ ਨੂੰ ਭੱਜਣਾ ਨਹੀਂ ਕਿਹਾ ਜਾ ਸਕਦਾ। ਇੱਕ ਬ੍ਰਿਟਿਸ਼ ਨਾਗਰਿਕ ਹੋਣ ਦੇ ਨਾਤੇ ਮੇਰੇ 'ਤੇ ਵੱਖ-ਵੱਖ ਨਿਯਮ ਲਾਗੂ ਹੁੰਦੇ ਹਨ। ਉਦੋਂ ਤੋਂ, ਮੈਂ ਇਹ ਪੁਸ਼ਟੀ ਕਰਨ ਲਈ ਕਿ ਮੈਨੂੰ ਇੰਗਲੈਂਡ ਜਾਣ ਵਿੱਚ ਕੋਈ ਸਮੱਸਿਆ ਨਹੀਂ ਹੋਵੇਗੀ, ਠੀਕ ਇੱਕ ਮਹੀਨਾ ਪਹਿਲਾਂ 14 ਜੁਲਾਈ ਲਈ ਇੱਕ ਫਲਾਈਟ ਬੁੱਕ ਕੀਤੀ ਸੀ। ਰਵਾਨਗੀ ਦੀ ਸਵੇਰ ਤੱਕ ਮੈਨੂੰ ਦੱਸਿਆ ਜਾ ਰਿਹਾ ਸੀ ਕਿ ਮੈਂ ਜਾਣ ਵਿੱਚ ਕਿਸੇ ਤਰ੍ਹਾਂ ਦੀ ਕੋਈ ਅੜਚਨ ਨਹੀਂ ਸੀ, ਫਿਰ ਬੋਰਡਿੰਗ ਦੇ ਸਮੇਂ ਤੋਂ ਕੁਝ ਘੰਟੇ ਪਹਿਲਾਂ ਮੈਨੂੰ ਨਾ ਜਾਣ ਲਈ ਕਿਹਾ ਗਿਆ।

ਉਨ੍ਹਾਂ ਨੇ ਮੈਨੂੰ 18 ਤਰੀਕ ਤੱਕ ਕੁਝ ਦਿਨ ਉਡੀਕ ਕਰਨ ਲਈ ਕਿਹਾ। ਇਸ ਲਈ, ਮੈਂ 19 ਤਾਰੀਖ ਲਈ ਦੁਬਾਰਾ ਫਲਾਈਟ ਬੁੱਕ ਕੀਤੀ। ਕਿਸੇ ਅਧਿਕਾਰੀ ਨੇ ਮੇਰੇ ਨਾਲ ਸਿੱਧੇ ਜਾਂ ਸਪਸ਼ਟ ਤੌਰ 'ਤੇ ਗੱਲ ਨਹੀਂ ਕੀਤੀ। ਉਹ ਅਜਿਹੇ ਸੰਦੇਸ਼ਾਂ ਨੂੰ ਪਾਸ ਕਰਨ ਲਈ ਮੇਰੇ ਨਾਲ ਸੰਪਰਕ ਕਰ ਰਹੇ ਹਨ। ਉਹ ਨਹੀਂ ਚਾਹੁੰਦੇ ਕਿ ਮੈਂ ਅਵਤਾਰ ਸਿੰਘ ਖੰਡਾ ਦੇ ਅੰਤਿਮ ਸਸਕਾਰ ਵਿੱਚ ਸ਼ਾਮਲ ਹੋਵਾਂ,

(**ਬਾਕੀ ਸਫ਼ਾ 30 'ਤੇ**)

# ਅੱਤਵਾਦੀਆਂ ਦੀਆਂ ਕਾਰਵਾਈਆਂ ਦਾ ਢੰਗ ਤਰੀਕਾ

## ਏ.ਆਈ.ਐਸ.ਐਸ.ਐਫ. ਦੇ ਕਾਰਕੁਨ ਵਿਰਸਾ ਸਿੰਘ ਵਲਟੋਹਾ ਵੱਲੋਂ ਦਿਲਚਸਪ ਵੇਰਵੇ

ਧੰਨਵਾਦ ਸਹਿਤ
ਇੰਡੀਆ ਟੂਡੇ
(ਛਪਿਆ 15 ਜੂਨ 1985)

ਕਿਸ਼ਤ ਦੂਜੀ

### ਵਿਰਸਾ ਸਿੰਘ ਵਲਟੋਹਾ ਦਾ ਇਕਬਾਲੀਆ ਬਿਆਨ





ਅਸੀਂ ਦੋਵੇਂ ਉਥੋਂ ਅੱਧਾ ਕਿਲੋਮੀਟਰ ਦੌੜ ਕੇ ਇੱਕ ਨਹਿਰ ਪਾਰ ਕੀਤੀ। ਅੰਮ੍ਰਿਤਸਰ ਵਾਪਸ ਆਉਂਦਿਆਂ, ਅਸੀਂ ਅਕਾਲ ਰੈਸਟ ਹਾਊਸ ਵਿੱਚ ਹਰਮਿੰਦਰ ਸਿੰਘ ਸੰਧੂ ਅਤੇ ਰਜਿੰਦਰ ਸਿੰਘ ਮਹਿਤਾ ਨੂੰ ਮਿਲੇ। ਮੈਂ ਆਪਣੇ ਕੱਪੜੇ ਹਰਮਿੰਦਰ ਸਿੰਘ ਸੰਧੂ ਦੇ ਕੱਪੜਿਆਂ ਨਾਲ ਬਦਲ ਕੇ ਆਪਣੇ ਕਾਲਜ ਜਾਣ ਲਈ ਚਲਾ ਗਿਆ। ਇੱਕ ਵਾਰ ਜਦੋਂ ਉਸਨੇ ਛਾਪੇਮਾਰੀ ਵਿੱਚ ਆਪਣੀ ਯੋਗਤਾ ਸਾਬਤ ਕਰ ਦਿੱਤੀ ਤਾਂ ਉਹ ਭਿੰਡਰਾਂਵਾਲੇ ਦੇ ਹਿੱਟ ਸਕੁਐਡ ਵਿੱਚ ਇੱਕ ਨਿਯਮਤ ਭਾਗੀਦਾਰ ਬਣ ਗਿਆ ਪਰ 5 ਮਾਰਚ 1983 ਨੂੰ ਦਿੱਲੀ ਦੇ ਪਾਲਿਕਾ ਬਾਜ਼ਾਰ ਵਿਖੇ ਬੰਬ ਧਮਾਕਿਆਂ ਨਾਲ ਉਸ ਦੀ ਜ਼ਿੰਦਗੀ ਵਿੱਚ ਨਵਾਂ ਮੋੜ ਆਇਆ। ਵਿਰਸਾ ਸਿੰਘ ਨੇ ਛਾਪੇਮਾਰੀ ਵਿੱਚ ਸਰਗਰਮੀ ਨਾਲ ਹਿੱਸਾ ਲਿਆ ਸੀ। ਜਲਦੀ ਹੀ ਹਰਮਿੰਦਰ ਸਿੰਘ ਸੰਧੂ ਨੇ ਉਸ ਨੂੰ ਦੱਸਿਆ ਕਿ ਉਸ ਖ਼ਿਲਾਫ਼ ਦਿੱਲੀ ਵਿੱਚ ਕੇਸ ਦਰਜ ਕੀਤਾ ਗਿਆ ਹੈ। ਇਹ ਝੂਠ ਸੀ ਪਰ ਵਿਰਸਾ ਸਿੰਘ ਨੂੰ ਪਰੇਸ਼ਾਨ ਕਰਨ ਲਈ ਕਾਫ਼ੀ ਚੰਗਾ ਸੀ। ਉਹ ਕਹਿੰਦਾ ਹੈ, ਮੈਨੂੰ ਇਨ੍ਹਾਂ ਧਮਾਕਿਆਂ ਦੀਆਂ ਖ਼ਬਰਾਂ ਵਿੱਚ ਮੇਰੇ ਨਾਂ ਦਾ ਜ਼ਿਕਰ ਨਹੀਂ ਮਿਲਿਆ।

ਹਾਲਾਂ ਕਿ, ਮੈਂ ਗ੍ਰਿਫ਼ਤਾਰ ਦੇ ਡਰੋਂ ਹਰਿਮੰਦਰ ਸਾਹਿਬ ਕੰਪਲੈਕਸ ਵਿੱਚ ਰਹਿਣਾ ਸ਼ੁਰੂ ਕਰ ਦਿੱਤਾ। ਇਸ ਤਰਾਂ ਉਹ ਇੱਕ ਸਾਧਾਰਨ ਕਾਲਜ ਦੇ ਵਿਦਿਆਰਥੀ ਤੋਂ ਕਾਨੂੰਨ ਤੋਂ ਛੁਪੇ ਇੱਕ ਪੁਸ਼ਟੀ ਕੀਤੇ ਭਗੌੜੇ ਵਿੱਚ ਤਬਦੀਲ ਹੋ ਗਿਆ। ਜੁਲਾਈ 1983 ਵਿੱਚ ਉਹ ਗੁਰੂ ਰਾਮਦਾਸ ਸਰਾਏ ਦੇ ਕਮਰੇ ਨੰਬਰ 20 ਵਿੱਚ ਰਹਿਣ ਲੱਗ ਪਿਆ। ਤਿੰਨ ਮਹੀਨੇ ਬਾਅਦ ਉਨ੍ਹਾਂ ਨੂੰ ਰਸਮੀ ਤੌਰ 'ਤੇ ਏਆਈਐਸਐਸਐਫ ਦਾ ਦਫ਼ਤਰ ਸਕੱਤਰ ਨਿਯੁਕਤ ਕੀਤਾ ਗਿਆ। ਉਹ ਜਲਦੀ ਹੀ ਏਆਈਐਸਐਸਐਫ ਦੀ ਲੜੀ ਵਿੱਚ ਸੰਧੂ ਅਤੇ ਹੋਰਾਂ ਦਾ ਵਿਸ਼ਵਾਸਪਾਤਰ ਬਣ ਗਿਆ। ਇਸ ਤੋਂ ਇਲਾਵਾ, ਦਫ਼ਤਰ ਸਕੱਤਰ ਹੋਣ ਦੇ ਨਾਤੇ, ਉਹ ਸੰਗਠਨ ਦੇ ਅੰਦਰ ਵਾਪਰਨ ਵਾਲੀ ਹਰ ਚੀਜ਼ ਤੋਂ ਜਾਣੂ ਸੀ। ਇਹ ਮੰਨਦੇ ਹੋਏ ਕਿ ਪੁਲਿਸ ਅਧਿਕਾਰੀਆਂ ਦੀ ਤਫ਼ਤੀਸ਼ ਦੁਆਰਾ ਉਸ ਦੀ ਪੁੱਛ-ਗਿੱਛ ਦੇ ਵੇਰਵੇ ਇਮਾਨਦਾਰੀ ਨਾਲ ਦਰਜ ਕੀਤੇ ਗਏ ਹਨ, ਉਸ ਨੂੰ ਚੰਗੀ ਯਾਦਦਾਸ਼ਤ ਜਾਪਦੀ ਹੈ ਅਤੇ ਉਹ ਪੰਜਾਬ ਵਿੱਚ ਅੱਤਵਾਦ ਦੇ ਤਿੰਨ ਸਾਲਾਂ ਦੇ ਇਤਿਹਾਸ ਦੇ ਮੁੱਖ ਮੋੜਾਂ ਨੂੰ ਸਹੀ ਢੰਗ ਨਾਲ ਯਾਦ ਕਰਦਾ ਹੈ, ਇਸ ਤੋਂ ਇਲਾਵਾ ਉਹ ਕਾਰਵਾਈਆਂ ਜਿਨ੍ਹਾਂ ਵਿੱਚ ਉਸਨੇ ਖੁਦ ਹਿੱਸਾ ਲਿਆ ਸੀ। ਇੱਥੇ ਕੁਝ ਉਦਾਹਰਨਾਂ ਦਿੱਤੀਆਂ ਗਈਆਂ ਹਨ, ਜਿਨ੍ਹਾਂ ਨੂੰ ਪੁੱਛ-ਪੜਤਾਲ ਰਿਪੋਰਟ ਤੋਂ ਸਿੱਧਾ ਹਵਾਲਾ ਦਿੱਤਾ ਗਿਆ ਹੈ। ਐਚ.ਐਸ. ਮਨਚੰਦਾ ਦਾ ਕਤਲ: ਏ.ਆਈ.ਐਸ.ਐਸ.ਐਫ 'ਤੇ 19.3.84 ਨੂੰ ਪਾਬੰਦੀ ਲਗਾਈ ਗਈ ਸੀ। ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ (ਡੀਜੀਪੀਸੀ) ਦੇ ਪ੍ਰਧਾਨ ਹਰਬੰਸ ਸਿੰਘ ਮਨਚੰਦਾ ਨੇ ਪ੍ਰੈਸ ਬਿਆਨ ਜਾਰੀ ਕਰਕੇ ਇਸ ਦਾ ਸਵਾਗਤ ਕੀਤਾ ਅਤੇ ਸੰਤ ਭਿੰਡਰਾਂਵਾਲਿਆਂ ਨੂੰ ਅਕਾਲ ਤਖ਼ਤ ਖਾਲੀ ਕਰਨ ਲਈ ਵੀ ਕਿਹਾ... ਹਰਮਿੰਦਰ ਸਿੰਘ ਸੰਧੂ ਨੇ ਅਮਰਜੀਤ ਨੂੰ ਕਿਹਾ ਕਿ ਚਾਵਲਾ, ਮੁੱਖ ਜਥੇਬੰਦਕ ਸਕੱਤਰ, ਏ.ਆਈ.ਐੱਸ.ਐੱਸ.ਐੱਫ., ਅਤੇ ਮੈਂ ਇਸ ਕਾਰਜ ਲਈ ਤਤਪਰ ਰਹਿਣ। ਇੱਕ ਦੋ ਦਿਨ ਬਾਅਦ ਹਰਮਿੰਦਰ ਸਿੰਘ ਸੰਧੂ ਅਤੇ ਰਜਿੰਦਰ ਸਿੰਘ ਮਹਿਤਾ ਚਾਵਲਾ, ਗੁਰਿੰਦਰ ਸਿੰਘ ਭੋਲਾ ਅਤੇ ਮੈਨੂੰ ਗੁਰੂ ਰਾਮਦਾਸ ਸਰਾਏ ਦੇ ਇੱਕ ਕਮਰੇ ਵਿੱਚ ਲੈ ਗਏ। ਮੇਰੇ ਕੋਲ ਇੱਕ .455 ਬੋਰ ਦਾ ਰਿਵਾਲਵਰ ਅਤੇ 19 ਗੋਲੀਆਂ ਸਨ। ਭੋਲਾ ਕੋਲ ਇੱਕ .30 ਬੋਰ ਦਾ ਪਿਸਤੌਲ ਸੀ।

ਇਹ ਸੁਝਾਅ ਦਿੱਤਾ ਗਿਆ ਸੀ ਕਿ ਭੋਲਾ ਅਤੇ ਚਾਵਲਾ ਨੂੰ ਦਿੱਲੀ ਵਿੱਚ ਇਸ ਕਾਰਵਾਈ ਲਈ ਇੱਕ ਵਾਹਨ ਚੋਰੀ ਕਰਨਾ ਚਾਹੀਦਾ ਹੈ .... ਚਾਵਲਾ ਨੇ ਕਾਰ ਚਲਾਈ. ਅਸੀਂ ਸਵੇਰੇ 8 ਵਜੇ ਦੇ ਕਰੀਬ ਮਨਚੰਦਾ (ਦਿੱਲੀ ਵਿੱਚ) ਦੇ ਘਰ ਪਹੁੰਚੇ, ਅਸੀਂ ਦੇਖਿਆ ਕਿ ਮਨਚੰਦਾ ਆਪਣੇ ਘਰ ਵਾਪਸ ਆ ਰਿਹਾ ਸੀ ਅਤੇ ਫਿਰ ਇੱਕ ਕਾਰ ਵਿੱਚ ਬਾਹਰ ਆ ਰਿਹਾ ਸੀ। ਅਸੀਂ ਕਾਰ ਦਾ ਪਿੱਛਾ ਕੀਤਾ।

ਮਨਚੰਦਾ ਦੀ ਕਾਰ ਵਿੱਚ ਪੰਜ-ਛੇ ਵਿਅਕਤੀ ਬੈਠੇ ਸਨ... ਚਾਵਲਾ ਨੇ ਸਲਾਹ ਦਿੱਤੀ ਕਿ ਸਾਨੂੰ ਲਾਲ ਬੱਤੀ 'ਤੇ ਮੌਕਾ ਲੈਣਾ ਚਾਹੀਦਾ ਹੈ ਜਿੱਥੇ ਕਾਰ ਰੋਕਣੀ ਪਵੇਗੀ... ਜਦੋਂ ਮਨਚੰਦਾ ਦੀ ਕਾਰ ਤਿਲਕ ਪੁਲ ਨੇੜੇ ਲਾਲ ਬੱਤੀ 'ਤੇ ਰੁਕੀ ਤਾਂ ਚਾਵਲਾ ਨੇ ਪੁੱਛਿਆ। ਮੈਂ ਅਤੇ ਭੋਲਾ ਹੇਠਾਂ ਉੱਤਰਨ ਲਈ ਅਸੀਂ ਇੰਨੀ ਜਲਦੀ ਕੀਤੀ ਤੇ ਅਸੀਂ ਦੋਵੇਂ ਮਨਚੰਦਾ ਦੀ ਕਾਰ ਵੱਲ ਭੱਜੇ ਪਰ ਲਾਈਟ ਪਹਿਲਾਂ ਹੀ ਹਰੀ ਸੀ ਅਤੇ ਮਨਚੰਦਾ ਦੀ ਕਾਰ ਸਟਾਰਟ ਹੋ ਚੁੱਕੀ ਸੀ।

ਮੈਂ ਭੋਲੇ ਨੂੰ ਵਾਪਸ ਆਉਣ ਲਈ ਰੌਲਾ ਪਾਇਆ ਪਰ ਉਸ ਨੇ ਮੇਰੀ ਇੱਕ ਨਾ ਸੁਣੀ। ਉਸਨੇ ਗੋਲੀਬਾਰੀ ਸ਼ੁਰੂ ਕਰ ਦਿੱਤੀ। ਉਸ ਨੇ 6-7 ਗੋਲੀਆਂ ਚਲਾਈਆਂ। ਇਸੇ ਦੌਰਾਨ ਮੈਂ ਵੀ ਮਨਚੰਦਾ ਦੀ ਕਾਰ ਦੇ ਨੇੜੇ ਪਹੁੰਚ ਗਿਆ। ਮੈਂ ਦੂਜੇ ਪਾਸਿਓਂ ਛੇ ਗੋਲੀਆਂ ਚਲਾਈਆਂ। ਭੋਲੇ ਨੇ ਆਪਣੇ ਖਾਲੀ ਮੈਗਜ਼ੀਨ ਦੀ ਥਾਂ ਨਵਾਂ ਮੈਗਜ਼ੀਨ ਲੈ ਲਿਆ ਅਤੇ ਹੋਰ ਗੋਲੀਆਂ ਚਲਾ ਦਿੱਤੀਆਂ। ਕੁੱਲ ਮਿਲਾ ਕੇ ਭੋਲੇ ਨੇ 13-14 ਗੋਲੀਆਂ ਚਲਾਈਆਂ ਹੋਣਗੀਆਂ। ਦੁਪਹਿਰ 12 ਵਜੇ ਦੇ ਕਰੀਬ ਸੀ, ਅਸੀਂ ਆਪਣੀ ਕਾਰ ਵੱਲ ਭੱਜੇ, ਮਨਚੰਦਾ ਦੇ ਬਾਡੀਗਾਰਡ ਨੇ 9-10 ਗੋਲੀਆਂ ਚਲਾਈਆਂ ਪਰ ਇਨ੍ਹਾਂ ਵਿੱਚੋਂ ਸਾਨੂੰ ਕੋਈ ਨਹੀਂ ਲੱਗੀ। ਅਸੀਂ ਆਪਣੀ ਕਾਰ ਵਿੱਚ ਚੜ੍ਹ ਗਏ ਜਿਸ ਨੂੰ ਚਾਵਲਾ ਨੇ ਸਟਾਰਟ ਪੋਜ਼ੀਸ਼ਨ ਵਿੱਚ ਰੱਖਿਆ। ਉਸਨੇ ਸਾਨੂੰ ਸੁਪ੍ਰੀਮ ਕੋਰਟ ਦੇ ਨੇੜੇ ਤੋਂ ਭਜਾ ਦਿੱਤਾ। ਮੈਨੂੰ ਇੰਡੀਆ ਗੇਟ ਦੇ ਕੋਲ ਸੁੱਟ ਦਿੱਤਾ ਗਿਆ ਅਤੇ ਚਾਵਲਾ ਭੋਲੇ ਨੂੰ ਲੈ ਕੇ ਭੱਜ ਗਿਆ। ਮੈਂ ਥ੍ਰੀ-ਵ੍ਹੀਲਰ ਫੜਿਆ ਅਤੇ ਨਾਨਕਸਰ ਗੁਰਦੁਆਰੇ ਪਹੁੰਚ ਗਿਆ। 29.3.84 ਨੂੰ ਅਸੀਂ ਦਿੱਲੀ ਤੋਂ ਸਵੇਰੇ 9 ਵਜੇ ਦੀ ਰੇਲਗੱਡੀ ਫੜੀ ਅਤੇ ਸ਼ਾਮ 7 ਵਜੇ ਦੇ ਕਰੀਬ ਅੰਮ੍ਰਿਤਸਰ ਪਹੁੰਚੇ। ਸੰਧੂ ਅਤੇ ਮਹਿਤਾ ਸਾਨੂੰ ਭਾਈ ਅਮਰੀਕ ਸਿੰਘ ਕੋਲ ਲੈ ਗਏ ਜੋ ਸਾਨੂੰ ਅਕਾਲ ਤਖ਼ਤ ਵਿਖੇ ਸੰਤ ਭਿੰਡਰਾਂਵਾਲਿਆਂ ਕੋਲ ਲੈ ਗਏ ਜਿੱਥੇ ਕੁਝ ਭੀੜ ਸੀ। ਅਸੀਂ ਭੀੜ ਦੇ ਘੱਟ ਹੋਣ ਲਈ ਲਗਭਗ ਇੱਕ ਘੰਟੇ ਤੱਕ ਇੰਤਜ਼ਾਰ ਕੀਤਾ। ਭਿੰਡਰਾਂਵਾਲੇ ਨੇ ਇਸ ਕੰਮ 'ਤੇ ਆਪਣੀ ਖੁਸ਼ੀ ਜ਼ਾਹਰ ਕੀਤੀ ਅਤੇ ਟਿੱਪਣੀ ਕੀਤੀ ਕਿ ਉਸਨੇ ਮੇਰੀ ਪਹਿਲੀ ਗਲਤੀ (ਮੇਰੇ ਪਿਆਰੇ ਨੂੰ ਹਰਿਮੰਦਰ ਸਾਹਿਬ ਕੰਪਲੈਕਸ ਬੁਲਾਉਣ ਦੀ)

(ਚਲਦਾ)

DIAMOND TRANSPORTATION

DIAMOND
Transportation
Logistics, Inc.

Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ

Good Pay

Dedicated Routs

Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ
209.487.3699

ਹਰਨੇਕ ਸਿੰਘ ਅਟਵਾਲ
209.351.5965

2850 Loomis Rd, Stockton, CA 95205



# ਕੀਟਨਾਸ਼ਕ ਦਵਾਈਆਂ, ਪ੍ਰਦੂਸ਼ਿਤ ਖਾਣ ਪੀਣ ਬਣੇ ਕੈਂਸਰ ਦਾ ਕਾਰਨ

## ਫੈਕਟਰੀਆਂ ਦਾ ਪਾਣੀ ਦਰਿਆਵਾਂ ਵਿੱਚ ਜਾਂ ਧਰਤੀ ਹੇਠਾਂ ਨਾ ਪਾਉਣ ਦਾ ਕਾਨੂੰਨ ਪਾਸ ਕਰੇ ਪੰਜਾਬ ਸਰਕਾਰ

ਡਾ. ਅਮਨਪ੍ਰੀਤ ਸਿੰਘ ਬਰਾੜ

ਪੰਜਾਬ ਨੂੰ ਜਿੱਥੇ ਕਈ ਤਰ੍ਹਾਂ ਦੇ ਮੁੱਦਿਆਂ ਨੇ ਘੇਰਿਆ ਹੋਇਆ ਹੈ ਉੱਥੇ ਹੀ ਸਿਹਤ ਦੇ ਮੁੱਦਿਆਂ 'ਤੇ ਵੀ ਕਈ ਪਾਸਿਓਂ ਪੱਛੜਦਾ ਨਜ਼ਰ ਆ ਰਿਹਾ ਹੈ। ਸਿਹਤ ਪੱਖੋਂ ਸਭ ਤੋਂ ਭਿਆਨਕ ਬਿਮਾਰੀ ਕੈਂਸਰ ਦੀ ਹੈ ਜਿਸ ਦਾ ਨਾਂ ਸੁਣਦਿਆਂ ਹੀ ਸ਼ਮਸ਼ਾਨਘਾਟ ਦਾ ਦ੍ਰਿਸ਼ ਅੱਖਾਂ ਸਾਹਮਣੇ ਆ ਜਾਂਦਾ ਹੈ ਅਤੇ ਬਹੁਤੀ ਵਾਰ ਇਹ ਸੱਚ ਵੀ ਹੁੰਦਾ ਹੈ।

ਪੰਜਾਬ ਸਰਕਾਰ ਦੀ 2012-2013 ਦੀ ਰਿਪੋਰਟ ਮੁਤਾਬਕ 1 ਲੱਖ ਦੀ ਆਬਾਦੀ ਵਿੱਚੋਂ 90 ਲੋਕਾਂ ਨੂੰ ਕੈਂਸਰ ਹੈ ਜਦਕਿ ਭਾਰਤ ਵਿੱਚ 80 ਲੋਕ ਇਸ ਬਿਮਾਰੀ ਨਾਲ ਪੀੜਤ ਹਨ। ਪੰਜਾਬ ਵਿੱਚ 4 ਜ਼ਿਲ੍ਹੇ ਅਜਿਹੇ ਹਨ ਜਿੱਥੇ 1 ਲੱਖ ਵਿੱਚੋਂ 136 ਲੋਕ ਕੈਂਸਰ ਨਾਲ ਜੂਝ ਰਹੇ ਹਨ। ਇਹ ਜ਼ਿਲ੍ਹੇ ਹਨ ਮੁਕਤਸਰ, ਮਾਨਸਾ, ਬਠਿੰਡਾ ਅਤੇ ਫਿਰੋਜ਼ਪੁਰ ਜਦਕਿ ਤਰਨਤਾਰਨ ਦਾ ਨੰਬਰ 41 'ਤੇ ਆ ਜਾਂਦਾ ਹੈ। ਇਸੇ ਰਿਪੋਰਟ ਦੇ ਆਧਾਰ 'ਤੇ ਤਕਰੀਬਨ ਹਰ ਰੋਜ਼ 18 ਲੋਕ ਕੈਂਸਰ ਕਰਕੇ ਮਰ ਰਹੇ ਹਨ। ਇਸ ਸਾਰੇ ਵਿੱਚ ਮਾਲਵਾ ਖੇਤਰ ਨੂੰ ਕੈਂਸਰ ਬੈਲਟ ਦਾ ਨਾਮ ਦਿੱਤਾ ਗਿਆ ਹੈ। ਇਕ ਆਰਟੀਆਈ ਵੱਲੋਂ ਮੰਗੀ ਜਾਣਕਾਰੀ ਮੁਤਾਬਕ 2009 ਤੋਂ 31 ਦਸੰਬਰ 2021 ਤਕ ਫਰੀਦਕੋਟ ਮੈਡੀਕਲ ਕਾਲਜ ਦੇ ਕੈਂਸਰ ਵਿਭਾਗ ਕੋਲ 25160 ਮਰੀਜ਼ ਆਏ ਜਿਸ ਵਿੱਚ 10186 ਮਰਦ ਅਤੇ 14974 ਔਰਤਾਂ ਅਤੇ ਨਾਬਾਲਗ ਮਰੀਜ਼ ਸਨ। ਜਨਵਰੀ 2014 ਤੋਂ ਦਸੰਬਰ 2020 ਤਕ ਸੱਤ ਸਾਲਾਂ ਵਿਚ 2.52 ਲੱਖ ਕੇਸ ਸਾਹਮਣੇ ਆਏ ਅਤੇ 1.45 ਲੱਖ ਮੌਤਾਂ ਹੋਈਆਂ। ਮਰਨ ਵਾਲਿਆਂ ਵਿਚ 65 ਫ਼ੀਸਦੀ ਔਰਤਾਂ ਅਤੇ 35 ਫ਼ੀਸਦੀ ਮਰਦ ਸਨ। ਕੈਂਸਰ 'ਚ ਸਭ ਤੋ ਵੱਧ ਕੇਸ ਔਰਤਾਂ ਦੇ ਜਣਨ ਅੰਗ, ਫਿਰ ਬ੍ਰੈਸਟ ਕੈਂਸਰ ਅਤੇ ਸਭ ਤੋਂ ਹੇਠਾਂ ਹਨ ਅੱਖਾਂ, ਦਿਮਾਗ ਜਾਂ ਹੱਡੀਆਂ ਦਾ ਕੈਂਸਰ ਹਨ।



ਅਸਲ ਵਿੱਚ ਸੋਚਣ ਵਾਲੀ ਗੱਲ ਤਾਂ ਇਹ ਹੈ ਕਿ ਇਸ ਸਭ ਦਾ ਕਾਰਨ ਕੀ ਹੈ। ਕੈਂਸਰ ਦੇ ਕਾਰਨਾਂ ਦੀ ਗੱਲ ਕਰੀਏ ਤਾਂ ਅਸਲ ਵਿੱਚ ਇੱਕ ਬੜੀ ਪ੍ਰਚਲਿਤ ਧਾਰਨਾ ਹੈ ਕਿ ਕੈਂਸਰ ਕਿਸਾਨਾਂ ਵੱਲੋਂ ਫ਼ਸਲਾਂ 'ਤੇ ਵੱਧ ਖਾਦਾਂ ਤੇ ਕੀਟਨਾਸ਼ਕ ਪਾਉਣ ਨਾਲ ਹੋ ਰਿਹਾ ਹੈ। ਪਰ ਸ਼ਾਇਦ ਇਹ ਪੂਰੀ ਸੱਚਾਈ ਨਹੀਂ ਹੈ ਕਿਉਂਕਿ ਧਰਤੀ ਹੇਠਲੇ ਪਾਣੀ ਵਿੱਚ ਆਰਸੈਨਿਕ, ਯੂਰੇਨੀਅਮ ਅਤੇ ਸਿੱਕਾ ਆਦਿ ਵੀ ਸ਼ਾਮਲ ਹਨ। ਇਸ ਨੂੰ ਸਾਫ਼ ਕਰਨ ਲਈ ਆਰਓ ਸਿਸਟਮ ਲਾਏ ਜਾ ਰਹੇ ਹਨ।

ਪਰ ਇਹ ਪਾਣੀ ਸਿਰਫ਼ ਪੀਣ ਅਤੇ ਰਸੋਈ ਵਿੱਚ ਖਾਣਾ ਪਕਾਉਣ ਵਾਲੇ ਪਾਣੀ ਨੂੰ ਹੀ ਮਸਾਂ ਪੂਰੇ ਆਉਂਦੇ ਹਨ। ਇਸ ਵਿੱਚੋਂ ਸਿਰਫ਼ 99% ਹੀ ਯੂਰੇਨੀਅਮ ਸਾਫ਼ ਹੁੰਦਾ ਹੈ, ਪਰ ਜਿਹੜਾ ਪਾਣੀ ਫ਼ਸਲਾਂ ਨੂੰ ਲਾਇਆ ਜਾਂਦਾ ਹੈ ਉਸ ਨਾਲ ਕੁਝ ਤੱਤ ਜਿਣਸ ਵਿੱਚ ਵੀ ਪਹੁੰਚ ਜਾਂਦਾ ਹੈ। ਇਸ ਵੇਲੇ ਇਸ ਨੂੰ ਸੋਚਣ ਦੀ ਲੋੜ ਹੈ ਕਿ ਇਹ ਭਾਰੀ ਧਾਤਾਂ ਪਾਣੀ ਵਿੱਚ ਆਈਆਂ ਕਿੱਥੋਂ ? ਦਰਅਸਲ, ਇਸ ਦੀ ਜੜ੍ਹ ਬੱਝੀ ਹੈ ਜਿਹੜਾ ਫੈਕਟਰੀਆਂ ਦਾ ਗੰਦਾ ਪਾਣੀ ਨਾਲਿਆਂ ਜ਼ਰੀਏ ਨਦੀਆਂ ਵਿੱਚ ਸੁੱਟ ਦਿੱਤਾ ਜਾਂਦਾ ਹੈ। ਇਸ ਵਿੱਚ ਸਭ ਤੋਂ ਮੋਹਰੀ ਸ਼ਹਿਰ ਹੈ ਲੁਧਿਆਣਾ। ਇੱਥੋਂ ਦੀਆਂ ਫੈਕਟਰੀਆਂ ਜੋ ਰਸਾਇਣ ਵਰਤਦੀਆਂ ਹਨ, ਉਨ੍ਹਾਂ ਨੂੰ ਪਾਣੀ ਵਿੱਚ ਬਿਨਾਂ ਟਰੀਟਮੈਂਟ ਕੀਤੇ ਸੁੱਟਿਆ ਜਾਂਦਾ ਹੈ। ਬੁੱਢਾ ਨਾਲਾ ਇਸ ਦੀ ਜਿਊਂਦੀ-ਜਾਗਦੀ ਮਿਸਾਲ ਹੈ। ਭਾਰੀ ਰਕਮ ਲੱਗਣ ਦੇ ਬਾਵਜੂਦ ਬੁੱਢੇ ਨਾਲੇ ਦੇ ਹਾਲਾਤ ਜਿਉਂ ਤੇ ਤਿਉਂ ਬਣੇ ਹੋਏ ਹਨ। ਇਹ ਬੁੱਢਾ ਨਾਲਾ ਜਾ ਕੇ ਸਤਲੁਜ ਦਰਿਆ ਵਿੱਚ ਪੈਂਦਾ ਹੈ ਅਤੇ ਸਤਲੁਜ ਦਾ ਪਾਣੀ ਸਾਰੇ ਮਾਲਵੇ ਖੇਤਰ ਨੂੰ ਪੀਣ ਲਈ ਮਿਲਦਾ ਹੈ।



ਹਾਲਾਂ ਕਿ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਇੰਡਸਟਰੀ ਨੂੰ ਵਾਟਰ ਟਰੀਟਮੈਂਟ ਪਲਾਂਟ ਲਗਾਉਣੇ ਲਾਜ਼ਮੀ ਕੀਤੇ ਹਨ ਅਤੇ ਕਈਆਂ ਨੇ ਲਗਾਏ ਵੀ ਹਨ ਪਰ ਚਲਾਏ ਨਹੀਂ ਜਾਂਦੇ ਕਿਉਂਕਿ ਚਲਾਉਣ 'ਤੇ ਖ਼ਰਚਾ ਕਰਨਾ ਪੈਂਦਾ ਹੈ। ਕਈਆਂ ਨੇ ਪਾਣੀ ਬੁੱਢੇ ਨਾਲੇ 'ਚ ਪਾਉਣ ਦੀ ਬਜਾਏ ਧਰਤੀ ਵਿੱਚ ਬੋਰ ਕਰਕੇ ਹੇਠਾਂ ਪਾਉਣਾ ਸ਼ੁਰੂ ਕਰ ਦਿੱਤਾ ਹੈ ਜਿਸ ਨਾਲ ਧਰਤੀ ਹੇਠਲਾ ਪਾਣੀ ਖ਼ਰਾਬ ਹੋ ਰਿਹਾ ਹੈ। ਇਸ ਦਾ ਹੋਰ ਪ੍ਰਮਾਣ ਲੈਣਾ ਹੈ ਤਾਂ ਅਸੀਂ ਪਿੱਛੇ ਝਾਤ ਮਾਰੀਏ। ਮਾਰਚ 2020 ਤੋਂ ਮਈ 2020 ਤਕ ਜਦੋਂ ਸਾਰੇ ਪਾਸੇ ਲਾਕਡਾਊਨ ਸੀ ਉਸ ਸਮੇਂ ਨਦੀਆਂ ਦਾ ਪਾਣੀ, ਬੁੱਢੇ ਦਰਿਆ ਦਾ ਪਾਣੀ ਅਤੇ ਹਵਾ ਸਭ ਕੁਝ ਸਾਫ਼ ਹੋ ਗਿਆ ਸੀ। ਖੇਤੀ ਦਾ ਕੰਮ ਤਾਂ ਉਦੋਂ ਵੀ ਚੱਲ ਰਿਹਾ ਸੀ। ਜੋ ਫ਼ਰਕ ਸੀ ਉਹ ਸ਼ਹਿਰੀ ਲੋਕ ਸਾਰੇ ਘਰਾਂ ਅੰਦਰ ਸਨ, ਕਾਰਖ਼ਾਨੇ ਬੰਦ ਸਨ।

ਇਸ ਵਿੱਚ ਹੋਰ ਵੇਖਣ ਦੀ ਲੋੜ ਹੈ ਕਿ ਅਸੀਂ ਕਿਸਾਨਾਂ 'ਤੇ ਤਾਂ ਜ਼ੋਰ ਕੱਢੀ ਜਾਂਦੇ ਹਾਂ। ਕਿਸਾਨ ਤਾਂ ਤਕਰੀਬਨ ਜੋ ਸਿਫ਼ਾਰਸ਼ਾਂ ਖੇਤੀਬਾੜੀ ਯੂਨੀਵਰਸਿਟੀ ਕਰਦੀ ਹੈ, ਉਹੀ ਕੁਝ ਪਾਉਂਦੇ ਹਨ, ਪਰ ਜੋ ਜਿਣਸ ਵਿਕਣ ਤੋਂ ਬਾਅਦ ਫ਼ਸਲਾਂ ਦੀ ਸਾਂਭ-ਸੰਭਾਲ ਸਮੇਂ ਕੈਮੀਕਲ ਵਰਤੇ ਜਾਂਦੇ ਹਨ, ਉਹ ਵੀ ਕੈਂਸਰ ਫੈਲਾਉਣ ਵਿੱਚ ਸਹਾਈ ਹੁੰਦੇ ਹਨ ਜਿਵੇਂ ਫਲ, ਸਬਜ਼ੀਆਂ ਨੂੰ ਗੈਸ ਨਾਲ ਜਾਂ ਟੀਕਾ ਲਾਕੇ ਪਕਾਉਣਾ।

ਕਣਕ ਦੀ ਉਦਾਹਰਨ ਲੈ ਲਓ। ਜਿਹੜੀ ਕਣਕ ਇਸ ਸਾਲ ਮੰਡੀ ਵਿੱਚ ਆਈ ਉਹ ਤਕਰੀਬਨ ਸਾਲ ਬਾਅਦ ਆਟੇ ਦੇ ਰੂਪ ਵਿੱਚ ਖਾਣ ਨੂੰ ਮਿਲਣੀ ਹੈ। ਜੇ ਅਸੀਂ ਤਿੰਨ ਮਹੀਨੇ ਲਈ ਕਣਕ ਰੱਖ ਦੇਈਏ ਤਾਂ ਉਸ ਵਿੱਚ ਸੁਸਰੀ ਪੈ ਜਾਂਦੀ ਹੈ, ਯਾਨੀ ਇਸ ਦਾ ਇੱਕ ਅਰਥ ਤਾਂ ਇਹ ਹੈ ਕਿ ਜਿਹੜੇ ਕੀਟਨਾਸ਼ਕ ਖੇਤਾਂ ਵਿੱਚ ਪਾਏ ਗਏ, ਉਨ੍ਹਾਂ ਦਾ ਅਸਰ ਖ਼ਤਮ। ਦੂਜਾ ਉਸ ਨੂੰ ਬਚਾਉਣ ਲਈ ਗੁਦਾਮਾਂ-ਚੱਕੀਆਂ ਵਾਲੇ ਕੀਟਨਾਸ਼ਕ ਵਰਤਦੇ ਹਨ। ਧਰਤੀ ਦੇ ਪਾਣੀ ਨੂੰ ਪ੍ਰਦੂਸ਼ਿਤ ਕਰਨ ਵਿੱਚ ਇੱਕ ਹੋਰ



ਵੱਡਾ ਯੋਗਦਾਨ ਪਾ ਰਹੇ ਹਨ ਸੈਪਟਿਕ ਟੈਂਕ। ਜੇ ਅਸੀਂ ਅਮਰੀਕਾ ਦੀ ਗੱਲ ਕਰੀਏ ਤਾਂ ਤਕਰੀਬਨ 25% ਘਰੇਲੂ ਪਾਣੀ ਨੂੰ ਧਰਤੀ ਹੇਠ ਪਾਇਆ ਜਾਂਦਾ ਹੈ। ਉੱਥੇ ਵੀ ਇਨ੍ਹਾਂ ਸੈਪਟਿਕ ਟੈਂਕਾਂ ਦੀ ਬਣਤਰ ਵਿੱਚ ਸਮੱਸਿਆ ਤੇ ਟਾਈਮ ਨਾਲ ਲੀਕੇਜ ਕਰਕੇ ਵੱਖ-ਵੱਖ ਤਰ੍ਹਾਂ ਦੇ ਨਾਈਟਰੇਟ, ਬੈਕਟੀਰੀਆ, ਕੈਮੀਕਲ ਜੋ ਘਰੇਲੂ ਖਪਤ ਵਾਲੇ ਪਾਣੀ ਵਿੱਚ ਰਲਦੇ ਹਨ, ਉਹ ਹੇਠਾਂ ਜਾ ਰਹੇ ਹਨ।

ਸਾਡੇ ਦੇਸ਼ ਵਿੱਚ ਇਹ ਸਭ ਤੋਂ ਜ਼ਿਆਦਾ ਹੈ ਜਿਵੇਂ ਸਵੱਛ ਭਾਰਤ ਅਭਿਆਨ ਹੇਠ ਪਾਣੀ ਸੈਪਟਿਕ ਟੈਂਕ ਬਣਾ ਕੇ ਧਰਤੀ ਵਿੱਚ ਸੁੱਟਿਆ ਜਾਂਦਾ ਹੈ। ਨਵੀਆਂ ਕਾਲੋਨੀਆਂ ਅਤੇ ਪਿੰਡਾਂ ਵਿੱਚ ਜਿਹੜੇ ਸੈਪਟਿਕ ਟੈਂਕ ਬਣਦੇ ਹਨ ਉਹ ਤਾਂ ਬਹੁਤੇ ਸਰਕਾਰੀ ਡਿਜ਼ਾਈਨ ਦੇ ਮੁਤਾਬਕ ਵੀ ਨਹੀਂ ਹੁੰਦੇ। ਕਈ ਤਾਂ ਸਿੱਧਾ ਹੀ ਟੋਆ ਪੁੱਟ ਕੇ ਪਾਣੀ ਵਿੱਚ ਸੁੱਟੀ ਜਾਂਦੇ ਹਨ ਜਿਵੇਂ ਫੈਕਟਰੀਆਂ ਵਿੱਚ ਹੁੰਦਾ ਹੈ। ਅੱਜ ਸਭ ਤੋਂ ਵੱਧ ਲੋੜ ਹੈ ਖਾਣ-ਪੀਣ ਦੀ ਵਸਤਾਂ ਵੱਲ ਝਾਤ ਮਾਰਨ ਦੀ ਖ਼ਾਸ ਕਰਕੇ ਦੁੱਧ ਵੱਲ। ਫੂਡ ਸੇਫਟੀ ਐਂਡ ਸਟੈਂਡਰਡ ਅਥਾਰਟੀ ਆਫ਼ ਇੰਡੀਆ (ਐੱਫਐੱਸਐੱਸਏਆਈ) ਦੀ ਨੈਸ਼ਨਲ ਮਿਲਕ ਸੇਫਟੀ ਅਤੇ ਕਵਾਲਿਟੀ ਸਰਵੇ 2018 ਮੁਤਾਬਕ ਦੁੱਧ ਦੀ ਕੰਟੇਮੀਨੇਸ਼ਨ ਜ਼ਿਆਦਾ ਖ਼ਤਰਨਾਕ ਹੈ।

ਜਿਵੇਂ ਕਿ ਸੈਂਪਲਾਂ ਵਿੱਚ ਪਾਇਆ ਗਿਆ ਕਿ ਦੁੱਧ ਵਿੱਚ ਕਾਰਸੀਨੋਜਨ ਰਸਾਇਣ (ਜੋ ਕੈਂਸਰ ਕਰਦਾ ਹੈ) ਐਫਲੇਟੋਕਸਿਨ ਐੱਮ 1, ਲਿਵਰ ਟੋਕਸਿਨ ਮਾਈਕਰੋਕੰਟੇਨਮੈਂਟ ਪਾਏ ਗਏ ਹਨ। ਉਨ੍ਹਾਂ ਮੁਤਾਬਕ ਇਹ 50000 ਸੈਂਪਲਾਂ ਵਿਚ 7% ਪਾਏ ਗਏ ਹਨ। ਪਰ ਇਹ ਡਾਟਾ ਸਿਰਫ਼ ਕੁਝ ਹਿੱਸਾ ਦੱਸਦਾ ਹੈ। ਜੋ ਦੁੱਧ ਅੱਜ ਦੋਧੀਆਂ ਰਾਹੀਂ ਖ਼ਾਸ ਕਰਕੇ ਮਠਿਆਈਆਂ ਵਾਲ਼ਿਆਂ ਨੂੰ ਜਾਂ ਫਿਰ ਵਿਆਹ-ਸ਼ਾਦੀ ਅਤੇ ਗਮੀ 'ਤੇ ਸਪਲਾਈ ਹੁੰਦਾ ਹੈ ਉਸ ਵਿਚ ਕੀ ਹੈ ਤੇ ਕਿੰਨਾ ਸਿੰਥੈਟਿਕ ਹੈ, ਇਸ ਬਾਰੇ ਕੋਈ ਨਹੀਂ ਬੋਲ ਰਿਹਾ। ਅੱਜ ਲੋੜ ਪਏ ਤਾਂ ਤੁਸੀਂ ਡੇਅਰੀ 'ਤੇ ਜਾਓ ਤੇ 100 ਕੁਇੰਟਲ ਦੁੱਧ ਲਿਖਾ ਦਿਉ। ਅਗਲੇ ਦਿਨ ਮਿਲ ਜਾਊਗਾ। ਇਹੋ ਹੀ ਹਾਲ ਪਨੀਰ ਦਾ ਹੈ। ਹੁਣ ਬਠਿੰਡਾ ਵਿੱਚ ਏਮਜ਼ ਵੀ ਖੋਲ੍ਹਿਆ ਗਿਆ ਹੈ ਪਰ ਉੱਥੇ ਸਹੂਲਤ ਫਰੀਦਕੋਟ ਨਾਲੋਂ ਵੀ ਘੱਟ ਹੈ ਤੇ ਰੈਫਰ ਪੀਜੀਆਈ ਨੂੰ ਹੀ ਕੀਤਾ ਜਾਂਦਾ ਹੈ। ਸੋ, ਬਹੁਤੇ ਲੋਕਾਂ ਦੀ ਨਿਰਭਰਤਾ ਜਾਂ ਤਾਂ ਰਾਜਸਥਾਨ ਵਿੱਚ ਬੀਕਾਨੇਰ ਨੂੰ ਹੈ ਜਾਂ ਫਿਰ ਲੁਧਿਆਣੇ ਡੀਐੱਮਸੀ ਜਾਂ ਮੋਹਾਲੀ ਮੈਕਸ ਨੂੰ ਜੋ ਪ੍ਰਾਈਵੇਟ ਹਨ ਕਿਉਂਕਿ ਪੀਜੀਆਈ ਵਿਚ ਆਮ ਇਨਸਾਨ ਨੂੰ ਭੀੜ ਕਾਰਨ ਛੇਤੀ ਅਪੁਆਇੰਟਮੈਂਟ ਹੀ ਨਹੀਂ ਮਿਲਦੀ।

ਪੰਜਾਬ ਸਰਕਾਰ ਦੀ ਪੰਜਾਬ ਕੈਂਸਰ ਰਾਹਤ ਸਕੀਮ ਤੇ ਆਯੁਸ਼ਮਾਨ ਭਾਰਤ, ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਸਕੀਮ ਤਹਿਤ ਇਲਾਜ ਕੀਤਾ ਜਾ ਰਿਹਾ ਹੈ ਜਿਸ ਤਹਿਤ ਮਹਿਜ਼ 1.50 ਲੱਖ ਰੁਪਏ ਮਿਲਦੇ ਹਨ ਜਦਕਿ ਇਲਾਜ ਦੀ ਕੀਮਤ ਇਸ ਤੋਂ ਕਿਤੇ ਜ਼ਿਆਦਾ ਹੈ।

(ਬਾਕੀ ਸਫ਼ਾ 31 'ਤੇ)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

## ਸੰਪਾਦਕੀ

26 ਜੁਲਾਈ ਤੋਂ 1 ਅਗਸਤ, 2023

# ਗੁਰੂ ਦਾ ਅਦਬ - ਸੰਗਤ ਦੀ ਸਿਰਮੌਰ ਜ਼ਿੰਮੇਵਾਰੀ

ਬੀਤੇ ਦਿਨੀ ਪਠਾਨਕੋਟ ਜ਼ਿਲ੍ਹੇ ਦੇ ਕਸਬਾ ਬਹਿਰਾਮ ਦੇ ਇਤਿਹਾਸਿਕ ਗੁਰਦੁਆਰਾ ਬਾਬਾ ਸੁਥਰਾ ਜੀ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀ ਘਟਨਾ ਵਾਪਰੀ। ਇਸ ਸੰਬੰਧ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਦਾ ਭੋਗ ਪਾ ਕੇ ਪਸਚਾਤਾਪ ਦੀ ਅਰਦਾਸ ਕੀਤੀ ਗਈ। ਸਿੱਖ ਆਗੂਆਂ ਨੇ ਵਾਰਦਾਤਾਂ ਨੂੰ ਸਦੀਵੀ ਠੱਲ੍ਹ ਪਾਉਣ ਲਈ ਗੰਭੀਰਤਾ ਨਾਲ ਵਿਚਾਰਾਂ ਕੀਤੀਆਂ ਅਤੇ ਕਿਹਾ ਕਿ ਬੇਅਦਬੀ ਦੀਆਂ ਵਾਰਦਾਤਾਂ ਗੁਰੂ ਪੰਥ ਨੂੰ ਵੱਡੀ ਚਣੌਤੀ ਹੈ ਇਸ ਨੂੰ ਠੱਲਣਾ ਅਤੇ ਦੋਸ਼ੀਆਂ ਨੂੰ ਸਜ਼ਾ ਦੇਣੀ ਖ਼ਾਲਸੇ ਦਾ ਮੁੱਖ ਫ਼ਰਜ਼ ਤੇ ਜ਼ਿੰਮੇਵਾਰੀ ਹੈ। ਇਹ ਫ਼ਰਜ਼ ਤੇ ਜ਼ਿੰਮੇਵਾਰੀ ਤਾਂ ਹੀ ਨਿਭਾਈ ਜਾ ਸਕਦੀ ਹੈ, ਜੇ ਹਰੇਕ ਸਿੱਖ, ਗੁਰੂ ਘਰ ਦੇ ਪ੍ਰਬੰਧਕ ਅਤੇ ਸੇਵਾਦਾਰ ਗੁਰੂ ਬਖ਼ਸ਼ੇ ਗੁਰਿਆਈ ਦੇ ਸਿਧਾਂਤ ਅਤੇ ਮਾਣ ਮਰਯਾਦਾ ਦੇ ਸੋਝੀਵਾਨ ਹੋਣ।

ਗੁਰੂ ਅਦਬ ਦੀ ਪਰੰਪਰਾ ਤੇ ਮਰਯਾਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਅਸਥਾਨ ਵਿਖੇ ਗ੍ਰੰਥੀ ਸਿੰਘ, ਚੌਰ ਬਰਦਾਰ, ਸੇਵਾਦਾਰ, ਬਰਸ਼ਾ ਬਰਦਾਰ ਅਤੇ ਲਾਂਗਰੀ ਪੰਜ ਸਿੰਘ ਸੁਚੇਤ ਹੋ ਕੇ ਹਾਜ਼ਰ ਰਹਿਣ। ਸ੍ਰੀ ਗੁਰੂ ਸਾਹਿਬ ਜੀ ਦੀ ਬੇਅਦਬੀ ਦੀਆਂ ਬਹੁਤੀਆਂ ਵਾਰਦਾਤਾਂ ਉੱਥੇ ਹੀ ਵਾਪਰੀਆਂ ਹਨ ਤੇ ਦੋਸ਼ੀ ਫੜਨੇ ਵੀ ਮੁਸ਼ਕਲ ਹੋ ਜਾਂਦੇ ਹਨ, ਜਿੱਥੇ ਗੁਰਮਤਿ ਦੀ ਸਥਾਪਤ ਇਸ ਪਰੰਪਰਾ ਤੇ ਮਰਯਾਦਾ 'ਤੇ ਪੂਰਨ ਪਹਿਰਾ ਨਹੀਂ ਦਿੱਤਾ ਜਾਂਦਾ। ਜਿੱਥੇ ਇਸ ਪਰੰਪਰਾ ਤੇ ਮਰਯਾਦਾ 'ਤੇ ਪਹਿਰਾ ਦਿੱਤਾ ਜਾਂਦਾ ਹੈ, ਉਥੇ ਜੇ ਕਿਸੇ ਨੇ ਬੇਅਦਬੀ ਕਰਨ ਦਾ ਹੀਆ ਕੀਤਾ ਤਾਂ ਉਹ ਮੌਕੇ 'ਤੇ ਹੀ ਕਾਬੂ ਕਰ ਲਿਆ ਗਿਆ।

ਇਸ ਗੁਰੂ ਘਰ ਵਿੱਚ ਸੀ ਸੀ ਟੀ ਵੀ ਕੈਮਰੇ ਲਾਉਣ ਵਿੱਚ ਫ਼ਰਵਰੀ ਮਹੀਨੇ ਤੋਂ ਅੱਜ ਤੱਕ ਲੰਮੀ ਸਪਸ਼ਟ ਅਣਗਹਿਲੀ ਵਰਤੀ ਗਈ। ਵਾਰਦਾਤ ਸਮੇਂ ਕੋਈ ਵੀ ਪ੍ਰਬੰਧਕ ਤੇ ਸੇਵਾਦਾਰ ਗੁਰੂ ਘਰ ਵਿੱਚ ਮੌਜੂਦ ਨਾ ਹੋਣਾ ਵੀ ਪ੍ਰਬੰਧਕਾਂ ਤੇ ਸੇਵਾਦਾਰਾਂ ਦੀ ਵੱਡੀ ਲਾਪਰਵਾਹੀ ਸੀ। ਅਸੀਂ ਭਲੀਭਾਂਤ ਜਾਣਦੇ ਹਾਂ ਕਿ ਬੇਅਦਬੀਆਂ ਦੀਆਂ ਵਾਰਦਾਤਾਂ ਕਰਨ ਵਾਲੇ ਦੇਹਧਾਰੀ ਗੁਰੂ ਦੰਭ, ਪੰਥ ਦੋਖੀ ਤਾਕਤਾਂ, ਸ਼ਰਾਰਤੀ ਅੰਸਰ, ਚੋਰ ਜਾਂ ਆਪਸੀ ਰੰਜਿਸ਼ ਵਾਲੇ ਹਨ। ਪਰ ਗੁਰੂ ਪਰੰਪਰਾ ਅਤੇ ਮਰਯਾਦਾ 'ਤੇ ਪਹਿਰਾ ਦੇਣ ਵਿੱਚ ਅਣਗਹਿਲੀ ਵਰਤਣ ਵਾਲੇ ਪ੍ਰਬੰਧਕ ਵੀ ਬੇਅਦਬੀ ਕਰਨ ਵਾਲਿਆਂ ਨੂੰ ਮੌਕਾ ਦੇਣ ਦੇ ਜ਼ਿੰਮੇਵਾਰ ਹਨ। ਹਰ ਵਾਰ ਬੇਅਦਬੀ ਤੋਂ ਬਾਅਦ ਸਾਡੀ ਊਰਜਾ ਹੋਰ ਰੌਲੇ ਗੌਲਿਆਂ ਵਿੱਚ ਹੀ ਲੱਗ ਜਾਂਦੀ ਹੈ, ਬੇਅਦਬੀ ਦੀ ਘਟਨਾ ਕਿਉਂ ਵਾਪਰੀ, ਕਿਸ ਦੀ ਢਿੱਲ ਰਹੀ ਅਜਿਹੀਆਂ ਗੱਲਾਂ ਦੀ ਘੋਖ ਕਰਕੇ ਜ਼ਿੰਮੇਵਾਰ ਸੱਜਣਾ 'ਤੇ ਬਣਦੀ ਕਾਰਵਾਈ ਅਸੀਂ ਨਹੀਂ ਕਰਦੇ। ਪਰ ਇਸ ਵਾਰ ਅਜਿਹੀ ਮਿਸਾਲੀ ਕਾਰਵਾਈ ਸਾਹਮਣੇ ਆਈ ਹੈ।

ਅਰਦਾਸ ਵਾਲੇ ਦਿਨ ਹੋਈ ਇਕੱਤਰਤਾ ਵਿੱਚ ਪਠਾਨਕੋਟ ਜ਼ਿਲ੍ਹੇ ਦੇ ਕਸਬਾ ਬਹਿਰਾਮ ਦੇ ਇਤਿਹਾਸਿਕ ਗੁਰਦੁਆਰਾ ਬਾਬਾ ਸੁਥਰਾ ਜੀ ਦੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਕਾਰਸੇਵਾ ਕਰਾ ਰਹੇ ਬਾਬਾ ਜੋਗਾ ਸਿੰਘ ਨੇ ਮੰਨਿਆ ਕਿ ਸਾਡੇ ਪਾਸੋਂ ਅਣਗਹਿਲੀ ਹੋਈ ਹੈ ਅਤੇ ਉਹਨਾਂ ਨੇ ਆਪਣੀ ਅਣਗਹਿਲੀ ਦੀ ਸੰਗਤ ਕੋਲੋਂ ਮੁਆਫੀ ਵੀ ਮੰਗੀ। ਸੰਗਤ ਨੇ ਉਹਨਾਂ ਨੂੰ ਅਕਾਲ ਤਖਤ ਸਾਹਿਬ ਵਿਖੇ ਪੰਜਾਂ ਪਿਆਰਿਆਂ ਕੋਲ ਪੇਸ਼ ਹੋ ਕੇ ਤਨਖਾਹ ਲਵਾਉਣ ਦਾ ਆਦੇਸ਼ ਦਿੱਤਾ। ਪ੍ਰਬੰਧਕਾਂ ਅਤੇ ਬਾਬਾ ਜੋਗਾ ਸਿੰਘ ਨੇ ਇਸ ਆਦੇਸ਼ ਅੱਗੇ ਸਿਰ ਨਿਵਾਇਆ। ਇਸ ਮੌਕੇ ਪੰਜ ਸਿੰਘਾਂ ਦੀ ਕਮੇਟੀ ਬਣਾਈ ਗਈ, ਜੋ ਪੁਲਿਸ ਵੱਲੋਂ ਕੀਤੀ ਜਾ ਰਹੀ ਕਾਰਵਾਈ 'ਤੇ ਨਿਗ੍ਹਾ ਰੱਖੇਗੀ। ਇਹ ਪ੍ਰਚਲਤ ਲੀਹ ਤੋਂ ਹਟਕੇ ਲਿਆ ਗਿਆ ਫੈਸਲਾ ਹੈ ਜਿਸ ਵਿੱਚ ਸੰਗਤ ਦੀ ਸਮਰੱਥਾ ਦੇ ਦਰਸ਼ਨਾਂ ਦਾ ਝਲਕਾਰਾ ਪੈ ਰਿਹਾ ਹੈ।

ਬੇਅਦਬੀ ਦੀਆਂ ਘਟਨਾਵਾਂ ਲਗਾਤਾਰ ਹੋ ਰਹੀਆਂ ਹਨ ਜਿਸ ਨੂੰ ਵੇਖਦਿਆਂ ਕੁਝ ਫੌਰੀ ਕਦਮ ਸਾਨੂੰ ਸਭ ਨੂੰ ਆਪੋ ਆਪਣੇ ਇਲਾਕੇ ਵਿੱਚ ਲੈਣੇ ਚਾਹੀਦੇ ਹਨ ਜਿਵੇਂ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧਕ ਤੇ ਸਥਾਨਕ ਸੰਗਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਅਸਥਾਨ 'ਤੇ ਪੰਜ ਤਿਆਰ ਬਰ ਤਿਆਰ ਸਿੰਘਾਂ ਦੀ ਹਾਜ਼ਰੀ ਯਕੀਨੀ ਬਣਾਉਣ। ਇਸ ਦੇ ਨਾਲ ਹੀ ਵਾਰਦਾਤ ਦੀ ਖ਼ਾਲਸਾਈ ਸੁਰ ਵਿੱਚ ਜਾਂਚ ਕਰਨ ਲਈ ਯੋਗ ਸਿੰਘਾਂ ਦੀ ਕਮੇਟੀ ਬਣਾਈ ਜਾਵੇ। ਪੁਲਿਸ ਜਾਂਚ ਦੀ ਨਿਗਰਾਨੀ ਕਰਨ ਅਤੇ ਉਸ ਨੂੰ ਸਹੀ ਲੀਹ 'ਤੇ ਲਿਆਉਣ ਲਈ ਯੋਗ ਸਿੰਘਾਂ ਦੀ ਨਿਗਰਾਨ ਕਮੇਟੀ ਬਣਾਈ ਜਾਵੇ। ਇਲਾਕੇ ਦੇ ਸਾਰੇ ਗੁਰਦੁਆਰਿਆਂ ਦੀਆਂ ਪ੍ਰਬੰਧਕ ਕਮੇਟੀਆਂ, ਸੇਵਾਦਾਰਾਂ ਤੇ ਪਤਵੰਤੇ ਸਿੰਘਾਂ ਦੀ ਮੀਟਿੰਗ ਬੁਲਾ ਕੇ ਅੱਗੇ ਤੋਂ ਵਾਪਰਨ ਵਾਲੀਆਂ ਵਾਰਦਾਤਾਂ ਨੂੰ ਰੋਕਣ ਲਈ ਦਿਸ਼ਾ ਨਿਰਦੇਸ਼ ਦਿੱਤੇ ਜਾਣ ਤੇ ਪਹਿਰੇਦਾਰੀ ਵਿਚਲੀਆਂ ਕਮੀਆਂ ਦੂਰ ਕੀਤੀਆਂ ਜਾਣ। ਸੰਗਤ ਵੱਲੋਂ ਇੱਕ ਤੱਥ ਖੋਜ ਜਥਾ ਬਣਾਇਆ ਜਾਵੇ, ਜਿਹੜਾ ਨਿਰਪੱਖਤਾ ਨਾਲ ਵਾਰਦਾਤ ਨਾਲ ਜੁੜੇ ਹਰ ਪਹਿਲੂ ਦੇ ਤੱਥ ਇਕੱਤਰ ਕਰੇ ਅਤੇ ਇਹ ਸਚਾਈ ਸਾਹਮਣੇ ਲਿਆਏ ਕਿ ਬੇਅਦਬੀ ਹੋਣ ਵਿੱਚ ਸਥਾਨਕ ਪ੍ਰਬੰਧ ਵਿੱਚ ਕਿੱਥੇ ਅਤੇ ਕੀ ਕਮੀ ਰਹੀ ਹੈ। ਬੇਅਦਬੀ ਦੀ ਵਾਰਦਾਤ ਲਈ ਸਿਰਫ ਪੁਲਿਸ ਕਾਰਵਾਈ ਤੱਕ ਸੀਮਤ ਰਹਿਣਾ ਤੇ ਉਸ ਵਿਰੁੱਧ ਧਰਨੇ ਤੇ ਮੁਜਾਹਰੇ ਕਰਨੇ ਖ਼ਾਲਸਾਈ ਪਰੰਪਰਾ ਨਹੀਂ, ਗੁਰੂ ਪੰਥ ਨੂੰ ਖ਼ਾਲਸਾਈ ਪਰੰਪਰਾ ਦਾ ਵੀ ਪਹਿਰੇਦਾਰ ਬਣਨਾ ਚਾਹੀਦਾ ਹੈ। ਪੰਥਕ ਮਰਯਾਦਾ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ 'ਚ ਬੈਠ ਕੇ ਪੰਜ ਸਿੰਘਾਂ ਵੱਲੋਂ ਗੁਰੂ ਘਰ ਦੇ ਪ੍ਰਬੰਧਕਾਂ ਤੋਂ ਸਾਰੀ ਗੱਲ ਪੁੱਛੀ ਜਾਵੇ ਅਤੇ ਉਹਨਾਂ ਵੱਲੋਂ ਵਰਤੀ ਅਣਗਹਿਲੀ ਤੇ ਕੀਤੀ ਭੁੱਲ ਲਈ ਪੰਥਕ ਮਰਯਾਦਾ ਅਨੁਸਾਰ ਤਨਖਾਹ ਲਗਾਈ ਜਾਵੇ। ਪ੍ਰਬੰਧਕ ਗੁਰੂ ਮਰਯਾਦਾ ਅੱਗੇ ਸਿਰ ਝੁਕਾਉਣ, ਤਨਖ਼ਾਹ ਪੂਰੀ ਕਰਨ ਅਤੇ ਅੱਗੇ ਤੋਂ ਕਮੀਆਂ ਦੂਰ ਕਰਨ। ਗੁਰਸਿੱਖੀ ਮਾਰਗ ਵਿੱਚ ਹੋਈ ਭੁੱਲ-ਚੁਕ ਨੂੰ ਪੰਜ ਸਿੰਘਾਂ ਅੱਗੇ ਮੰਨ ਕੇ ਤਨਖਾਹ ਪੂਰੀ ਕਰਨ ਦਾ ਵਿਧਾਨ ਹੈ। ਇਸ ਤੋਂ ਮੁਨਕਰ ਹੋ ਕੇ ਕਿਸੇ ਨੂੰ ਵੀ ਗੁਰੂ ਦਰਗਾਹ ਵਿੱਚ ਕਸੂਰਵਾਰ ਨਹੀਂ ਬਣਨਾ ਚਾਹੀਦਾ। ਜਿਸ ਇਲਾਕੇ ਦੇ ਕਿਸੇ ਵੀ ਇਕ ਗੁਰਦੁਆਰਾ ਸਾਹਿਬ 'ਚ ਬੇਅਦਬੀ ਦੀ ਵਾਰਦਾਤ ਹੋਈ ਹੋਵੇ, ਉਸ ਇਲਾਕੇ ਦੇ ਹੋਰਨਾਂ ਗੁਰਦੁਆਰਾ ਸਾਹਿਬਾਨ ਵਿੱਚ ਵੀ ਉਹੋ ਜਿਹੇ ਹਾਲਾਤ ਹੀ ਹੁੰਦੇ ਹਨ, ਜਿਹਨਾਂ ਕਰਕੇ ਉਸ ਇੱਕ ਗੁਰਦੁਆਰਾ ਸਾਹਿਬ ਵਿੱਚ ਬੇਅਦਬੀ ਹੋਈ ਹੁੰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਦਬ ਨੂੰ ਮੁੱਖ ਰੱਖ ਕੇ ਅਜਿਹਾ ਜਥਾ ਬਣਨਾ ਚਾਹੀਦਾ ਹੈ, ਜੋ ਉਸ ਇਲਾਕੇ ਦੇ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧਕਾਂ ਨਾਲ ਮਿਲ ਕੇ ਉੱਥੋਂ ਦੇ ਸਥਾਨਕ ਹਾਲਾਤ ਦੀ ਜਾਣਕਾਰੀ ਲੈਣ ਤੇ ਇਸ ਦਾ ਲੇਖਾ-ਜੋਖਾ ਕਰਨ। ਜਿਸ ਅਸਥਾਨ 'ਤੇ ਜੋ ਵੀ ਕਮੀ-ਪੇਸ਼ੀ ਨਜ਼ਰ ਆਵੇ, ਉਹ ਪ੍ਰਬੰਧਕਾਂ ਦੇ ਧਿਆਨ ਵਿੱਚ ਲਿਆਂਦੀ ਜਾਵੇ ਅਤੇ ਉਸ ਨੂੰ ਦੂਰ ਕਰਨ ਲਈ ਪ੍ਰਬੰਧਕਾਂ ਨੂੰ ਕਿਹਾ ਜਾਵੇ।

ਸੰਗਤ ਇਹ ਯਕੀਨੀ ਬਣਾਵੇ ਕਿ ਸਾਹਮਣੇ ਆਈਆਂ ਕਮੀਆਂ ਦੂਰ ਹੋਣ ਤਾਂ ਕਿ ਬੇਅਦਬੀ ਜਿਹੀਆਂ ਹਿਰਦੇ ਵੇਦਕ ਵਾਰਦਾਤਾਂ ਨਾ ਵਾਪਰਣ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਦਬ ਸਦਾ ਬੁਲੰਦ ਰਹੇ। ਗੁਰੂ ਪਾਤਿਸਾਹ ਮਿਹਰ ਕਰਨ।

-ਸੰਪਾਦਕ, ਅੰਮ੍ਰਿਤਸਰ ਟਾਈਮਜ਼

# ਕੁਦਰਤੀ ਦੌਲਤ ਦੀ ਲੁੱਟ ਵਿਰੁੱਧ ਚਿਪਕੋ ਅੰਦੋਲਨ ਵਰਗੇ ਸ਼ੰਘਰਸ਼ਾਂ ਦੀ ਲੋੜ



ਗੁਰਮੀਤ ਸਿੰਘ ਪਲਾਹੀ
9815802070

*ਭਾਰਤ ਵਿੱਚ ਹਰ ਸਾਲ ਵਾਤਾਵਰਨ ਸੁਰੱਖਿਆ ਲਈ ਵਣ-ਮਹਾਂਉਤਸਵ ਮਨਾਇਆ ਜਾਂਦਾ ਹੈ, ਜਿਸ ਦਾ ਅਰਥ ਹੈ ਦਰਖ਼ਤ ਲਗਾਉਣ ਦਾ ਤਿਉਹਾਰ ਪਰ ਇਹ ਤਿਉਹਾਰ ਹੁਣ ਬਾਕੀ ਸਰਕਾਰੀ ਮਿਸ਼ਨਾਂ ਸਕੀਮਾਂ ਵਾਂਗਰ ਹੀ ਅਫ਼ਸਰਸ਼ਾਹੀ ਦੀ ਭੇਟ ਚੜ੍ਹ ਚੁੱਕਾ ਹੈ। ਹਰ ਮਹੀਨੇ ਜੁਲਾਈ 'ਚ ਇਹ ਉਤਸਵ ਮਨਾਉਣਾ ਆਰੰਭਿਆ ਗਿਆ ਸੀ ਅਤੇ ਇਸ ਦੀ ਸ਼ੁਰੂਆਤ ਜੁਲਾਈ 1947 ਵਿੱਚ ਹੀ ਹੋ ਗਈ ਸੀ, ਪਰ ਆਜ਼ਾਦ ਭਾਰਤ 'ਚ ਜੁਲਾਈ 1950 'ਚ ਇਹ ਤਿਉਹਾਰ ਰਿਵਾਇਤੀ ਰੰਗਾਂ 'ਚ ਮਨਾਇਆ ਜਾਣ ਲੱਗਾ ਸੀ, ਕਿਉਂਕਿ ਆਜ਼ਾਦ ਭਾਰਤ 'ਚ ਇਹ ਮਹਿਸੂਸ ਕੀਤਾ ਜਾਣ ਲੱਗਾ ਸੀ ਕਿ ਜੰਗਲ ਕੇਵਲ ਜੀਵ ਜੰਤੂਆਂ, ਹਜ਼ਾਰਾਂ-ਲੱਖਾਂ ਕੁਦਰਤੀ ਪ੍ਰਜਾਤੀਆਂ ਲਈ ਵਿਸ਼ੇਸ਼ ਮਹੱਤਵਪੂਰਨ ਨਹੀਂ ਹਨ, ਸਗੋਂ ਮਨੁੱਖੀ ਜੀਵਨ ਵਿੱਚ ਹੀ ਜੰਗਲਾਂ ਦੀ ਵਿਸ਼ੇਸ਼ ਭੂਮਿਕਾ ਹੈ।*

1885-56 ਦਰਮਿਆਨ, 1857 ਦੇ ਪਹਿਲੇ ਆਜ਼ਾਦੀ ਸੰਗਰਾਮ ਤੋਂ ਪਹਿਲਾਂ, ਸੰਥਾਲ ਆਜ਼ਾਦੀ ਘੁਲਾਟੀਏ, ਦੋ ਭੈਣਾਂ ਫੂਲੋ ਮੁਰਮੂ ਅਤੇ ਝਾਨੋ ਮੁਰਮੂ ਦੀ ਅਗਵਾਈ ਵਿੱਚ, ਜੰਗਲ, ਜਲ, ਜ਼ਮੀਨ ਨੂੰ ਬਚਾਉਣ ਲਈ ਸੀਸ ਤਲੀ 'ਤੇ ਧਰਕੇ ਲੜੇ। ਕੋਈ 25,000 ਆਦਿ ਵਾਸੀ ਇਸ ਸੰਗਰਾਮ 'ਚ ਸ਼ਹੀਦੀ ਜਾਮ ਪੀ ਗਏ। ਇਹ ਲੋਕ ਵਿਦਰੋਹ ਜੰਗਲ ਦੀ ਰਾਖੀ ਲਈ ਸੀ। ਜੰਗਲ ਦਾ ਖਿੱਤਾ 'ਜੀਵਾਂਗੇ ਜਾਂ ਮਰਾਂਗੇ, ਜੰਗਲ ਦੀ ਰਾਖੀ ਕਰਾਂਗੇ' ਨਾਲ ਉਸ ਵੇਲੇ ਗੂੰਜ ਉਠਿਆ ਸੀ, ਜਦੋਂ ਅੰਗਰੇਜ਼ ਹਕੂਮਤ ਨੇ ਸਥਾਨਕ ਰਜਵਾੜਿਆਂ, ਜਾਗੀਰਦਾਰਾਂ ਨੂੰ ਜੰਗਲ ਅੰਦਰ ਜ਼ਮੀਨ ਜਾਇਦਾਦ ਖਰੀਦਣ ਦੀ ਖੁਲ੍ਹ ਦੇ ਦਿੱਤੀ ਸੀ। ਇੰਜ ਦੇਸ਼ ਦੇ ਬਹੁ ਕੀਮਤੀ ਕੁਦਰਤੀ ਧਨ ਦੀ ਲੁੱਟ-ਖਸੁੱਟ ਆਰੰਭ ਹੋ ਗਈ।

ਅੰਗਰੇਜ਼ਾਂ ਵੱਲੋਂ ਅੰਦੋਲਨ ਕੁਚਲਣ ਉਪਰੰਤ ਜੰਗਲਾਂ ਦਾ ਵੱਢ ਵੱਢਾਂਗਾ ਵੱਡੀ ਪੱਧਰ 'ਤੇ ਹੋਇਆ ਅਤੇ ਨਿਰੰਤਰ ਜਾਰੀ ਰਿਹਾ। ਜੰਗਲ ਜਗੀਰਦਾਰਾਂ, ਰਜਵਾੜਿਆਂ ਦੀ ਜਾਗੀਰ ਬਣਾ ਦਿੱਤੇ ਗਏ। ਇਹ ਜੰਗਲਾਂ ਦੀ ਕਟਾਈ ਦਾ ਵਰਤਾਰਾ ਆਜ਼ਾਦੀ ਤੋਂ ਬਾਅਦ ਵੀ ਠੱਲ੍ਹਿਆ ਨਹੀਂ ਗਿਆ। ਭਾਰਤੀ ਜੰਗਲਾਂ ਸਬੰਧੀ ਇੱਕ ਸਰਵੇਖਣ ਰਿਪੋਰਟ ਦੱਸਦੀ ਹੈ ਕਿ ਜੰਗਲਾਂ ਦਾ ਖੇਤਰਫਲ ਲਗਾਤਾਰ ਘੱਟ ਰਿਹਾ ਹੈ। 1999 'ਚ ਇਹ ਜੰਗਲ ਭਾਰਤ ਵਿੱਚ 11.48 ਫ਼ੀਸਦੀ ਸੀ ਜੋ 2015 ਵਿੱਚ ਘਟ ਕੇ 2.61 ਫ਼ੀਸਦੀ ਰਹਿ ਗਏ। ਜੰਗਲਾਂ ਦੇ ਸੰਘਣੇ ਖੇਤਰਫਲ ਦਾ ਦਾਇਰਾ ਸਿਮਟਣ ਨਾਲ ਜੰਗਲ ਜੀਵ ਸ਼ਹਿਰਾਂ-ਕਸਬਿਆਂ ਵੱਲ ਰੁਖ ਕਰਨ ਲੱਗੇ ਅਤੇ ਕਈ ਹਾਲਤਾਂ ਵਿੱਚ ਜੰਗਲੀ ਜੀਵਾਂ ਅਤੇ ਇਨਸਾਨਾਂ ਦੀ ਮੁੱਠਭੇੜ ਵੇਖਣ ਨੂੰ ਮਿਲੀ। ਭਾਰਤ ਦੀ ਹਾਲਤ ਜੰਗਲਾਂ ਦੇ ਮਾਮਲੇ 'ਚ ਇੰਨੀ ਭਿਅੰਕਰ ਇਸ ਕਰਕੇ ਵੀ ਹੈ ਕਿ ਇੱਕ ਪਾਸੇ ਜੰਗਲਾਂ ਦੀ ਕਟਾਈ ਵੱਡੀ ਪੱਧਰ 'ਤੇ ਹੈ, ਪਰ ਦਰਖਤਾਂ ਦੀ ਲੁਆਈ ਪ੍ਰਤੀ ਉਦਾਸੀਨਤਾ ਅਤੇ ਲਾਪਰਵਾਹੀ ਹੈ।

ਜੰਗਲਾਂ ਦੀ ਘਾਟ ਕਾਰਨ ਹਵਾ ਪ੍ਰਦੂਸ਼ਣ ਵਧਿਆ ਹੈ, ਪਾਣੀ ਪ੍ਰਦੂਸ਼ਣ ਵਧਿਆ ਹੈ ਅਤੇ ਭੂਮੀ ਨੂੰ ਖੋਰਾ ਲੱਗਣ ਲੱਗਾ ਹੈ। ਸਾਫ-ਸੁਥਰੇ ਵਾਤਾਵਰਨ ਦੀ ਘਾਟ ਕਾਰਨ ਮਨੁੱਖ ਭਿਅੰਕਰ ਬੀਮਾਰੀਆਂ ਦੇ ਜਾਲ 'ਚ ਫਸ ਰਿਹਾ ਹੈ, ਉਸ ਦੀ ਪ੍ਰਜਨਣ ਸਮਰੱਥਾ ਉੱਤੇ ਪ੍ਰਭਾਵ ਪੈਣ ਲੱਗਾ ਹੈ, ਉਸ ਦੀ ਕੰਮ ਕਰਨ ਦੀ ਸ਼ਕਤੀ ਨਿਰੰਤਰ ਘਟਣ ਲੱਗੀ ਹੈ। ਮੌਸਮੀ ਚੱਕਰ ਤੇਜ਼ੀ ਨਾਲ ਵਧਣ ਲੱਗਾ ਹੈ। ਜਲਵਾਯੂ ਸੰਕਟ ਗਹਿਰਾ ਹੁੰਦਾ ਜਾ ਰਿਹਾ ਹੈ। ਵੱਧ ਰਹੀ ਅੰਤਾਂ ਦੀ ਗਰਮੀ ਅਤੇ ਹੜ੍ਹ ਇਸੇ ਦੇ ਸਿੱਟਾ ਹੀ ਤਾਂ ਹਨ।

ਮਨੁੱਖੀ ਜੀਵਨ ਵਿੱਚ ਜੰਗਲਾਂ ਦੀ ਬਹੁਤ ਹੀ ਮਹੱਤਤਾ ਹੈ। ਵਾਤਾਵਰਨ ਮਾਹਿਰਾਂ ਅਨੁਸਾਰ ਇਸ ਸਮੇਂ ਪੂਰੀ ਦੁਨੀਆ ਵਿੱਚ ਧਰਤੀ ਉੱਤੇ ਕੇਵਲ ਤੀਹ ਫੀਸਦੀ ਹਿੱਸੇ ਵਿੱਚ ਹੀ ਜੰਗਲ ਬਚੇ ਹਨ ਅਤੇ ਉਹਨਾਂ ਵਿਚੋਂ ਵੀ ਹਰ ਵਰ੍ਹੇ ਇੰਗਲੈਂਡ ਦੇ ਖੇਤਰਫਲ ਆਕਾਰ ਦੇ ਬਰਾਬਰ ਜੰਗਲ ਨਸ਼ਟ ਹੋ ਰਹੇ ਹਨ। ਮਾਹਿਰਾਂ ਦਾ ਕਹਿਣਾ ਹੈ ਕਿ ਜੇਕਰ ਇਸੇ ਤਰ੍ਹਾਂ ਜੰਗਲਾਂ ਦੀ ਕਟਾਈ ਜਾਰੀ ਰਹੀ ਤਾਂ ਅਗਲੇ 100 ਸਾਲਾਂ ਬਾਅਦ ਦੁਨੀਆ ਭਰ 'ਚ 'ਰੇਨ ਫਾਰੈਸਟ' ਪੂਰੀ ਤਰ੍ਹਾਂ ਖ਼ਤਮ ਹੋ ਜਾਣਗੇ।

ਦੁਨੀਆਂ ਦੇ ਕੁਲ 20 ਦੇਸ਼ ਹੀ ਇਹੋ ਜਿਹੇ ਹਨ ਜਿਥੇ 94 ਫ਼ੀਸਦੀ ਜੰਗਲ ਹੈ। ਇਹਨਾਂ ਵਿੱਚ ਰੂਸ, ਕੈਨੇਡਾ, ਆਸਟ੍ਰੇਲੀਆ, ਅਮਰੀਕਾ, ਬ੍ਰਾਜ਼ੀਲ, ਫ੍ਰਾਂਸ, ਚੀਨ, ਨੀਊਜੀਲੈਂਡ, ਅਲਜੀਰੀਆ, ਲੀਬੀਆ, ਡੈਨਮਾਰਕ, ਨਾਈਜਰ, ਮਾਰੀਸ਼ਸ਼ ਆਦਿ ਸ਼ਾਮਲ ਹਨ। ਭਾਰਤ ਦਾ ਕੁਲ ਖੇਤਰਫਲ ਲਗਭਗ 32 ਲੱਖ ਵਰਗ ਕਿਲੋਮੀਟਰ ਹੈ ਅਤੇ ਜੰਗਲਾਂ ਦੇ ਲਗਾਤਾਰ ਘਟਣ ਨਾਲ ਭਾਰਤ 'ਚ ਚਿੰਤਾਜਨਕ ਸਥਿਤੀ ਬਣੀ ਹੋਈ ਹੈ। ਫਾਰੈਸਟ ਸਰਵੇ ਆਫ਼ ਇੰਡੀਆ ਅਨੁਸਾਰ ਭਾਰਤ ਵਿੱਚ ਜੰਗਲਾਂ ਦਾ ਖੇਤਰ 8,02,088 ਵਰਗ ਕਿਲੋਮੀਟਰ ਹੈ, ਜੋ ਭਾਰਤ ਦੇ ਕੁਲ ਖੇਤਰਫਲ ਦਾ 24.39 ਫ਼ੀਸਦੀ ਬਣਦਾ ਹੈ ਪਰ ਹੁਣ ਦੀ ਤਾਜ਼ਾ ਰਿਪੋਰਟ ਅਨੁਸਾਰ ਇਹ ਖੇਤਰਫਲ 21.72 ਫ਼ੀਸਦੀ ਤੱਕ ਸਿਮਟ ਗਿਆ ਹੈ। ਇਸ ਦਾ ਮੁੱਖ ਕਾਰਨ ਵਿਕਾਸ ਕਾਰਜਾਂ ਚ ਤੇਜ਼ੀ, ਖੇਤੀ ਖੇਤਰ 'ਚ ਵਾਧਾ, ਖਣਨ ਪ੍ਰਕਿਰਿਆ ਵਿੱਚ ਵਾਧਾ ਹੈ।

ਭਾਰਤ ਵਿੱਚ ਹਰ ਸਾਲ ਵਾਤਾਵਰਨ ਸੁਰੱਖਿਆ ਲਈ ਵਣ-ਮਹਾਂਉਤਸਵ ਮਨਾਇਆ ਜਾਂਦਾ ਹੈ, ਜਿਸ ਦਾ ਅਰਥ ਹੈ ਦਰਖ਼ਤ ਲਗਾਉਣ ਦਾ ਤਿਉਹਾਰ ਪਰ ਇਹ ਤਿਉਹਾਰ ਹੁਣ ਬਾਕੀ ਸਰਕਾਰੀ ਮਿਸ਼ਨਾਂ ਸਕੀਮਾਂ ਵਾਂਗਰ ਹੀ ਅਫ਼ਸਰਸ਼ਾਹੀ ਦੀ ਭੇਟ ਚੜ੍ਹ ਚੁੱਕਾ ਹੈ। ਹਰ ਮਹੀਨੇ ਜੁਲਾਈ 'ਚ ਇਹ ਉਤਸਵ ਮਨਾਉਣਾ ਆਰੰਭਿਆ ਗਿਆ ਸੀ ਅਤੇ ਇਸ ਦੀ ਸ਼ੁਰੂਆਤ ਜੁਲਾਈ 1947 ਵਿੱਚ ਹੀ ਹੋ ਗਈ ਸੀ, ਪਰ ਆਜ਼ਾਦ ਭਾਰਤ 'ਚ ਜੁਲਾਈ 1950 'ਚ ਇਹ ਤਿਉਹਾਰ ਰਿਵਾਇਤੀ ਰੰਗਾਂ 'ਚ ਮਨਾਇਆ ਜਾਣ ਲੱਗਾ ਸੀ, ਕਿਉਂਕਿ ਆਜ਼ਾਦ ਭਾਰਤ 'ਚ ਇਹ ਮਹਿਸੂਸ ਕੀਤਾ ਜਾਣ ਲੱਗਾ ਸੀ ਕਿ ਜੰਗਲ ਕੇਵਲ ਜੀਵ ਜੰਤੂਆਂ, ਹਜ਼ਾਰਾਂ-ਲੱਖਾਂ ਕੁਦਰਤੀ ਪ੍ਰਜਾਤੀਆਂ ਲਈ ਵਿਸ਼ੇਸ਼ ਮਹੱਤਵਪੂਰਨ ਨਹੀਂ ਹਨ, ਸਗੋਂ ਮਨੁੱਖੀ ਜੀਵਨ ਵਿੱਚ ਹੀ ਜੰਗਲਾਂ ਦੀ ਵਿਸ਼ੇਸ਼ ਭੂਮਿਕਾ ਹੈ।

ਬਿਨ੍ਹਾਂ ਸ਼ੱਕ ਹੁਣ ਵੀ ਸਰਕਾਰੀ ਨੀਤੀ ਇਹ ਹੈ ਕਿ ਪਹਾੜੀ ਖੇਤਰਾਂ 'ਚ ਜੰਗਲ 66 ਫ਼ੀਸਦੀ ਹੋਣ , ਪਰ ਅਸਲ ਅੰਕੜੇ ਵੇਖੇ ਜਾਣ ਤਾਂ ਦੇਸ਼ ਦੇ 16 ਪਹਾੜੀ ਰਾਜਾਂ ਅਤੇ ਕੇਂਦਰੀ ਸ਼ਾਸ਼ਤ ਪ੍ਰਦੇਸ਼ਾਂ ਵਿੱਚ ਫੈਲੇ 127 ਜ਼ਿਲਿਆਂ 'ਚ ਜੰਗਲਾਂ ਦਾ ਖੇਤਰਫਲ ਸਿਰਫ਼ 40 ਫ਼ੀਸਦੀ ਰਹਿ ਗਿਆ ਹੈ।

ਦੇਸ਼ ਦੇ ਦੂਜੇ ਰਾਜਾਂ ਲਦਾਖ, ਹਰਿਆਣਾ, ਪੰਜਾਬ, ਰਾਜਸਥਾਨ, ਉੱਤਰ ਪ੍ਰਦੇਸ਼, ਗੁਜਰਾਤ, ਬਿਹਾਰ ਦਾ 10 ਫ਼ੀਸਦੀ ਤੋਂ ਘੱਟ ਖੇਤਰਫਲ ਉੱਤੇ ਹੀ ਜੰਗਲ ਹੈ। ਪੰਜਾਬ ਦੇ ਵਿੱਚ 3.67 ਫੀਸਦੀ ਹਰਿਆਣਾ 'ਚ 3.63 ਫੀਸਦੀ ਅਤੇ ਲਦਾਖ 'ਚ ਸਿਰਫ਼ 1.35 ਫੀਸਦੀ ਜੰਗਲ ਖੇਤਰ ਹੈ।

ਭਾਰਤ ਵਿੱਚ 2020-21 ਦੌਰਾਨ ਬੁਨਿਆਦੀ ਢਾਂਚੇ ਦੀ ਉਸਾਰੀ ਲਈ 31 ਲੱਖ ਦਰਖ਼ਤ ਕੱਟੇ ਗਏ । ਲੋਕ ਸਭਾ ਵਿੱਚ ਸਬੰਧਿਤ ਮੰਤਰੀ ਵੱਲੋਂ ਦੱਸਿਆ ਗਿਆ ਕਿ ਨਵੇਂ 3.6 ਕਰੋੜ ਪੌਦੇ ਬੀਜੇ ਗਏ ਅਤੇ ਸਰਕਾਰ ਨੇ 358.87 ਕਰੋੜ ਰੁਪਏ ਖਰਚੇ ਪਰ ਵਾਤਾਵਰਨ ਦਾ ਜੋ ਨੁਕਸਾਨ 31 ਲੱਖ ਦਰਖ਼ਤਾਂ ਦੇ ਕੱਟਣ ਨਾਲ ਹੋਇਆ, ਕੀ ਉਸ ਦੀ ਭਰਪਾਈ ਹੋ ਸਕੇਗੀ ? ਕਿਸੇ ਵੀ ਵਿਕਾਸ ਯੋਜਨਾ ਦੇ ਨਾਮ ਉੱਤੇ ਜਦੋਂ ਦਰਖ਼ਤ ਕੱਟੇ ਜਾਂਦੇ ਹਨ ਤਾਂ ਵਿਰੋਧ ਹੁੰਦਾ ਹੈ। ਸਰਕਾਰੀ ਏਜੰਸੀਆਂ ਤਰਕ ਦਿੰਦੀਆਂ ਹਨ ਕਿ ਜਿੰਨੇ ਦਰਖ਼ਤ ਕੱਟੇ ਜਾਣਗੇ, ਉਸਦੇ ਬਦਲੇ ਦਸ ਗੁਣਾ ਦਰਖ਼ਤ ਲਗਾਏ ਜਾਣਗੇ, ਪਰ ਲਗਾਏ ਗਏ ਦਰਖ਼ਤਾਂ ਦੀ ਦੇਖ-ਭਾਲ ਦੇ ਮਾਮਲੇ 'ਚ ਸਰਕਾਰ ਫਾਡੀ ਹੈ। ਹਵਾ ਪ੍ਰਦੂਸ਼ਣ ਹੋਵੇ ਜਾਂ ਪਾਣੀ ਪ੍ਰਦੂਸ਼ਣ ਜਾਂ ਭੂਮੀ ਖੋਰਾ, ਉਸ ਦਾ ਇਲਾਜ ਸਿਰਫ਼ ਤੇ ਸਿਰਫ਼ ਦਰਖ਼ਤ ਹੀ ਹਨ।

ਇਕ ਅੰਦਾਜ਼ੇ ਅਨੁਸਾਰ ਦੇਸ਼ 'ਚ 5 ਲੱਖ ਹੈਕਟੇਅਰ ਜੰਗਲ ਖੇਤੀਬਾੜੀ ਲਈ ਹਰ ਵਰ੍ਹੇ ਤਿਆਰ ਕੀਤਾ ਜਾ ਰਿਹਾ ਹੈ । ਇਮਾਰਤੀ ਲੱਕੜੀ ਲਈ ਜੰਗਲਾਂ ਦੀ ਕਟਾਈ ਹੁੰਦੀ ਹੈ । ਸ਼ਹਿਰੀਕਰਨ ਅਤੇ ਉਦਯੋਗੀਕਰਨ ਦੇ ਨਾਂ ਉੱਤੇ ਦਰਖ਼ਤਾਂ ਦੀ ਕਟਾਈ ਹੁੰਦੀ ਹੈ ਅਤੇ ਦੇਸ਼ ਦਾ ਕੁਦਰਤੀ ਖ਼ਜ਼ਾਨਾ ਧੰਨ ਕੁਬੇਰਾਂ ਦੇ ਹੱਥ ਸੌਂਪ ਕੇ ਨਿੱਜੀਕਰਨ ਪਾਲਿਸੀਆਂ ਰਾਹੀਂ ਦੇਸ਼ ਦੇ ਜੰਗਲ ਦਾ ਘਾਣ ਕੀਤਾ ਜਾ ਰਿਹਾ ਹੈ। ਪਿਛਲੇ 30 ਸਾਲਾਂ 'ਚ 23,716 ਨਵੇਂ ਉਦਯੋਗ ਲਗਾਉਣ ਲਈ ਜੰਗਲ ਤਬਾਹ ਕੀਤੇ ਗਏ।

ਜੰਗਲਾਂ ਦੀ ਤਬਾਹੀ ਰੋਕਣ ਲਈ, ਧੰਨ ਕੁਬੇਰਾਂ ਹੱਥ ਜੰਗਲ ਸੌਂਪਣ ਤੋਂ ਰੋਕਣ ਲਈ, ਭੂਮੀ ਮਾਫੀਏ ਹੱਥ ਮਾਈਨਿੰਗ ਲਈ ਜ਼ਮੀਨਾਂ ਹੜੱਪਣੋ ਰੋਕਣ ਲਈ ਪਿੰਡਾਂ 'ਚ ਰਹਿੰਦੇ ਆਮ ਲੋਕਾਂ ਨੇ ਵੱਡਾ ਵਿਰੋਧ ਕੀਤਾ ਹੈ ਪਰ ਕੋਈ ਵੱਡੀ ਲਹਿਰ ਦੇਸ਼ ਦੇ ਕਿਸੇ ਵੀ ਹਿੱਸੇ 'ਚ ਉਸਾਰੀ ਨਹੀਂ ਜਾ ਸਕੀ, ਕਿਉਂਕਿ ਦੇਸ਼ ਇਸ ਵੇਲੇ ਕਾਰਪੋਰੇਟ ਸੈਕਟਰ ਦੇ ਹੱਥ ਆਇਆ ਹੋਇਆ ਹੈ ਅਤੇ ਉਸ ਵੱਲੋਂ ਹਰ ਹਰਬਾ ਵਰਤ ਕੇ ਕੁਦਰਤੀ ਸਾਧਨਾਂ ਦਾ ਇਸਤੇਮਾਲ ਕੀਤਾ ਜਾ ਰਿਹਾ ਹੈ।

1973 'ਚ ਚਿਪਕੋ ਅੰਦੋਲਨ ਨੇ ਦੇਸ਼ ਵਾਸੀਆਂ ਦਾ ਧਿਆਨ ਖਿੱਚਿਆ ਸੀ। ਇਹ ਅੰਦੋਲਨ ਉੱਤਰਾਖੰਡ ਤੋਂ ਆਰੰਭ ਹੋਇਆ ਅਤੇ ਭਾਰਤੀ ਹਿਮਾਲਾ ਖੇਤਰ 'ਚ ਪਸਰਿਆ। ਔਰਤਾਂ, ਦਰਖਤਾਂ ਦੀ ਕਟਾਈ ਸਮੇਂ, ਦਰਖ਼ਤਾਂ ਨਾਲ ਚੁੰਬੜ ਗਈਆਂ। 1980 ਵਿਆਂ 'ਚ ਟੀਹਰੀ ਡੈਮ, ਜੋ ਭਾਗੀਰਥ ਦਰਿਆ 'ਤੇ ਉਸਾਰਿਆ ਜਾਣਾ ਸੀ, ਉਸ ਵਿਰੁੱਧ ਵੀ ਲੋਕ ਲਾਮਬੰਦ ਹੋਏ। ਪ੍ਰਸਿੱਧ ਵਾਤਵਾਰਨ ਪ੍ਰੇਮੀ ਸੁੰਦਰਲਾਲ ਬਹੁਗੁਣਾ ਨੇ 1981-83 'ਚ ਪਿੰਡ ਪਿੰਡ ਘੁੰਮ ਕੇ ਹਿਮਾਲਾ ਖੇਤਰ ਦੇ 5000 ਕਿਲੋਮੀਟਰ 'ਚ ਦਰਖ਼ਤਾਂ ਦੇ ਬਚਾਅ ਲਈ ਲੋਕਾਂ ਨੂੰ ਜਾਗਰੂਕ ਕੀਤਾ।

ਅੱਜ ਵੀ ਚਿਪਕੋ ਅੰਦੋਲਨ ਦੀਆਂ ਤਿੰਨ ਔਰਤਾਂ ਗੌਰੀ ਦੇਵੀ, ਸੁਦੇਸ਼ਾਂ ਦੇਵੀ ਅਤੇ ਬਚਨੀ ਦੇਵੀ ਅਤੇ ਚਾਂਦੀ ਪ੍ਰਸ਼ਾਦ ਭੱਟ ਨੂੰ ਲੋਕ ਯਾਦ ਕਰਦੇ ਹਨ, ਜਿਨ੍ਹਾਂ ਨੇ ਜੰਗਲਾਂ ਦੀ ਸੁਰੱਖਿਆ ਲਈ ਸ਼ਾਂਤੀ ਪੂਰਵਕ ਅੰਦੋਲਨ ਆਰੰਭਿਆ। ਭਾਵੇਂ ਕਿ ਇੱਕਾ-ਦੁੱਕਾ ਅੰਦੋਲਨ ਦੇਸ਼ 'ਚ ਸਮੇਂ-ਸਮੇਂ ਹੁੰਦੇ ਰਹੇ, ਉਹਨਾਂ ਅੰਦੋਲਨਾਂ ਨਾਲ ਸਮੇਂ ਦੇ ਹਾਕਮਾਂ ਵਿੱਚ ਡਰ ਵੀ ਪੈਦਾ ਹੋਇਆ, ਪਰ ਜੰਗਲਾਂ ਦਾ ਵਢਾਂਗਾ, ਖਣਨ ਦੀਆਂ ਪ੍ਰਕਿਰਿਆਵਾਂ ਬੰਦ ਨਹੀਂ ਹੋਈਆਂ।

(ਬਾਕੀ ਸਫ਼ਾ 30 'ਤੇ)

# ਇੱਕ ਸਮਾਨ ਸਿਵਲ ਕੋਡ ਦਾ ਸ਼ੋਸ਼ਾ ਬਨਾਮ ਮੋਦੀ ਦੀ ਧਰੁਵੀਕਰਣ ਦੀ ਇੱਛਾ

**ਵਿਸ਼ਵਾ ਮਿੱਤਰ**




ਤੁਸੀਂ ਸੋਚਦੇ ਹੋਵੋਗੇ ਕਿ ਸਾਰੇ ਪਾਸੇ 'ਇੱਕ ਸਮਾਨ ਸਿਵਲ ਕੋਡ' ਦਾ ਰੌਲਾ ਪਿਆ ਹੋਇਆ ਹੈ ਤਾਂ ਇਹ ਅਸਮਾਨ ਸਿਵਲ ਕੋਡ ਕਿੱਥੋਂ ਆ ਗਿਆ। ਇਹ ਕਿਧਰੋਂ ਆਇਆ ਨਹੀਂ, ਪਹਿਲਾਂ ਤੋਂ ਹੀ ਮੌਜੂਦ ਹੈ। ਮੋਦੀ ਜੀ ਨੇ ਹਰ ਵਾਰ ਚੋਣਾਂ ਜਿੱਤਣ ਲਈ ਇੱਕ ਨਵਾਂ ਸ਼ੋਸ਼ਾ ਛੱਡਣਾ ਹੁੰਦਾ ਹੈ, ਇਸ ਲਈ ਇਸ ਵਾਰ ਇੱਕ ਸਮਾਨ ਸਿਵਲ ਕੋਡ ਦਾ ਸ਼ੋਸ਼ਾ ਛੱਡ ਦਿੱਤਾ ਹੈ। ਦੇਸ਼ ਦੀ ਅੱਜਕਲ ਦੀ ਸਮਾਜਿਕ ਅਤੇ ਕਾਨੂੰਨੀ ਹਾਲਤ ਅਨੁਸਾਰ ਇੱਕ ਸਮਾਨ ਸਿਵਲ ਕੋਡ ਲਾਗੂ ਨਹੀਂ ਹੋ ਸਕਦਾ। ਮੋਦੀ ਜੀ ਦੇ ਇੱਕ ਸਿਆਸੀ ਤੀਰ ਦੇ ਨਿਸ਼ਾਨੇ ਉੱਤੇ ਦੋ ਪੰਛੀ ਹਨ। ਮੋਦੀ ਜੀ ਦਾ ਸੁਪਨਾ ਹੈ ਕਿ ਜੇਕਰ ਇੱਕ ਪੰਛੀ ਵੀ ਫੁੰਡਿਆ ਜਾਂਦਾ ਹੈ ਤਾਂ ਉਹ 2024 ਵਿ➢ਚ ਫੇਰ ਪ੍ਰਧਾਨ ਮੰਤਰੀ ਬਣ ਸਕਦੇ ਹਨ। ਜੇਕਰ ਇੱਕ ਸਮਾਨ ਸਿਵਲ ਕੋਡ ਲਾਗੂ ਹੋ ਗਿਆ ਤਾਂ ਧਾਰਾ 370 ਹਟਾਉਣ ਅਤੇ ਰਾਮ ਮੰਦਿਰ ਨਿਰਮਾਣ ਤੋਂ ਬਾਅਦ ਇਹ ਹਿੰਦੂ ਰਾਸ਼ਟਰ ਵੱਲ ਇੱਕ ਹੋਰ ਕਦਮ ਹੋਵੇਗਾ, ਜਿਸ ਨਾਲ ਆਰ ਐੱਸ ਐੱਸ, ਜਿਹੜੀ ਕਿ ਅਜੇ ਡਾਵਾਂਡੋਲ ਹੈ, ਖੁਸ਼ ਹੋ ਕੇ ਮੋਦੀ ਜੀ ਦੀ ਹਿਮਾਇਤ 'ਤੇ ਫੇਰ ਆ ਜਾਵੇਗੀ ਅਤੇ ਸਾਰੇ ਸਵੈ ਸੇਵਕ ਭਾਜਪਾ ਨੂੰ ਜਿਤਾਉਣ ਲਈ ਪੂਰਾ ਜ਼ੋਰ ਲਗਾ ਕੇ ਭਾਜਪਾ ਨੂੰ ਬਹੁਗਿਣਤੀ ਵਿੱਚ ਲੈ ਆਉਣਗੇ। ਜੇਕਰ ਹਾਲਾਤ ਦੇ ਮੱਦੇਨਜ਼ਰ ਇੱਕ ਸਮਾਨ ਸਿਵਲ ਕੋਡ ਲਾਗੂ ਨਾ ਵੀ ਹੋਇਆ, ਇਹ ਸ਼ੋਸ਼ਾ ਮੋਦੀ ਜੀ ਦੀ ਧਰੁਵੀਕਰਣ ਦੀ ਇੱਛਾ ਪੂਰੀ ਕਰ ਸਕਦਾ ਹੈ। ਇਹ ਸ਼ੋਸ਼ਾ ਆਉਣ ਤੋਂ ਬਾਅਦ ਕੁਝ ਪਾਰਟੀਆਂ ਅਤੇ ਨੇਤਾ ਇਸਦੇ ਹੱਕ ਵਿੱਚ ਬਿਆਨ ਦੇਣਗੇ ਅਤੇ ਕੁਝ ਇਸਦੇ ਵਿਰੋਧ ਵਿੱਚ ਬਿਆਨ ਦੇਣਗੇ। ਵਿਰੋਧ ਵਿੱਚ ਬਿਆਨ ਦੇਣ ਵਾਲਿਆਂ ਨੂੰ ਮੋਦੀ ਜੀ ਮੁਸਲਮਾਨਾਂ ਦੇ ਹਿਤੈਸ਼ੀ ਕਹਿਣਗੇ। ਮੋਦੀ ਜੀ ਨੂੰ ਉਮੀਦ ਹੈ ਕਿ ਇਸ ਨਾਲ ਧਰੁਵੀਕਰਣ ਹੋ ਜਾਏਗਾ ਅਤੇ 2024 ਦੀ ਪਾਰਲੀਮਾਨੀ ਚੋਣਾਂ ਵਿੱਚ ਭਾਜਪਾ ਜਿੱਤ ਜਾਵੇਗੀ।

ਮੋਦੀ ਜੀ ਨੇ ਆਪਣੀ ਪਾਰਟੀ ਨੂੰ ਜਿਤਾਉਣ ਲਈ ਪਹਿਲਾਂ ਸਵਿਟਜ਼ਰਲੈਂਡ ਤੋਂ ਕਾਲਾ ਧਨ ਵਾਪਸ ਲਿਆ ਕੇ ਹਰ ਨਾਗਰਿਕ ਦੇ ਬੈਂਕ ਖਾਤੇ ਵਿੱਚ ਪੰਦਰਾਂ ਲੱਖ ਰੁਪਏ ਜਮ੍ਹਾਂ ਕਰਵਾਉਣ ਦਾ ਵਾਇਦਾ ਕੀਤਾ, ਜਿਹੜਾ ਕਿ ਅਮਿਤ ਸ਼ਾਹ ਜੀ ਦੇ ਕਹਿਣ ਅਨੁਸਾਰ ਇੱਕ ਚੋਣ ਜੁਮਲਾ ਸੀ। ਇਸ ਤੋਂ ਬਾਅਦ ਵਰਨਸੀ ਤੋਂ ਚੋਣ ਜਿੱਤਣ ਲਈ ਗੰਗਾ ਦੀ ਸਫਾਈ ਦਾ ਵਾਇਦਾ ਕੀਤਾ ਪਰ ਗੰਗਾ ਪਹਿਲਾਂ ਨਾਲੋਂ ਵੀ ਜ਼ਿਆਦਾ ਪ੍ਰਦੂਸ਼ਿਤ ਹੋ ਗਈ। ਫੇਰ ਕਿਸਾਨਾਂ ਦੀ ਆਮਦਨ 2022 ਤਕ ਦੁੱਗਣੀ ਕਰਨ ਦਾ ਵਾਅਦਾ ਕੀਤਾ ਜਦਕਿ 2022 ਤਕ ਕਿਸਾਨਾਂ ਦੀ ਆਮਦਨ ਹੋਰ ਘਟ ਗਈ। 2024 ਤਕ ਭਾਰਤ ਦੀ ਅਰਥ ਵਿਵਸਥਾ ਪੰਜ ਖਰਬ ਦੀ ਕਰਨ ਦਾ ਵੀ ਵਾਅਦਾ ਹੈ ਪਰ ਘਰ ਦੇ ਭਾਗ ਡਿਓੜੀ ਤੋਂ ਹੀ ਪਤਾ ਲੱਗ ਰਹੇ ਹਨ ਕਿ ਭਾਰਤ ਸਿਰ 2014 ਵਿਚ ਕਰਜ਼ਾ 55 ਲੱਖ ਕਰੋੜ ਸੀ ਜਿਹੜਾ ਕਿ 31 ਮਾਰਚ 2023 ਵਿੱਚ 155 ਲੱਖ ਕਰੋੜ ਹੋ ਗਿਆ ਹੈ ਅਤੇ 2024 ਤਕ ਜੇਕਰ ਇਹੋ ਰਫ਼ਤਾਰ ਰਹੀ ਤਾਂ ਕਰਜ਼ਾ 172 ਲੱਖ ਕਰੋੜ ਤਕ ਪਹੁੰਚਣ ਦਾ ਅੰਦਾਜ਼ਾ ਹੈ। ਜਦੋਂ ਭਾਜਪਾ ਦੇ ਸਾਰੇ ਲਾਰੇ ਫੇਲ ਹੋ ਜਾਣ ਤਾਂ ਫੇਰ ਆਖ਼ਰੀ ਹਥਿਆਰ ਧਰੁਵੀਕਰਣ ਦਾ ਹੁੰਦਾ ਹੈ, ਜਿਹੜਾ ਕਿ ਮੋਦੀ ਜੀ ਨੇ ਚਲਾ ਦਿੱਤਾ ਹੈ ਪਰ ਵੋਟਰ ਹੁਣ ਸਮਝਦਾਰ ਹੋ ਚੁੱਕਾ ਹੈ ਅਤੇ ਹੁਣ ਮੋਦੀ ਜੀ ਦੇ ਮਕੜਜਾਲ ਵਿੱਚ ਫਸਣ ਵਾਲਾ ਨਹੀਂ ਹੈ।

ਚਲੋ ਹੁਣ ਜੁਮਲਿਆਂ, ਲਰਿਆਂ ਤੋਂ ਬਾਅਦ ਪ੍ਰਸਤਾਵਿਤ ਇੱਕ ਸਮਾਨ ਸਿਵਲ ਕੋਡ ਜਾਂ ਕਾਨੂੰਨ ਵੱਲ ਆ ਜਾਈਏ। ਕਾਨੂੰਨ ਜਾਂ ਕੋਡ ਦੋ ਪ੍ਰਕਾਰ ਦੇ ਹਨ, ਇੱਕ ਉਹ ਹਨ ਜਿਹੜੇ ਕੇਵਲ ਕਿਤਾਬਾਂ ਵਿੱਚ ਬੰਦ ਹਨ ਅਤੇ ਆਮ ਵਰਤੋਂ ਵਿੱਚ ਨਹੀਂ ਲਿਆਂਦੇ ਜਾ ਰਹੇ। ਦੂਜੇ ਉਹ ਅਲਿਖਿਤ ਕਾਨੂੰਨ ਚੱਲ ਰਹੇ ਹਨ ਜਿਹੜੇ ਆਮ ਵਰਤੋਂ ਵਿਚ ਆ ਰਹੇ ਹਨ ਅਤੇ ਸੰਵਿਧਾਨ ਵਿੱਚ ਲਿਖਿਤ ਕਾਨੂੰਨਾਂ ਦੀਆਂ ਧੱਜੀਆਂ ਉਡਾ ਰਹੇ ਹਨ। ਸੰਵਿਧਾਨ ਅਨੁਸਾਰ ਭਾਰਤ ਭਿੰਨ ਭਿੰਨ ਜਾਤਾਂ, ਧਰਮਾਂ ਅਤੇ ਮਾਣਤਾਵਾਂ ਦਾ ਦੇਸ਼ ਹੈ ਅਤੇ ਉਹਨਾਂ ਦੇ ਲਾਗੂ ਸਿਵਲ ਕੋਡ ਵੀ ਭਿੰਨ ਭਿੰਨ ਹਨ। ਭਾਰਤ ਸਰਕਾਰ ਇੱਕ ਸਮਾਨ ਸਿਵਿਲ ਕੋਡ ਲਾਗੂ ਕਰਨ ਦੀ ਕੋਸ਼ਿਸ਼ ਕਰੇਗੀ। ਸਵਾਲ ਇਹ ਪੈਦਾ ਹੁੰਦਾ ਹੈ ਕਿ ਭਾਰਤ ਦੀ ਪਹਿਲੀ ਸੰਸਦ ਵਿੱਚ ਜ਼ਿਆਦਾਤਰ ਕਾਨੂੰਨ ਦੇ ਮਾਹਿਰ ਸਨ ਅਤੇ ਸਮਾਜਿਕ ਕਾਰਜਕਰਤਾ ਸਨ ਪਰ ਇਸਦੇ ਬਾਵਜੂਦ ਉਹਨਾਂ ਨੇ ਇਹ ਕੋਡ ਲਾਗੂ ਕਿਉਂ ਨਹੀਂ ਕੀਤਾ ਅਤੇ 2013 ਤਕ ਦੀਆਂ ਸਰਕਾਰਾਂ ਨੇ ਲਾਗੂ ਕਿਉਂ ਨਹੀਂ ਕੀਤਾ?

ਕੁਝ ਘੱਟ ਗਿਣਤੀਆਂ ਇੱਕ ਸਮਾਨ ਸਿਵਲ ਕੋਡ ਨੂੰ ਆਪਣੇ ਧਰਮ ਅਤੇ ਸੱਭਿਆਚਾਰ ਉੱਤੇ ਹਮਲਾ ਸਮਝਦੀਆਂ ਹਨ, ਇਸ ਲਈ ਮੁਸਲਮਾਨਾਂ, ਇਸਾਈਆਂ, ਸਿੱਖਾਂ ਅਤੇ ਆਦੀਵਾਸੀਆਂ ਨੂੰ ਅਜਿਹਾ ਕੋਡ ਮਨਜ਼ੂਰ ਨਹੀਂ। 21ਵੇਂ ਲਾਅ (ਕਾਨੂੰਨ) ਕਮਿਸ਼ਨ ਨੇ ਵੀ ਕਿਹਾ ਸੀ ਕਿ ਇੱਕ ਸਮਾਨ ਸਿਵਿਲ ਕੋਡ ਨਾ ਲਾਗੂ ਹੋ ਸਕਦਾ ਹੈ ਅਤੇ ਨਾ ਇਸ ਦੀ ਜ਼ਰੂਰਤ ਹੈ। ਜੇਕਰ ਇੱਕ ਸਮਾਨ ਸਿਵਲ ਕੋਡ ਲਾਗੂ ਹੁੰਦਾ ਹੈ ਤਾਂ ਆਦੀਵਾਸੀਆਂ ਦਾ ਸਭ ਤੋਂ ਜ਼ਿਆਦਾ ਆਰਥਿਕ, ਧਾਰਮਿਕ ਅਤੇ ਸੱਭਿਆਚਾਰਕ ਨੁਕਸਾਨ ਹੁੰਦਾ ਹੈ। ਉਹਨਾਂ ਦਾ ਸਾਰਾ ਜੀਵਨ ਜੰਗਲ ਦੇ ਦਰਖਤਾਂ 'ਤੇ ਅਧਾਰਿਤ ਹੈ, ਉੱਥੋਂ ਹੀ ਬਾਲਣ ਪ੍ਰਾਪਤ ਕਰਦੇ ਹਨ, ਫਲ਼ ਪ੍ਰਾਪਤ ਕਰਦੇ ਹਨ, ਜੜੀ ਬੂਟੀਆਂ, ਦਰਖਤਾਂ ਦੀਆਂ ਜੜ੍ਹਾਂ ਜਾਂ ਉਹਨਾਂ ਦੀ ਬਾਰਕ (ਦਰਖਤ ਦੇ ਤਣੇ ਦੀ ਉੱਪਰ ਵਾਲੀ ਛਿੱਲ) ਤੋਂ ਹੀ ਆਪਣੇ ਲਈ ਦਵਾਈਆਂ ਤਿਆਰ ਕਰਦੇ ਹਨ ਅਤੇ ਦਰਖਤਾਂ ਤੋਂ ਹੀ ਵੇਚਣ ਲਈ ਸਮਾਨ ਪ੍ਰਾਪਤ ਕਰਦੇ ਹਨ। ਜਲ, ਜੰਗਲ ਅਤੇ ਜ਼ਮੀਨ ਨੂੰ ਬਚਾਉਣਾ ਉਹਨਾਂ ਦਾ ਮੁੱਖ ਉੱਦੇਸ਼ ਹੈ। ਉਹਨਾਂ ਦੀਆਂ ਵਿਆਹ ਦੀਆਂ ਰਸਮਾਂ ਅਲੱਗ ਹਨ, ਦਹੇਜ ਬਿਲਕੁਲ ਨਹੀਂ ਹੈ। ਉਲਟਾ ਲਾੜੇ ਦਾ ਪਰਿਵਾਰ ਲਾੜੀ ਦੇ ਪਰਿਵਾਰ ਨੂੰ ਦੋ ਬੈਲ ਦਿੰਦਾ ਹੈ। ਸ਼ਾਦੀਆਂ ਅਗਨੀ ਨੂੰ ਗਵਾਹ ਮੰਨ ਕੇ ਕਰਨ ਦੀ ਬਜਾਏ ਨਦੀ ਦੇ ਪਾਣੀ ਨੂੰ ਗਵਾਹ ਮੰਨ ਕੇ ਕੀਤੀਆਂ ਜਾਂਦੀਆਂ ਹਨ। ਕੁਝ ਸ਼ਾਦੀਆਂ ਐਸੀਆਂ ਵੀ ਹੁੰਦੀਆਂ ਹਨ ਜਿਹਨਾਂ ਵਿੱਚ ਜੇਕਰ ਲਾੜੀ ਦਾ ਭਰਾ ਬਹੁਤ ਛੋਟਾ ਹੈ ਤਾਂ ਲਾੜਾ ਉਸਦੇ ਘਰ ਪੰਜ ਸਾਲ ਤਕ ਰਹਿੰਦਾ ਹੈ। ਧਰੁਵ ਫਿਰਕੇ ਵਿੱਚ ਭੈਣ ਅਤੇ ਭਰਾ ਸ਼ਾਦੀ ਕਰ ਲੈਂਦੇ ਹਨ। ਭਾਵੇਂ ਇਸ ਫਿਰਕੇ ਵਿੱਚ ਇਸ ਰਿਵਾਜ਼ ਨੂੰ ਖਤਮ ਕਰਨ ਦੀ ਆਵਾਜ਼ ਥੋੜੀ ਥੋੜੀ ਉਠਣੀ ਸ਼ੁਰੂ ਹੋ ਗਈ ਹੈ ਪਰ ਧੱਕੇ ਨਾਲ ਇੱਕ ਦਮ ਇਸ ਰਿਵਾਜ਼ ਨੂੰ ਖਤਮ ਨਹੀਂ ਕੀਤਾ ਜਾ ਸਕਦਾ। ਇਹ ਕੋਡ ਆਦਿਵਾਸੀਆਂ ਦਾ ਆਰਥਿਕ, ਧਾਰਮਿਕ ਅਤੇ ਸੱਭਿਆਚਾਰਕ ਤਾਣਾਬਾਣਾ ਨਸ਼ਟ ਕਰ ਸਕਦਾ ਹੈ।

ਜਿਵੇਂ ਮੋਦੀ ਜੀ ਨੇ ਬਿਨਾ ਕਿਸੇ ਨਾਲ ਸਲਾਹ ਕੀਤੇ ਪਹਿਲਾਂ ਨੋਟਬੰਦੀ ਕੀਤੀ ਅਤੇ ਬਾਅਦ ਵਿੱਚ ਜੀ.ਐੱਸ.ਟੀ ਸ਼ੁਰੂ ਕਰ ਦਿੱਤਾ ਅਤੇ ਦੇਸ਼ ਦੀ ਆਰਥਿਕਤਾ ਦਾ ਭੱਠਾ ਬਿਠਾ ਦਿੱਤਾ, ਉਵੇਂ ਹੀ ਬਿਨਾ ਸੋਚੇ ਸਮਝੇ, ਬਿਨਾ ਕਿਸੇ ਨਾਲ ਸਲਾਹ ਕੀਤੇ ਇੱਕ ਸਮਾਨ ਸਿਵਲ ਕੋਡ ਲੈ ਆਂਦਾ ਹੈ। ਸ਼ਾਇਦ ਵਿਰੋਧੀ ਪਾਰਟੀਆਂ ਵਿੱਚ ਕੋਈ ਮੁੱਦਾ ਲਿਆ ਕੇ ਸਵਾਲ ਜਵਾਬ ਤੋਂ ਉਹਨਾਂ ਨੂੰ ਡਰ ਲਗਦਾ ਹੈ। ਮੋਦੀ ਜੀ ਇਹ ਤਾਂ ਦੱਸ ਦਿਓ ਕਿ ਇਸ ਨਾਲ ਕੀ ਕੀ ਰਸਮੋ ਰਿਵਾਜ਼ ਬਦਲੋਗੇ। ਪਹਿਲਾਂ ਆਰਥਿਕਤਾ ਤਬਾਹ ਕੀਤੀ ਹੁਣ ਧੱਕੇ ਨਾਲ ਸਾਰੇ ਰਸਮੋ ਰਿਵਾਜ਼ ਬਦਲ ਕੇ ਸਮਾਜ ਵਿਚ ਅਸੰਤੋਸ਼ ਪੈਦਾ ਕਰੋਗੇ। ਮੋਦੀ ਜੀ, ਜਿਸ ਨੂੰ ਤੁਸੀਂ ਸਮਾਨ ਸਿਵਿਲ ਕੋਡ ਕਹਿ ਰਹੇ ਹੋ ਉਹ ਅਸਲ ਵਿੱਚ ਹਿੰਦੂ ਸਿਵਲ ਕੋਡ ਹੈ, ਇਸ ਨੂੰ ਲਾਗੂ ਕਰਨ ਤੋਂ ਪਹਿਲਾਂ ਸਮਾਜ ਵਿੱਚ ਪ੍ਰਚਲਿਤ ਵਿਤਕਰੇ ਵਾਲੇ ਅਲਿਖਤ ਕੋਡ ਬੰਦ ਕਰੋ।

ਕੀ ਇਸ ਨੂੰ ਇੱਕ ਸਮਾਨ ਸਿਵਲ ਕੋਡ ਕਿਹਾ ਜਾ ਸਕਦਾ ਹੈ ਕਿ ਆਰ ਐੱਸ ਐੱਸ ਦੀਆਂ ਸ਼ਾਖਾਵਾਂ ਸ਼ਰੇਆਮ ਕਿਸੇ ਵੀ ਖੁੱਲ੍ਹੇ ਸਥਾਨ 'ਤੇ ਹਰ ਰੋਜ਼ ਲੱਗ ਸਕਦੀਆਂ ਹਨ ਪਰ ਮੁਸਲਮਾਨ ਖੁੱਲ੍ਹੇ ਸਥਾਨਾਂ 'ਤੇ ਕੁਝ ਖਾਸ ਦਿਨਾਂ ਵਿੱਚ ਨਮਾਜ਼ ਨਹੀਂ ਪੜ੍ਹ ਸਕਦੇ? ਕੀ ਇਹ ਵੀ ਇੱਕ ਸਮਾਨ ਸਿਵਲ ਕੋਡ ਹੈ ਕਿ ਖਾਸ ਦਿਨਾਂ ਵਿੱਚ ਭਗਵਾ ਭਗਤ ਮਸਜਿਦਾਂ ਅੱਗੇ ਜਾ ਕੇ ਜੈ ਸ਼੍ਰੀ ਰਾਮ ਦੇ ਨਾਹਰੇ ਲਗਾ ਕੇ ਨਮਾਜ਼ ਦੀ ਰਸਮ ਵਿੱਚ ਖਲਲ ਪਾਉਣ ਪਰ ਮੁਸਲਮਾਨ ਜੇਕਰ ਆਪਣਾ ਕੋਈ ਧਾਰਮਿਕ ਜਲੂਸ ਲੈ ਕੇ ਜਾਣਾ ਚਾਹੁਣ ਤਾਂ ਉਹਨਾਂ ਨੂੰ ਰੋਕ ਦਿੱਤਾ ਜਾਂਦਾ ਹੈ। ਕੀ ਇਸ ਨੂੰ ਇੱਕ ਸਮਾਨ ਕਾਨੂੰਨ ਕਿਹਾ ਜਾ ਸਕਦਾ ਹੈ ਕਿ ਇਤਿਹਾਸ ਦੀਆਂ ਕਿਤਾਬਾਂ ਵਿੱਚੋਂ ਮੁਗਲ ਕਾਲ ਬਿਲਕੁਲ ਖਤਮ ਕਰ ਦਿੱਤਾ ਹੈ ਪਰ ਗੂਗਲ 'ਤੇ ਲਗਪਗ ਹਰ ਰੋਜ਼ ਆ ਜਾਂਦਾ ਹੈ ਕਿ ਫਲਾਣੇ ਮੁਗਲ ਬਾਦਸ਼ਾਹ ਦੇ ਹਰਮ ਵਿੱਚ ਇਹ ਇਹ ਕੁਝ ਹੁੰਦਾ ਸੀ, ਫਲਾਣੇ ਮੁਗਲ ਬਾਦਸ਼ਾਹ ਨੇ ਹਿੰਦੂਆਂ 'ਤੇ ਆਹ ਆਹ ਅੱਤਿਆਚਾਰ ਕੀਤੇ। ਇਹ ਵੀ ਆਉਂਦਾ ਹੈ ਕਿ ਫਲਾਣੇ ਹਿੰਦੂ ਜਾਂ ਰਾਜਪੂਤ ਯੋਧੇ ਨੇ ਫਲਾਣੇ ਮੁਗਲ ਬਾਦਸ਼ਾਹ ਜਾਂ ਨਵਾਬ ਨੂੰ ਯੁੱਧ ਦੇ ਮੈਦਾਨ ਵਿੱਚੋਂ ਭਜਾ ਦਿੱਤਾ। ਇਸੇ ਤਰਾਂ ਇਤਿਹਾਸ ਵਿੱਚੋਂ ਨਹਿਰੂ ਜਾਂ ਗਾਂਧੀ ਲਗਪਗ ਖਤਮ ਕਰ ਦਿੱਤੇ ਹਨ ਪਰ ਨਹਿਰੂ ਅਤੇ ਗਾਂਧੀ ਬਾਰੇ ਪ੍ਰਚਾਰਿਆ ਜਾ ਰਿਹਾ ਹੈ ਕਿ ਇਹਨਾਂ ਨੇ ਭਾਰਤ ਦਾ ਬਟਵਾਰਾ ਕੀਤਾ।

ਇਸ ਵਕਤ ਦੇਸ਼ ਦੇ 95% ਤੋਂ ਵੱਧ ਸਿਆਸਤਦਾਨ ਭਾਵੇਂ ਉਹ ਰਾਜ ਕਰਦੀ ਧਿਰ ਨਾਲ ਹਨ ਅਤੇ ਭਾਵੇਂ ਵਿਰੋਧੀ ਧਿਰ ਨਾਲ, ਉਹ ਬੇਈਮਾਨ, ਭ੍ਰਿਸ਼ਟ, ਘੁਟਾਲੇਬਾਜ਼ ਅਤੇ ਡਕੈਤ, ਬਲਾਤਕਾਰੀ ਜਾਂ ਹੋਰ ਤਰ੍ਹਾਂ ਦੇ ਸੰਗੀਨ ਅਪਰਾਧੀ ਹਨ। ਕੀ ਇਹ ਇੱਕ ਸਮਾਨ ਸਿਵਲ ਕੋਡ ਹੈ ਕਿ ਭਾਜਪਾ ਵਿੱਚ ਸ਼ਾਮਿਲ ਕਿਸੇ ਵੀ ਸਿਆਸਤਦਾਨ ਉੱਤੇ ਈ ਡੀ ਜਾਂ ਟੈਕਸ ਅਧਿਕਾਰੀਆਂ ਦਾ ਛਾਪਾ ਨਾ ਪਵੇ ਅਤੇ ਇਹ ਸਾਰੇ ਛਾਪੇ ਵਿਰੋਧੀ ਧਿਰ ਦੇ ਸਿਆਸਤਦਾਨਾਂ ਉੱਤੇ ਪੈਣ। ਜਿਹੜਾ ਵੀ ਵਿਰੋਧੀ ਧਿਰ ਦਾ ਸਿਆਸਤਦਾਨ ਦਾਗੀ ਹੁੰਦਾ ਹੈ, ਉਹ ਜਿਉਂ ਹੀ ਭਾਜਪਾ ਵਿੱਚ ਜਾ ਰਲਦਾ ਹੈ, ਉਸ ਦੇ ਸਾਰੇ ਦਾਗ ਮਿਟ ਗਏ ਸਮਝੇ ਜਾਂਦੇ ਹਨ। ਕੀ ਇਹ ਇੱਕ ਸਮਾਨ ਸਿਵਲ ਕੋਡ ਹੈ ਕਿ ਕਿਸੇ ਕਰਮਚਾਰੀ ਨੂੰ ਰਿਟਾਇਰ ਹੋ ਕੇ ਪੈਨਸ਼ਨ ਪ੍ਰਾਪਤ ਕਰਨ ਲਈ ਘੱਟੋ ਘੱਟ ਦਸ ਸਾਲ ਸੇਵਾ ਵਿੱਚ ਰਹਿਣਾ ਚਾਹੀਦਾ ਹੈ ਪਰ ਇੱਕ ਐੱਮ ਐੱਲ ਏ ਜਾਂ ਐੱਮ ਪੀ ਕੇਵਲ ਪੰਜ ਸਾਲ ਬਾਅਦ ਹੀ ਪੈਨਸ਼ਨ ਪ੍ਰਾਪਤ ਕਰ ਸਕਦਾ ਹੈ। ਇਹ ਸਿਆਸਤਦਾਨ ਤਾਂ ਜਿੰਨੀ ਵਾਰ ਚੁਣੇ ਜਾਣ, ਉਹਨਾਂ ਨੂੰ ਓਨੀਆਂ ਹੀ ਪੈਨਸ਼ਨਾਂ ਲੱਗਦੀਆਂ ਹਨ ਭਾਵੇਂ ਉਹ ਵਿਧਾਨ ਸਭਾ ਜਾਂ ਸੰਸਦ ਵਿਚ ਕੇਵਲ ਇੱਕ ਦਿਨ ਲਈ ਜਾਣ। ਕੀ ਇਹ ਵੀ ਇੱਕ ਸਮਾਨ ਸਿਵਲ ਕੋਡ ਹੈ ਕਿ ਇਹ ਸਿਆਸਤਦਾਨ ਜਦੋਂ ਚਾਹੁਣ ਬਿੱਲ ਪਾਸ ਕਰਵਾ ਕੇ ਉਦੋਂ ਆਪਣੀਆਂ (**ਬਾਕੀ ਸਫ਼ਾ 30 'ਤੇ**)

# ਸੁਪਰੀਮ ਕੋਰਟ ਦੇ ਬਦਲੇ ਰੁਖ ਤੇ ਵਿਰੋਧੀਆਂ ਦੇ ਗਠਜੋੜ 'ਇੰਡੀਆ' ਕਾਰਨ ਭਾਜਪਾ ਘਬਰਾਹਟ 'ਚ



**ਐਡਵੋਕੇਟ ਗੁਰਮੀਤ ਸ਼ੁਗਲੀ**

ਅੱਜਕੱਲ ਰਾਜਗੱਦੀ ਦਾ ਸੁਖ ਭੋਗ ਰਹੀ ਭਾਜਪਾ ਜਿੰਨੀ ਘਬਰਾਹਟ ਵਿੱਚ ਹੈ, ਇੰਨੀ ਘਬਰਾਹਟ ਵਿੱਚ ਉਹ ਪਹਿਲਾਂ ਨਹੀਂ ਦਿਸੀ। ਇਹ ਘਬਰਾਹਟ ਉਸ ਵਿੱਚ ਜਿਉਂ ਦੀ ਤਿਉਂ ਵੀ ਕਾਇਮ ਹੈ ਬਾਵਜੂਦ ਵਿਰੋਧੀ ਪਾਰਟੀਆਂ ਨੂੰ ਤੋੜਨ ਦੇ। ਜਿਵੇਂ ਉਸ ਨੇ ਪਹਿਲਾਂ ਠਾਕਰੇ ਸਾਹਿਬ ਦੀ ਸ਼ਿਵ ਸੈਨਾ ਤੋੜੀ ਅਤੇ ਸ਼ਿਵ ਸੈਨਿਕ ਸ਼ਿੰਦੇ ਨੂੰ ਅੱਗੇ ਲਾਇਆ ਅਤੇ ਹਮਾਇਤ ਦੇ ਕੇ ਮੁੱਖ ਮੰਤਰੀ ਦੀ ਕੁਰਸੀ 'ਤੇ ਬਿਠਾਇਆ। ਫਿਰ ਸ਼ਰਦ ਪਵਾਰ ਦੇ ਘਰ ਡਾਕਾ ਮਾਰ ਕੇ ਅਜੀਤ ਪਵਾਰ ਪ੍ਰਾਪਤ ਕੀਤਾ। ਅਜੀਤ ਨੂੰ ਆਉਂਦਿਆਂ ਹੀ ਉਪ ਮੁੱਖ ਮੰਤਰੀ ਅਤੇ ਉਸ ਦੇ ਬਾਕੀ ਸਾਥੀਆਂ ਨੂੰ ਛੋਟੀਆਂ-ਵੱਡੀਆਂ ਵਜ਼ੀਰੀਆਂ ਦੇ ਕੇ ਸਨਮਾਨਿਤ ਕੀਤਾ, ਜਦੋਂ ਕਿ ਇਨ੍ਹਾਂ ਤੋਂ ਪਹਿਲਾਂ ਬੈਠੇ ਸ਼ਿਵ ਸੈਨਿਕ ਉਡੀਕਵਾਨ ਅੱਜ ਤਕ ਉਡੀਕ ਹੀ ਰਹੇ ਹਨ। ਹੁਣ ਲਗਦਾ ਹੈ ਕਿ ਉਨ੍ਹਾਂ ਦੇ ਸਬਰ ਦਾ ਪਿਆਲਾ ਭਰ ਗਿਆ ਹੈ, ਕਿਸੇ ਪਲ ਵੀ ਉੱਛਲ ਸਕਦਾ ਹੈ। ਸ਼ਰਦ ਪਵਾਰ ਨੂੰ ਛੱਡਣ ਵਾਲੇ ਕੁਝ ਮੈਂਬਰ ਘਰ ਵਾਪਸੀ ਕਰ ਰਹੇ ਹਨ। ਹੁਣ ਜਾਪਦਾ ਹੈ ਕਿ ਭਾਜਪਾ ਨੂੰ ਇਹ ਖੇਡ ਰਾਸ ਨਹੀਂ ਆਵੇਗੀ। ਸ਼ਰਦ ਪਵਾਰ ਵੀ ਪੁਰਾਣੇ ਤਜਰਬੇਕਾਰ ਹੋਣ ਕਰਕੇ ਉਹਨਾਂ ਨੂੰ ਛੱਡ ਗਏ ਮੈਂਬਰਾਂ ਦਾ ਕਾਫ਼ੀਆ ਕਾਫੀ ਤੰਗ ਕਰ ਦਿੱਤਾ ਹੈ ਅਤੇ ਉਨ੍ਹਾਂ 'ਤੇ ਦਲਬਦਲੀ ਦੀ ਤਲਵਾਰ ਲਟਕਾ ਦਿੱਤੀ ਹੈ।

ਪਾਰਟੀਆਂ ਨੂੰ ਤੋੜ ਕੇ ਆਪਣੇ ਖੇਮੇ ਵਿੱਚ ਲਿਆਉਣ ਤੋਂ ਬਾਅਦ ਵੀ ਭਾਜਪਾ ਦੀ ਘਬਰਾਹਟ ਜਿਉਂ ਦੀ ਤਿਉਂ ਹੈ, ਇਹ ਰਹਿਣੀ ਵੀ ਹੈ, ਕਾਰਨ, ਸਿਖਰਲੀ ਅਦਾਲਤ ਨੇ ਕਾਨੂੰਨ ਦੀ ਬਿਨਾਂ ਕਿਸੇ ਭੈਅ ਦੇ ਵਿਆਖਿਆ ਕਰਨੀ ਸ਼ੁਰੂ ਕਰ ਦਿੱਤੀ ਹੈ, ਜਿਸਦਾ ਅਸਰ ਥੱਲੇ ਤਕ ਆਉਣਾ ਲਾਜ਼ਮੀ ਹੈ। ਪਾਠਕ ਜ਼ਰਾ ਧਿਆਨ ਦੇਣ ਅਤੇ ਸਮਝਣ ਦੀ ਕੋਸ਼ਿਸ਼ ਕਰਨ, ਹਾਲੇ ਹਫ਼ਤਾ ਕੁ ਪਹਿਲਾਂ ਦੀ ਗੱਲ ਹੈ ਕਿ ਕਿਵੇਂ ਚੀਫ ਜਸਟਿਸ ਨੇ ਇੱਕ ਪਟੀਸ਼ਨ 'ਤੇ ਸੁਣਾਈ ਕਰਦਿਆਂ ਈ ਡੀ ਦੇ ਮੁਖੀ ਦੀ ਤੀਜੀ ਵਾਰ ਵਧਾਈ ਮਿਆਦ ਨੂੰ ਇੱਕਦਮ ਖ਼ਾਰਜ ਕਰ ਦਿੱਤਾ ਅਤੇ ਕਿਹਾ ਅਜਿਹਾ ਕਦੀ ਹੋ ਹੀ ਨਹੀਂ ਸਕਦਾ। ਉਨ੍ਹਾਂ ਆਪਣੇ ਹੁਕਮ ਵਿੱਚ ਕਿਹਾ ਹੈ ਕਿ ਮੌਜੂਦਾ ਈ ਡੀ ਮੁਖੀ ਇਸ ਮਹੀਨੇ ਦੇ ਅੰਤ ਤਕ ਹੀ ਆਪਣੇ ਅਹੁਦੇ 'ਤੇ ਰਹੇਗਾ, ਬਾਅਦ ਵਿੱਚ ਨਹੀਂ। ਭਾਵ ਜਿਸ ਗੱਲ ਦੀ ਸੰਵਿਧਾਨ ਆਗਿਆ ਨਹੀਂ ਦਿੰਦਾ, ਉਹ ਬਿਲਕੁਲ ਨਹੀਂ ਹੋ ਸਕਦਾ। ਨਾਲ ਹੀ ਕੇਂਦਰੀ ਸਰਕਾਰ ਨੂੰ ਕਿਹਾ ਗਿਆ ਹੈ ਕਿ ਇਸ



ਮਹੀਨੇ ਦੇ ਅੰਤ ਤਕ ਨਵੇਂ ਈ ਡੀ ਮੁਖੀ ਦੀ ਜ਼ਰੂਰੀ ਭਾਲ ਕੀਤੀ ਜਾਵੇ।

ਸ਼ਾਇਦ ਪਾਠਕਾਂ ਦੇ ਧਿਆਨ ਵਿੱਚ ਹੋਵੇ ਕਿ ਮੌਜੂਦਾ ਈ ਡੀ ਮੁਖੀ ਸ੍ਰੀ ਸੰਜੇ ਮਿਸ਼ਰਾ ਉਹ ਮੁਖੀ ਸੀ, ਜਿਹੜਾ ਸਰਕਾਰ ਦੇ ਇਸ਼ਾਰੇ 'ਤੇ ਸਭ ਵਿਰੋਧੀ ਪਾਰਟੀਆਂ ਨੂੰ ਅਤੇ ਖਾਸ ਕਰ ਸ੍ਰੀਮਤੀ ਸੋਨੀਆ ਗਾਂਧੀ, ਰਾਹੁਲ ਗਾਂਧੀ ਅਤੇ ਆਮ ਆਦਮੀ ਪਾਰਟੀ ਦੇ ਮਨੀਸ਼ ਸਿਸੋਦੀਆਂ ਅਤੇ ਉਨ੍ਹਾਂ ਦੇ ਹੀ ਸਿਹਤ ਮੰਤਰੀ ਸ੍ਰੀ ਸਤਿੰਦਰ ਜੈਨ ਨੂੰ ਕਾਫ਼ੀ ਤੰਗ ਕਰਦਾ ਆਇਆ ਹੈ। ਕਾਰਨ, ਈ ਡੀ ਦੀਆਂ ਨਜ਼ਰਾਂ ਵਿੱਚ ਸਭ ਇੱਕੋ ਜਿਹੇ ਨਹੀਂ ਹਨ। ਰਾਜ ਕਰਦੀ ਪਾਰਟੀ ਦੇ ਵਿਅਕਤੀਆਂ ਨਾਲ ਵੱਖਰਾ ਅਤੇ ਵਿਰੋਧੀ ਪਾਰਟੀਆਂ ਦੇ ਕਾਰਕੁੰਨਾਂ ਨਾਲ ਵੱਖਰੀ ਤਰ੍ਹਾਂ ਪੇਸ਼ ਆਉਂਦੇ ਹਨ। ਭਾਵੇਂ ਨਵਾਂ ਈ ਡੀ ਮੁਖੀ ਵੀ ਸਰਕਾਰ ਮੁਖੀ ਹੀ ਨਿਕਲੇਗਾ, ਪਰ ਚੀਫ ਜਸਟਿਸ ਦਾ ਮੂਡ ਸਭ ਨੇ ਭਾਂਪ ਲਿਆ ਹੈ। ਹੋਰ ਵੰਨਗੀ ਦੇਖੋ। ਸਟੂਡੈਂਟ ਲੀਡਰ ਖਾਲਿਦ ਦੀ ਜ਼ਮਾਨਤ ਦੀ ਅਰਜ਼ੀ ਦੌਰਾਨ ਜਦੋਂ ਵਕੀਲ ਨੇ ਕਿਹਾ ਕਿ ਤਾਰੀਖ ਹੋਰ ਲੰਮੇਰੀ ਕਰ ਦਿਓ, ਕਾਰਨ ਅਦਾਲਤ ਕੋਲ ਕੰਮ ਕਾਫ਼ੀ ਹੈ। ਇਸ 'ਤੇ ਜੱਜ ਸਾਹਿਬ ਨੇ ਉੱਤਰ ਵਿੱਚ ਕਿਹਾ, ਉਸ ਮਿਥੀ ਤਾਰੀਖ 'ਤੇ ਤੁਸੀਂ ਪੂਰੀ ਤਿਆਰੀ ਵਿੱਚ ਆਓ, ਅਦਾਲਤ ਦੇ ਜ਼ਿਆਦਾ ਕੰਮ ਦਾ ਤੁਸੀਂ ਫਿਕਰ ਨਾ ਕਰੋ। ਇੱਕ ਨਾਗਰਿਕ ਦੀ ਆਜ਼ਾਦੀ ਦੇ ਹੱਕਾਂ ਦਾ ਸਵਾਲ ਹੈ। ਸਭ ਜਾਣਦੇ ਹਨ ਕਿ ਜਿਵੇਂ ਜੰਮੂ-ਕਸ਼ਮੀਰ ਵਿੱਚ 370 ਦੀ ਧਾਰਾ ਥੱਲੇ ਕਾਰਵਾਈ ਕਰਕੇ ਮਿੰਟਾਂ ਵਿੱਚ ਹੀ ਇੱਕ ਵਸਦੇ-ਰਸਦੇ ਲੋਕਾਂ ਦੇ ਮਾਲਕ ਸੂਬੇ ਨੂੰ ਅਧਿਕਾਰਾਂ ਤੋਂ ਮਹਿਰੂਮ ਕਰਕੇ ਜੰਮੂ ਕਸ਼ਮੀਰ ਨੂੰ ਕੇਂਦਰ ਦੀ ਰਖੇਲ ਬਣਾ ਦਿੱਤਾ। ਉਸ ਬਾਰੇ ਜਿੰਨੀਆਂ ਵੀ ਪਟੀਸ਼ਨਾਂ ਸਨ, ਉਨ੍ਹਾਂ ਨੂੰ ਇਕਠਾ ਕਰਕੇ ਦੋ ਅਗਸਤ ਨੂੰ ਸੁਣਾਈ ਲਈ ਸਮਾਂਵੱਧ ਕਰ ਦਿੱਤਾ ਹੈ ਅਤੇ ਜੁਲਾਈ ਵਿੱਚ ਮਿਥੀ ਤਾਰੀਖ ਤਕ ਸਭ ਨੂੰ ਜਵਾਬ ਫਾਈਲ ਕਰਨ ਨੂੰ ਕਹਿ ਦਿੱਤਾ ਹੈ। ਇਹ ਸੁਣਾਈ ਚੀਫ ਜਸਟਿਸ ਸ੍ਰੀ ਚੰਦਰਚੂੜ ਤੋਂ ਇਲਾਵਾ ਚਾਰ ਹੋਰ ਜੱਜਾਂ ਦੀ ਬੈਂਚ ਲਗਾਤਾਰ ਕਰੇਗੀ, ਕੇਂਦਰੀ ਸਰਕਾਰ ਦੀ ਧੜਕਣ ਇਸ ਕਰਕੇ ਵੀ ਤੇਜ਼ ਹੋ ਗਈ ਹੈ। ਇਹ ਵੀ ਸਭ ਜਾਣਦੇ ਹਨ ਕਿ ਕਿਵੇਂ ਸੁਪਰੀਮ ਕੋਰਟ ਦੀ ਹਦਾਇਤ 'ਤੇ ਪਹਿਲਵਾਨਾਂ ਦੀ ਜਥੇਬੰਦੀ ਦੇ ਮੁਖੀ ਖ਼ਿਲਾਫ਼ ਨਾਬਾਲਗ ਤੇ ਬਾਲਗ ਪਹਿਲਵਾਨ ਬੇਟੀਆਂ ਦੀ ਸ਼ਿਕਾਇਤ ਆਖਰ ਐੱਫ ਆਈ ਆਰ ਵਿੱਚ ਤਬਦੀਲ ਹੋਈ। ਚਲਾਣ ਦੇ ਦਿੱਤਾ ਗਿਆ। ਇੱਕ ਸੌ ਚੌਹਟ ਸੀ ਆਰ ਪੀ ਸੀ ਹੇਠ ਜੱਜ ਸਾਹਮਣੇ ਬਿਆਨ ਦਰਜ ਹੋ ਚੁੱਕੇ ਹਨ। ਕਿਸੇ ਸਟੇਜ 'ਤੇ ਜੋ ਨਾਬਾਲਗ ਨੇ ਆਪਣੇ ਬਿਆਨ ਵਾਪਸ ਲੈਣ ਦੀ ਗੱਲ ਕੀਤੀ ਸੀ, ਉਸ ਦਾ ਵੀ ਹੁਣ ਫ਼ੈਸਲਾ ਅਦਾਲਤ ਕਰੇਗੀ। ਜਿਹੜਾ ਦੋਸ਼ੀ ਕਸੂਰਵਾਰ ਸਾਬਤ ਹੋਣ 'ਤੇ ਆਪ ਫਾਂਸੀ ਲਾਉਣ ਦੀ ਗੱਲ ਕਰਦਾ ਸੀ, ਉਹ ਸ਼ਿਕੰਜੇ ਵਿੱਚ ਫਸਦਾ ਦਿਖਾਈ ਦੇ ਰਿਹਾ ਹੈ। ਰਾਜ ਕਰਦੀ ਪਾਰਟੀ ਵਿਰੋਧੀ ਗਠਜੋੜ ਇੰਡੀਆ ਤੋਂ ਵੀ ਫਿਕਰਮੰਦ ਹੈ। ਸੰਸਾਰ ਦੀ ਸਭ ਤੋਂ ਵੱਡੀ ਸਿਆਸੀ ਪਾਰਟੀ ਭਾਜਪਾ, ਜਿਸ ਨੂੰ ਸਿਰਫ਼ ਇੱਕ ਜੋੜੀ ਹੀ ਚਲਾ ਰਹੀ ਹੈ, ਉਹ ਉਸ ਚੀਫ ਜਸਟਿਸ ਆਫ ਸੁਪਰੀਮ ਕੋਰਟ ਦੇ ਸ੍ਰੀ ਚੰਦਰਚੂੜ ਤੋਂ ਭੈਅ-ਭੀਤ ਲਗਦੀ ਹੈ, ਜੋ ਆਪਣੇ ਅਤੇ ਆਪਣੇ ਪਿਤਾ ਜੀ ਦੇ ਫੈਸਲੇ ਵੀ ਉਲਟਾਉਂਦਾ ਆ ਰਿਹਾ ਹੈ। ਜਿਹੜਾ 2024 ਦੀਆਂ ਚੋਣਾਂ ਤੋਂ ਬਾਅਦ ਨਵੰਬਰ ਵਿੱਚ ਰਿਟਾਇਡ ਹੋਵੇਗਾ, ਦਿਨੋ-ਦਿਨ ਜਿਵੇਂ ਹਾਲਾਤ ਸਾਜ਼ਗਾਰ ਹੋ ਰਹੇ ਹਨ, ਉਸ ਮੁਤਾਬਕ ਇਹ ਵਿਰੋਧੀਆਂ ਦਾ ਇਕੱਠ ਹੋਰ ਵੱਡਾ ਹੁੰਦਾ ਜਾਵੇਗਾ। ਸਾਨੂੰ ਤਦ ਤਕ ਸਬਰ ਨਾਲ ਉਡੀਕ ਅਤੇ ਕੋਸ਼ਿਸ਼ਾਂ ਜਾਰੀ ਰੱਖਣੀਆਂ ਚਾਹੀਦੀਆਂ ਹਨ। ਲੋਕ ਪੱਖੀ ਮੁੱਦਿਆਂ 'ਤੇ ਤਿੱਖੇ ਸੰਘਰਸ਼ ਵਿੱਢਣੇ ਚਾਹੀਦੇ ਹਨ।



# ਪੰਜਾਬ ਦੀ ਸਿਆਸਤ ਦੀ ਗੱਲ ਕਰਦਿਆਂ...

# ਸਿਆਸਤ 'ਚ ਨਵੇਂ ਸਮੀਕਰਨ ਬਣਾਉਣ ਦੇ ਸਮਰਥ ਹਨ ਪੰਜਾਬੀ




ਜਦੋਂ ਵੀ ਪੰਜਾਬ ਦੀ ਸਿਆਸਤ ਦੀ ਗਲ ਤੁਰਦੀ ਹੈ ਤਾਂ ਇਹ ਗਲ ਉਭਰ ਕੇ ਸਾਹਮਣੇ ਆਉਂਦੀ ਹੈ ਕਿ ਪੰਜਾਬੀ ਸਿਆਸਤ ਵਿੱਚ ਨਵੇਂ ਸਮੀਕਰਨ ਬਣਾਉਣ ਦੇ ਸਮਰਥ ਹਨ। ਸਾਬਕਾ ਅਤੇ ਮਰਹੂਮ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਵੀ ਇਕ ਵਾਰ ਆਪਣੇ ਮੁੱਖ ਮੰਤਰੀ ਦੇ ਕਾਰਜਕਾਲ ਦੌਰਾਨ ਲੋਕ ਸਭਾ ਚੋਣਾਂ ਵਿੱਚ ਅਕਾਲੀ ਦਲ ਦੀ ਢਿੱਲੀ ਕਾਰਗੁਜਾਰੀ ਅਤੇ ਉਸ ਸਮੇਂ ਨਵੀਂ ਸਿਆਸੀ ਪਾਰਟੀ ਆਮ ਆਦਮੀ ਪਾਰਟੀ ਨੂੰ ਮਿਲੀ ਸਫਲਤਾ ਬਾਰੇ ਗਲ ਕਰਦਿਆਂ ਕਿਹਾ ਸੀ ਕਿ ਪੰਜਾਬ ਦੇ ਲੋਕ ਕ੍ਰਾਂਤੀਕਾਰੀ ਹਨ, ਜੋ ਕਿ ਨਵੀਂ ਚੀਜ਼ ਨੂੰ ਛੇਤੀ ਅਪਨਾਅ ਲੈਂਦੇ ਹਨ। ਉਸ ਤੋਂ ਬਾਅਦ ਸਾਲ 2022 ਵਿੱਚ ਹੋਈਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਪੰਜਾਬੀਆਂ ਨੇ ਵੱਡਾ ਉਲਟ ਫੇਰ ਕਰਦਿਆਂ ਪੰਜਾਬ ਵਿੱਚ ਆਮ ਆਦਮੀ ਪਾਰਟੀ ਨੂੰ ਖੁੱਲ ਕੇ ਵੋਟਾਂ ਪਾਈਆਂ ਅਤੇ ਇਸ ਸਮੇਂ ਆਮ ਆਦਮੀ ਪਾਰਟੀ ਦੀ ਸਰਕਾਰ ਹੀ ਪੰਜਾਬ ਵਿੱਚ ਰਾਜ ਕਰ ਰਹੀ ਹੈ। ਇਸ ਤਰਾਂ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੇ ਰੂਪ ਵਿੱਚ ਪੰਜਾਬੀਆਂ ਨੇ ਨਵਾਂ ਸਿਆਸੀ ਬਦਲ ਦਾ ਰੂਪ ਦੇ ਦਿੱਤਾ। ਇਥੇ ਜ਼ਿਕਰ ਯੋਗ ਹੈ ਕਿ ਪੰਜਾਬ ਦੇ ਲੋਕ ਲੰਬਾ ਸਮਾਂ ਕਣਕ ਝੋਨੇ ਦੇ ਆਰਥਿਕ ਚੱਕਰ ਵਾਂਗੂੰ ਹੀ ਪੰਜਾਬ ਦੀ ਸਿਆਸਤ ਵਿੱਚ ਵੀ ਕਾਂਗਰਸ ਅਤੇ ਅਕਾਲੀ ਦਲ ਦੇ ਸਿਆਸੀ ਚੱਕਰ ਵਿੱਚ ਹੀ ਉਲਝ ਕੇ ਰਹਿ ਗਏ ਸਨ। ਜਿਸ ਤਰਾਂ ਪੰਜਾਬੀ ਕਿਸਾਨ ਖੇਤਾਂ ਵਿੱਚ ਇੱਕ ਵਾਰ ਕਣਕ ਦੀ ਬਿਜਾਈ ਕਰ ਦਿੰਦੇ ਸਨ ਅਤੇ ਦੂਜੀ ਵਾਰ ਖੇਤਾਂ ਵਿੱਚ ਝੋਨੇ ਦੀ ਬਿਜਾਈ ਕਰ ਦਿੰਦੇ ਸਨ। ਉਸੇ ਤਰਾਂ ਪੰਜਾਬ ਵਿੱਚ ਪੰਜਾਬੀ ਇਕ ਵਾਰੀ ਕਾਂਗਰਸ ਦੀ ਸਰਕਾਰ ਬਣਾਂ ਦਿੰਦੇ ਸਨ ਅਤੇ ਦੂਜੀ ਵਾਰ ਅਕਾਲੀ ਦਲ ਦੀ ਸਰਕਾਰ ਬਣਾ ਦਿੰਦੇ ਸਨ।




ਇਸ ਤਰਾਂ ਕਾਂਗਰਸ ਅਤੇ ਅਕਾਲੀ ਦਲ ਵੱਲੋਂ 'ਉਤਰ ਕਾਟੋ ਮੈਂ ਚੜ੍ਹਾਂ' ਦੀ ਰਵਾਇਤ ਚਲਾਉਂਦਿਆਂ ਵਾਰੋ ਵਾਰੀ ਪੰਜਾਬ 'ਤੇ ਰਾਜ ਕੀਤਾ ਜਾ ਰਿਹਾ ਸੀ। ਇਸ ਤਰਾਂ ਪਿਛਲੇ ਸਾਲ ਹੋਈਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਪੰਜਾਬੀਆਂ ਨੇ ਕ੍ਰਾਂਤੀਕਾਰੀ ਕਦਮ ਚੁਕਦਿਆਂ ਪੰਜਾਬ ਵਿੱਚ ਆਮ ਆਦਮੀ ਪਾਰਟੀ ਨੂੰ ਭਰਪੂਰ ਸਮਰਥਣ ਦਿਤਾ ਅਤੇ ਪੰਜਾਬ ਵਿੱਚ ਤੀਜਾ ਸਿਆਸੀ ਬਦਲ ਹੋਂਦ ਵਿੱਚ ਆ ਗਿਆ।



ਇਸ ਤੋਂ ਪਹਿਲਾਂ ਵੀ ਕਈ ਵਾਰ ਪੰਜਾਬੀਆਂ ਨੇ ਪੰਜਾਬ ਦੀਆਂ ਰਵਾਇਤੀ ਸਿਆਸੀ ਪਾਰਟੀਆਂ ਕਾਂਗਰਸ ਅਤੇ ਅਕਾਲੀ ਦਲ ਦੀ ਥਾਂ ਤੀਜਾ ਸਿਆਸੀ ਬਦਲ ਬਣਾਉਣ ਦੇ ਯਤਨ ਕੀਤੇ ਹਨ। ਸਾਲ 1989 ਵਿੱਚ ਹੋਈਆਂ ਲੋਕ ਸਭਾ ਚੋਣਾਂ ਦੌਰਾਨ ਪੰਜਾਬੀਆਂ ਨੇ ਵੱਡਾ ਉਲਟ ਫੇਰ ਕਰਦਿਆਂ ਅਕਾਲੀ ਦਲ ਮਾਨ ਵਿੱਚ ਵਿਸ਼ਵਾਸ ਪ੍ਰਗਟ ਕੀਤਾ ਸੀ ਅਤੇ ਮਾਨ ਦਲ ਦੇ ਰੂਪ ਵਿੱਚ ਪੰਜਾਬ ਵਿੱਚ ਤੀਜਾ ਸਿਆਸੀ ਬਦਲ ਲਿਆਉਣ ਦਾ ਯਤਨ ਕੀਤਾ ਸੀ ਪਰ ਮਾਨ ਦਲ ਪੰਜਾਬੀਆਂ ਦੀ ਉਮੀਦਾਂ 'ਤੇ ਖਰਾ ਨਹੀਂ ਉਤਰਿਆ। ਉਸ ਤੋਂ ਬਾਅਦ ਵੀ ਕਈ ਸਿਆਸੀ ਪਾਰਟੀਆਂ ਨੇ ਪੰਜਾਬ ਵਿੱਚ ਕਾਂਗਰਸ ਅਤੇ ਅਕਾਲੀ ਦਲ ਤੋਂ ਬਿਨਾਂ ਤੀਜਾ ਸਿਆਸੀ ਬਦਲ ਲਿਆਉਣ ਦੇ ਯਤਨ ਅਤੇ ਦਾਅਵੇ ਕੀਤੇ ਪਰ ਇਹ ਸਭ ਕੁਝ ਹਵਾ ਹਵਾਈ ਹੀ ਰਿਹਾ। ਹੁਣ ਪਿਛਲੇ ਸਾਲ ਹੋਈਆਂ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਪੰਜਾਬੀਆਂ ਨੇ ਆਪ ਨੂੰ ਸੱਤਾ ਸੌਂਪ ਦਿਤੀ।





ਇਸ ਸਮੇਂ ਜੇ ਪੰਜਾਬ ਦੀ ਮੌਜੂਦ ਸਿਆਸਤ ਦੀ ਗਲ ਕੀਤੀ ਜਾਵੇ ਤਾਂ ਇਹ ਮਹਿਸੂਸ ਹੁੰਦਾ ਹੈ ਕਿ ਪੰਜਾਬ ਦੀ ਸਿਆਸਤ ਵਿੱਚ ਇਸ ਸਮੇਂ ਉਸਾਰੂ ਬਹਿਸ ਹੋਣ ਦੀ ਥਾਂ ਨਿੱਜੀ ਦੂਸ਼ਣਬਾਜ਼ੀ ਭਾਰੂ ਹੋ ਗਈ ਹੈ। ਇਸ ਤੋਂ ਇਲਾਵਾ ਪੰਜਾਬ ਦੀ ਸਿਆਸਤ ਵਿੱਚ ਇਸ ਸਮੇਂ ਬੇਲੋੜੇ ਮੁੱਦਿਆਂ ਨੂੰ ਉਠਾਉਣ ਦੀ ਰੀਤ ਚਲ ਪਈ ਹੈ, ਜਿਸ ਕਾਰਨ ਆਮ ਲੋਕਾਂ ਦੇ ਵੱਡੇ ਮਸਲੇ ਪਹਿਲਾਂ ਵਾਂਗ ਲਮਕ ਰਹੇ ਹਨ। ਸਿਤਮ ਦੀ ਗਲ ਇਹ ਹੈ ਕਿ ਪੰਜਾਬ ਵਿੱਚ ਆਏ ਹੜ੍ਹਾਂ ਦੌਰਾਨ ਵੀ ਹੜ੍ਹਾਂ ਅਤੇ ਆਮ ਲੋਕਾਂ ਦੇ ਹੋਏ ਨੁਕਸਾਨ ਬਾਰੇ ਸਿਆਸਤ ਹੋ ਰਹੀ ਹੈ। ਇਹ ਵੀ ਵੇਖਣ ਵਿੱਚ ਆਇਆ ਹੈ ਕਿ ਸਿਆਸੀ ਆਗੂ ਕਈ ਵਾਰ ਅਜਿਹੀਆਂ ਬੇਤੁਕੀਆਂ ਗਲਾਂ ਕਰ ਜਾਂਦੇ ਹਨ ਜਾਂ ਬੇਤੁਕੇ ਬਿਆਨ ਦੇ ਦਿੰਦੇ ਹਨ, ਜਿਹਨਾਂ ਦਾ ਕੋਈ ਅਰਥ ਨਹੀਂ ਹੁੰਦਾ ਅਤੇ ਨਾ ਹੀ ਅਜਿਹੇ ਬਿਆਨਾਂ ਨਾਲ ਕਿਸੇ ਦਾ ਲਾਭ ਹੁੰਦਾ ਹੈ। ਕਈ ਨੇਤਾ ਤਾਂ ਸਿਰਫ਼ ਆਪਣੀ ਫੋਟੋ ਤੇ ਬਿਆਨ ਅਖਬਾਰਾਂ ਵਿੱਚ ਛਪਣ ਲਈ ਬੇਤੁਕੇ ਅਤੇ ਵਾਦ ਵਿਵਾਦ ਵਾਲੇ ਬਿਆਨ ਜਾਰੀ ਕਰਦੇ ਰਹਿੰਦੇ ਹਨ। ਜਿਸ ਕਾਰਨ ਪੰਜਾਬ ਦੀ ਸਿਆਸਤ ਦਾ ਮੁਹਾਂਦਰਾਂ ਬਦਲਦਾ ਜਾ ਰਿਹਾ ਹੈ।

ਇਸ ਸਮੇਂ ਕਰੀਬ ਸਾਰੀਆਂ ਹੀ ਸਿਆਸੀ ਪਾਰਟੀਆਂ ਅਗਲੇ ਸਾਲ ਹੋਣ ਵਾਲੀਆਂ ਲੋਕ ਸਭਾ ਚੋਣਾਂ ਦੀਆਂ ਤਿਆਰੀਆਂ ਵਿੱਚ ਲੱਗੀਆਂ ਹੋਈਆਂ ਹਨ। ਦੂਜੇ ਪਾਸੇ ਪੰਜਾਬੀ ਵੀ ਆਉਣ ਵਾਲੀਆਂ ਲੋਕ ਸਭਾ ਚੋਣਾਂ ਦੀ ਉਡੀਕ ਕਰ ਰਹੇ ਹਨ। ਪੰਜਾਬੀਆਂ ਤੋਂ ਆਸ ਕੀਤੀ ਜਾ ਰਹੀ ਹੈ ਕਿ ਉਹ ਅਗਲੀਆਂ ਲੋਕ ਸਭਾ ਚੋਣਾਂ ਦੌਰਾਨ ਪੰਜਾਬ ਦੀਆਂ ਸਾਰੀਆਂ ਲੋਕ ਸਭਾ ਸੀਟਾਂ 'ਤੇ ਮੁੜ ਕੋਈ ਕ੍ਰਾਂਤੀਕਾਰੀ ਫੈਸਲਾ ਦੇਣਗੇ।



# ਕੀ ਹੈ ਉੱਡਣ ਤਸ਼ਤਰੀਆਂ ਅਤੇ ਏਲੀਅਨ ਦਾ ਰਹੱਸ?

- ਕੀ ਹੋਰਨਾਂ ਗ੍ਰਹਿਆਂ ’ਤੇ ਵੀ ਹੈ ਧਰਤੀ ਵਾਂਗ ਜਨ ਜੀਵਨ ਦੀ ਹੋਂਦ
- ਕੁਝ ਦਿਨ ਪਹਿਲਾਂ ਅਮਰੀਕਾ ’ਚ ਏਲੀਅਨ ਜਹਾਜ਼ ਵੇਖਣ ਦੇ ਕੀਤੇ ਗਏ ਦਾਅਵੇ

ਲਗਭਗ 13.7 ਅਰਬ ਸਾਲ ਪਹਿਲਾਂ ‘ਬਿਗ ਬੈਂਗ’ ਤੋਂ ਬ੍ਰਹਿਮੰਡ ਦੀ ਸ਼ੁਰੂਆਤ ਹੋਈ ਸੀ। ਇਸ ਤੋਂ ਬਾਅਦ ਬ੍ਰਹਿਮੰਡ ਦਾ ਵਿਸਥਾਰ ਸ਼ੁਰੂ ਹੋਇਆ ਅਤੇ ਕਈ ਗਲੈਕਸੀਆਂ ਬਣੀਆਂ। ਬਾਅਦ ਵਿੱਚ, ਸਾਡਾ ਸੂਰਜੀ ਸਿਸਟਮ ਆਕਾਸ਼ ਗੰਗਾ ਵਿੱਚ ਬਣਿਆ ਅਤੇ ਧਰਤੀ ਦਾ ਜਨਮ ਹੋਇਆ। ਧਰਤੀ ’ਤੇ ਜੀਵਨ ਦੀ ਸ਼ੁਰੂਆਤ ਲਗਭਗ 450 ਮਿਲੀਅਨ ਸਾਲ ਪਹਿਲਾਂ ਹੋਈ ਸੀ। ਮਨੁੱਖੀ ਕਲਪਨਾ ਤੋਂ ਪਰੇ ਹੋਰ ਗ੍ਰਹਿਆਂ ’ਤੇ ਜੀਵਨ ਦੀ ਹੋਂਦ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

ਖਗੋਲ-ਵਿਗਿਆਨੀ ਇਹ ਵੀ ਮੰਨਦੇ ਹਨ ਕਿ ਬ੍ਰਹਿਮੰਡ ਦੇ ਦੂਰ-ਦੁਰਾਡੇ ਕੋਨਿਆਂ ਵਿੱਚ ਧਰਤੀ ਨਾਲੋਂ ਹਜ਼ਾਰਾਂ ਅਤੇ ਲੱਖਾਂ ਗੁਣਾ ਜ਼ਿਆਦਾ ਉੱਨਤ ਬੁੱਧੀਮਾਨ ਸਭਿਅਤਾਵਾਂ ਦੀ ਹੋਂਦ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਇਹ ਵੀ ਸੰਭਵ ਹੈ ਕਿ ਜੀਵਨ ਕਿਸੇ ਗ੍ਰਹਿ ’ਤੇ ਆਪਣੀ ਸ਼ੁਰੂਆਤੀ ਅਵਸਥਾ ਵਿੱਚ ਹੋ ਸਕਦਾ ਹੈ ਜਿੱਥੇ ਵਿਕਾਸ ਦੀ ਪ੍ਰਕਿਰਿਆ ਅਜੇ ਵੀ ਚੱਲ ਰਹੀ ਹੈ। ਮੁੱਕਦੀ ਗੱਲ ਇਹ ਹੈ ਕਿ ਵਿਗਿਆਨ ਅਨੁਸਾਰ ਅਜਿਹਾ ਕੋਈ ਕਾਰਨ ਨਹੀਂ ਹੈ ਕਿ ਧਰਤੀ ਤੋਂ ਇਲਾਵਾ ਕਿਸੇ ਹੋਰ ਗ੍ਰਹਿ ’ਤੇ ਜੀਵਨ ਦਾ ਵਿਕਾਸ ਨਾ ਹੋਵੇ।

ਕਈ ਵਾਰ ਪੂਰੀ ਦੁਨੀਆਂ ’ਚ ਉੱਡਣ ਤਸ਼ਤਰੀਆਂ ਦੇਖਣ ਦੇ ਦਾਅਵਿਆਂ ਦੀਆਂ ਖ਼ਬਰਾਂ ਸਾਹਮਣੇ ਆਉਂਦੀਆਂ ਰਹਿੰਦੀਆਂ ਹਨ। ਹਾਲੀਵੁੱਡ ਫਿਲਮਾਂ ਵਿੱਚ ਏਲੀਅਨ ਵੀ ਇੱਕ ਪ੍ਰਮੁੱਖ ਪਲਾਟ ਬਿੰਦੂ ਹਨ, ਅਕਸਰ ਉਹਨਾਂ ਨੂੰ ਖਲਨਾਇਕ ਦੇ ਰੂਪ ਵਿੱਚ ਦਰਸਾਇਆ ਜਾਂਦਾ ਹੈ ਜਿਸ ਦਾ ਉਦੇਸ਼ ਧਰਤੀ ਦੇ ਕੁਦਰਤੀ ਸਰੋਤਾਂ ਦਾ ਸ਼ੋਸ਼ਣ/ਉਪਭੋਗ ਕਰਨਾ ਹੁੰਦਾ ਹੈ ਜਾਂ ਮਨੁੱਖਾਂ ਨੂੰ ਗੁਲਾਮ ਬਣਾਉਣਾ ਹੁੰਦਾ ਹੈ। ਵਿਗਿਆਨਕ ਕਲਪਨਾ ਫਿਲਮਾਂ ਦੇ ਉਲਟ,



ਦੁਨੀਆਂ ਭਰ ਦੇ ਲੱਖਾਂ ਲੋਕ ਮੰਨਦੇ ਹਨ ਕਿ ਏਲੀਅਨ ਉੱਡਣ ਤਸ਼ਤਰੀਆਂ ਵਿੱਚ ਧਰਤੀ ’ਤੇ ਆਉਂਦੇ ਰਹਿੰਦੇ ਹਨ। ਅਸਮਾਨ ਵਿੱਚ ਇੱਕ ਅਣਪਛਾਤੀ ਉੱਡਣ ਵਾਲੀ ਵਸਤੂ ਨੂੰ ਇੱਕ ਉੱਡਣ ਤਸ਼ਤਰੀ (ਅਣਪਛਾਤੀ ਉੱਡਣ ਵਾਲੀ ਵਸਤੂ) ਜਾਂ ਇੱਕ ਉੱਡਣ ਵਾਲੀ ਤਸ਼ਤਰੀ ਕਿਹਾ ਜਾਂਦਾ ਹੈ। ਅੱਜ ਤੱਕ, ਇਸ ਗੱਲ ਦਾ ਕੋਈ ਠੋਸ ਸਬੂਤ ਨਹੀਂ ਮਿਲਿਆ ਹੈ ਕਿ ਕੀ ਏਲੀਅਨ ਅਸਲ ਵਿੱਚ ਯੂਐਫਓ ਰਾਹੀਂ ਧਰਤੀ ’ਤੇ ਆਉਂਦੇ ਹਨ ਜਾਂ ਨਹੀਂ। ਵਿਗਿਆਨਕ ਭਾਈਚਾਰਾ ਆਮ ਤੌਰ ’ਤੇ ਯੂਐਫਓ ਦੇਖਣ ਦੇ ਦਾਅਵਿਆਂ ’ਤੇ ਭਰੋਸਾ ਕਰਦਾ ਹੈ ਅਤੇ ਤਾਰਿਆਂ ਵਿਚਕਾਰ ਵਿਸ਼ਾਲ ਦੂਰੀਆਂ ਦੇ ਮੱਦੇ-ਨਜ਼ਰ ਸੰਭਾਵਨਾ ਨੂੰ ਖਾਰਜ ਕਰਦਾ ਹੈ। ਖਗੋਲ-ਵਿਗਿਆਨੀਆਂ ਦੀਆਂ ਅਜਿਹੀਆਂ ਠੰਡੀਆਂ ਪ੍ਰਤੀ ਕਿਰਿਆਵਾਂ ਦੇ ਬਾਵਜੂਦ, ਯੂਐਫਓ ਦੇਖਣ ਦੇ ਦਾਅਵਿਆਂ ਵਿੱਚ ਕੋਈ ਕਮੀ ਨਹੀਂ ਆਈ ਹੈ। ਨਿਊਯਾਰਕ ਟਾਈਮਜ਼ ਵਿੱਚ ਪ੍ਰਕਾਸ਼ਿਤ ਇੱਕ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਕਈ ਨੇਵੀ ਪਾਇਲਟਾਂ ਨੇ ਉਡਾਣ ਦੌਰਾਨ ਯੂਐਫਓ ਦੇਖੇ ਸਨ। ਪੈਂਟਾਗਨ ਨੇ ਹਾਲ ਹੀ ਵਿੱਚ ਇਸ ਘਟਨਾ ਦੀ ਵੀਡੀਓ ਜਨਤਕ ਕੀਤੀ ਹੈ। ਇਸ ਵੀਡੀਓ ’ਚ ਸਾਫ ਦੇਖਿਆ ਜਾ ਸਕਦਾ ਹੈ ਕਿ ਕਿਵੇਂ ਤੇਜ਼ ਰਫ਼ਤਾਰ ਅਣਪਛਾਤੀ ਵਸਤੂਆਂ ਨੇਵੀ ਪਾਇਲਟਾਂ ਦੇ ਜਹਾਜ਼ਾਂ ਨੂੰ ਓਵਰਟੇਕ ਕਰ ਰਹੀਆਂ ਹਨ। ਹਾਲਾਂ ਕਿ, ਅਮਰੀਕੀ ਫੌਜ ਅਤੇ ਖੁਫ਼ੀਆ ਏਜੰਸੀਆਂ ਨੂੰ ਆਪਣੀ ਜਾਂਚ ਵਿੱਚ ਇਸ ਗੱਲ ਦਾ ਕੋਈ ਸਬੂਤ ਨਹੀਂ ਮਿਲਿਆ ਕਿ ਫੌਜੀ ਪਾਇਲਟਾਂ ਦੁਆਰਾ ਵੇਖੀਆਂ ਗਈਆਂ ਵਸਤੂਆਂ ਯੂਐਫਓ ਸਨ। ਅਮਰੀਕਾ ਤੋਂ ਇਲਾਵਾ ਭਾਰਤ ਸਮੇਤ ਬਰਤਾਨੀਆ, ਜਾਪਾਨ, ਕੈਨੇਡਾ, ਚੀਨ ਆਦਿ ਦੇਸ਼ਾਂ ਵਿੱਚ ਵੀ ਇਨ੍ਹਾਂ ਨੂੰ ਦੇਖਣ ਦੇ ਦਾਅਵੇ ਕੀਤੇ ਜਾ ਚੁੱਕੇ ਹਨ।

(ਬਾਕੀ ਸਫ਼ਾ 31 ’ਤੇ)



## ਪੈਂਟਾਗਨ ਦੀ ਰਿਪੋਰਟ ’ਚ ਹੈਰਾਨ ਕਰਨ ਵਾਲਾ ਖ਼ੁਲਾਸਾ

ਕੀ ਧਰਤੀ ਤੋਂ ਇਲਾਵਾ ਬ੍ਰਹਿਮੰਡ ਵਿੱਚ ਜੀਵਨ ਹੈ? ਕੀ ਏਲੀਅਨ ਅਸਲ ਵਿੱਚ ਮੌਜੂਦ ਹਨ? ਵਿਗਿਆਨੀ ਸਾਲਾਂ ਤੋਂ ਇਸ ਸਵਾਲ ਦਾ ਜਵਾਬ ਲੱਭ ਰਹੇ ਹਨ, ਪਰ ਅਮਰੀਕੀ ਰੱਖਿਆ ਮੰਤਰਾਲੇ ਪੈਂਟਾਗਨ ਦੀ ਇੱਕ ਰਿਪੋਰਟ ਇਹ ਸੰਕੇਤ ਦੇ ਰਹੀ ਹੈ ਕਿ ਬ੍ਰਹਿਮੰਡ ਵਿੱਚ ਏਲੀਅਨ ਮੌਜੂਦ ਹਨ। ਇਸ ਦੇ ਨਾਲ ਹੀ ਉਹ ਇਨਸਾਨਾਂ ’ਤੇ ਵੀ ਨਜ਼ਰ ਰੱਖ ਰਿਹਾ ਹੈ।

ਪੈਂਟਾਗਨ ਦੇ ਸੀਨੀਅਰ ਅਧਿਕਾਰੀ ਅਤੇ ਹਾਵਰਡ ਯੂਨੀਵਰਸਿਟੀ ਦੇ ਮਸ਼ਹੂਰ ਵਿਗਿਆਨੀ ਅਵੀ ਲੋਏਬ ਨੇ ਹੈਰਾਨ ਕਰਨ ਵਾਲਾ ਦਾਅਵਾ ਕੀਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਸਾਡੇ ਗੁਆਂਢੀ ਗਲੈਕਸੀਆਂ ਵਿੱਚ ਬਹੁਤ ਸਾਰੇ ਏਲੀਅਨ ਵਾਹਨ ਮੌਜੂਦ ਹਨ। ਉਨ੍ਹਾਂ ਮੁਤਾਬਕ ਜਿਸ ਤਰ੍ਹਾਂ ਅਸੀਂ ਦੂਜੇ ਗ੍ਰਹਿਆਂ ’ਤੇ ਵਾਹਨ ਭੇਜ ਕੇ ਜਾਣਕਾਰੀ ਇਕੱਠੀ ਕਰਦੇ ਹਾਂ, ਉਸੇ ਤਰ੍ਹਾਂ ਹੀ ਏਲੀਅਨ ਵੀ ਛੋਟੇ ਵਾਹਨਾਂ ਨਾਲ ਸਾਡੇ ’ਤੇ ਨਜ਼ਰ ਰੱਖ ਰਹੇ ਹਨ। ਉਹ ਮਨੁੱਖਾਂ ਬਾਰੇ ਜਾਣਕਾਰੀ ਇਕੱਠੀ ਕਰ ਰਹੇ ਹਨ।

ਵਿਗਿਆਨੀਆਂ ਨੇ ਇਹ ਦਾਅਵਾ ਪੁਲਾੜ ਵਿੱਚ ਇੱਕ ਅਜੀਬ ਵਸਤੂ ਨੂੰ ਦੇਖਣ ਤੋਂ ਬਾਅਦ ਕੀਤਾ ਹੈ। ਇੱਕ ਅਣਪਛਾਤੀ ਸਿਗਾਰ-ਆਕਾਰ ਦੀ ਵਸਤੂ ਸਾਡੇ ਸੂਰਜੀ ਸਿਸਟਮ ਵਿੱਚੋਂ ਲੰਘੀ। ਇਸ ਅਣਜਾਣ ਵਸਤੂ ਦਾ ਨਾਂ ਉਮੂ-ਓਮਾ ਹੈ, ਜਿਸ ਨੂੰ ਵਿਗਿਆਨੀਆਂ ਨੇ ਪਹਿਲਾਂ ਧੂਮਕੇਤੂ ਦੱਸਿਆ ਸੀ। ਹਾਲਾਂ ਕਿ, ਇਸ ਦੇ ਪਿੱਛੇ ਗੈਸ ਜਾਂ ਧੂੜ ਦੀ ਕੋਈ ਲਾਈਨ ਨਹੀਂ ਸੀ, ਜੋ ਕਿ ਦੂਜੇ ਧੂਮਕੇਤੂਆਂ ਵਿੱਚ ਨਹੀਂ ਹੈ।

ਇਹ ਵਸਤੂ ਅਸਾਧਾਰਨ ਤੌਰ ’ਤੇ ਸੂਰਜ ਤੋਂ ਦੂਰ ਜਾ ਰਹੀ ਸੀ ਅਤੇ ਇਸ ਦੀ ਗਤੀ ਦੂਜੇ ਧੂਮਕੇਤੂਆਂ ਤੋਂ ਬਿਲਕੁਲ ਵੱਖਰੀ ਸੀ, ਜੋ ਕਿ ਗੁਰੂਤਾ ਦੇ ਸਿਧਾਂਤ ਦੇ ਉਲਟ ਹੈ। ਇਸ ਦੇ ਆਧਾਰ ’ਤੇ ਵਿਗਿਆਨੀਆਂ ਨੇ ਇਹ ਸਿੱਟਾ ਕੱਢਿਆ ਹੈ ਕਿ ਇਹ ਧੂਮਕੇਤੂ ਨਹੀਂ ਸੀ।

ਹਾਵਰਡ ਯੂਨੀਵਰਸਿਟੀ ਦੇ ਵਿਗਿਆਨੀ ਅਵੀ ਲੋਏਬ ਦਾ ਕਹਿਣਾ ਹੈ ਕਿ ਇਹ ਧੂਮਕੇਤੂ ਨਹੀਂ, ਸਗੋਂ ਏਲੀਅਨ ਵਾਹਨ ਸੀ। ਵਿਗਿਆਨੀਆਂ ਦੇ ਅਨੁਸਾਰ, ਸਾਡੇ ਸੂਰਜੀ ਸਿਸਟਮ ਵਿੱਚ ਇੱਕ ਵੱਡਾ ਏਲੀਅਨ ਸਪੇਸਸ਼ਿਪ ਹੋ ਸਕਦਾ ਹੈ। ਇਸ ਦੇ ਨਾਲ ਹੀ ਇਹ ਧਰਤੀ ਅਤੇ ਹੋਰ ਗ੍ਰਹਿਆਂ ਵੱਲ ਛੋਟੇ ਏਲੀਅਨ ਪੁਲਾੜ ਯਾਨ ਭੇਜ ਰਿਹਾ ਹੈ ਤਾਂ ਜੋ ਉਹ ਇਨਸਾਨਾਂ ਬਾਰੇ ਹੋਰ ਜਾਣਕਾਰੀ ਇਕੱਠੀ ਕਰ ਸਕੇ।

## ਏਲੀਅਨ ਜਹਾਜ਼ ! ਅਮਰੀਕਾ ’ਚ ਰਾਤ ਨੂੰ ਦੇਖੀ ਗਈ ਰਹੱਸਮਈ ਹਰੀ ਅੱਗ

ਯੂਐਸਏ ਦੇ ਲੂਸੀਆਨਾ ਦੇ ਗ੍ਰੇਟਨਾ ਵਿੱਚ ਇੱਕ ਰਿੰਗ ਡੋਰਬੈਲ ਕੈਮਰੇ ਨੇ ਇੱਕ ਅਸਮਾਨ ਵਿੱਚ ਇੱਕ ਦਿਲਚਸਪ ਘਟਨਾ ਨੂੰ ਕੈਦ ਕੀਤਾ ਹੈ। ਲੋਕਾਂ ਨੇ ਏਲੀਅਨ ਯੂਐਫਓ ਬਾਰੇ ਇਸ ਨੂੰ ਅੰਦਾਜ਼ਾ ਲਗਾਉਣਾ ਸ਼ੁਰੂ ਕਰ ਦਿੱਤਾ ਹੈ। 14 ਜੁਲਾਈ 2023 ਨੂੰ ਸਵੇਰੇ 4:30 ਵਜੇ (ਸਥਾਨਕ ਸਮੇਂ) ਦੇ ਸ਼ੁਰੂਆਤੀ ਘੰਟਿਆਂ ਵਿੱਚ, ਕੈਮਰਿਆਂ ਨੇ ਰਾਤ ਦੇ ਅਸਮਾਨ ਵਿੱਚ ਚਮਕਦੇ ਹੋਏ ਇੱਕ ਹਰੇ ਫਾਇਰ ਗੋਲੇ ਭਾਵ ਹਰੀ ਅੱਗ ਦੇ ਗੋਲੇ ਨੂੰ ਰਿਕਾਰਡ ਕੀਤਾ। ਹਾਲਾਂ ਕਿ, ਅਮਰੀਕੀ ਵਿਗਿਆਨੀ ਕੁਝ ਹੋਰ ਮੰਨਦੇ ਹਨ। ਜਦੋਂ ਕਿ ਸੋਸ਼ਲ ਮੀਡੀਆ ਯੂਜ਼ਰਸ ਅੰਦਾਜ਼ਾ ਲਗਾ ਰਹੇ ਹਨ ਕਿ ਇਹ ਇੱਕ ਏਲੀਅਨ ਵਰਤਾਰਾ ਹੈ, ਜਿਸ ਕਾਰਨ ਅਸਮਾਨ ਵਿੱਚ ਅਜਿਹੀ ਅਜੀਬ ਹਰਕਤ ਹੋਈ।

ਪਰ ਇੱਕ ਹੋਰ ਸਪੱਸ਼ਟੀਕਰਨ ਵਿੱਚ, ਇੱਕ ਕਿਆਸ ਲਗਾਇਆ ਜਾ ਰਿਹਾ ਹੈ ਕਿ, ‘ਜਾਂ ਤਾਂ ਇਹ ਇੱਕ ਏਲੀਅਨ ਪੁਲਾੜ ਯਾਨ ਹੈ ਜਾਂ ਕਿਸੇ ਅੰਤਰ-ਆਯਾਮੀ ਵਰਤਾਰੇ ਦੀ ਗੱਲ ਕੀਤੀ ਜਾ ਰਹੀ ਹੈ।’ ਹਾਲ ਹੀ ਵਿੱਚ ਅਮਰੀਕਾ ਦੇ ਅਸਮਾਨ ਵਿੱਚ ਅਜਿਹੀਆਂ 29 ਘਟਨਾਵਾਂ ਦਰਜ ਕੀਤੀਆਂ ਗਈਆਂ ਹਨ।



ਅਮਰੀਕਾ ਦੇ 6 ਰਾਜਾਂ ਵਿੱਚ ਅਜਿਹੀਆਂ ਘਟਨਾਵਾਂ ਦੇਖਣ ਨੂੰ ਮਿਲ ਚੁੱਕੀਆਂ ਹਨ। ਇਸ ਤਾਜ਼ਾ ਘਟਨਾ ਨੂੰ ਪੁਲਿਸ ਦੇ ਬਾਡੀ ਕੈਮ ਨੇ ਰਿਕਾਰਡ ਕਰ ਲਿਆ ਹੈ।

ਅਮਰੀਕਨ ਮੀਟੀਅਰ ਸੋਸਾਇਟੀ ਦੇ ਅਨੁਸਾਰ, ਪੁਲਿਸ ਕੈਮਰਿਆਂ ਨੇ 30 ਅਪ੍ਰੈਲ ਨੂੰ ਸਵੇਰੇ 11:50 ਵਜੇ ਆਬਜੈਕਟ ਨੂੰ ਟਰੈਕ ਕੀਤਾ, ਜੋ ਕਿ ਯੂਟਾ ਅਤੇ ਕੈਲੀਫੋਰਨੀਆ ਦੇ ਯੂਐਸ ਰਾਜਾਂ ਤੋਂ ਦੂਰ ਦੇਖੀ ਗਈ ਸੀ। ਇਸ ਘਟਨਾ ਤੋਂ ਬਾਅਦ ਅਟਕਲਾਂ ਲਗਾਈਆਂ ਜਾਣ ਲੱਗ ਪਈਆਂ ਕਿ ਧਰਤੀ ਦੇ ਬਾਹਰ ਵੀ ਕੋਈ ਜੀਵਨ ਹੈ। ਕਈ ਲੋਕਾਂ ਨੂੰ ਇਹ ਘਟਨਾ ਬਹੁਤ ਮਜ਼ਾਕੀਆ ਲੱਗ ਸਕਦੀ ਹੈ, ਪਰ ਕਈ ਇਸ ਨੂੰ ਧਰਤੀ ਤੋਂ ਇਲਾਵਾ ਹੋਰ ਜੀਵਨ ਦੀ ਸੰਭਾਵਨਾ ਸਮਝ ਰਹੇ ਹਨ।

ਇੱਕ ਯੂਜ਼ਰ ਨੇ ਮਜ਼ਾਕ ਵਿੱਚ ਲਿਖਿਆ, “ਇਹ ਯੂਐਫਓ ਇੱਥੇ ਸਥਾਨਕ ਪਕਵਾਨਾਂ ਦਾ ਆਨੰਦ ਲੈਣ ਲਈ ਰੁਕਿਆ ਸੀ। ਇਸ ਦੇ ਨਾਲ ਹੀ ਕੁਝ ਯੂਜ਼ਰਸ ਨੇ ਇਸ ਘਟਨਾ ਨੂੰ ਗੰਭੀਰਤਾ ਨਾਲ ਲਿਆ ਹੈ। ਇਕ ਹੋਰ ਯੂਜ਼ਰ ਨੇ ਲਿਖਿਆ, “ਇਹ ਕੋਈ ਉਲਕਾ ਨਹੀਂ ਹੈ, ਇਹ ਸਾਡੇ ਸਪੇਸ ਅਤੇ ਟਾਈਮ ’ਚ ਘੁੰਮ ਰਿਹਾ ਏਲੀਅਨ ਜਹਾਜ਼ ਹੈ।”

# ਦੁਨੀਆਂ ਵਿੱਚ ਵਧਿਆ ਤੀਜੇ ਵਿਸ਼ਵ ਯੁੱਧ ਦਾ ਖ਼ਤਰਾ

## ਨਾਟੋ ਸੰਮੇਲਨ ਤੋਂ ਡਰੇ ਪੁਤਿਨ ਦੇ ਸਹਿਯੋਗੀ ਦਮਿਤਰੀ ਮੇਦਵੇਦੇਵ ਨੇ ਪੱਛਮੀ ਦੇਸ਼ਾਂ ਨੂੰ ਤੀਜੇ ਵਿਸ਼ਵ ਯੁੱਧ ਦੀ ਦਿੱਤੀ ਚਿਤਾਵਨੀ

ਨਾਟੋ ਸਿਖਰ ਸੰਮੇਲਨ ਵਿੱਚ ਯੂਕਰੇਨ ਲਈ ਇੱਕ ਸੁਰੱਖਿਆ ਪੈਕੇਜ ਉੱਤੇ ਹਸਤਾਖਰ ਕੀਤੇ ਗਏ। ਇਸ ਦੇ ਮੱਦੇ-ਨਜ਼ਰ ਪੁਤਿਨ ਦੇ ਸਹਿਯੋਗੀ ਦਮਿਤਰੀ ਮੇਦਵੇਦੇਵ ਨੇ ਧਮਕੀ ਦਿੱਤੀ ਹੈ ਕਿ ਦੁਨੀਆ ਤੀਜੇ ਵਿਸ਼ਵ ਯੁੱਧ ਦੇ ਨੇੜੇ ਜਾ ਰਹੀ ਹੈ। ਕ੍ਰੇਮਲਿਨ ਦੀ ਸ਼ਕਤੀਸ਼ਾਲੀ ਸੁਰੱਖਿਆ ਪ੍ਰੀਸ਼ਦ ਦੇ ਉਪ ਸਕੱਤਰ ਮੇਦਵੇਦੇਵ ਨੇ ਜ਼ੋਰ ਦੇ ਕੇ ਕਿਹਾ ਕਿ ਇਹ ਸਹਾਇਤਾ ਰੂਸ ਨੂੰ ਆਪਣੇ ਟੀਚਿਆਂ ਨੂੰ ਪ੍ਰਾਪਤ ਕਰਨ ਤੋਂ ਨਹੀਂ ਰੋਕ ਸਕੇਗੀ। ਲਿਥੁਆਨੀਆ ਵਿੱਚ ਨਾਟੋ ਸਿਖਰ ਸੰਮੇਲਨ ਦੇ ਖਤਮ ਹੋਣ ਤੋਂ ਪਹਿਲੇ ਦਿਨ, ਮੇਦਵੇਦੇਵ ਨੇ ਕਿਹਾ ਕਿ ਪੂਰੀ ਤਰ੍ਹਾਂ ਨਾਲ ਪਾਗਲ ਪੱਛਮ ਹੋਰ ਕੁਝ ਨਹੀਂ ਸੋਚ ਸਕਦਾ ਸੀ। ਇਹ ਇੱਕ ਡੈਡ ਐਂਡ ਹੈ ,ਕਿਉਂਕਿ ਤੀਜਾ ਵਿਸ਼ਵ ਯੁੱਧ ਨੇੜੇ ਹੈ। ਵਿਸ਼ੇਸ਼ ਫੌਜੀ ਕਾਰਵਾਈ ਆਪਣੇ ਟੀਚਿਆਂ ਨਾਲ ਜਾਰੀ ਰਹੇਗੀ।

ਬੀਤੇ ਦਿਨੀਂ ਜੀ-7 ਦੇਸ਼ਾਂ ਬ੍ਰਿਟੇਨ, ਅਮਰੀਕਾ, ਜਾਪਾਨ, ਕੈਨੇਡਾ, ਫਰਾਂਸ, ਜਰਮਨੀ ਅਤੇ ਇਟਲੀ ਨੇ ਨਾਟੋ ਸੰਮੇਲਨ ਦੇ ਮੌਕੇ 'ਤੇ ਸਾਂਝੇ ਘੋਸ਼ਣਾ ਪੱਤਰ 'ਤੇ ਹਸਤਾਖਰ ਕੀਤੇ ਅਤੇ ਯੂਕਰੇਨ ਨੂੰ ਹਵਾਈ ਰੱਖਿਆ ਪ੍ਰਣਾਲੀ, ਤੋਪਖਾਨੇ, ਬਕਤਰਬੰਦ ਵਾਹਨ ਮੁਹੱਈਆ ਕਰਵਾਉਣ ਦਾ ਵਾਅਦਾ ਕੀਤਾ। ਇਸ ਦੌਰਾਨ ਹੀ ਬ੍ਰਿਟੇਨ ਯੂਕਰੇਨੀ ਪਾਇਲਟਾਂ ਨੂੰ ਸਿਖਲਾਈ ਦੇਣ ਦਾ ਪ੍ਰਬੰਧ ਦੇਵੇਗਾ। ਬ੍ਰਿਟੇਨ ਦਾ ਕਹਿਣਾ ਸੀ ਕਿ ਅਸੀਂ ਯੂਕਰੇਨ ਦੇ ਨਾਲ ਖੜੇ ਰਹਾਂਗੇ ਕਿਉਂਕਿ ਇਹ ਰੂਸੀ ਹਮਲੇ ਦੇ ਵਿਰੁੱਧ ਅਸੀਂ ਯੂਕਰੇਨ ਦਾ ਬਚਾਅ ਕਰਾਂਗੇ। ਇਸ ਤੋਂ ਇਲਾਵਾ ਜੀ-7 ਨੇ ਯੂਕਰੇਨ ਦੇ ਰੱਖਿਆ ਉਦਯੋਗ ਅਤੇ ਸਾਈਬਰ ਸਹਿਯੋਗ ਨੂੰ ਉਤਸ਼ਾਹਿਤ ਕਰਨ ਦਾ ਵੀ ਟੀਚਾ ਰੱਖਿਆ ਹੈ। ਇਸ ਦੇ ਨਾਲ ਹੀ ਜੀ-7 ਦੇਸ਼ਾਂ ਨੇ ਯੂਕਰੇਨ ਨੂੰ ਨਾਟੋ ਦਾ ਮੈਂਬਰ






ਬਣਾਉਣ ਦੀ ਵਚਨਬੱਧਤਾ ਪ੍ਰਗਟਾਈ।

### ਪਰਮਾਣੂ ਯੁੱਧ ਦੀ ਧਮਕੀ

ਦੂਜੇ ਪਾਸੇ ਮੇਦਵੇਦੇਵ ਨੇ ਲਗਾਤਾਰ ਵਧਦੇ ਯੁੱਧ ਦੇ ਵਿਚਾਲੇ ਵਾਰ-ਵਾਰ ਪਰਮਾਣੂ ਯੁੱਧ ਦੀ ਧਮਕੀ ਦਿੱਤੀ। ਇੱਕ ਹਫ਼ਤਾ ਪਹਿਲਾਂ, ਉਸ ਨੇ ਚਿਤਾਵਨੀ ਦਿੱਤੀ ਸੀ ਕਿ ਦੁਨੀਆਂ ਤੀਜੇ ਵਿਸ਼ਵ ਯੁੱਧ ਦੇ ਕੰਢੇ 'ਤੇ ਹੈ ਅਤੇ ਪਰਮਾਣੂ ਯੁੱਧ ਦਾ ਖ਼ਤਰਾ ਵਧ ਰਿਹਾ ਹੈ। ਪੱਛਮੀ ਦੇਸ਼ ਇਸ ਲਈ ਜ਼ਿੰਮੇਵਾਰ ਹਨ। ਇਸ ਦੇ ਨਾਲ ਹੀ ਪੁਤਿਨ ਦੇ ਬੁਲਾਰੇ ਦਮਿਤਰੀ ਪੇਸਕੋਵ ਨੇ ਜ਼ੋਰ ਦੇ ਕੇ ਕਿਹਾ ਕਿ ਯੂਕਰੇਨ ਨੂੰ ਸਹਾਇਤਾ ਦੇਣ ਦੇ ਬਹੁਤ ਮਾੜੇ ਨਤੀਜੇ ਹੋਣਗੇ। ਯੂਕਰੇਨ ਨੂੰ ਦਿੱਤੀ ਜਾਣ ਵਾਲੀ ਸਹਾਇਤਾ ਨੂੰ ਰੂਸ ਦੀ ਸੁਰੱਖਿਆ ਦੇ ਖ਼ਿਲਾਫ਼ ਮੰਨਿਆ ਜਾਵੇਗਾ। ਰੂਸ ਦਾ ਕਹਿਣਾ ਹੈ ਕਿ ਇੰਗਲੈਂਡ, ਜਰਮਨੀ, ਫਰਾਂਸ ਸਾਡੇ ਨਿਸ਼ਾਨੇ ਉਪਰ ਹਨ।

### ਇਰਾਨ, ਰੂਸ ਤੇ ਸੀਰੀਆ ਵਿਚਾਲੇ ਵਧਦੀ ਨੇੜਤਾ ਕਾਰਨ ਅਮਰੀਕਾ ਚਿੰਤਤ

ਅਮਰੀਕਾ ਰਣਨੀਤਕ ਤੌਰ 'ਤੇ ਮਹੱਤਵਪੂਰਨ ਹੋਰਮੁਜ਼ ਸਟ੍ਰੇਟ ਦੇ ਆਲੇ-ਦੁਆਲੇ ਆਪਣੇ ਲੜਾਕੂ ਜਹਾਜ਼ਾਂ ਦੀ ਵਰਤੋਂ ਨੂੰ ਵਧਾ ਰਿਹਾ ਹੈ ਤਾਂ ਜੋ ਜਹਾਜ਼ਾਂ ਨੂੰ ਇਰਾਨ ਦੁਆਰਾ ਜ਼ਬਤ ਕੀਤੇ ਜਾਣ ਤੋਂ ਬਚਾਇਆ ਜਾ ਸਕੇ। ਇਕ ਸੀਨੀਅਰ ਰੱਖਿਆ ਅਧਿਕਾਰੀ ਨੇ ਕਿਹਾ ਕਿ ਅਮਰੀਕਾ ਮੱਧ ਪੂਰਬ ਵਿੱਚ ਇਰਾਨ, ਰੂਸ ਅਤੇ ਸੀਰੀਆ ਵਿਚਾਲੇ ਵਧਦੇ ਸੰਬੰਧਾਂ ਨੂੰ ਲੈ ਕੇ ਚਿੰਤਤ ਹੈ। ਅਮਰੀਕੀ ਰੱਖਿਆ ਵਿਭਾਗ ਦੇ ਮੁੱਖ ਦਫ਼ਤਰ ਪੈਂਟਾਗਨ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਅਧਿਕਾਰੀ ਨੇ ਕਿਹਾ ਕਿ ਅਮਰੀਕਾ ਇਸ ਹਫਤੇ ਦੇ ਅੰਤ ਦੌਰਾਨ ਖਾੜੀ ਖੇਤਰ ਵਿਚ ਐੱਫ-16 ਲੜਾਕੂ ਜਹਾਜ਼ ਭੇਜੇਗਾ।

ਇਹ ਕਦਮ ਅਮਰੀਕਾ ਨੇ ਉਦੋਂ ਉਠਾਇਆ ਜਦੋਂ ਇਰਾਨ ਨੇ ਪਿਛਲੇ ਹਫ਼ਤੇ ਜਲਡਮਰੂ ਮੱਧ ਦੇ ਨੇੜੇ ਦੋ ਤੇਲ ਟੈਂਕਰਾਂ ਨੂੰ ਜ਼ਬਤ ਕਰਨ ਦੀ ਕੋਸ਼ਿਸ਼ ਕੀਤੀ ਅਤੇ ਉਨ੍ਹਾਂ ਵਿੱਚੋਂ ਇੱਕ 'ਤੇ ਗੋਲੀਬਾਰੀ ਕੀਤੀ ਗਈ। ਰੱਖਿਆ ਅਧਿਕਾਰੀ ਨੇ ਆਪਣਾ ਨਾਂ ਗੁਪਤ ਰੱਖਣ ਦੀ ਸ਼ਰਤ 'ਤੇ ਦੱਸਿਆ ਕਿ ਐੱਫ-16 ਲੜਾਕੂ ਜਹਾਜ਼ ਜਲਡਮਰੂ ਮੱਧ ਤੋਂ ਲੰਘਣ ਵਾਲੇ ਜਹਾਜ਼ਾਂ ਨੂੰ ਹਵਾਈ ਸੁਰੱਖਿਆ ਪ੍ਰਦਾਨ ਕਰਨਗੇ। ਅਮਰੀਕੀ ਜਲ ਸੈਨਾ ਮੁਤਾਬਕ ਦੋਵਾਂ ਮਾਮਲਿਆਂ ਵਿਚ ਅਮਰੀਕੀ ਜਲ ਸੈਨਾ ਦੇ ਪ੍ਰਤੀਕਰਮ ਤੋਂ ਬਾਅਦ ਇਰਾਨੀ ਜਲ ਸੈਨਾ ਦੇ ਜਹਾਜ਼ ਵਾਪਸ ਪਰਤ ਗਏ ਅਤੇ ਦੋਵੇਂ ਵਪਾਰਕ ਅਮਰੀਕੀ ਜਹਾਜ਼ਾਂ ਨੇ ਆਪਣੀ ਯਾਤਰਾ ਜਾਰੀ ਰੱਖੀ।

### ਮੋਦੀ-ਡੋਵਾਲ ਦੀ ਗਲਤ ਵਿਦੇਸ਼ ਨੀਤੀ

ਰੂਸ ਨੇ ਰੁਪਈਏ ਬਦਲੇ ਭਾਰਤ ਨੂੰ ਤੇਲ ਵੇਚਣਾ ਬੰਦ ਕਰ ਦਿੱਤਾ ਹੈ। ਮੋਦੀ ਅਮਰੀਕੀ ਸਾਮਰਾਜੀ ਗੁਟ ਵੱਲ ਝੁਕ ਗਿਆ ਹੈ ਤੇ ਰੂਸ ਨੇ ਮੋਦੀ ਵੱਲ ਪਿੱਠ ਕਰਨ ਦੀ ਤਿਆਰੀ ਕਰ ਲਈ ਹੈ। ਰੂਸ ਦੀ ਸਭ ਤੋਂ ਵਧੇਰੇ ਪ੍ਰਭਾਵਸ਼ਾਲੀ ਇੰਟਰਨੈਟ ਅਖ਼ਬਾਰ ਅਤੇ ਉਸ ਦੀ ਵਿਦੇਸ਼ ਨੀਤੀ ਦੀ ਸਰਕਾਰੀ ਤਰਜਮਾਨ ਆਰ ਟੀ.ਕਾਮ ਨੇ ਮੋਦੀ ਵਿਰੋਧੀ ਖ਼ਬਰਾਂ ਨੂੰ ਤਰਜੀਹ ਦੇਣੀ ਸ਼ੁਰੂ ਕਰ ਦਿੱਤੀ ਹੈ। ਕੁਝ ਦਿਨਾਂ ਤੋਂ ਰਾਹੁਲ ਗਾਂਧੀ ਬਾਰੇ ਖ਼ਬਰਾਂ ਛਪਣੀਆ ਆਰੰਭ ਹੋ ਗਈਆਂ ਹਨ। ਮੋਦੀ ਬਾਰੇ ਛਪੀਆਂ ਲਿਖਤਾਂ ਹੇਠਾਂ ਪਾਠਕਾਂ ਦੀਆਂ ਟਿੱਪਣੀਆਂ ਵਿੱਚ ਮੋਦੀ ਵਿਰੋਧੀ ਵਿਚਾਰਾਂ ਨੂੰ ਤਰਜੀਹ ਦਿੱਤੀ ਜਾ ਰਹੀ ਹੈ। ਹੁਣ ਸਾਰੀਆਂ ਹੱਦਾਂ ਬੰਨੇ ਟੱਪਦੇ ਹੋਏ ਮੋਦੀ ਦੀ ਸਭ ਤੋਂ ਦੁਖਦੀ ਰਗ ਕਸ਼ਮੀਰ ਮਸਲੇ ਉੱਤੇ ਉਂਗਲ ਰਖਦਿਆਂ ਸਾਬਕਾ ਰਾਅ ਮੁਖੀ ਏ ਐਸ ਦੂਲਟ ਦੀ ਲਿਖਤ ਛਾਪੀ ਗਈ ਹੈ ।ਇਸ ਲਿਖਤ ਵਿੱਚ ਦੂਲਟ ਨੇ ਕਸ਼ਮੀਰ ਬਾਰੇ ਮੋਦੀ ਨੀਤੀਆਂ ਦੀ ਖੁਲ੍ਹ ਕੇ ਆਲੋਚਨਾ ਕੀਤੀ ਹੈ ਅਤੇ 370 ਧਾਰਾ ਤੋੜਨ ਦਾ ਵਿਰੋਧ ਕੀਤਾ ਹੈ। ਦੂਲਟ ਅਨੁਸਾਰ ਵੇਖਣ ਨੂੰ ਕਸ਼ਮੀਰ ਸ਼ਾਂਤ ਜਾਪਦਾ ਹੈ ਪਰ ਇਸ ਦੀ ਤਹਿ ਹੇਠ ਲਾਵਾ ਬਲ ਰਿਹਾ ਹੈ ਜਿਹੜਾ ਕਿਸੇ ਵੇਲੇ ਵੀ ਫੁਟ ਸਕਦਾ ਹੈ। ਕਸ਼ਮੀਰ ਦੀ ਹਾਲਤ 2016 ਦੀਆਂ ਗਰਮੀਆਂ ਨਾਲ ਮੇਲ ਖਾਂਦੀ ਹੈ ਜਦੋਂ ਖਾੜਕੂ ਲਹਿਰ ਦਾ ਹੀਰੋ ਬੁਰਹਾਨ ਵਾਨੀ ਮਾਰਿਆ ਗਿਆ ਸੀ ਤਾਂ ਦੱਖਣੀ ਕਸ਼ਮੀਰ ਲਾਵੇ ਵਾਂਗੂ ਫੁਟ ਪਿਆ ਸੀ। ਹੁਣ ਖਾੜਕੂਆਂ ਕੋਲ ਹੀਰੋ ਦੀ ਘਾਟ ਹੈ ਪਰ ਇਸ ਵੇਲੇ ਕਸ਼ਮੀਰ ਵਿੱਚ ਕਬਰਾਂ ਦੀ ਸ਼ਾਂਤੀ ਹੈ।

ਸ੍ਰੀ ਨਗਰ ਦੀ ਹਰੇਕ ਨੁੱਕਰ ਵਿੱਚ ਲੋਕ ਪੁੱਛਦੇ ਹਨ ਕਿ ਜੇ ਕਸ਼ਮੀਰ ਭਾਰਤ ਦਾ ਅਟੁੱਟ ਅੰਗ ਹੈ ਤਾਂ ਉਥੇ ਚੋਣਾਂ ਕਿਉਂ ਨਹੀਂ ਕਰਵਾਈਆਂ ਜਾ ਰਹੀਆਂ ਅਤੇ ਪ੍ਰਧਾਨ ਮੰਤਰੀ ਉਥੇ ਦੌਰਾ ਕਰਨ ਕਿਉਂ ਨਹੀਂ ਜਾਂਦਾ ? ਜਦੋਂ ਕਿ ਮਹਿਜ 11 ਮਹੀਨੇ ਪ੍ਰਧਾਨ ਮੰਤਰੀ ਰਿਹਾ ਦੇਵ ਗੌੜਾ ਚਾਰ ਵਾਰੀ ਕਸ਼ਮੀਰ ਗਿਆ ਸੀ। 6 ਜੁਲਾਈ 1996 ਦੇ ਆਪਣੇ ਪਹਿਲੇ ਦੌਰੇ ਵਿੱਚ ਉਸ ਨੇ ਵੱਖਵਾਦੀ ਗਰੁੱਪਾਂ ਸਮੇਤ ਸਭ ਨੂੰ ਮਿਲਣ ਲਈ ਤਰਜੀਹ ਦਿੱਤੀ। ਲੋਕਾਂ ਨੇ ਉਸ ਉੱਤੇ ਭਰੋਸਾ ਕੀਤਾ ਤੇ ਅਗਲੀ ਵਾਰ ਉਹ ਖੁੱਲ੍ਹੀ ਜੀਪ ਵਿੱਚ ਬੈਠ ਕੇ ਹਵਾਈ ਅੱਡੇ ਤੋਂ ਬਾਹਰ ਨਿਕਲਿਆ। ਇਹੀ ਢੰਗ ਨਰ ਸਿਮਹਾ ਰਾਓ ਨੇ ਅਪਣਾਇਆ। ਮੋਦੀ ਨੂੰ ਇਹੀ ਢੰਗ ਅਪਣਾਉਣਾ ਚਾਹੀਦਾ ਹੈ। ਅਸੀਂ ਦੁਨੀਆਂ ਦੀ ਸਭ ਤੋਂ ਵੱਡੀ ਜਮਹੂਰੀਅਤ ਹੋਣ ਦਾ ਦਾਅਵਾ ਕਰਦੇ ਹਾਂ ਪਰ ਕਸ਼ਮੀਰ ਵਿੱਚ ਜਮਹੂਰੀਅਤ ਤਬਾਹ ਹੋ ਰਹੀ ਹੈ।

ਆਰ ਟੀ.ਕਾਮ ਵਿੱਚ ਛਪੀ ਇਸ ਲਿਖਤ ਦੇ ਥੱਲੇ ਛਪੇ ਪਾਠਕਾਂ ਦੇ ਪ੍ਰਤੀਕਰਮਾਂ ਵਿੱਚ ਨਾ ਸਿਰਫ਼ ਮੋਦੀ ਨੀਤੀਆਂ ਦੀ ਰਜ ਕੇ ਨਿੰਦਿਆ ਕੀਤੀ ਗਈ ਹੈ ਬਲਕਿ ਇਕ ਟਿੱਪਣੀ ਵਿੱਚ ਸਪਸ਼ਟ ਕੀਤਾ ਗਿਆ ਹੈ ਕਿ ਹੁਣ ਤਕ ਪਾਕਿਸਤਾਨ ਨੇ ਜਿੰਨੀ ਵਾਰ ਵੀ ਯੂਨਾਈਟਿਡ ਨੇਸ਼ਨਜ਼ ਦੀ ਸੁਰੱਖਿਆ ਕੌਂਸਲ ਵਿੱਚ ਕਸ਼ਮੀਰ ਮਸਲਾ ਉਠਾਇਆ ਹੈ, ਓਨੀ ਵਾਰ ਹੀ ਰੂਸ ਨੇ ਉਸ ਮਤੇ ਨੂੰ ਵੀਟੋ ਕੀਤਾ ਹੈ ਪਰ ਹੁਣ ਇਉਂ ਨਹੀਂ ਹੋਵੇਗਾ। ਸਪਸ਼ਟ ਹੈ ਕਿ ਮੋਦੀ-ਡੋਵਾਲ ਦੀ ਗਲਤ ਵਿਦੇਸ਼ ਨੀਤੀ ਕਾਰਨ ਭਾਰਤ ਖ਼ਾਹ-ਮਖ਼ਾਹ ਹੀ ਜਿੰਦਗੀ ਮੌਤ ਦੀ ਜੰਗ ਲੜ ਰਹੇ ਰੂਸੀ ਤੇ ਅਮਰੀਕੀ ਸਾਮਰਾਜੀਆਂ ਵਿਚਕਾਰ ਇੱਕ ਧਿਰ ਬਣਦਾ ਜਾ ਰਿਹਾ ਹੈ।

# ਅਲਫਰੇਡ ਤੋਂ ਆਜ਼ਾਦ ਪਾਰਕ

ਹਰਜੋਤ ਸਿੰਘ ਸਿੱਧੂ
ਡਾਇਰੈਕਟਰ-ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ

ਕੰਮ ਕਾਜ ਲਈ ਇਸ ਸਾਲ ਜੁਲਾਈ ਦੇ ਪਹਿਲੇ ਹਫ਼ਤੇ, ਮੈਂ ਇਲਾਹਾਬਾਦ ਵਿੱਚ ਸੀ, ਜਿਸਨੂੰ ਪ੍ਰਯਾਗਰਾਜ ਵਜੋਂ ਜਾਣਿਆ ਜਾਂਦਾ ਹੈ। ਸੁਤੰਤਰਤਾ ਸੰਗਰਾਮ ਦੌਰਾਨ, ਇਲਾਹਾਬਾਦ ਵੱਖ-ਵੱਖ ਸੁਤੰਤਰਤਾ ਸੰਘਰਸ਼ ਗਤੀਵਿਧੀਆਂ ਦਾ ਕੇਂਦਰ ਸੀ। ਇੰਡੀਅਨ ਨੈਸ਼ਨਲ ਕਾਂਗਰਸ ਦਾ ਚੌਥਾ ਅਤੇ ਅੱਠਵਾਂ ਸੈਸ਼ਨ ਕ੍ਰਮਵਾਰ 1888 ਅਤੇ 1892 'ਚ ਇਸ ਸ਼ਹਿਰ ਵਿੱਚ ਹੋਇਆ ਸੀ। ਸਦੀ ਦੇ ਅੰਤ ਵਿੱਚ, ਇਲਾਹਾਬਾਦ ਵੀ ਕ੍ਰਾਂਤੀਕਾਰੀਆਂ ਲਈ ਇੱਕ ਨੋਡਲ ਪੁਆਇੰਟ ਬਣ ਗਿਆ।

ਇਸ ਸ਼ਹਿਰ ਦਾ ਭਗਤ ਸਿੰਘ ਨਾਲ ਵੀ ਸਬੰਧ ਹੈ। ਸਾਲ 1928 ਵਿੱਚ, ਭਗਤ ਸਿੰਘ ਨੇ ਅਜੈ ਘੋਸ਼ (ਇੱਕ ਭਾਰਤੀ ਸੁਤੰਤਰਤਾ ਸੈਨਾਨੀ ਅਤੇ ਭਾਰਤੀ ਕਮਿਊਨਿਸਟ ਪਾਰਟੀ ਦੇ ਆਗੂ) ਨਾਲ ਇਲਾਹਾਬਾਦ ਯੂਨੀਵਰਸਿਟੀ ਦੇ ਹਾਲੈਂਡ ਹੋਸਟਲ ਵਿੱਚ ਇੱਕ ਰਾਤ ਬਿਤਾਈ ਸੀ। ਮਹਾਨ ਕ੍ਰਾਂਤੀਕਾਰੀਆਂ ਰਾਮ ਪ੍ਰਸਾਦ ਬਿਸਮਲ, ਅਸ਼ਫਾਕੁੱਲਾ ਖਾਨ, ਠਾਕੁਰ ਰੋਸ਼ਨ ਸਿੰਘ, ਰਾਜੇਂਦਰ ਲਹਿਰੀ ਦਾ ਉੱਤਰ ਪ੍ਰਦੇਸ਼ ਅਤੇ ਇਲਾਹਾਬਾਦ ਵਿੱਚ ਉਨ੍ਹਾਂ ਦੀਆਂ ਸੁਤੰਤਰਤਾ ਸੰਗਰਾਮ ਦੀਆਂ ਗਤੀਵਿਧੀਆਂ ਨਾਲ ਸਬੰਧ ਸਨ।

ਭਾਰਤੀ ਸੁਤੰਤਰਤਾ ਸੰਗਰਾਮ ਨਾਲ ਸਬੰਧਿਤ ਸਭ ਤੋਂ ਮਸ਼ਹੂਰ ਪਾਰਕ, ਮੌਜੂਦਾ ਚੰਦਰ ਸ਼ੇਖਰ ਆਜ਼ਾਦ ਪਾਰਕ ਦਾ ਨਿਰਮਾਣ 1870 ਵਿੱਚ ਇਲਾਹਾਬਾਦ ਦੇ ਦਿਲ ਵਿੱਚ ਪ੍ਰਿੰਸ ਅਲਫ੍ਰੇਡ ਦੀ ਸ਼ਹਿਰ ਦੀ ਫੇਰੀ ਨੂੰ ਦਰਸਾਉਣ ਲਈ ਕੀਤਾ ਗਿਆ ਸੀ। ਇਹ ਪਾਰਕ 133 ਏਕੜ ਵਿੱਚ ਬਣਾਇਆ ਗਿਆ ਹੈ, ਪਹਿਲਾਂ ਇਸਨੂੰ ਅਲਫਰੇਡ ਪਾਰਕ ਅਤੇ ਕੰਪਨੀ ਰਾਜ ਦੌਰਾਨ ਕੰਪਨੀ ਬਾਗ ਵਜੋਂ ਵੀ ਜਾਣਿਆ ਜਾਂਦਾ ਸੀ।



3 ਜੁਲਾਈ 2023, ਮੈਂ ਸ਼ਾਮ ਨੂੰ ਮਸ਼ਹੂਰ ਅਮਰ ਸ਼ਹੀਦ ਚੰਦਰਸ਼ੇਖਰ ਆਜ਼ਾਦ ਪਾਰਕ ਵਿਖੇ ਅਮਰ ਸ਼ਹੀਦ ਦੇ ਸ਼ਹੀਦੀ ਸੱਥਲ ਤੇ ਸ਼ਰਧਾਂਜਲੀ ਭੇਂਟ ਕੀਤੀ,ਇਸ ਪਾਰਕ ਵਿੱਚ ਆਜ਼ਾਦ ਦੇ ਜੀਵਨ ਨੂੰ ਦਰਸਾਉਂਦੇ ਮਨਮੋਹਕ ਰੌਸ਼ਨੀ, ਆਵਾਜ਼ ਅਤੇ ਪਾਣੀ ਦੇ ਸ਼ੋਅ ਵੀ ਸ਼ਾਮਲ ਸੀ। ਮੈਨੂੰ ਭਗਤ ਸਿੰਘ ਬਾਰੇ ਇਤਿਹਾਸ ਦੀਆਂ ਕਿਤਾਬਾਂ ਅਤੇ ਫਿਲਮਾਂ ਯਾਦ ਆਈਆਂ, ਜਿਨ੍ਹਾਂ ਵਿੱਚ ਚੰਦਰ ਸ਼ੇਖਰ ਆਜ਼ਾਦ ਦੀ ਕੁਰਬਾਨੀ ਦਾ ਦ੍ਰਿਸ਼ ਐਲਫਰਡ ਪਾਰਕ ਵਿੱਚ ਦਿਖਾਇਆ ਅਤੇ ਦਰਸ਼ਾਇਆ ਗਿਆ ਸੀ।

27 ਫਰਵਰੀ 1931 ਨੂੰ, ਇਲਾਹਾਬਾਦ ਵਿਖੇ ਪੁਲਿਸ ਦੇ ਸੀ.ਆਈ.ਡੀ. ਦੇ ਮੁਖੀ, ਜੇ.ਆਰ.ਐਚ. ਨੌਟ-ਬੋਵਰ ਨੂੰ ਕਿਸੇ ਨੇ ਸੂਚਨਾ ਦਿੱਤੀ ਕਿ ਆਜ਼ਾਦ ਅਲਫ੍ਰੈਡ ਪਾਰਕ ਵਿੱਚ ਹੈ ਅਤੇ ਆਪਣੇ ਸਾਥੀ ਅਤੇ ਸਹਾਇਕ ਸੁਖਦੇਵ ਰਾਜ ਨਾਲ ਗੱਲਬਾਤ ਕਰ ਰਿਹਾ ਹੈ। ਇਸ ਜਾਣਕਾਰੀ ਨੂੰ ਪ੍ਰਾਪਤ ਕਰਨ 'ਤੇ, ਬੋਵਰ ਨੇ ਇਲਾਹਾਬਾਦ ਪੁਲਿਸ ਨੂੰ ਉਸ ਨੂੰ ਗ੍ਰਿਫਤਾਰ ਕਰਨ ਲਈ ਪਾਰਕ ਵਿੱਚ ਆਪਣੇ ਨਾਲ ਬੁਲਾਇਆ। ਪੁਲਿਸ ਨੇ ਪਾਰਕ ਨੂੰ ਚਾਰੇ ਪਾਸਿਓਂ ਘੇਰਾ ਪਾ ਲਿਆ। ਡੀਐਸਪੀ ਠਾਕੁਰ ਵਿਸ਼ਵੇਸ਼ਵਰ ਸਿੰਘ ਦੇ ਨਾਲ ਕੁਝ ਕਾਂਸਟੇਬਲ ਰਾਈਫਲਾਂ ਨਾਲ ਲੈਸ ਪਾਰਕ ਵਿੱਚ ਦਾਖਲ ਹੋਏ ਅਤੇ ਗੋਲੀਬਾਰੀ ਸ਼ੁਰੂ ਹੋ ਗਈ। ਆਜ਼ਾਦ ਆਪਣਾ ਬਚਾਅ ਕਰਨ ਅਤੇ ਆਪਣੇ ਸਾਥੀ ਰਾਜ ਦੀ ਮਦਦ ਕਰਨ ਦੀ ਪ੍ਰਕਿਰਿਆ ਵਿੱਚ ਬੁਰੀ ਤਰ੍ਹਾਂ ਜ਼ਖਮੀ ਹੋ ਗਿਆ। ਆਜ਼ਾਦ ਨੇ ਆਪਣੇ ਸਾਥੀ ਨੂੰ ਸੁਤੰਤਰਤਾ ਸੰਗਰਾਮ ਜਾਰੀ ਰੱਖਣ ਲਈ ਪਾਰਕ ਤੋਂ ਬਾਹਰ ਜਾਣ ਲਈ ਕਿਹਾ ਅਤੇ ਰਾਜ ਨੂੰ ਪਾਰਕ ਤੋਂ ਸੁਰੱਖਿਅਤ ਢੰਗ ਨਾਲ ਭੱਜਣ ਲਈ ਕਵਰ ਫਾਇਰ ਦਿੱਤਾ। ਆਜ਼ਾਦ ਆਪਣੇ ਆਪ ਨੂੰ ਬਚਾਉਣ ਲਈ ਇੱਕ ਦਰੱਖਤ ਦੇ ਪਿੱਛੇ ਛੁਪ ਗਿਆ ਅਤੇ ਉਸ ਦੇ ਪਿੱਛੇ ਤੋਂ ਫਾਇਰ ਕਰਨ ਲੱਗਾ। ਪੁਲਿਸ ਨੇ ਜਵਾਬੀ ਗੋਲੀਬਾਰੀ ਕੀਤੀ। ਇੱਕ ਲੰਬੀ ਗੋਲੀਬਾਰੀ ਤੋਂ ਬਾਅਦ, ਹਮੇਸ਼ਾ ਆਜ਼ਾਦ (ਆਜ਼ਾਦ) ਰਹਿਣ ਅਤੇ ਕਦੇ ਵੀ ਜ਼ਿੰਦਾ ਫੜੇ ਨਾ ਜਾਣ ਦੇ ਆਪਣੇ ਵਾਅਦੇ ਨੂੰ ਪੂਰਾ ਕਰਦੇ ਹੋਏ, ਉਸਨੇ ਆਪਣੀ ਬੰਦੂਕ ਦੀ ਆਖਰੀ ਗੋਲੀ ਨਾਲ ਆਪਣੇ ਆਪ ਨੂੰ ਸਿਰ ਵਿੱਚ ਗੋਲੀ ਮਾਰ ਲਈ। ਜਦੋਂ ਹੋਰ ਅਧਿਕਾਰੀ ਮੌਕੇ 'ਤੇ ਪਹੁੰਚੇ ਤਾਂ ਪੁਲਿਸ ਨੇ ਆਜ਼ਾਦ ਦੀ ਲਾਸ਼ ਬਰਾਮਦ ਕਰ ਲਈ। ਆਜ਼ਾਦ ਦਾ ਗੋਰੇ



ਅਫ਼ਸਰਾਂ ਨੂੰ ਖੋਫ਼ ਏਨਾ ਸੀ ਕਿ ਆਜ਼ਾਦ ਨੂੰ ਮਰਿਆ ਹੋਇਆ ਦੇਖ ਕੇ ਵੀ ਉਹ ਉਸ ਦੇ ਨੇੜੇ ਆਉਣ ਤੋਂ ਝਿਜਕ ਰਹੇ ਸਨ ।ਆਜ਼ਾਦ ਦੇ ਸ਼ਹੀਦੀ ਸੱਥਲ 'ਤੇ ਸ਼ਰਧਾਂਜਲੀ ਦੇਣ ਤੋਂ ਬਾਅਦ ਮੈਂ ਇਲਾਹਾਬਾਦ ਮਿਊਜ਼ੀਅਮ ਗਿਆ। ਅਜਾਇਬ ਘਰ ਵਿੱਚ ਦਾਖਲ ਹੁੰਦਿਆਂ ਹੀ ਅਸੀ ਅਜਾਇਬ ਘਰ ਦੀ ਟੀਮ ਨੂੰ ਸੂਚਿਤ ਕੀਤਾ ਕਿ ਅਸੀਂ ਪੰਜਾਬ ਤੋਂ ਆਏ ਹਾਂ। ਅਜਾਇਬ ਘਰ ਦਾ ਦੌਰਾ ਪੂਰਾ ਕਰਨ ਤੋਂ ਬਾਅਦ, ਅਸੀਂ ਲਾਬੀ ਵਿੱਚ ਬੈਠ ਗਏ। ਮਿਊਜ਼ੀਅਮ ਦੀ ਇੱਕ ਮਹਿਲਾ ਸਟਾਫ਼ ਸਾਡੇ ਕੋਲ ਭੱਜੀ ਆਈ, ਸਰ, ਤੁਸੀਂ ਸਾਰੇ ਪੰਜਾਬ ਤੋਂ ਹੋ। ਇਸ ਲਈ ਮੈਂ ਤੁਹਾਨੂੰ ਦੱਸਣਾ ਚਾਹੁੰਦੀ ਹਾਂ ਕਿ ਪਿਛਲੇ ਸਾਲ ਭਗਤ ਸਿੰਘ ਦੇ ਇੱਕ ਰਿਸ਼ਤੇਦਾਰ ਨੇ ਪਾਰਕ ਅਤੇ ਅਜਾਇਬ ਘਰ ਦਾ ਦੌਰਾ ਕੀਤਾ ਸੀ। ਉਹ ਭਗਤ ਸਿੰਘ ਦੇ ਜੱਦੀ ਪਿੰਡ ਖਟਕੜ ਕਲਾਂ ਤੋਂ ਮਿੱਟੀ ਲੈ ਕੇ ਆਏ ਸਨ। ਫਿਰ ਉਹ ਸਾਨੂੰ ਉਸ ਜਾਮੁਨ ਦੇ ਦਰਖ਼ਤ ਕੋਲ ਲੈ ਗਈ ਜਿੱਥੇ ਜਿੱਥੇ ਉਹ ਮਿੱਟੀ ਪਾਈ ਗਈ ਸੀ। ਇਹ ਦਰਖ਼ਤ ਬਿਲਕੁਲ ਆਜ਼ਾਦ ਦੇ ਬੁੱਤ ਨਾਲ ਸੀ।

ਇਹ ਦੇਖ ਮਨ ਭਾਵੁਕ ਹੋਇਆ। ਲਗਿਆ ਕਿ ਦੋਵੇਂ ਸ਼ਹੀਦ ਇੱਕਠੇ ਖੜੇ ਹੋਣ। ਦੋਵਾਂ ਨੇ ਸਾਲ 1931 ਵਿੱਚ ਆਪਣੀ ਜਾਨ ਕੁਰਬਾਨ ਕਰ ਦਿੱਤੀ ਸੀ। ਭਗਤ ਸਿੰਘ ਨੇ 23 ਸਾਲ ਦੀ ਉਮਰ ਵਿੱਚ ਅਤੇ ਆਜ਼ਾਦ ਨੇ 24 ਸਾਲ ਦੀ ਉਮਰ ਵਿੱਚ।

# ਮਨੀਪੁਰ ਹਿੰਸਾ: ਭਾਰਤ ਦੇ ਲੋਕਤੰਤਰ ਬਾਰੇ ਮੋਦੀ ਦੇ ਝੂਠੇ ਦਾਅਵੇ




## ਪਿਛਲੇ 5 ਸਾਲਾਂ 'ਚ ਪ੍ਰਧਾਨ ਮੰਤਰੀ ਮੋਦੀ ਦੇ ਵਿਦੇਸ਼ ਦੌਰਿਆਂ 'ਤੇ 2,54,87,01,373 ਕਰੋੜ ਰੁਪਏ ਹੋਏ ਖ਼ਰਚ



ਰਾਮ ਪੁਨਿਆਨੀ



ਮਨੀਪੁਰ ਵਿੱਚ ਚੱਲ ਰਹੀ ਹਿੰਸਾ ਦੇ ਸ਼ਿਕਾਰ ਜ਼ਿਆਦਾਤਰ ਨਿਰਦੋਸ਼ ਲੋਕ ਹੋ ਰਹੇ ਹਨ ਹਨ।ਉਹ ਸ਼ਰਨਾਰਥੀ ਕੈਂਪਾਂ ਵਿੱਚ ਰਹਿਣ ਲਈ ਮਜਬੂਰ ਹਨ। ਇਸ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਵਿਦੇਸ਼ ਦੌਰੇ ਜਾਰੀ ਹਨ।ਆਪਣੇ ਪਿਛਲੇ ਕਾਰਜਕਾਲ (2014-19) ਵਿੱਚ ਉਨ੍ਹਾਂ ਨੇ ਵਿਦੇਸ਼ੀ ਦੌਰਿਆਂ ਦਾ ਰਿਕਾਰਡ ਬਣਾਇਆ ਸੀ। ਉਨ੍ਹਾਂ ਦੇ ਦੂਜੇ ਕਾਰਜਕਾਲ ਵਿੱਚ ਕੋਵਿਡ ਮਹਾਮਾਰੀ ਕਾਰਨ ਉਨ੍ਹਾਂ ਦੀ ਵਿਦੇਸ਼ ਯਾਤਰਾ 'ਤੇ ਕੁਝ ਪਾਬੰਦੀਆਂ ਲੱਗੀਆਂ ਸਨ ਪਰ ਮਹਾਮਾਰੀ ਖਤਮ ਹੁੰਦੇ ਹੀ ਉਹ ਇਕ ਵਾਰ ਫਿਰ ਦੁਨੀਆਂ ਭਰ ਵਿੱਚ ਘੁੰਮਣ ਲੱਗੇ ਹਨ। ਮੋਦੀ ਸਰਕਾਰ ਨੇ ਬੀਤੇ ਵੀਰਵਾਰ ਨੂੰ ਰਾਜ ਸਭਾ ਨੂੰ ਸੂਚਿਤ ਕੀਤਾ ਸੀ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਵਿਦੇਸ਼ ਦੌਰਿਆਂ 'ਤੇ ਪਿਛਲੇ 5 ਸਾਲਾਂ ਦੌਰਾਨ 254.87 ਕਰੋੜ ਰੁਪਏ ਖਰਚ ਕੀਤੇ ਸਨ।ਉਪਲੱਬਧ ਜਾਣਕਾਰੀ ਅਨੁਸਾਰ ਵਿਦੇਸ਼ ਰਾਜ ਮਾਮਲਿਆਂ ਦੇ ਮੰਤਰੀ ਵੀ. ਮੁਰਲੀਧਰਨ ਨੇ ਇੱਕ ਲਿਖਤੀ ਉੱਤਰ ਵਿੱਚ ਉੱਚ ਸਦਨ ਨੂੰ ਦੱਸਿਆ ਸੀ ਕਿ ਪਿਛਲੇ 5 ਸਾਲਾਂ 'ਚ ਪ੍ਰਧਾਨ ਮੰਤਰੀ ਮੋਦੀ ਦੇ ਵਿਦੇਸ਼ ਦੌਰਿਆਂ 'ਤੇ 2,54,87,01,373 ਕਰੋੜ ਰੁਪਏ ਖਰਚ ਕੀਤੇ ਗਏ ਹਨ ।

ਪ੍ਰਧਾਨ ਮੰਤਰੀ ਦੇ ਦੌਰਿਆਂ ਬਾਰੇ ਭਗਵਿਆਂ ਤੇ ਭਗਵੇਂ ਮੀਡੀਆ ਵੱਲੋਂ ਇਹ ਪ੍ਰਚਾਰ ਕੀਤਾ ਜਾਂਦਾ ਹੈ ਕਿ ਉਹ ਦੁਨੀਆਂ ਵਿੱਚ ਭਾਰਤ ਦਾ ਅਕਸ ਸੁਧਾਰ ਰਹੇ ਹਨ ਅਤੇ ਮੋਦੀ ਪੂਰੀ ਦੁਨੀਆਂ ਵਿੱਚ ਇੱਕ ਮਹਾਨ ਨੇਤਾ ਬਣ ਕੇ ਉਭਰ ਰਹੇ ਹਨ।ਇਹ ਵੀ ਝੂਠ ਬੋਲਿਆ ਜਾ ਰਿਹਾ ਹੈ ਕਿ ਦੁਨੀਆਂ ਨੇ ਸਵੀਕਾਰ ਕਰ ਲਿਆ ਹੈ ਕਿ ਭਾਰਤ ਨਾ ਸਿਰਫ ਲੋਕਤੰਤਰ ਦਾ ਪਿਤਾ ਹੈ, ਸਗੋਂ ਇੱਕ ਸਫਲ ਅਤੇ ਜੀਵੰਤ ਲੋਕਤੰਤਰ ਵੀ ਹੈ।

ਦੁਨੀਆ ਵਿੱਚ ਬਹੁਤ ਸਾਰੀਆਂ ਸੁਤੰਤਰ ਸੰਸਥਾਵਾਂ ਹਨ ਜੋ ਵੱਖ-ਵੱਖ ਦੇਸ਼ਾਂ ਵਿੱਚ ਜਮਹੂਰੀ ਆਜ਼ਾਦੀਆਂ ਦੀ ਸਥਿਤੀ ਦੀ ਨਿਗਰਾਨੀ ਕਰਦੀਆਂ ਹਨ।ਇਨ੍ਹਾਂ ਸੂਚਕਾਂਕ ਵਿੱਚ ਭਾਰਤ ਦਾ ਦਰਜਾ ਡਿੱਗਦਾ ਜਾ ਰਿਹਾ ਹੈ ਅਤੇ ਜ਼ਿਆਦਾਤਰ ਇਹ ਨੀਵਾਣਾਂ ਤੋਂ ਨੀਵਾਣਾਂ ਵਲ ਜਾ ਰਿਹਾ ਹੈ ।ਕਈ ਮੁਸਲਿਮ ਦੇਸ਼ ਨਰਿੰਦਰ ਮੋਦੀ ਦਾ ਸਨਮਾਨ ਕਰ ਰਹੇ ਹਨ ਪਰ ਉਹ ਸਾਰੇ ਤਾਨਾਸ਼ਾਹ ਸ਼ਾਸਕ ਹਨ ਅਤੇ ਸਿਰਫ਼ ਵਪਾਰਕ ਅਤੇ ਰਣਨੀਤਕ ਕਾਰਨਾਂ ਕਰਕੇ ਭਾਰਤ ਨਾਲ ਜੁੜ ਰਹੇ ਹਨ। ਮਨੁੱਖੀ ਅਧਿਕਾਰਾਂ ਨਾਲ ਉਹਨਾਂ ਦਾ ਕੋਈ ਲੈਣਾ ਦੇਣਾ ਨਹੀਂ।

ਅਮਰੀਕਾ ਅਤੇ ਫਰਾਂਸ ਵਰਗੇ ਪੱਛਮੀ ਲੋਕਤੰਤਰਾਂ ਨਾਲ ਉਨ੍ਹਾਂ ਦੀ ਤੁਲਨਾ ਨਹੀਂ ਕੀਤੀ ਜਾ ਸਕਦੀ। ਪੱਛਮੀ ਲੋਕਤੰਤਰ ਦੀ ਦੁਬਿਧਾ ਸਭ ਦੇ ਸਾਹਮਣੇ ਹੈ। ਉਨ੍ਹਾਂ ਨੂੰ ਆਰਥਿਕ, ਰਾਜਨੀਤਕ ਅਤੇ ਰਣਨੀਤਕ ਕਾਰਨਾਂ ਕਰਕੇ ਭਾਰਤ ਨਾਲ ਸਬੰਧ ਬਣਾਉਣੇ ਪੈਂਦੇ ਹਨ ਅਤੇ ਉਹ ਭਾਰਤ ਵਿੱਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਅਤੇ ਖਾਸ ਕਰਕੇ ਘੱਟ ਗਿਣਤੀਆਂ ਦੀ ਹਾਲਤ 'ਤੇ ਖੁੱਲ੍ਹ ਕੇ ਬੋਲਣ ਦੇ ਸਮਰੱਥ ਨਹੀਂ ਹਨ।

ਮੋਦੀ ਤੋਂ ਪਹਿਲਾਂ ਦੇ ਦੌਰ ਵਿੱਚ ਪੱਛਮ ਨਾਲ ਭਾਰਤ ਦੇ ਸਬੰਧ ਇੱਕ ਵੱਖਰੀ ਕਿਸਮ ਦੇ ਸਨ।ਭਾਰਤ ਨੇ ਗੁੱਟ ਨਿਰਲੇਪਤਾ ਦੀ ਨੀਤੀ ਅਪਣਾਈ, ਭਾਰਤ ਵਿੱਚ ਜਮਹੂਰੀਅਤ ਜੜ੍ਹਾਂ ਫੜ ਰਹੀ ਸੀ ਅਤੇ ਘੱਟ ਗਿਣਤੀਆਂ ਦੀ ਹਾਲਤ ਅੱਜ ਜਿੰਨੀ ਮਾੜੀ ਨਹੀਂ ਸੀ। ਨਹਿਰੂ ਗਲੋਬਲ ਫੋਰਮਾਂ 'ਤੇ ਪ੍ਰਭਾਵਸ਼ਾਲੀ ਢੰਗ ਨਾਲ ਆਪਣੀ ਗਲ ਰਖਦੇ ਸਨ ? ?ਅਤੇ ਦੇਸ਼ ਵਿੱਚ ਲੋਕਤੰਤਰ ਨੂੰ ਮਜ਼ਬੂਤ ਕਰਨਾ ਚਾਹੁੰਦੇ ਸਨ। ਦੁਨੀਆਂ ਉਸ ਦੀ ਪ੍ਰਤਿਭਾ ਅਤੇ ਪ੍ਰਤੀਬੱਧਤਾ ਦੀ ਕਾਇਲ ਸੀ। ਉਦੋਂ ਤੋਂ ਲੈ ਕੇ ਹੁਣ ਤੱਕ ਅਤੇ ਮਨਮੋਹਨ ਸਿੰਘ ਦੇ ਕਾਰਜਕਾਲ ਤੱਕ, ਪੱਛਮੀ ਮੀਡੀਆ ਅਤੇ ਸੰਸਥਾਵਾਂ ਨੇ ਭਾਰਤ ਦੀ ਅੰਦਰੂਨੀ ਸਥਿਤੀ ਦੀ ਇੰਨੀ ਆਲੋਚਨਾ



ਕਦੇ ਨਹੀਂ ਕੀਤੀ ਜਿੰਨੀ ਉਹ ਮੋਦੀ ਰਾਜ ਕਾਲ ਦੌਰਾਨ ਹੁਣ ਕਰ ਰਹੇ ਹਨ।

ਮੌਜੂਦਾ ਸਮੇਂ ਵਿੱਚ ਅਮਰੀਕਾ ਅਤੇ ਫਰਾਂਸ ਦੀਆਂ ਸਰਕਾਰਾਂ ਭਾਵੇਂ ਸਾਡੇ ਪ੍ਰਧਾਨ ਮੰਤਰੀ ਲਈ ਲਾਲ ਗਲੀਚੇ ਵਿਛਾ ਰਹੀਆਂ ਹੋਣ ਪਰ ਉਨ੍ਹਾਂ ਦੇ ਆਪਣੇ ਮੁਲਕਾਂ ਵਿੱਚ ਭਾਰਤ ਦੀ ਮੋਦੀ ਸਰਕਾਰ ਦੀਆਂ ਨੀਤੀਆਂ ਖ਼ਿਲਾਫ਼ ਪ੍ਰਦਰਸ਼ਨ ਹੋ ਰਹੇ ਹਨ ਕਿਉਂਕਿ ਇਹ ਨੀਤੀਆਂ ਭਾਰਤ ਵਿੱਚ ਘੱਟ ਗਿਣਤੀਆਂ ਨੂੰ ਦਹਿਸ਼ਤਜ਼ਦਾ ਕਰਨ ਵਾਲੀਆਂ ਹਨ।ਪ੍ਰਧਾਨ ਮੰਤਰੀ ਦੀ ਅਮਰੀਕਾ ਅਤੇ ਫਰਾਂਸ ਦੀ ਹਾਲੀਆ ਫੇਰੀ ਨੂੰ ਭਾਵੇਂ ਉੱਚ ਕੋਟੀ ਦੇ ਵਿਦੇਸ਼ੀ ਹਾਕਮਾਂ ਨੇ ਮੋਦੀ ਦੀ ਸ਼ਲਾਘਾ ਕੀਤੀ ਹੋਵੇ, ਪਰ ਵਿਦੇਸ਼ਾਂ ਵਿੱਚ ਮੋਦੀ ਵਿਰੁੱਧ ਪ੍ਰਦਰਸ਼ਨ ਹੋਏ ਹਨ, ਕਈ ਨਾਮੀ ਅਖਬਾਰਾਂ ਨੇ ਉਨ੍ਹਾਂ ਦੀ ਆਲੋਚਨਾ ਕਰਦੇ ਸੰਪਾਦਕੀ ਲਿਖੇ ਹਨ ਅਤੇ ਯੂਰਪੀਅਨ ਸੰਸਦ ਸਮੇਤ ਕਈ ਵੱਡੇ ਅਦਾਰਿਆਂ ਨੇ ਮੋਦੀ ਸਰਕਾਰ ਦੀ ਆਲੋਚਨਾ ਕੀਤੀ ਹੈ ਤੇ ਮੋਦੀ ਸਰਕਾਰ ਦੇ ਫਾਸ਼ੀਵਾਦੀ ਨੀਤੀਆਂ ਵਿਰੁੱਧ ਮਤਾ ਪਾਸ ਕੀਤਾ ਹੈ।

ਪ੍ਰਦਰਸ਼ਨਕਾਰੀਆਂ ਅਤੇ ਪ੍ਰਧਾਨ ਮੰਤਰੀ ਨੂੰ ਅਸਹਿਜ ਸਵਾਲ ਪੁੱਛਣ ਵਾਲਿਆਂ ਨੂੰ ਭਾਰਤ ਦੇ ਅੰਦਰੂਨੀ ਮਾਮਲਿਆਂ ਵਿੱਚ ਦਖਲ ਦੇਣ ਦਾ ਦੋਸ਼ ਲਗਾਕੇ ਹਿੰਦੂਤਵੀਆਂ ਵੱਲੋਂ ਟ੍ਰੋਲ ਕੀਤਾ ਗਿਆ ਸੀ ਅਤੇ ਗਾਲਨੁਮਾ ਆਲੋਚਨਾ ਕੀਤੀ ਗਈ ਸੀ। ਪਰ ਇਹ ਸਪੱਸ਼ਟ ਹੈ ਕਿ ਇੰਟਰਨੈਟ ਦੇ ਯੁੱਗ ਵਿੱਚ, ਸਮਾਜ ਦੇ ਕਮਜ਼ੋਰ ਵਰਗਾਂ ਦੇ ਵਿਰੁੱਧ ਦੁਰਵਿਵਹਾਰ ਅਤੇ ਵਿਤਕਰੇ ਜਾਂ ਅੱਤਿਆਚਾਰਾਂ ਨੂੰ ਛੁਪਾਉਣਾ ਮੁਸ਼ਕਲ ਹੈ।ਸੰਸਾਰ ਇਕ ਪਿੰਡ ਬਣ ਚੁਕਾ ਹੈ ਅਤੇ ਨਿਡਰ ਪੱਤਰਕਾਰਾਂ ਅਤੇ ਮਨੁੱਖੀ ਅਧਿਕਾਰਾਂ ਦੀਆਂ ਜਥੇਬੰਦੀਆਂ ਜ਼ਮੀਨੀ ਪੱਧਰ 'ਤੇ ਸਮਾਜ ਦੇ ਇੱਕ ਵੱਡੇ ਹਿੱਸੇ ਦੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦਾ ਪਰਦਾਫਾਸ਼ ਕਰ ਰਹੀਆਂ ਹਨ ।ਅਜਿਹੇ ਮਾਮਲਿਆਂ ਨੂੰ ਮੋਦੀ ਸਰਕਾਰ ਜਾਂ ਤਾਂ ਨਜ਼ਰਅੰਦਾਜ਼ ਕਰ ਰਹੀ ਹੈ ਜਾਂ ਫਿਰ ਅਜਿਹੀ ਬੇਇਨਸਾਫੀ ਨੂੰ ਹੱਲਾਸ਼ੇਰੀ ਦੇ ਰਹੀ ਹੈ ਅਤੇ ਦੋਸ਼ੀਆਂ ਖਿਲਾਫ ਕੋਈ ਕਾਰਵਾਈ ਨਹੀਂ ਕਰ ਰਹੀ।

ਜਦੋਂ ਮੋਦੀ ਨੇ ਅਮਰੀਕਾ ਵਿੱਚ ਰਾਸ਼ਟਰਪਤੀ ਜੋਅ ਬਿਡੇਨ ਨੂੰ ਜੱਫੀ ਪਾਈ ਤਾਂ ਉਨ੍ਹਾਂ ਨੇ ਮੋਦੀ ਨੂੰ ਵ੍ਹਾਈਟ ਹਾਊਸ ਵਿੱਚ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਨ ਲਈ ਮਨਾ ਲਿਆ। ਬੜੀ ਮੁਸ਼ਕਲ ਨਾਲ ਮੋਦੀ ਦੋ ਸਵਾਲਾਂ ਦੇ ਜਵਾਬ ਦੇਣ ਲਈ ਰਾਜ਼ੀ ਹੋਏ ਅਤੇ ਉਦੋਂ ਹੀ ਉਨ੍ਹਾਂ ਦੇ ਝੂਠ ਦਾ ਪਰਦਾਫਾਸ਼ ਹੋ ਗਿਆ ਜਦੋਂ ਵਾਲ ਸਟ੍ਰੀਟ ਜਰਨਲ ਦੀ ਸਬਰੀਨਾ ਸਿੱਦੀਕੀ ਨੇ ਮੋਦੀ ਤੋਂ ਪੁੱਛਿਆ ਕਿ ਉਨ੍ਹਾਂ ਦੀ ਸਰਕਾਰ ਆਪਣੇ ਦੇਸ਼ ਵਿੱਚ ਮੁਸਲਮਾਨਾਂ ਅਤੇ ਈਸਾਈਆਂ ਵਿਰੁੱਧ ਵੱਧ ਰਹੇ ਅੱਤਿਆਚਾਰਾਂ ਦੇ ਮੱਦੇਨਜ਼ਰ ਘੱਟ ਗਿਣਤੀਆਂ, ਖਾਸ ਕਰਕੇ ਮੁਸਲਮਾਨਾਂ ਨਾਲ ਵਿਤਕਰੇ ਨੂੰ ਰੋਕਣ ਲਈ ਕੀ ਕਰ ਰਹੀ ਹੈ ?

ਬਿਡੇਨ ਮੋਦੀ ਤੋਂ ਇਹ ਸਵਾਲ ਪੁੱਛ ਨਹੀਂ ਸਕਦੇ ਸਨ, ਕਿਉਂਕਿ ਉਹ ਭਾਰਤ ਨੂੰ ਦੱਖਣੀ ਏਸ਼ੀਆ ਵਿੱਚ ਅਮਰੀਕਾ ਦਾ ਸਹਿਯੋਗੀ ਬਣਾਉਣਾ ਚਾਹੁੰਦੇ ਹਨ। ਭਾਰਤ ਹੁਣ ਪਾਕਿਸਤਾਨ ਦੀ ਥਾਂ ਲਵੇਗਾ। ਪਾਕਿਸਤਾਨ ਨੇ ਕੱਚੇ ਤੇਲ ਦੇ ਭੰਡਾਰਾਂ 'ਤੇ ਕੰਟਰੋਲ ਸਮੇਤ ਅਮਰੀਕਾ ਦੇ ਸਾਰੇ ਉਦੇਸ਼ਾਂ ਅਤੇ ਟੀਚਿਆਂ ਨੂੰ ਪੂਰਾ ਕਰਨ ਲਈ ਆਪਣੀ ਭੂਮਿਕਾ ਨਿਭਾਈ ਸੀ ਅਤੇ ਹੁਣ ਇਹ ਅਮਰੀਕਾ ਦੇ ਕਿਸੇ ਕੰਮ ਦਾ ਨਹੀਂ ਹੈ। ਹੁਣ ਅੰਕਲ ਸੈਮ ਨੂੰ ਚੀਨ ਦੀ ਵਧਦੀ ਤਾਕਤ ਦਾ ਮੁਕਾਬਲਾ ਕਰਨ ਲਈ ਭਾਰਤ ਦੀ ਲੋੜ ਹੈ।

ਪੱਤਰਕਾਰ ਸਿੱਦੀਕੀ ਦੇ ਸਵਾਲ ਦੇ ਜਵਾਬ ਵਿੱਚ, ਮੋਦੀ ਨੇ ਕੁਝ ਸਧਾਰਨ ਗੱਲਾਂ ਕਹੀਆਂ- ਭਾਰਤ ਵੱਡਾ ਲੋਕਤੰਤਰ ਹਾਂ ਅਤੇ ਇਥੇ ਕਿਸੇ ਨਾਲ ਵਿਤਕਰਾ ਨਹੀਂ ਹੁੰਦਾ ਆਦਿ। ਇਸ ਤੋਂ ਬਾਅਦ ਭਾਰਤ ਦੀ ਚੰਗੀ ਸਿਖਲਾਈ ਪ੍ਰਾਪਤ ਟ੍ਰੋਲ ਭਗਵੀਂ ਫੌਜ ਨੂੰ ਸਿੱਦੀਕੀ ਦੇ ਪਿੱਛੇ ਛੱਡ ਦਿੱਤਾ। ਇਹ ਟ੍ਰੋਲਿੰਗ ਇੰਨੀ ਭਿਆਨਕ ਸੀ ਕਿ ਵ੍ਹਾਈਟ ਹਾਊਸ ਦੇ ਬੁਲਾਰੇ ਨੂੰ ਉਸ ਦੇ ਬਚਾਅ ਵਿੱਚ ਆਉਣਾ ਪਿਆ। ਵ੍ਹਾਈਟ ਹਾਊਸ ਨੇ ਕਿਹਾ ਕਿ ਪੱਤਰਕਾਰਾਂ ਨੂੰ ਇਸ ਤਰ੍ਹਾਂ ਪ੍ਰੇਸ਼ਾਨ ਕਰਨਾ ਉਚਿਤ ਨਹੀਂ ਹੈ।

ਜੋ ਬਿਡੇਨ ਨਹੀਂ ਕਹਿ ਸਕਿਆ ਉਹ ਉਸ ਦੇ ਵਿਰੋਧੀ ਬਰਾਕ ਓਬਾਮਾ ਨੇ ਸੀਐੱਨਐੱਨ ਨਾਲ ਇੱਕ ਇੰਟਰਵਿਊ ਵਿੱਚ ਕਹਿ ਦਿਤਾ ਕਿ ਜੇਕਰ ਭਾਰਤ ਵਿੱਚ ਘੱਟ ਗਿਣਤੀਆਂ ਨੂੰ ਸੁਰੱਖਿਅਤ ਨਹੀਂ ਰੱਖਿਆ ਗਿਆ ਤਾਂ ਦੇਸ਼ ਟੁੱਟ ਜਾਵੇਗਾ। ਦਲ ਬਦਲੂ ਹੇਮੰਤ ਬਿਸਵਾ ਸ਼ਰਮਾ, ਜੋ ਭਾਜਪਾ ਵਿੱਚ ਸ਼ਾਮਲ ਹੋਇਆ ਸੀ, ਓਬਾਮਾ ਨੂੰ ਟ੍ਰੋਲ ਕਰਨ ਲਈ ਜ਼ਿੰਮੇਵਾਰ ਸੀ। ਉਨ੍ਹਾਂ ਨੇ ਓਬਾਮਾ ਦੇ ਨਾਂ ਨਾਲ ਹੁਸੈਨ ਸ਼ਬਦ ਜੋੜਦੇ ਹੋਏ ਕਿਹਾ ਕਿ ਭਾਰਤ ਵਿੱਚ ਬਹੁਤ ਸਾਰੇ ਹੁਸੈਨ ਓਬਾਮਾ ਹਨ ਜਿਨ੍ਹਾਂ ਨਾਲ ਨਜਿੱਠਣਾ ਹੈ।

ਭਾਵੇਂ ਅਮਰੀਕਾ ਵਿਚ ਮੋਦੀ ਦੇ ਖਿਲਾਫ ਕਈ ਪ੍ਰਦਰਸ਼ਨ ਹੋਏ ਪਰ ਭਾਰਤ ਵਿੱਚ ਮੁਸਲਮਾਨਾਂ, ਇਸਾਈਆਂ, ਦਲਿਤਾਂ ਅਤੇ ਆਦਿਵਾਸੀਆਂ 'ਤੇ ਹੋ ਰਹੇ ਅੱਤਿਆਚਾਰਾਂ ਦੀ ਵਿਸਤ੍ਰਿਤ ਜਾਣਕਾਰੀ ਦੇਣ ਵਾਲੇ ਅਰੁੰਧਤੀ ਰਾਏ ਦਾ ਲੇਖ 'ਨਿਊਯਾਰਕ ਟਾਈਮਜ਼' ਨੇ ਪ੍ਰਮੁੱਖਤਾ ਨਾਲ ਛਾਪਿਆ ਸੀ। ਅਰੁੰਧਤੀ ਨੇ ਇਸ ਲੇਖ ਵਿੱਚ ਅਮਰੀਕਾ ਦੇ ਪੁਰਾਣੇ ਦੋਸਤਾਂ ਦੀ ਚਰਚਾ ਕੀਤੀ ਹੈ। ਅਮਰੀਕਾ ਨੇ ਆਪਣੇ ਸਹਿਯੋਗੀ ਵਜੋਂ ਚੁਣੀਆਂ ਉੱਤਮ ਸ਼ਖਸੀਅਤਾਂ ਵਿੱਚ ਇਰਾਨ ਦੇ ਸ਼ਾਹ, ਪਾਕਿਸਤਾਨ ਦੇ ਜਨਰਲ ਮੁਹੰਮਦ ਜ਼ਿਆ-ਉਲ-ਹੱਕ, ਅਫਗਾਨਿਸਤਾਨ ਦੇ ਮੁਜਾਹਿਦੀਨ, ਇਰਾਕ ਦੇ ਸੱਦਾਮ ਹੁਸੈਨ, ਦੱਖਣੀ ਵੀਅਤਨਾਮ ਦੇ ਵੱਖ-ਵੱਖ ਤਾਨਾਸ਼ਾਹ, ਅਤੇ ਚਿਲੀ ਦੇ ਜਨਰਲ ਆਗਸਟੋ ਪਿਨੋਸਚੇ ਸ਼ਾਮਲ ਹਨ। ਅਮਰੀਕਾ ਦੀ ਵਿਦੇਸ਼ ਨੀਤੀ ਦਾ ਆਧਾਰ ਹੈ: ਅਮਰੀਕਾ ਲਈ ਲੋਕਤੰਤਰ ਅਤੇ ਉਸਦੇ ਕਾਲੇ ਦੋਸਤਾਂ ਲਈ ਤਾਨਾਸ਼ਾਹੀ।

ਫਰਾਂਸ ਦਾ ਮਾਮਲਾ ਵੀ ਅਜਿਹਾ ਹੈ। ਰਾਸ਼ਟਰਪਤੀ ਮੈਕਰੋਨ ਨੇ ਮੋਦੀ ਦਾ ਨਿੱਘਾ ਸਵਾਗਤ ਕੀਤਾ ਅਤੇ ਦੋਵਾਂ ਖੁਸ਼ਹਾਲ ਲੋਕਤੰਤਰਾਂ ਵਿਚਾਲੇ ਦੋਸਤੀ ਦੀ ਸ਼ਲਾਘਾ ਕੀਤੀ। ਲਗਭਗ ਉਸੇ ਸਮੇਂ ਸਟ੍ਰਾਸਬਰਗ ਵਿੱਚ, ਯੂਰਪੀਅਨ ਸੰਸਦ ਨੇ ਉੱਤਰ-ਪੂਰਬੀ ਰਾਜ ਵਿੱਚ ਹੋਏ ਖੂਨ-ਖਰਾਬੇ 'ਤੇ ਚਰਚਾ ਕੀਤੀ ਅਤੇ ਛੇ ਮਤੇ ਪਾਸ ਕੀਤੇ, ਭਾਰਤ ਵਿੱਚ ਘੱਟ ਗਿਣਤੀਆਂ ਦੀ ਸਥਿਤੀ, ਖਾਸ ਕਰਕੇ ਮਨੀਪੁਰ ਵਿੱਚ ਹਿੰਸਾ 'ਤੇ ਦੁੱਖ ਅਤੇ ਚਿੰਤਾ ਦਾ ਪ੍ਰਗਟਾਵਾ ਕੀਤਾ। ਇਸ ਮਤੇ ਵਿੱਚ ਈਸਾਈਆਂ ਅਤੇ ਹੋਰ ਘੱਟ ਗਿਣਤੀਆਂ ਅਤੇ ਹਿੰਦੂ ਬਹੁਗਿਣਤੀਵਾਦ ਦੇ 'ਅੱਤਿਆਚਾਰ' ਦੀ ਚਰਚਾ ਕੀਤੀ ਗਈ ਹੈ। ਫਰਾਂਸ ਦੇ ਇਸ ਪ੍ਰਮੁੱਖ ਅਖਬਾਰ 'ਲੇ ਮੋਂਡੇ' ਨੇ ਭਾਰਤ ਵਿੱਚ ਘੱਟ ਗਿਣਤੀਆਂ ਦੀ ਹਾਲਤ ਅਤੇ ਜਮਹੂਰੀ ਅਜ਼ਾਦੀ ਵਿੱਚ ਆਏ ਨਿਘਾਰ ਦੀ ਖੁੱਲ੍ਹ ਕੇ ਨਿਖੇਧੀ ਕੀਤੀ ਹੈ। ਅਖ਼ਬਾਰ ਨੇ ਲਿਖਿਆ, ਪਰ ਕੀ ਅਸੀਂ ਇਸ ਤੱਥ ਨੂੰ ਭੁੱਲ ਸਕਦੇ ਹਾਂ ਕਿ ਮੋਦੀ ਦੀ ਅਗਵਾਈ ਵਿੱਚ ਭਾਰਤ ਗੰਭੀਰ ਸੰਕਟ ਵਿੱਚੋਂ ਲੰਘ ਰਿਹਾ ਹੈ ਅਤੇ ਮਨੁੱਖੀ ਅਧਿਕਾਰ ਕਾਰਕੁਨਾਂ, ਐਨਜੀਓਜ਼ ਅਤੇ ਪੱਤਰਕਾਰਾਂ ਉੱਤੇ ਹਮਲੇ ਵੱਧ ਰਹੇ ਹਨ ?

ਸਾਨੂੰ ਇਹਨਾਂ ਪ੍ਰਮੁੱਖ ਅਤੇ ਜਾਣੇ-ਪਛਾਣੇ ਅਖਬਾਰਾਂ ਦੀਆਂ ਟਿੱਪਣੀਆਂ, ਆਮ ਲੋਕਾਂ ਦੇ ਪ੍ਰਦਰਸ਼ਨਾਂ ਅਤੇ ਬਰਾਕ ਓਬਾਮਾ ਵਰਗੇ ਲੋਕਾਂ ਦੇ ਵਿਚਾਰਾਂ ਨੂੰ 'ਸਾਡੇ ਅੰਦਰੂਨੀ ਮਾਮਲਿਆਂ ਵਿੱਚ ਦਖਲਅੰਦਾਜ਼ੀ' ਵਜੋਂ ਲੈਣਾ ਹੈ ਜਾਂ ਸਾਨੂੰ ਸਵੈ-ਪੜਚੋਲ ਕਰਨੀ ਚਾਹੀਦੀ ਹੈ ਅਤੇ ਭਾਰਤ ਵਿੱਚ ਜਮਹੂਰੀ ਸੱਭਿਆਚਾਰ ਅਤੇ ਕਦਰਾਂ-ਕੀਮਤਾਂ ਦੇ ਖਾਤਮੇ ਨੂੰ ਰੋਕਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਇਸ ਸਵਾਲ ਦਾ ਸਾਨੂੰ ਸਾਰਿਆਂ ਨੂੰ ਆਉਣ ਵਾਲੇ ਸਮੇਂ ਵਿੱਚ ਸਾਹਮਣਾ ਕਰਨਾ ਪਵੇਗਾ।

# ਪੰਜਾਬ ਨੂੰ ਨਿਰਾਸ਼ਾ ਦੇ ਦੌਰ 'ਚੋਂ ਕੱਢਣ ਦੀ ਜ਼ਿੰਮੇਵਾਰੀ ਨਿਭਾਉਣ ਰਾਜਸੀ ਪਾਰਟੀਆਂ



ਸੁੱਚਾ ਸਿੰਘ ਗਿੱਲ

ਪੰਜਾਬ ਆਰਥਿਕ, ਸਮਾਜਿਕ ਅਤੇ ਬੌਧਿਕ ਤੌਰ 'ਤੇ ਨਿਰਾਸ਼ਾ ਦੇ ਦੌਰ ਵਿਚੋਂ ਗੁਜ਼ਰ ਰਿਹਾ ਹੈ। ਇਸ ਦੌਰ ਨੂੰ ਪਿਛਲੇ ਚਾਰ ਦਹਾਕਿਆਂ ਦੀਆਂ ਸਿਆਸੀ ਕਲਾਬਾਜ਼ੀਆਂ ਅਤੇ ਲੀਡਰਸ਼ਿਪ ਦੀਆਂ ਕਮਜ਼ੋਰੀਆਂ ਨੇ ਸਿੰਜਿਆ ਤੇ ਵਿਕਸਿਤ ਕੀਤਾ ਹੈ। ਇਸ ਦੌਰ ਨੂੰ ਬਦਲ ਕੇ ਸਿਰਜਣਾਤਮਕ ਦੌਰ ਵਿੱਚ ਬਦਲਣ ਦੀ ਜ਼ਿੰਮੇਵਾਰੀ ਅਤੇ ਭੂਮਿਕਾ ਸੂਬਾ ਵਾਸੀਆਂ, ਜਥੇਬੰਦੀਆਂ ਅਤੇ ਪਾਰਟੀਆਂ ਨੂੰ ਹੀ ਨਿਭਾਉਣੀ ਪੈਣੀ ਹੈ। ਪੰਜਾਬ ਜਿਸ ਭੂਗੋਲਿਕ ਖ਼ਿੱਤੇ ਵਿੱਚ ਹੈ ਅਤੇ ਜਿਨ੍ਹਾਂ ਇਤਿਹਾਸਕ ਹਾਲਾਤ ਵਿਚੋਂ ਗੁਜ਼ਰਦਾ ਰਿਹਾ ਹੈ, ਇਸ ਸੱਚਾਈ ਦਾ ਗਵਾਹ ਹੈ ਕਿ ਇਸ ਵਿੱਚ ਸਿਰਜਣਾਤਮਕ ਸਮਰੱਥਾ ਸਮੇਂ ਸਮੇਂ ਪੈਦਾ ਹੁੰਦੀ ਰਹਿੰਦੀ ਹੈ। ਇਸ ਸਿਰਜਣਾਤਮਕ ਸਮਰੱਥਾ ਨੂੰ ਸੰਭਾਲਣ ਅਤੇ ਉਸ 'ਤੇ ਅਮਲ ਕਰਨ ਦੀ ਲੋੜ ਹੈ। ਇਸ ਨਾਲ ਸੂਬੇ ਨੂੰ ਨਿਰਾਸ਼ਾ ਦੇ ਦੌਰ ਵਿਚੋਂ ਕੱਢਣ ਵਲ ਵਧਿਆ ਜਾ ਸਕਦਾ ਹੈ। ਇੱਥੇ ਕੁਝ ਵਿਚਾਰਨਯੋਗ ਨੁਕਤੇ ਸਾਂਝੇ ਕਰਨ ਦਾ ਯਤਨ ਕੀਤਾ ਗਿਆ ਹੈ।

ਨਿਰਾਸ਼ਾ ਤੋਂ ਬਾਹਰ ਹੋਣ ਵਾਸਤੇ ਪੰਜਾਬ ਆਪਣੇ ਇਤਿਹਾਸ ਤੋਂ ਸਬਕ ਸਿੱਖ ਸਕਦਾ ਹੈ। ਦੇਸ਼ ਦੀ ਆਜ਼ਾਦੀ ਸਮੇਂ ਪੰਜਾਬ ਵੰਡਿਆ ਗਿਆ। ਅੱਧੀ ਆਬਾਦੀ ਨੂੰ ਤਬਾਦਲੇ ਸਮੇਂ ਬੇਘਰ ਹੋ ਕੇ ਸ਼ਰਨਾਰਥੀ ਬਣਨਾ ਪਿਆ। ਲੱਖਾਂ ਦੀ ਗਿਣਤੀ ਵਿੱਚ ਆਮ ਲੋਕਾਂ ਤੇ ਬੱਚਿਆਂ ਦੇ ਕਤਲ ਹੋਏ ਅਤੇ ਔਰਤਾਂ ਨੂੰ ਅਣਮਨੁੱਖੀ ਅਤਿਆਚਾਰ ਦਾ ਸ਼ਿਕਾਰ ਹੋਣਾ ਪਿਆ। ਇਸ ਦਾ ਖੁਲਾਸਾ ਇਤਿਹਾਸਕਾਰਾਂ ਨੇ ਬੜੀ ਤਫ਼ਸੀਲ ਨਾਲ ਕੀਤਾ ਹੈ। ਇਸ ਦੌਰ ਵਿਚੋਂ ਬਾਹਰ ਕੱਢ ਕੇ ਭਾਰਤੀ ਪੰਜਾਬ ਨੂੰ ਮੁੜ ਪੈਰਾਂ ਸਿਰ ਖੜ੍ਹਾ ਕਰਨ ਦਾ ਬੀੜਾ ਪੰਜਾਬ ਦੀ ਸਿਆਸੀ ਲੀਡਰਸ਼ਿਪ ਨੇ ਆਪਣੇ ਹੱਥ ਲਿਆ ਸੀ। ਇਸ ਲੀਡਰਸ਼ਿਪ ਨੇ ਚੋਟੀ ਦੇ ਇਮਾਨਦਾਰ ਅਤੇ ਕਾਬਲ ਅਫਸਰਾਂ ਨੂੰ ਨਾਲ ਲੈ ਕੇ ਉੱਜੜੇ ਪੁੱਜੜੇ ਪਰਿਵਾਰਾਂ ਦਾ ਪਿੰਡਾਂ ਅਤੇ ਸ਼ਹਿਰਾਂ ਵਿੱਚ ਮੁੜ-ਵਸੇਬੇ ਦਾ ਪ੍ਰਬੰਧ ਤਿੰਨ ਚਾਰ ਸਾਲਾਂ ਵਿੱਚ ਕਰ ਦਿੱਤਾ ਸੀ। ਇਸ ਤੋਂ ਬਾਅਦ ਆਰਥਿਕ ਅਤੇ ਸਮਾਜਿਕ ਵਿਕਾਸ ਦੇ ਕਾਰਜਾਂ ਵੱਲ ਤਵੱਜੋ ਦਿੱਤੀ ਅਤੇ ਪੰਜਾਬ ਨੂੰ 1955-56 ਵਿਚ ਦੇਸ਼ ਦਾ ਪਹਿਲੇ ਨੰਬਰ ਦਾ ਸੂਬਾ ਬਣਾ ਦਿੱਤਾ। ਇਸ ਤੋਂ ਬਾਅਦ 1965-66 ਵਿੱਚ ਹਰਾ ਇਨਕਲਾਬ ਪੈਦਾ ਕਰ ਕੇ ਅਤੇ ਉਦਯੋਗਿਕ ਵਿਕਾਸ ਨੂੰ ਹੁਲਾਰਾ ਦੇ ਕੇ ਪੰਜਾਬ ਨੂੰ ਦੇਸ਼ ਦੇ ਮਾਡਲ ਸੂਬੇ ਵਿੱਚ ਤਬਦੀਲੀ ਕਰ ਦਿੱਤਾ ਸੀ। ਜਦੋਂ ਇਸ ਮਾਡਲ ਵਿੱਚ ਵਿਗਾੜ ਆਏ ਅਤੇ ਇਸ ਨੂੰ ਠੀਕ ਕਰਨ ਬਾਰੇ ਵਿਚਾਰਾਂ 1980ਵਿਆਂ ਵਿੱਚ ਸ਼ੁਰੂ ਹੋਈਆਂ ਤਾਂ ਸਿਆਸੀ ਲੀਡਰਸ਼ਿਪ ਨੇ ਹੱਥ ਖੜ੍ਹੇ ਕਰ ਦਿੱਤੇ। ਇਸ ਲੀਡਰਸ਼ਿਪ ਨੇ ਇਹ ਵਿਗਾੜ ਠੀਕ ਕਰਨ ਦੀ ਬਜਾਇ ਆਪਣੇ ਵਿਅਕਤੀਗਤ ਫਾਇਦੇ ਲਈ ਕੰਮ ਕਰਨਾ ਬਿਹਤਰ ਸਮਝਿਆ। ਇਨ੍ਹਾਂ ਨੇ ਪੰਜਾਬ, ਵਾਤਾਵਰਨ ਅਤੇ ਆਰਥਿਕਤਾ ਨੂੰ ਤਬਾਹ ਕਰਨ ਦਾ ਘਿਨਾਉਣਾ ਰੋਲ ਨਿਭਾਇਆ। ਇਸ ਦੇ ਸਬੂਤ ਹਰ ਰੋਜ਼ ਸਾਡੇ ਸਾਹਮਣੇ ਆ ਰਹੇ ਹਨ। ਇਸ ਕਰ ਕੇ ਮੌਜੂਦਾ ਸਿਆਸੀ ਲੀਡਰਸ਼ਿਪ ਨੂੰ ਹਾਂ ਮੁਖੀ ਰੋਲ ਵਾਸਤੇ ਮੋੜਨ ਲਈ ਅਤੇ ਹਾਲਾਤ ਪੈਦਾ ਕਰਨ ਵਿੱਚ ਸਮਾਂ ਲੱਗ ਸਕਦਾ ਹੈ। ਇਸ ਵਾਸਤੇ ਸਮਾਜਿਕ ਲਹਿਰ ਨੂੰ ਕਾਫ਼ੀ ਕੋਸ਼ਿਸ਼ ਕਰਨੀ ਪੈਣੀ ਹੈ ਅਤੇ ਵਿਚਾਰਧਾਰਕ ਜੱਦੋ-ਜਹਿਦ ਵਿੱਚ ਪੈਣਾ ਹੋਵੇਗਾ। ਇਸ ਕਾਰਜ ਵਿੱਚ ਸੂਬੇ ਦੇ ਸੁਹਿਰਦ ਅਤੇ ਸੰਜੀਦਾ ਬੁੱਧੀਮਾਨਾਂ ਨੂੰ ਸਮਾਜਿਕ ਲਹਿਰ ਨਾਲ ਰਲ ਕੇ ਹਾਲਾਤ ਨੂੰ ਰਿੜਕਣਾ ਪੈਣਾ ਹੈ। ਸਮਾਜਿਕ ਜਥੇਬੰਦੀਆਂ ਅਤੇ ਵਿਦਵਾਨਾਂ ਨੂੰ ਇਸ ਬਾਰੇ ਵਿਚਾਰ ਚਰਚਾ, ਗੋਸ਼ਟੀਆਂ, ਸੈਮੀਨਾਰ, ਕਾਨਫਰੰਸਾਂ ਆਦਿ ਕਰਨੀਆਂ ਹੋਣਗੀਆਂ। ਇਹ ਪ੍ਰਕਿਰਿਆ ਹੀ ਸੂਬੇ ਨੂੰ ਨਿਰਾਸ਼ਾ ਵਿਚੋਂ ਬਾਹਰ ਕੱਢਣ ਲਈ ਸਹਾਈ ਹੋ ਸਕਦੀ ਹੈ। ਇਸ ਪ੍ਰਸੰਗ ਵਿੱਚ ਦੇਸ਼ ਦੇ ਦੂਜੇ ਸੂਬਿਆਂ ਵਿੱਚ ਸਫਲ ਤਜਰਬੇ ਘੋਖਣ ਤੋਂ ਬਾਅਦ ਸੂਬੇ ਲਈ ਸਾਜ਼ਗਾਰ ਸੁਝਾਅ ਦਿੱਤੇ ਜਾ ਸਕਦੇ ਹਨ। ਇਨ੍ਹਾਂ ਸੁਝਾਵਾਂ ਨੂੰ ਲਾਗੂ ਕਰਨ ਲਈ ਮਾਹੌਲ ਵੀ ਤਿਆਰ ਕੀਤਾ ਜਾ ਸਕਦਾ ਹੈ। ਇਹ ਵਿਸ਼ਵਾਸ ਪੈਦਾ ਕੀਤਾ ਜਾ ਸਕਦਾ ਹੈ ਕਿ ਪੰਜਾਬ ਨੂੰ ਮੁੜ ਲੀਹਾਂ 'ਤੇ ਲਿਆਂਦਾ ਜਾ ਸਕਦਾ ਹੈ। ਖੇਤੀ ਲਾਹੇਵੰਦ ਬਣਾਈ ਜਾ ਸਕਦੀ ਹੈ ਅਤੇ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੀਆਂ ਆਤਮ ਹੱਤਿਆਵਾਂ ਰੋਕੀਆਂ ਜਾ ਸਕਦੀਆਂ ਹਨ। ਪੰਜਾਬ ਵਿੱਚ ਉਦਯੋਗਿਕ ਤਰੱਕੀ ਨੂੰ ਹੁਲਾਰਾ ਦਿੱਤਾ ਜਾ ਸਕਦਾ, ਵਾਤਾਵਰਨ ਨੂੰ ਬਚਾਇਆ ਜਾ ਸਕਦਾ ਅਤੇ ਪੰਜਾਬ ਵਿੱਚ ਰੁਜ਼ਗਾਰ ਦੇ ਮੌਕੇ ਪੈਦਾ ਕਰ ਕੇ ਜਵਾਨੀ ਦਾ ਵਿਦੇਸ਼ਾਂ ਵੱਲ ਪਰਵਾਸ ਰੋਕਿਆ ਜਾ ਸਕਦਾ ਹੈ। ਇਹ ਵਿਸ਼ਵਾਸ ਪੈਦਾ ਕਰਨ ਲਈ ਜ਼ਰੂਰੀ ਹੈ ਕਿ ਮੌਜੂਦਾ ਸਮਾਜਿਕ ਲਹਿਰ ਸੰਘਰਸ਼ ਦੇ ਨਾਲ ਨਾਲ ਨਿਰਮਾਣ ਦੇ ਕਾਰਜਾਂ ਵੱਲ ਧਿਆਨ ਦੇਵੇ। ਸਿਆਸੀ ਪਾਰਟੀਆਂ ਦੀ ਲੀਡਰਸ਼ਿਪ ਅਜੇ ਪੰਜਾਬ ਨੂੰ ਮੁੜ ਲੀਹਾਂ 'ਤੇ ਤੋਰਨ ਦੇ ਸਮਰੱਥ ਨਹੀਂ ਹੋ ਰਹੀ, ਇਸ ਕਰ ਕੇ ਸਮਾਜਿਕ ਲਹਿਰ ਦੀ ਜ਼ਿੰਮੇਵਾਰੀ ਹੈ ਕਿ ਸਮਾਜ ਨੂੰ ਨਿਰਾਸ਼ਾ ਦੇ ਦੌਰ ਵਿਚੋਂ ਬਾਹਰ ਕੱਢਣ ਦਾ ਰੋਲ ਅਦਾ ਕਰੇ। ਜਦੋਂ ਸਿਆਸੀ ਪਾਰਟੀਆਂ ਲੋਕਾਂ ਦੇ ਮਸਲਿਆਂ ਬਾਰੇ ਸੁਹਿਰਦ ਨਹੀਂ ਰਹਿੰਦੀਆਂ ਤਾਂ ਲੋਕਾਂ ਦੀਆਂ ਸਿਰਜਣਾਤਮਕ ਕਾਰਵਾਈਆਂ ਨੀਚੇ ਤੋਂ ਕਾਫ਼ੀ ਫਾਇਦੇਮੰਦ ਹੋ ਸਕਦੀਆਂ ਹਨ। ਇਸ ਦੀ ਸਫਲ ਮਿਸਾਲ ਜੰਗ ਦੀ ਮਾਰ ਹੇਠ ਅਫ਼ਗਾਨਿਸਤਾਨ ਅਤੇ ਪਾਕਿਸਤਾਨ ਦੇ ਪਹਾੜੀ ਪੇਂਡੂ ਇਲਾਕਿਆਂ ਤੋਂ ਮਿਲਦੀ ਹੈ। ਇਸ ਨੂੰ ਗ੍ਰੇਗ ਮਾਰਟੈਨਸਨ ਨੇ ਆਪਣੀ ਕਿਤਾਬ 'ਸਟੋਨਜ ਇਨਟੂ ਸਕੂਲਜ : ਪਰਮੋਟਿੰਗ ਪੀਸ ਵਿਦ ਬੁਕਸ , ਨਾਟ ਬੰਬਜ, ਇਨ ਅਫ਼ਗਾਨਿਸਤਾਨ ਐਂਡ ਪਾਕਿਸਤਾਨ ' ਵਿੱਚ ਬੜੇ ਵਿਸਥਾਰ ਨਾਲ ਬਿਆਨ ਕੀਤਾ ਹੈ। ਇਨ੍ਹਾਂ ਇਲਾਕਿਆਂ ਵਿੱਚ ਤਾਲਿਬਾਨ ਹਕੂਮਤ ਅਤੇ ਗਰੁੱਪਾਂ ਨੇ ਲੜਕੀਆਂ ਨੂੰ ਸਕੂਲਾਂ ਵਿੱਚ ਸਿੱਖਿਆ ਦੇਣ ਤੋਂ ਮਨਾਹੀ ਦੇ ਹੁਕਮ ਕੀਤੇ ਹੋਏ ਸਨ। ਅਮਰੀਕਾ ਨੇ ਇਨ੍ਹਾਂ ਇਲਾਕਿਆਂ ਵਿੱਚ ਬੰਬਾਰੀ ਨਾਲ ਕਾਫ਼ੀ ਤਬਾਹੀ ਕੀਤੀ ਸੀ। ਇਨ੍ਹਾਂ ਹਾਲਾਤ ਵਿੱਚ ਗੈਰ-ਸਰਕਾਰੀ ਸੰਸਥਾ 'ਸੈਂਟਰਲ ਏਸ਼ੀਆ ਇੰਸਟੀਚਿਊਟ' ਨੇ ਇਨ੍ਹਾਂ ਇਲਾਕਿਆਂ ਵਿੱਚ 131 ਸਕੂਲ ਕਾਇਮ ਕੀਤੇ। ਇਨ੍ਹਾਂ ਸਕੂਲਾਂ ਵਿੱਚ ਲੜਕੀਆਂ ਦੇ ਦਾਖ਼ਲੇ ਅਤੇ ਪੜ੍ਹਾਈ ਯਕੀਨੀ ਬਣਾਏ। ਸੈਂਟਰਲ ਏਸ਼ੀਆ ਇੰਸਟੀਚਿਊਟ ਦੇ ਸੰਸਥਾਪਕ ਗ੍ਰੇਗ ਮਾਰਟੈਨਸਨ ਦੀ ਕਹਾਣੀ 1993 ਤੋਂ ਸ਼ੁਰੂ ਹੁੰਦੀ ਹੈ। ਉਸ ਨੇ ਦੁਨੀਆਂ ਦੇ ਦੂਜੇ ਸਭ ਤੋਂ ਉੱਚੇ ਪਹਾੜ ਦੀ ਚੋਟੀ 'ਤੇ ਚੜ੍ਹਨ ਲਈ ਪਾਕਿਸਤਾਨ ਤੋਂ ਸਫ਼ਰ ਸ਼ੁਰੂ ਕੀਤਾ ਪਰ 2000 ਫੁੱਟ ਦੇ ਬੇਸ ਕੈਂਪ ਤੋਂ ਚੜ੍ਹਦੇ ਹੋਏ ਗਲੇਸ਼ੀਅਰ ਵਿੱਚ 13 ਮੀਲ ਤਾਈਂ ਭਟਕ ਗਿਆ ਅਤੇ ਪਿੰਡ ਕਾਰਫੇ ਪਹੁੰਚ ਗਿਆ। ਇਸ ਪਿੰਡ ਨੇ ਉਸ ਨੂੰ ਪਨਾਹ ਦਿੱਤੀ; ਚਾਹ ਤੇ ਭੋਜਨ ਨਾਲ ਸੇਵਾ ਕੀਤੀ ਅਤੇ ਬਿਸਤਰੇ ਦਾ ਪ੍ਰਬੰਧ ਕੀਤਾ। ਇਹ ਪਿੰਡ ਬਹੁਤ ਪਛੜਿਆ ਹੋਇਆ ਸੀ ਜਿਥੇ ਹਰ ਤੀਜਾ ਬੱਚਾ ਇੱਕ ਸਾਲ ਦੀ ਉਮਰ ਤੋਂ ਪਹਿਲਾਂ ਹੀ ਮਰ ਜਾਂਦਾ ਸੀ। ਉਸ ਨੇ ਦੇਖਿਆ ਕਿ 82 ਬੱਚੇ ਬਾਹਰ ਬੈਠੇ ਅਧਿਆਪਕ ਤੋਂ ਬਗੈਰ ਸੋਟੀਆਂ ਨਾਲ ਮਿੱਟੀ 'ਤੇ ਸਬਕ ਸਿੱਖ ਰਹੇ ਹਨ। ਉਨ੍ਹਾਂ ਵਿੱਚ ਇੱਕ ਲੜਕੀ ਜਿਸ ਦਾ ਨਾਮ ਚੋਚੋ ਸੀ, ਨੇ ਗ੍ਰੇਗ ਮਾਰਟੈਨਸਨ ਤੋਂ ਉਸ ਪਿੰਡ ਤੋਂ ਵਾਪਸ ਜਾਣ ਸਮੇਂ ਪ੍ਰਣ ਲਿਆ ਕਿ ਉਹ ਦੁਬਾਰਾ ਉਸ ਪਿੰਡ ਆ ਕੇ ਬੱਚਿਆਂ ਵਾਸਤੇ ਸਕੂਲ ਬਣਾਏਗਾ। ਇਸ ਪ੍ਰਣ ਪੂਰਾ ਕਰਨ ਵਾਸਤੇ ਮਾਰਟੈਨਸਨ ਨੇ ਅਮਰੀਕਾ ਦੇ ਬਰਕਲੇ ਸ਼ਹਿਰ ਵਿੱਚ ਆਪਣੀ ਕਾਰ, ਕਿਤਾਬਾਂ ਅਤੇ ਪਹਾੜਾਂ 'ਤੇ ਚੜ੍ਹਨ ਵਾਲਾ ਗੇਅਰ ਵੇਚ ਕੇ ਫੰਡ ਇਕੱਠੇ ਕਰਨ ਦੀ ਕੋਸ਼ਿਸ਼ ਕੀਤੀ। ਸਾਧਾਰਨ ਦਾਨੀਆਂ ਤੋਂ ਡਾਲਰ ਇਕੱਠੇ ਕਰ ਕੇ ਉਹ ਕਾਰਫੇ ਪਹੁੰਚ ਗਿਆ। ਇਸ ਕਾਰਜ ਵਾਸਤੇ ਉਸ ਨੇ ਪਿੰਡ ਦੇ ਸਿਆਣੇ ਬਜ਼ੁਰਗਾਂ ਨਾਲ ਰਾਬਤਾ ਬਣਾਇਆ ਅਤੇ ਉਨ੍ਹਾਂ ਦੀ ਮਦਦ ਨਾਲ ਪਿੰਡ ਦੇ ਮੌਲਵੀ ਤੋਂ ਇਜਾਜ਼ਤ ਲਈ ਕਿ ਸਕੂਲ ਬਣਨ 'ਤੇ ਲੜਕੀਆਂ ਨੂੰ ਇਸ ਵਿੱਚ ਦਾਖਲ ਕੀਤਾ ਜਾਵੇਗਾ। ਪਿੰਡ ਵਾਲਿਆਂ ਨੇ ਸਕੂਲ ਦੀ ਇਮਾਰਤ ਵਾਸਤੇ ਮੁਫ਼ਤ ਜ਼ਮੀਨ ਦਿੱਤੀ। ਉਸਾਰੀ ਵਿੱਚ ਮੁਫ਼ਤ/ਸਸਤੀ ਲੇਬਰ, ਪਹਾੜਾਂ ਤੋਂ ਪੱਥਰ ਇਮਾਰਤ ਵਾਸਤੇ ਕੱਟੇ ਅਤੇ ਸਕੂਲ ਬਣਾਉਣ ਲਈ ਸਾਜ਼ੋ-ਸਮਾਨ, ਸੀਮਿੰਟ, ਸਰੀਆ, ਦਰਵਾਜ਼ੇ, ਖਿੜਕੀਆਂ, ਕਾਪੀਆਂ, ਕਿਤਾਬਾਂ ਅਤੇ ਅਧਿਆਪਕਾਂ ਨੂੰ ਤਨਖਾਹ ਦਾ ਇੰਤਜ਼ਾਮ ਸੈਂਟਰਲ ਏਸ਼ੀਆ ਇੰਸਟੀਚਿਊਟ ਨੇ ਕੀਤਾ। ਸਕੂਲ ਦੀਆਂ ਇਮਾਰਤਾਂ ਅਜਿਹੀਆਂ ਬਣਾਈਆਂ ਜਿਹੜੀਆਂ ਭੂਚਾਲ ਦੀ ਮਾਰ ਵੀ ਝੱਲ ਸਕਣ। ਅਧਿਆਪਕਾਂ ਦਾ ਪ੍ਰਬੰਧ ਉਨ੍ਹਾਂ ਇਲਾਕਿਆਂ ਵਿਚੋਂ ਹੀ ਕੀਤਾ ਗਿਆ। ਸਕੂਲ ਬਣਨ ਨਾਲ ਲੜਕੀਆਂ ਦੀ ਪੜ੍ਹਾਈ ਦੀ ਖ਼ਬਰ ਲਾਗਲੇ ਪਿੰਡਾਂ ਵਿੱਚ ਫੈਲ ਗਈ ਅਤੇ ਲੋਕਾਂ ਨੇ ਉਸ ਨੂੰ ਹੋਰ ਪਿੰਡਾਂ ਵਿੱਚ ਵੀ ਸਕੂਲ ਖੋਲ੍ਹਣ ਦੀ ਮੰਗ ਕੀਤੀ। ਇਸ ਲਈ ਸੈਂਟਰਲ ਏਸ਼ੀਆ ਇੰਸਟੀਚਿਊਟ ਨੇ ਫੰਡ ਇਕੱਠੇ ਕਰਨ ਵਾਸਤੇ ਇਸ ਦੇ ਸੰਸਥਾਪਕ ਨੇ ਅਮਰੀਕਾ ਦੇ ਕਈ ਸ਼ਹਿਰਾਂ ਵਿੱਚ ਲੋਕਾਂ ਨੂੰ ਅਪੀਲ ਕੀਤੀ ਅਤੇ ਕਈ ਥਾਈਂ ਲੈਕਚਰ ਦੇ ਕੇ ਡਾਲਰ ਇਕੱਠੇ ਕੀਤੇ। ਜਦੋਂ ਸਕੂਲਾਂ ਬਣਾਉਣ ਦਾ ਵਰਤਾਰਾ ਵਧਣਾ ਸ਼ੁਰੂ ਹੋਇਆ ਤਾਂ ਕੁਝ ਪੁਰਾਣੇ ਸਮੇਂ ਦੇ ਲੜਾਕੂ ਮੁਜਾਹਦੀਨ ਵਰਕਰ ਉਸ ਦੇ ਕੰਮ ਨੂੰ ਸ਼ਲਾਘਾਯੋਗ ਸਮਝਦੇ ਹੋਏ ਇਸ ਕੰਮ ਵਿੱਚ ਉਸ ਨਾਲ ਸ਼ਾਮਲ ਹੋਣ ਲੱਗ ਪਏ। ਦੂਜੇ ਪਾਸੇ ਕੁਝ ਤਾਲਿਬਾਨ ਲੜਾਕੂਆਂ ਨੂੰ ਇਹ ਗੱਲ ਠੀਕ ਨਹੀਂ ਲੱਗੀ। ਉਨ੍ਹਾਂ ਇਸ ਦਾ ਵਿਰੋਧ ਕੀਤਾ। ਇਸ ਵਿਰੋਧ ਨੂੰ ਪਿੰਡਾਂ ਦੇ ਬਜ਼ੁਰਗਾਂ ਅਤੇ ਸਤਿਕਾਰਯੋਗ ਲੋਕਾਂ ਨੇ ਸਿਆਣਪ ਨਾਲ ਨਜਿੱਠਿਆ ਅਤੇ ਸਕੂਲ ਦੀ ਇਮਾਰਤ ਦੀ ਸੁਰੱਖਿਆ ਦਾ ਇੰਤਜ਼ਾਮ ਵੀ ਕੀਤਾ। ਅਧਿਆਪਕਾਂ ਨੂੰ ਕਿਸੇ ਵੀ ਕਿਸਮ ਦੀਆਂ ਧਮਕੀਆਂ ਤੋਂ ਵੀ ਬਚਾਇਆ। ਅਸਲ ਵਿੱਚ ਗ੍ਰੇਗ ਮਾਰਟੈਨਸਨ ਦਾ ਪਿਛੋਕੜ ਵੀ ਉਸ ਵਾਸਤੇ ਸਹਾਈ ਹੋਇਆ। ਉਸ ਦੇ ਪਿਤਾ ਸਮਾਜ ਸੇਵੀ ਸਨ ਅਤੇ ਉਨ੍ਹਾਂ ਅਫ਼ਰੀਕਾ ਵਿੱਚ ਮੈਡੀਕਲ ਕਾਲਜ ਬਣਾਇਆ ਸੀ ਅਤੇ ਲੋਕਲ ਡਾਕਟਰਾਂ ਦੀ ਟੀਮ ਤਿਆਰ ਕਰ ਕੇ ਕਾਲਜ ਉਨ੍ਹਾਂ ਦੇ ਹਵਾਲੇ ਕੀਤਾ ਸੀ।

(ਬਾਕੀ ਸਫ਼ਾ 31 'ਤੇ)

# ਜਲਦੀ ਹੀ ਬਣ ਜਾਵੇਗਾ ਪੰਜਾਬ ਬਜ਼ੁਰਗਾਂ ਦੀ ਧਰਤੀ



ਗੁਰਬਚਨ ਸਿੰਘ ਭੁੱਲਰ



ਪੰਜਾਬ ਵਿੱਚੋਂ ਨੌਜਵਾਨ ਪੀੜ੍ਹੀ ਦੇ ਪਰਵਾਸ ਦੀਆਂ ਖ਼ਬਰਾਂ ਕਈ ਪੱਖਾਂ ਤੋਂ ਬੜੀਆਂ ਬੇਚੈਨ ਕਰਨ ਵਾਲੀਆਂ ਹਨ। ਜੇ ਇਹ ਕਹਿ ਲਿਆ ਜਾਵੇ ਕਿ ਨੇੜ-ਭਵਿੱਖ ਦਾ ਪੰਜਾਬ ਬਜ਼ੁਰਗਾਂ ਅਤੇ ਦੇਸ ਅੰਦਰਲੇ ਆਵਾਸੀਆਂ ਦਾ ਪੰਜਾਬ ਹੋਵੇਗਾ, ਇਹ ਝੂਠ ਨਹੀਂ। ਇਹ ਖ਼ਬਰਾਂ ਪੜ੍ਹ ਕੇ ਮੇਰੇ ਧਿਆਨ ਵਿੱਚ ਪੰਜਾਬ ਦੇ ਭਵਿੱਖ ਦੀ ਤਸਵੀਰ ਵਜੋਂ ਦੱਖਣੀ ਦਿੱਲੀ ਆ ਜਾਂਦੀ ਹੈ ਜਿੱਥੇ ਸੇਵਾ-ਮੁਕਤ ਸਿਖਰੀ ਅਧਿਕਾਰੀ, ਦੂਜੀ-ਤੀਜੀ ਪਰਤ ਦੇ ਧਨਾਢ, ਵੱਡੇ ਸਿਆਸੀ ਨੇਤਾ, ਆਦਿ ਰਹਿੰਦੇ ਹਨ ਜਿਨ੍ਹਾਂ ਲਈ ਔਲਾਦ ਨੂੰ ਬਾਹਰ ਭੇਜਣਾ ਕੋਈ ਮੁਸ਼ਕਿਲ ਨਹੀਂ। ਨਤੀਜੇ ਵਜੋਂ ਉੱਥੇ ਵੱਡੀ ਗਿਣਤੀ ਵਿੱਚ ਬਜ਼ੁਰਗ ਜੋੜੀਆਂ ਰਹਿੰਦੀਆਂ ਹਨ ਜਾਂ ਕਿਸੇ ਇੱਕ ਸਾਥੀ ਦੇ ਚਲੇ ਜਾਣ ਮਗਰੋਂ ਬਜ਼ੁਰਗ ਇਸਤਰੀ ਜਾਂ ਪੁਰਸ਼ ਇਕੱਲ ਵਿੱਚ ਹੀ ਦਿਨ-ਕਟੀ ਕਰ ਰਹੇ ਹਨ। ਇਹ ਅਜਿਹੇ ਸਰਾਪੇ ਹੋਏ ਲੋਕ ਹਨ ਜੋ ਪੂਰੀ ਤਰ੍ਹਾਂ ਨੌਕਰਾਂ ਦੇ ਸਹਾਰੇ ਹਨ। ਉਹ ਪਰਦੇਸ ਵਸਦੀ ਔਲਾਦ ਦੇ ਜ਼ੋਰ ਦਿੱਤਿਆਂ ਵੀ ਜਨਮਭੂਮੀ ਵਾਲਾ ਮਾਹੌਲ ਛੱਡਣ ਲਈ ਤਿਆਰ ਨਹੀਂ ਹੁੰਦੇ। ਦੂਜੇ ਪਾਸਿਉਂ ਪਰਦੇਸ ਵਿੱਚ ਜਾਨ ਮਾਰ ਕੇ ਖੜ੍ਹੇ ਕੀਤੇ ਕੰਮ-ਧੰਦੇ ਔਲਾਦ ਨੂੰ ਕੁਛ ਦਿਨ ਵੀ ਇੱਥੇ ਠਹਿਰਨ ਦੀ ਖੁੱਲ੍ਹ ਨਹੀਂ ਦਿੰਦੇ।

ਬਹੁਤੇ ਬਜ਼ੁਰਗ ਇੱਕ ਵਾਰ ਆ ਕੇ ਝਾੜੂ-ਪੋਚਾ ਕਰ ਜਾਣ ਵਾਲੀ ਸਫ਼ਾਈ-ਸੇਵਕਾ ਅਤੇ ਦੋ ਵੇਲੇ ਆ ਕੇ ਖਾਣਾ ਬਣਾ ਜਾਣ ਵਾਲੀ ਰਸੋਈ-ਸੇਵਿਕਾ ਦੀ ਮਦਦ ਨਾਲ ਸਮਾਂ ਲੰਘਾਉਂਦੇ ਹਨ। ਅਜਿਹੀਆਂ ਖ਼ਬਰਾਂ ਵੀ ਆਉਂਦੀਆਂ ਰਹਿੰਦੀਆਂ ਹਨ, ਜਿਨ੍ਹਾਂ ਅਨੁਸਾਰ ਕਿਸੇ ਇਕੱਲੇ ਬਜ਼ੁਰਗ ਦਾ ਭੌਰ ਰਾਤ ਨੂੰ ਉਡਾਰੀ ਮਾਰ ਜਾਂਦਾ ਹੈ। ਪਤਾ ਉਦੋਂ ਲਗਦਾ ਹੈ ਜਦੋਂ ਅਗਲੇ ਦਿਨ ਸੇਵਿਕਾ ਦੇ ਘੰਟੀ ਵਜਾਇਆਂ ਬੂਹਾ ਨਹੀਂ ਖੁੱਲ੍ਹਦਾ ਤੇ ਉਹ ਇਹ ਇਤਲਾਹ ਗੁਆਂਢੀਆਂ ਨੂੰ ਦਿੰਦੀ ਹੈ। ਗੁਆਂਢੀਆਂ ਦੀ ਬੁਲਾਈ ਪੁਲਿਸ ਜਿੰਦਾ ਖੋਲ੍ਹਦੀ-ਤੋੜਦੀ ਹੈ ਤੇ ਉਹਦੇ ਕਰੀਬੀਆਂ ਨੂੰ ਫੋਨ ਕਰਨ ਲਗਦੀ ਹੈ। ਕਈ ਬਜ਼ੁਰਗ ਚੌਵੀ ਘੰਟੇ ਦੇ ਨੌਕਰ ਰੱਖਦੇ ਹਨ। ਅਜਿਹੇ ਨੌਕਰਾਂ ਤੋਂ ਮਾਲਕਾਂ ਦੇ ਮਾਲ-ਮੱਤੇ ਤੇ ਟੂਮ-ਛੱਲੇ ਦਾ ਕੁਛ ਵੀ ਗੁੱਝਾ ਨਹੀਂ ਰਹਿੰਦਾ। ਇਸ ਸੂਰਤ ਵਿੱਚ ਮਾਲਕ ਨੂੰ ਮਾਰ ਕੇ ਤੇ ਸਭ ਕੁਛ ਸਮੇਟ ਕੇ ਨੌਕਰ ਦੇ ਭੱਜਣ ਦੀਆਂ ਖ਼ਬਰਾਂ ਵੀ ਆਉਂਦੀਆਂ ਰਹਿੰਦੀਆਂ ਹਨ।

ਪਿਛਲੇ ਦਿਨੀਂ ਚੈਨਲਾਂ ਦੇ ਖਿਲਾਰੇ ਤੋਂ ਪਹਿਲਾਂ ਦੇ ਦੂਰਦਰਸ਼ਨ ਦੀ ਅੰਗਰੇਜ਼ੀ ਸਮਾਚਾਰ-ਵਾਚਕ ਗੀਤਾਂਜਲੀ ਅਈਅਰ ਦਾ ਆਯੂ ਦੇ ਅੱਠਵੇਂ ਦਹਾਕੇ ਵਿੱਚ ਦਿਹਾਂਤ ਹੋਇਆ। ਆਪਣੇ ਸਮੇਂ ਉਹ ਟੀਵੀ ਦੇ ਪਰਦੇ ਉੱਤੇ ਸੁਚੱਜ-ਸਲੀਕੇ ਲਈ ਮਸ਼ਹੂਰ ਸੀ। ਉਹਦਾ ਬੇਟਾ ਤੇ ਬੇਟੀ ਅਮਰੀਕਾ ਹਨ। ਉਹ ਪਾਰਕਿਨਸਨ ਦੀ ਰੋਗੀ ਸੀ। ਸਵੇਰ ਦੀ ਸੈਰ ਤੋਂ ਪਰਤ ਕੇ ਘਰ ਆਈ ਤਾਂ ਬੇਹੋਸ਼ ਹੋ ਕੇ ਡਿਗ ਪਈ। ਇੱਕ ਦੋਸਤ ਦੇ ਹਸਪਤਾਲ ਲੈ ਕੇ ਜਾਣ ਸਮੇਂ ਉਹ ਚਲਾਣਾ ਕਰ ਗਈ।

ਅਜਿਹੇ ਮੌਕੇ ਮੈਨੂੰ ਇੱਕ ਬੜੀ ਬੇਕਿਰਕ ਘਟਨਾ ਚੇਤੇ ਆ ਜਾਂਦੀ ਹੈ। ਦਿੱਲੀ ਦਾ ਇੱਕ ਪੰਜਾਬੀ ਪੱਤਰਕਾਰ ਤੇ ਸਿਆਸਤਦਾਨ ਵਾਹਵਾ ਜਾਣਿਆ ਜਾਂਦਾ ਹਫ਼ਤਾਵਾਰ ਅਖ਼ਬਾਰ ਕੱਢਦਾ ਸੀ। ਉਹਦੇ ਇੱਕੋ-ਇੱਕ ਬੇਟੇ ਨੇ ਬਦੇਸੀ ਨਾਗਰਿਕ ਬਣ ਕੇ ਆਪਣਾ ਕਾਰੋਬਾਰ ਕੀਤਾ ਹੋਇਆ ਸੀ। ਬਦਕਿਸਮਤੀ ਨੂੰ ਪੱਤਰਕਾਰ ਨੂੰ ਲਹੂ ਦਾ ਕੈਂਸਰ ਹੋ ਗਿਆ। ਲੰਮੇ ਇਲਾਜ ਮਗਰੋਂ ਆਖ਼ਰ ਡਾਕਟਰਾਂ ਨੇ ਬੇਹੋਸ਼ੀ ਵਿੱਚ ਜਾ ਚੁੱਕੇ ਮਰੀਜ਼ ਦੀ ਪਤਨੀ ਨੂੰ ਘਰ ਲਿਜਾ ਕੇ 'ਰੱਬ ਦਾ ਨਾਂ ਲੈਣ' ਦੀ ਸਲਾਹ ਦੇ ਦਿੱਤੀ ਅਤੇ ਉਹਦੇ ਪੁੱਛਿਆ ਸਮੇਂ ਦਾ ਅੰਦਾਜ਼ਾ ਵੀ ਇੱਕ ਹਫ਼ਤੇ ਦਾ ਦੱਸ ਦਿੱਤਾ। ਅੱਗੇ ਦੀ ਕਹਾਣੀ ਉਹਦੀ ਪਤਨੀ ਨੇ ਪੱਤਰਕਾਰ ਦੇ ਇੱਕ ਮਿੱਤਰ ਨੂੰ, ਜਿਸਦਾ ਉਹਨਾਂ ਦੇ ਘਰ ਬਹੁਤ ਆਉਣਾ-ਜਾਣਾ ਸੀ, ਰੋ-ਰੋ ਕੇ ਸੁਣਾਈ ਜਿੱਥੋਂ ਇਹਨੇ ਅੱਗੇ ਤਾਂ ਫ਼ੈਲਣਾ ਹੀ ਸੀ। ਬੇਟਾ ਡਾਕਟਰਾਂ ਦੇ ਦਿੱਤੇ ਹੋਏ ਹਫ਼ਤੇ ਦੇ ਚਾਰ-ਪੰਜ ਦਿਨ ਲੰਘਾ ਕੇ ਆਇਆ। ਪਰਲੋਕ ਦੀ ਉਡਾਣ ਕੋਈ ਹਵਾਈ ਜਹਾਜ਼ ਦੀ ਉਡਾਣ ਤਾਂ ਹੈ ਨਹੀਂ ਸੀ ਜਿਸਦੀ ਤਾਰੀਖ਼ ਪੱਕੀ ਹੋਵੇ। ਹਫ਼ਤੇ ਤੋਂ ਮਗਰੋਂ ਦਿਨ ਇੱਕ-ਇੱਕ ਕਰ ਕੇ ਬੀਤਣ ਲੱਗੇ। ਇੱਕ ਪਾਸੇ ਬੇਹੋਸ਼ੀ ਵਿੱਚ ਉਹਦੇ ਸਾਹ ਵਗਦੇ ਰਹੇ ਤੇ ਦੂਜੇ ਪਾਸੇ ਉਸੇ ਹਿਸਾਬ ਬੇਟੇ ਦੀ ਯਮਦੂਤ ਦੀ ਨਿਹਫਲ ਉਡੀਕ ਦੀ ਬੇਚੈਨੀ ਤੇ ਪਰੇਸ਼ਾਨੀ ਵਧਦੀ ਗਈ। ਆਖ਼ਰ ਸਪੂਤ ਕਹਿੰਦਾ, ਮੰਮੀ, ਤੂੰ ਤਾਂ ਉਸ ਦਿਨ ਇੱਕ ਹਫ਼ਤਾ ਕਹਿੰਦੀ ਸੀ, ਹੁਣ ਤਾਂ ਇੱਕ ਹਫ਼ਤਾ ਹੋਰ ਲੰਘ ਚੱਲਿਆ। ਡੈਡੀ ਤਾਂ ਮਰਦੇ ਹੀ ਨਹੀਂ। ਉੱਧਰ ਮੇਰਾ ਮੁਸ਼ਕਿਲ ਨਾਲ ਖੜ੍ਹਾ ਕੀਤਾ ਕਾਰੋਬਾਰ ਬਰਬਾਦ ਹੋ ਜਾਣਾ ਹੈ। ਮੈਂ ਹੁਣ ਜਾਂਦਾ ਹਾਂ। ਮੈਥੋਂ ਸਸਕਾਰ ਵਾਲੇ ਦਿਨ ਆ ਕੇ ਭੋਗ ਤਕ ਨਹੀਂ ਰਿਹਾ ਜਾਣਾ, ਮੈਂ ਹੁਣ ਭੋਗ ਵਾਲੇ ਦਿਨ ਹੀ ਆਵਾਂਗਾ।

ਮੇਰੇ ਕਈ ਮਿਹਰਬਾਨ ਪਾਠਕ ਮੇਰਾ ਲਿਖਿਆ ਕੁਛ ਪੜ੍ਹ ਕੇ ਫੋਨ ਕਰਦੇ ਰਹਿੰਦੇ ਹਨ। ਅਨੇਕ ਲੋਕ ਸੇਵਾ-ਮੁਕਤ ਜਾਂ ਸੇਵਾ-ਮੁਕਤੀ ਦੇ ਨੇੜੇ ਪੁੱਜੇ ਹੋਏ ਅਧਿਆਪਕ, ਪ੍ਰੋਫ਼ੈਸਰ, ਪਟਵਾਰੀਆਂ ਤੋਂ ਲੈ ਕੇ ਬਿਜਲੀ ਮਹਿਕਮੇ ਤਕ ਦੇ ਮੁਲਾਜ਼ਮ ਹੁੰਦੇ ਹਨ। ਬਹੁਤ ਸਾਰੇ ਅਜਿਹੇ ਵੀ ਹੁੰਦੇ ਹਨ ਜਿਨ੍ਹਾਂ ਨੂੰ ਮੈਂ ਜਾਣਦਾ ਨਹੀਂ ਹੁੰਦਾ। ਗੱਲੀਂ ਪਏ ਅਜਿਹੇ ਸੱਜਣ ਨੂੰ ਖ਼ੈਰ-ਸੁੱਖ ਪੁੱਛ ਕੇ ਮੈਂ ਬੱਚਿਆਂ ਬਾਰੇ ਪੁੱਛਦਾ ਹਾਂ ਤਾਂ ਵੱਡੀ ਬਹੁਗਿਣਤੀ ਦਾ ਜਵਾਬ ਨਾਂਵਾਂ-ਥਾਂਵਾਂ ਦੇ ਥੋੜ੍ਹੇ-ਬਹੁਤੇ ਫ਼ਰਕ ਨਾਲ ਲਗਭਗ ਇਹੋ ਹੁੰਦਾ ਹੈ, ਜੀ ਮੇਰੇ ਦੋ ਬੱਚੇ ਹਨ, ਬੇਟੀ ਕਨੇਡਾ ਹੈ ਤੇ ਬੇਟਾ ਆਸਟਰੇਲੀਆ।

ਸਾਥੋਂ ਪਹਿਲੀ ਪੀੜ੍ਹੀ ਤਕ ਦੇ ਲੋਕ ਜਦੋਂ ਪਰਦੇਸ ਜਾਂਦੇ ਸਨ, ਉਹ ਕੰਮ ਕਰ ਕੇ ਚਾਰ ਪੈਸੇ ਕਮਾਉਣ ਲਈ ਜਾਂਦੇ ਸਨ ਤੇ ਆਖ਼ਰ ਘਰ ਪਰਤ ਆਉਂਦੇ ਸਨ। ਬਹੁਤਿਆਂ ਦੀ ਦੌੜ ਮਲਾਇਆ-ਸਿੰਗਾਪੁਰ ਤਕ ਹੁੰਦੀ ਸੀ। ਪੰਜਾਬੀ ਲੋਕ ਇੰਗਲੈਂਡ, ਅਮਰੀਕਾ, ਕੈਨੇਡਾ ਜਾਂਦੇ ਤਾਂ ਸਨ, ਪਰ ਉੱਧਰ ਜਾਣਾ ਇੰਨਾ ਸੌਖਾ ਨਹੀਂ ਸੀ। ਹੁਣ ਪੜ੍ਹਾਈ ਵਰਗੇ ਕਈ ਰਾਹ ਖੁੱਲ੍ਹ ਗਏ ਹਨ। ਪੜ੍ਹਾਈ ਬਹਾਨਾ ਹੁੰਦਾ ਹੈ, ਅਸਲ ਨਿਸ਼ਾਨਾ ਉੱਥੇ ਵਸਣਾ ਹੁੰਦਾ ਹੈ। ਪੈਰ-ਧਰਾਵਾ ਹੋਵੇ ਸਹੀ, ਪੰਜਾਬੀ ਬੈਠਣ-ਪੈਣ ਦੀ ਥਾਂ ਆਪੇ ਬਣਾ ਲੈਂਦੇ ਹਨ।

ਪੰਜਾਬੀਆਂ ਦੀ ਪਰਵਾਸ ਦੀ ਤੜਫ਼ ਤੇ ਬਿਹਬਲਤਾ ਦੇ ਕਾਰਨ ਤਾਂ ਵੱਖਰੀ ਵਿਚਾਰ ਲੋੜਦੇ ਹਨ, ਪਰ ਇਸ ਗੱਲ ਵਿੱਚ ਕੋਈ ਸ਼ੱਕ ਨਹੀਂ, ਜੇ ਕੋਈ ਅਣਜਾਣਿਆ ਛੋਟਾ-ਮੋਟਾ ਦੇਸ ਵੀ ਇਹ ਕਹਿ ਦੇਵੇ ਕਿ ਕਿਸੇ ਵੀਜ਼ੇ-ਵੂਜ਼ੇ ਦੀ ਲੋੜ ਨਹੀਂ, ਆਓ ਜਿਸ ਪੰਜਾਬੀ ਨੇ ਆਉਣਾ ਹੈ, ਅਗਲੇ ਦਿਨ ਪੰਜਾਬੀ ਸ਼ੇਰ ਹਵਾਈ ਜਹਾਜ਼ਾਂ ਦੇ ਖੰਭਾਂ ਉੱਤੇ ਬੈਠੇ ਦਿਸਣਗੇ। ਪੰਜਾਬੀ ਪਰਵਾਸ ਦੀ ਇੱਕ ਧਿਆਨਜੋਗ ਗੱਲ ਇਹ ਹੈ ਕਿ ਇਹਨਾਂ ਦੀ ਮੁੱਖ ਰੀਝ ਪੰਜਾਬ ਛੱਡਣ ਦੀ ਹੈ, ਇਸ ਗੱਲ ਦਾ ਓਨਾ ਮਹੱਤਵ ਨਹੀਂ ਕਿ ਪਹੁੰਚਣਾ ਕਿੱਥੇ ਹੈ। ਜੇ ਕੋਈ ਏਜੰਟ ਰੁਆਂਡਾ-ਰੁਆਂਡੀ ਜਾਂ ਬੁਰਕੀਨਾ ਫ਼ਾਸੋ ਭੇਜਣ ਵਾਲਾ ਮਿਲ ਜਾਵੇ, ਇਹ ਉੱਥੇ ਪਹੁੰਚ ਜਾਣਗੇ। ਆਖਦੇ ਹਨ, ਕਿਸੇ ਹੋਰ ਦੇਸ ਵਿੱਚ ਪਹੁੰਚੀਏ ਸਹੀ, ਉੱਥੋਂ ਅੱਗੇ ਦੀ ਅੱਗੇ ਕਿਸੇ ਠੀਕ ਥਾਂ ਪਹੁੰਚ ਜਾਵਾਂਗੇ।

ਪੰਜਾਬੀਆਂ ਨੂੰ ਜੁਗਤੀ-ਜੁਗਾੜੀ ਹੋਣ ਦਾ ਮਾਣ ਹੈ। ਇਹਨਾਂ ਤੋਂ ਅਣਹੋਣੀ ਨੂੰ ਹੋਣੀ ਬਣਾ ਲੈਣ ਦੀ ਉਮੀਦ ਕੀਤੀ ਜਾ ਸਕਦੀ ਹੈ। ਭੈਣ-ਭਾਈ ਦੇ ਪਤੀ-ਪਤਨੀ ਬਣ ਕੇ ਜਾਣ ਜਿਹੀਆਂ ਗੱਲਾਂ ਤਾਂ ਹੁਣ ਪੁਰਾਣੀਆਂ ਹੋ ਗਈਆਂ ਹਨ।

(ਬਾਕੀ ਸਫ਼ਾ 30 'ਤੇ)

# ਆਲਮੀ ਭਾਈਚਾਰੇ 'ਚ ਕੈਨੇਡਾ ਦੀ ਆਰਥਿਕਤਾ ਦੀ ਕਿਉਂ ਡਿੱਗ ਰਹੀ ਹੈ ਸਾਖ



ਦਰਬਾਰਾ ਸਿੰਘ ਕਾਹਲੋਂ



'ਕੈਨੇਡਾ ਦੀ ਮੌਜੂਦਾ ਪੀੜ੍ਹੀ ਜਿਸ ਨੇ ਇਸ ਦੇਸ਼ ਨੂੰ ਸ਼ੁਰੂ 'ਚ ਖ਼ੁਸ਼ਹਾਲ, ਵਿਕਸਤ, ਖ਼ੂਬਸੂਰਤ, ਸਮਰੱਥ ਰਾਸ਼ਟਰ ਵਜੋਂ ਹੰਢਾਇਆ, ਅੱਜ ਬਹੁਤ ਜ਼ਿਆਦਾ ਨਿਰਾਸ਼ਾ ਦਾ ਸ਼ਿਕਾਰ ਹੈ। ਉਸ ਨੂੰ ਆਪਣੇ ਦੇਸ਼ ਦੀ ਮਜ਼ਬੂਤ ਆਰਥਿਕਤਾ, ਕਾਰੋਬਾਰ, ਖੁੱਲ੍ਹੇ ਤਾਕਤਵਰ ਬਾਜ਼ਾਰ, ਦੂਰਅੰਦੇਸ਼ ਸਿਆਸੀ ਲੀਡਰਸ਼ਿਪ, ਵਧੀਆ ਜਨਤਕ ਸੇਵਾਵਾਂ, ਸਮਾਜਿਕ ਇਕਜੁੱਟਤਾ ਅਤੇ ਖੇੜਿਆਂ 'ਤੇ ਮਾਣ ਸੀ। ਘੱਟ ਆਮਦਨ, ਬੇਰੁਜ਼ਗਾਰੀ, ਮਕਾਨ ਦੀ ਛੱਤ ਤੋਂ ਮਹਿਰੂਮ, ਵਧੀਆ ਸੇਵਾਵਾਂ ਦੀ ਘਾਟ, ਨਿਕੰਮੀ ਅਤੇ ਕੰਮ ਚਲਾਊ ਲੀਡਰਸ਼ਿਪ, ਉਤਪਾਦਨ ਅਤੇ ਨਿਵੇਸ਼ ਦੀ ਘਾਟ, ਹੁਨਰਮੰਦ ਸੇਵਾਵਾਂ ਵਿੱਚ ਕਮੀ, ਆਲਮੀ ਭਾਈਚਾਰੇ 'ਚ ਕੈਨੇਡੀਅਨ ਆਰਥਿਕਤਾ ਦੀ ਡਿੱਗਦੀ ਸਾਖ਼, ਮਿਆਰੀ ਸਿੱਖਿਆ, ਸਿਹਤ, ਸੜਕ, ਹਵਾਈ ਸੇਵਾਵਾਂ 'ਚ ਨਿਘਾਰ ਜਿਹੀਆਂ ਸਮੱਸਿਆਵਾਂ ਮੂੰਹ ਅੱਡੀ ਖੜ੍ਹੀਆਂ ਹਨ। ਇਨ੍ਹਾਂ ਦੀ ਸ਼ੁਰੂਆਤ ਕੋਵਿਡ-19 ਮਹਾਮਾਰੀ ਤੋਂ ਬਾਅਦ ਹੋ ਚੁੱਕੀ ਹੈ, ਜੋ ਦੂਰਅੰਦੇਸ਼ ਸਿਆਸੀ, ਸਮਾਜਿਕ ਅਤੇ ਆਰਥਿਕ ਲੀਡਰਸ਼ਿਪ ਦੀ ਘਾਟ ਕਰਕੇ ਲਗਾਤਾਰ ਤੇਜ਼ੀ ਫੜ ਰਹੀ ਹੈ।

1867 ਦੌਰਾਨ ਹੋਂਦ ਵਿੱਚ ਆਇਆ ਕੈਨੇਡਾ ਆਪਣੀ 100ਵੀਂ ਵਰ੍ਹੇਗੰਢ ਤੇ ਵਿਸ਼ਵ ਦੀ ਨੌਂਵੀ ਵੱਡੀ ਆਰਥਿਕਤਾ ਵਜੋਂ 1967 'ਚ ਉੱਭਰ ਕੇ ਸਾਹਮਣੇ ਆਇਆ। ਇਸ ਦੀ ਨੰਬਰ ਇੱਕ ਸਿੱਖਿਆ, ਸਿਹਤ, ਆਵਾਜਾਈ, ਰੁਜ਼ਗਾਰ, ਘੱਟੋ-ਘੱਟ ਪ੍ਰਤੀ ਦਿਨ ਉਜਰਤ, ਬਿਹਤਰੀਨ ਮੁੱਢਲਾ ਢਾਂਚਾ, ਪੁਲਿਸ ਸੇਵਾਵਾਂ, ਇਮਾਨਦਾਰ ਅਤੇ ਵਚਨਬੱਧ ਪ੍ਰਸਾਸ਼ਨਿਕ ਯੋਗਤਾ ਦੀ ਆਲਮੀ ਪੱਧਰ 'ਤੇ ਤੂਤੀ ਬੋਲਣ ਲੱਗੀ। ਪਰਵਾਸੀਆਂ ਲਈ ਕੈਨੇਡਾ ਵੱਡੀ ਖਿੱਚ ਦਾ ਕਾਰਨ ਬਣਨ ਲੱਗਿਆ ਪਰ ਦੇਸ਼ ਅੰਦਰ ਦੂਰਅੰਦੇਸ਼ੀ, ਵਚਨਬੱਧਤਾ ਤੇ ਹੁਨਰਮੰਦੀ ਰਹਿਤ ਸਿਆਸੀ ਲੀਡਰਸ਼ਿਪ ਦੀ ਨੀਰਸ ਅਤੇ ਨਿਕੰਮੀ ਅਗਵਾਈ ਕਰਕੇ 2017 ਵਿੱਚ ਜਦੋਂ ਕੈਨੇਡਾ ਨੇ ਆਪਣੀ 150 ਵੀਂ ਵਰ੍ਹੇਗੰਢ ਮਨਾਈ ਤਾਂ ਇਸ ਦੀ ਆਰਥਿਕਤਾ ਤਰੱਕੀ ਕਰਨ ਦੀ ਬਜਾਏ ਪਤਨ ਦਾ ਸ਼ਿਕਾਰ ਹੁੰਦੀ ਹੋਈ ਦੁਨੀਆਂ 'ਚ 16ਵੇਂ ਸਥਾਨ 'ਤੇ ਜਾ ਡਿੱਗੀ। ਆਰਥਿਕ ਤੇ ਵਿੱਤੀ ਮਾਹਿਰਾਂ ਦੇ ਅੰਦਾਜ਼ੇ ਅਨੁਸਾਰ ਜੇ ਕੈਨੇਡਾ ਦੀ ਲੀਡਰਸ਼ਿਪ, ਆਰਥਿਕ, ਸਮਾਜਿਕ, ਕਾਰੋਬਾਰੀ, ਪੈਦਾਵਾਰੀ ਨੀਤੀਆਂ ਦਾ ਇਹੋ ਹਾਲ ਰਿਹਾ ਤਾਂ ਆਪਣੀ 200ਵੀਂ ਵਰ੍ਹੇਗੰਢ ਯਾਨੀ 2067 ਨੂੰ ਇਹ ਦੇਸ਼ 25ਵੇਂ ਸਥਾਨ 'ਤੇ ਜਾ ਡਿੱਗੇਗਾ ਤੇ ਇਸ ਦਾ ਸ਼ੁਮਾਰ ਮਲੇਸ਼ੀਆ, ਦੱਖਣੀ ਕੋਰੀਆ ਅਤੇ ਥਾਈਲੈਂਡ ਵਰਗੇ ਦੇਸ਼ਾਂ 'ਚ ਹੋ ਜਾਵੇਗਾ।

ਜਦੋਂ ਰੋਟੀ ਖਾਣ ਨੂੰ ਲੈ ਕੇ ਪਿਆ ਪੰਗਾ, ਜਾਣੋ ਦਿਲਚਸਪ ਕਿੱਸਾ

ਸ਼ਰਮਨਾਕ ਗੱਲ ਤਾਂ ਇਸ ਦੇਸ਼ ਤੇ ਇਸ ਦੀ ਅਜੋਕੀ ਘੱਟ ਗਿਣਤੀ ਕੰਮ ਚਲਾਊ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਲਿਬਰਲ ਪਾਰਟੀ ਦੀ ਸਰਕਾਰ ਲਈ ਇਹ ਹੈ ਕਿ 2022 ਦੇ ਰਿਸਰਚ ਪੋਲ ਅਨੁਸਾਰ ਇਨ੍ਹਾਂ ਤਿੰਨਾਂ ਦੇਸ਼ਾਂ ਦੇ ਨਾਗਰਿਕ ਆਪਣੇ ਆਪ ਨੂੰ ਕੈਨੇਡਾ ਦੇ ਨਾਗਰਿਕਾਂ ਨਾਲੋਂ ਵਧੀਆ ਹਾਲਤ ਵਿੱਚ ਸਮਝਦੇ ਹਨ। ਸਪੱਸ਼ਟ ਹੈ ਕਿ ਜੋ ਲੋਕ ਅਤੇ ਨੌਜਵਾਨ ਵਿਦੇਸ਼ਾਂ 'ਚੋਂ ਕੈਨੇਡਾ ਵਿਖੇ ਆਉਣ ਲਈ ਕਤਾਰਾਂ 'ਚ ਲੱਗੇ ਉਡੀਕ ਕਰ ਰਹੇ ਹਨ, ਉਹ ਇਸ ਨਾਲੋਂ ਬਿਹਤਰ ਭਵਿੱਖ ਲਈ ਮਲੇਸ਼ੀਆ, ਥਾਈਲੈਂਡ, ਦੱਖਣੀ ਕੋਰੀਆ, ਵੀਅਤਨਾਮ ਜਿਹੇ ਤੇਜ਼ੀ ਨਾਲ ਵਿਕਾਸ, ਵਧੀਆ ਜਨਤਕ ਸੇਵਾਵਾਂ ਅਤੇ ਰੁਜ਼ਗਾਰ 'ਚ ਮੱਲਾਂ ਮਾਰ ਰਹੇ ਦੇਸ਼ਾਂ ਵੱਲ ਵਹੀਰਾਂ ਘੱਤਣ। ਹਕੀਕਤ ਇਹ ਵੀ ਹੈ ਕਿ ਅੱਜ ਪਰਵਾਸੀ ਵਿਦਿਆਰਥੀਆਂ ਤੋਂ ਹੋਣ ਵਾਲੀ 22 ਬਿਲੀਅਨ ਸਾਲਾਨਾ ਆਮਦਨ ਰੁਕ ਜਾਵੇ ਤਾਂ ਸਵੇਰੇ ਕੈਨੇਡੀਅਨ ਆਰਥਿਕਤਾ ਧੜੰਮ ਥੱਲੇ ਡਿੱਗ ਪਵੇਗੀ।

ਦਰਅਸਲ ਕਿਸੇ ਵੀ ਦੇਸ਼ ਅੰਦਰ ਜਦੋਂ ਲੋਕ ਸਥਿਰ ਸਰਕਾਰਾਂ ਹੰਢੇ-ਵਰਤੇ ਦੂਰਅੰਦੇਸ਼ ਸਿਧਾਂਤਵਾਦੀ ਰਾਜਨੀਤੀਵਾਨਾਂ ਦੀ ਅਗਵਾਈ 'ਚ ਨਹੀਂ ਚੁਣਦੇ ਤਾਂ ਨਤੀਜੇ ਨਿਸ਼ਚਿਤ ਤੌਰ 'ਤੇ ਨਿਰਾਸ਼ਾਵਾਦੀ ਅਤੇ ਅਸੁਰੱਖਿਆ ਭਰੇ ਨਿਕਲਦੇ ਹਨ। ਜਦੋਂ ਲੋਕਤੰਤਰ ਅੰਦਰ ਲੋਕ ਆਪਣੀਆਂ ਸਥਾਨਕ, ਸੂਬਾਈ ਜਾਂ ਫੈਡਰਲ ਸਰਕਾਰਾਂ ਚੁਣਨ ਲਈ ਵੱਡੇ ਉਤਸ਼ਾਹ ਨਾਲ ਵੱਡੀ ਗਿਣਤੀ 'ਚ ਭਾਗ ਨਹੀਂ ਲੈਂਦੇ ਤਾਂ ਘੱਟ ਗਿਣਤੀ ਵੱਲੋਂ ਚੁਣੀਆਂ ਮਾਅਰਕੇਬਾਜ਼, ਮੌਕਾਪ੍ਰਸਤ, ਕੰਮ ਚਲਾਊ, ਘੱਟ ਗਿਣਤੀ ਜਾਂ ਬਾਹਰੀ ਬੈਸਾਖੀਆਂ ਦੇ ਸਹਾਰੇ ਚੱਲਣ ਵਾਲੀਆਂ ਸਰਕਾਰਾਂ ਤੋਂ ਕੀ ਭਾਲਦੇ ਹਨ?

ਕੈਨੇਡਾ ਦੀ ਰਾਜਨੀਤੀ ਦਾ ਦੁਖਾਂਤ ਜੋ ਇਸ ਦੇ ਆਰਥਿਕ ਪਤਨ ਲਈ ਜ਼ਿੰਮੇਵਾਰ ਹੈ, ਉਹ ਇਹ ਹੈ ਕਿ 2015 'ਚ 338 ਹਾਊਸ ਆਫ ਕਾਮਨਜ਼ ਦੀਆਂ ਕੁੱਲ ਸੀਟਾਂ 'ਚੋਂ 184 ਤੇ 39.47 ਪ੍ਰਤੀਸ਼ਤ ਵੋਟਾਂ ਪੋਲ ਹੋਈਆਂ। ਸਾਲ 2019 'ਚ 33.1 ਫ਼ੀਸਦੀ ਵੋਟਾਂ ਪ੍ਰਾਪਤ ਕਰ ਕੇ 157 ਸੀਟਾਂ ਤੇ ਜਿੱਤ ਪ੍ਰਾਪਤ ਕੀਤੀ। ਸੰਨ 2021 'ਚ ਭਾਵੇਂ ਬਹੁਮਤ ਖ਼ਾਤਰ ਮੱਧਕਾਲੀ ਚੋਣਾਂ ਕਰਵਾਈਆਂ ਪਰ 32.6 ਫ਼ੀਸਦੀ ਵੋਟਾਂ ਸਹਾਰੇ 160 ਸੀਟਾਂ ਪ੍ਰਾਪਤ ਕੀਤੀਆਂ। ਜਸਟਿਨ ਟਰੂਡੋ ਦੀ ਘੱਟ ਗਿਣਤੀ 2019 ਤੇ 2021 ਦੀਆਂ ਸਰਕਾਰਾਂ ਐੱਨਡੀਪੀ ਦੀ ਬਾਹਰੀ ਹਮਾਇਤ ਦੀਆਂ ਬੈਸਾਖੀਆਂ 'ਤੇ ਨਿਰਭਰ ਰਹੀਆਂ ਹਨ। ਅਜਿਹੀ ਘੱਟ ਗਿਣਤੀ ਸਰਕਾਰ ਜੋ ਬਾਹਰੀ ਬੈਸਾਖੀਆਂ 'ਤੇ ਚੱਲਦੀ ਹੋਵੇ, ਉਸ ਤੋਂ ਕੈਨੇਡਿਆਈ ਕੌਮ ਕਿਵੇਂ ਵਧੀਆ ਸਰਕਾਰ ਭਾਲਦੀ ਹੈ? ਨਤੀਜਾ ਸਭ ਦੇ ਸਾਹਮਣੇ ਹੈ।

2012 'ਚ ਸਿਰਫ਼ ਕੈਨੇਡਾ ਦੇ 37 ਫ਼ੀਸਦੀ ਲੋਕ ਨਾਨੋਜ ਸਰਵੇ ਅਨੁਸਾਰ ਇਹ ਮਤ ਰੱਖਦੇ ਸਨ ਕਿ ਉਨ੍ਹਾਂ ਦੀ ਅਗਲੀ ਪੀੜ੍ਹੀ ਦਾ ਭਵਿੱਖ, ਰਹਿਣ-ਸਹਿਣ ਦਾ ਮਿਆਰ, ਜਨਤਕ ਸੇਵਾਵਾਂ ਦੀ ਉਪਲਬਧਤਾ ਮੌਜੂਦਾ ਪੱਧਰ ਤੋਂ ਨੀਵੇਂ ਪੱਧਰ 'ਤੇ ਡਿੱਗ ਜਾਵੇਗੀ। ਸਾਲ 2022 'ਚ ਪਿਊ ਰਿਸਰਚ ਵੱਲੋਂ ਕਰਵਾਏ ਸਰਵੇ ਅਨੁਸਾਰ 75 ਫ਼ੀਸਦੀ ਕੈਨੇਡੀਅਨ ਲੋਕਾਂ ਦਾ ਇਹ ਮੱਤ ਸੀ ਕਿ ਭਵਿੱਖੀ ਪੀੜ੍ਹੀ ਦਾ ਜੀਵਨ ਮਿਆਰ, ਸੇਵਾਵਾਂ ਦਾ ਪੱਧਰ, ਪ੍ਰਸਾਸ਼ਨਿਕ ਵਿਵਸਥਾ ਸ਼ਰਮਨਾਕ ਢੰਗ ਨਾਲ ਡਿੱਗ ਜਾਣਗੇ।

ਕੈਨੇਡਾ ਦੀਆਂ ਸਥਾਨਕ, ਸੂਬਾਈ ਤੇ ਫੈਡਰਲ ਸਰਕਾਰਾਂ ਭਾਰੀ ਟੈਕਸਾਂ ਰਾਹੀਂ ਆਮ ਤੇ ਮੱਧ ਵਰਗ ਦੇ ਪਰਿਵਾਰਾਂ ਦੀ ਰੱਤ ਨਿਚੋੜ ਰਹੀਆਂ ਹਨ ਜਦਕਿ ਅਤਿ ਨਾਕਸ ਸੇਵਾਵਾਂ ਪ੍ਰਦਾਨ ਕਰ ਰਹੀਆਂ ਹਨ। ਬੇਰੁਜ਼ਗਾਰੀ, ਘੱਟ ਉਜਰਤਾਂ, ਨਿੱਤ ਦਿਨ ਵਧਦੀ ਮਹਿੰਗਾਈ, ਘਰਾਂ ਦੀਆਂ ਕੀਮਤਾਂ ਆਸਮਾਨੀਂ ਚੜ੍ਹਨ, ਵੱਡੇ ਪੱਧਰ 'ਤੇ ਲੋਕਾਂ ਨੂੰ ਹੱਡ-ਚੀਰਵੀਂ ਸਰਦੀ 'ਚ ਅਸਥਾਈ ਤੰਬੂਆਂ ਜਾਂ ਜਨਤਕ ਥਾਵਾਂ 'ਤੇ ਰਹਿਣ ਲਈ ਮਜਬੂਰ ਹੋਣ ਕਰਕੇ ਇਸ ਦੇਸ਼ ਦੇ ਪ੍ਰਸਾਸ਼ਨ ਅਤੇ ਜਸਟਿਨ ਟਰੂਡੋ ਦੀ ਲਿਬਰਲ ਪਾਰਟੀ ਦੀ ਫੈਡਰਲ ਸਰਕਾਰ ਅਤੇ ਵੱਖ-ਵੱਖ ਪਾਰਟੀਆਂ ਜਾਂ ਗਠਜੋੜਾਂ ਆਧਾਰਤ ਸੂਬਾਈ ਸਰਕਾਰਾਂ ਅਤੇ ਸਥਾਨਕ ਸਰਕਾਰਾਂ ਦਾ ਦੀਵਾਲਾ ਨਿਕਲਿਆ ਪਿਆ ਹੈ। ਮਿਸਾਲ ਵਜੋਂ ਮੇਰਾ ਪਰਿਵਾਰ ਮਾਰਚ, 2023 'ਚ ਕੈਂਬਲਫੋਰਡ ਤੋਂ ਕਿੰਗਸਟਨ ਸ਼ਿਫਟ ਹੋਇਆ। ਅਜੇ ਤੱਕ ਕੋਈ ਡਾਕਟਰ ਅਲਾਟ ਨਹੀਂ ਕੀਤਾ। ਅਠਾਰਾਂ ਮਈ ਨੂੰ ਮੈਂ ਅਚਾਨਕ ਬਿਮਾਰ ਹੋ ਗਿਆ। ਸ਼ਾਮ 7 ਵਜੇ ਦੇ ਕਰੀਬ ਕਿੰਗਸਟਨ ਜਨਰਲ ਹਸਪਤਾਲ ਲਿਜਾਇਆ ਗਿਆ। ਸ਼ਾਮ 7 ਵਜੇ ਤੋਂ ਰਾਤ 1 ਵਜੇ ਤੱਕ ਸਿਰਫ਼ ਖ਼ੂਨ ਟੈਸਟ ਲਈ ਲਿਆ। ਕਿਸੇ ਡਾਕਟਰ ਨੇ ਬਾਤ ਨਹੀਂ ਪੁੱਛੀ, ਬਸ ਕੁਰਸੀ 'ਤੇ ਬਿਠਾਈ ਰੱਖਿਆ। ਬਾਅਦ 'ਚ ਐਮਰਜੈਂਸੀ ਬੈੱਡ 'ਤੇ ਲਿਜਾਇਆ ਗਿਆ। ਕੀ ਪੰਜਾਬ ਜਾਂ ਭਾਰਤ 'ਚ ਇੰਝ ਹੁੰਦਾ? ਦੁਨੀਆਂ ਅੰਦਰ ਸਭ ਤੋਂ ਨਿਕੰਮੀਆਂ ਸਿਹਤ ਸੇਵਾਵਾਂ ਹਨ ਕੈਨੇਡਾ 'ਚ।

(ਬਾਕੀ ਸਫ਼ਾ 31 'ਤੇ)

# ਕਪਾਹਾਂ ਨੂੰ ਫੁੱਲ ਪੈਣ ਵਾਲੀ ਰੁੱਤ ਮੁੱਲ ਮੰਗਣ ਵਾਲਾ ਸ਼ਿਵ ਕੁਮਾਰ ਬਟਾਲਵੀ



ਸੁਖਵਿੰਦਰ ਸਿੰਘ ਮੁੱਲਾਂਪੁਰ

ਬ੍ਰਿਹੋ ਦੇ ਕਵੀ ਸ਼ਿਵ ਕੁਮਾਰ ਬਟਾਲਵੀ ਦਾ ਜਨਮ ਬੜਾ ਪਿੰਡ ਲੋਹਟੀਆਂ ਤਹਿਸੀਲ ਸ਼ਕਰਗੜ੍ਹ ਜ਼ਿਲ੍ਹਾ ਸਿਆਲਕੋਟ(ਪੱਛਮੀ ਪੰਜਾਬ) ਵਿੱਚ 23 ਜੁਲਾਈ 1936 ਨੂੰ ਪਿਤਾ ਪੰਡਤ ਕ੍ਰਿਸ਼ਨ ਗੋਪਾਲ ਦੇ ਘਰ ਮਾਤਾ ਸ਼ਾਂਤੀ ਦੇਵੀ ਦੀ ਕੁਖੋਂ ਹੋਇਆ। ਉਹਨਾਂ ਦੇ ਪਿਤਾ ਪੰਡਤ ਕ੍ਰਿਸ਼ਨ ਗੋਪਾਲ ਮਾਲ ਮਹਿਕਮੇ ਵਿੱਚ ਪਹਿਲਾਂ ਪਟਵਾਰੀ ਰਹੇ ਬਾਅਦ ਵਿੱਚ ਕੰਨਗੋ ਅਤੇ ਸੇਵਾ ਮੁਕਤੀ ਵੇਲੇ ਪਟਵਾਰ ਸਕੂਲ ਦੇ ਪ੍ਰਿੰਸੀਪਲ ਸਨ।

ਦੇਸ਼ ਦੀ ਵੰਡ ਤੋਂ ਬਾਅਦ 1947 ਵਿੱਚ ਇਹ ਪਰਿਵਾਰ ਬਟਾਲੇ ਜ਼ਿਲ੍ਹਾ ਗੁਰਦਾਸਪੁਰ ਆ ਵਸਿਆ। ਇੱਥੇ ਹੀ ਸ਼ਿਵ ਨੇ ਆਪਣੀ ਵਿਦਿਆ ਪ੍ਰਾਪਤ ਕੀਤੀ।

1953 ਵਿੱਚ ਇਸ ਨੇ ਸਾਲਵੇਸ਼ਨ ਆਰਮੀ ਹਾਈ ਸਕੂਲ ਤੋਂ ਦਸਵੀਂ ਪਾਸ ਕੀਤੀ। ਪਹਿਲਾਂ ਸ਼ਿਵ ਕੁਮਾਰ ਨੇ ਕ੍ਰਿਸਚੀਅਨ ਕਾਲਜ ਬਟਾਲੇ ਦਾਖ਼ਲਾ ਲਿਆ ਫਿਰ ਕੁਝ ਸਮੇਂ ਲਈ ਨਾਭਾ ਵਿਖੇ ਸਰਕਾਰੀ ਰਿਪਦੂਮਨ ਕਾਲਜ ਵਿੱਚ ਦਾਖ਼ਲਾ ਲਿਆ, ਫਿਰ ਸਿੱਖ ਨੈਸ਼ਨਲ ਕਾਲਜ ਕਾਦੀਆਂ ਵਿਖੇ ਦਾਖ਼ਲਾ ਲਿਆ। ਬੈਜਨਾਥ ਜ਼ਿਲ੍ਹਾ ਕਾਂਗੜਾ ਦੇ ਇਕ ਸਕੂਲ ਵਿੱਚ ਉਵਰਸੀਰੀ ਦੇ ਕੋਰਸ ਵਿੱਚ ਦਾਖਲਾ ਲਿਆ ਪਰ ਡਿਪਲੋਮਾ ਕਿਸੇ ਥਾਂ ਤੋਂ ਵੀ ਪ੍ਰਾਪਤ ਨਾ ਕੀਤਾ। ਉਸ ਦੇ ਪਿਤਾ ਨੇ ਸ਼ਿਵ ਕੁਮਾਰ ਨੂੰ ਪਟਵਾਰੀ ਲਵਾ ਦਿੱਤਾ। 1961 ਵਿੱਚ ਸ਼ਿਵ ਨੇ ਇਸ ਨੌਕਰੀ ਤੋਂ ਵੀ ਅਸਤੀਫ਼ਾ ਦੇ ਦਿੱਤਾ। 1966 ਤੱਕ ਕੋਈ ਕੰਮ ਨਾ ਕੀਤਾ। ਇਸ ਸਾਲ ਹੀ ਇਸ ਨੇ ਸਟੇਟ ਬੈਂਕ ਆਫ਼ ਇੰਡੀਆ ਦੀ ਬਟਾਲਾ ਸ਼ਾਖਾ ਵਿੱਚ ਕਲਰਕ ਦੀ ਨੌਕਰੀ ਕਰ ਲਈ।

5 ਫ਼ਰਵਰੀ 1967 ਨੂੰ ਸ਼ਿਵ ਕੁਮਾਰ ਦਾ ਵਿਆਹ ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਕੀੜੀ ਮੰਗਿਆਲ ਦੀ ਅਰੁਣਾ ਨਾਲ ਹੋਇਆ। ਉਹਨਾਂ ਦੇ ਘਰ ਦੋ ਬੱਚੇ ਪੁੱਤਰ ਮਿਹਰਬਾਨ ਬਟਾਲਵੀ ਅਤੇ ਧੀ ਪੂਜਾ ਨੇ ਜਨਮ ਲਿਆ। 1968 ਵਿੱਚ ਸਟੇਟ ਬੈਂਕ ਆਫ਼ ਇੰਡੀਆ ਦੇ ਮੁਲਾਜ਼ਮ ਵਜੋਂ ਬਦਲ ਕੇ ਉਹ ਚੰਡੀਗੜ੍ਹ ਆ ਗਿਆ। ਚੰਡੀਗੜ੍ਹ ਆ ਕੇ ਸ਼ਿਵ ਨੇ ਨੌਕਰੀ ਵਿੱਚ ਕੋਈ ਦਿਲਚਸਪੀ ਨਹੀਂ ਵਿਖਾਈ। ਉਹ 21 ਸੈਕਟਰ ਵਿੱਚ ਕਿਰਾਏ ਦੇ ਮਕਾਨ ਵਿੱਚ ਰਹਿੰਦਾ ਸੀ ਹਫ਼ਤੇ ਵਿੱਚ ਇਕ ਜਾਂ ਦੋ ਦਿਨ ਹੀ ਕੰਮ ਤੇ ਜਾਂਦਾ।

ਸ਼ਿਵ ਕੁਮਾਰ ਨੇ ਇਕ ਕਾਵਿ ਰਚਨਾ ਲੂਣਾ 1965 ਵਿੱਚ ਲਿਖੀ। ਉਸ ਨੇ ਇਸ ਸਮਾਜ ਵਿਚ ਭੰਡੀ ਜਾਣ ਵਾਲੀ ਲੂਣਾ ਨੂੰ ਨਿਰਦੋਸ਼ ਸਾਬਤ ਕਰ ਦਿੱਤਾ। ਸ਼ਿਵ ਕੁਮਾਰ ਨੇ ਕਿਹਾ ਕਿ ਰਾਜੇ ਸਲਵਾਨ ਤੋਂ ਲੂਣਾ ਉਮਰ ਵਿੱਚ ਬਹੁਤ ਛੋਟੀ ਸੀ ਇਸ ਕਰਕੇ ਲੂਣਾ ਦਾ ਰਾਜੇ ਸਲਵਾਨ ਨਾਲ ਵਿਆਹ ਕਰਨ ਦੇ ਦੋਸ਼ੀ ਲੂਣਾ ਦੇ ਮਾਂ ਪਿਓ ਅਤੇ ਸਮਾਜ ਦੇ ਲੋਕ ਹਨ। ਇਸ ਕਿਤਾਬ ਵਿੱਚ ਲੂਣਾ ਕਹਿੰਦੀ ਹੈ- -

- ਹਰ ਬਾਬਲ ਵਰ ਢੂੰਡਣ ਜਾਵੇ
ਹਰ ਅਗਨੀ ਮੇਚ
ਜੋ ਬਾਬਲ ਵਰ ਢੂੰਡ ਲਿਆਇਆ
ਸੋ ਨਾ ਆਇਆ ਮੇਚ
ਨੀਂ ਮੈ ਅੱਗ ਟੁਰੀ ਪਰਦੇਸ
-- ਖੋਹ ਲਓ ਮਹਿਲ ਚੁਬਾਰੇ
ਤੇ ਝਿੱਕਾ ਘਰ ਦੇਵੋ
ਜਿਸ ਕੰਧੀ ਦੀ ਇਟ ਮੈਂ
ਉਥੇ ਹੀ ਜੜ ਦੇਵੋ
ਮੈਨੂੰ ਭਿਟ- ਅੰਗੀ ਨੂੰ
ਭਿਟ ਅੰਗਾ ਵਰ ਦੇਵੋ

ਰਾਜੇ ਸਲਵਾਨ ਨੇ ਰਾਣੀ ਇੱਛਰਾਂ ਨੂੰ ਧੋਖਾ ਦੇ ਕੇ ਲੂਣਾ ਨਾਲ ਵਿਆਹ ਕਰਵਾ ਲਿਆ ਜਦ ਰਾਣੀ ਇੱਛਰਾਂ ਨੂੰ ਪਤਾ ਲੱਗਿਆ ਉਹ ਮਰਦ ਜਾਤ ਨੂੰ ਦੁਰਕਾਰ ਦੀ ਹੋਈ ਰਾਜੇ ਸਲਵਾਨ ਨੂੰ ਕਹਿੰਦੀ ਹੈ- -

- ਮੱਚੇ ਕਾਲਜਾ ਜੀਭੇ ਕੁੜੱਲ ਪੈਂਦੇ
ਕਰਨੋ ਗੱਲ ਕੁਚੱਜੀ ਪਈ ਸੰਗਦੀ ਹਾਂ
ਮੇਰੇ ਸੰਗ ਚੋ ਮੇਰਾ ਨਾ ਸਾਹ ਲੰਘੇ
ਕਾਲੇ ਪੰਧ ਨਮੋਸ਼ੀ ਦੇ ਅੰਗਦੀ ਹਾਂ
ਰਾਜੇ ਹੋਏ, ਚਮਾਰੀ ਪਰਨਾਏ ਆਂਦੀ
ਫੜ ਕਾਲਜਾ ਪੀੜ ਪਈ ਧੰਮਦੀ ਹਾਂ
--ਨੀ ਮੈਂ ਗਿਰਗਟਾਂ ਦੇ ਰੰਗ ਸਮਝਦੀ ਹਾਂ
ਪਰ ਇਹ ਮਰਦਾਂ ਦੇ ਰੰਗ ਨਾ ਸਮਝ ਸਕੀ
ਡੰਗ ਸਮਝਾਂ ਮੈਂ ਕਾਲੇ ਖੜੱਪਿਆਂ ਦੇ
ਪਰ ਇਹ ਮਰਦਾਂ ਦੇ ਡੰਗ ਨਾ ਸਮਝ ਸਕੀ

ਇਸ ਲੂਣਾ ਕਿਤਾਬ ਬਦਲੇ ਸ਼ਿਵ ਨੂੰ 1967 ਵਿੱਚ ਸਾਹਿਤ ਅਕਾਦਮੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਸ਼ਿਵ ਕੁਮਾਰ ਆਪਣੀਆਂ ਜਿੰਦਗੀ ਦੀਆਂ ਦਰਦ ਭਰੀਆਂ ਯਾਂਦਾ ਨੂੰ ਗੀਤਾਂ ਵਿੱਚ ਦੇਸੀ ਮਹੀਨਿਆਂ ਅਤੇ ਖੇਤਾਂ ਵਿੱਚ ਉੱਗੀਆਂ ਫਸਲਾਂ ਦੇ ਹਿਸਾਬ ਨਾਲ ਯਾਦ ਕਰਦਾ ਲਿਖਦਾ ਹੈ-

-- ਜਦ ਪੈਣ ਕਪਾਹੀ ਫੁੱਲ ਵੇ ਧਰਮੀ ਬਾਬਲਾ
ਸਾਨੂੰ ਉਹ ਰੁੱਤ ਲੈ ਦਈ ਮੁੱਲ ਵੇ ਧਰਮੀ ਬਾਬਲਾ
ਇਸ ਰੁੱਤੇ ਮੇਰਾ ਗੀਤ ਗੁਆਚਾ
ਜਿਦ੍ਹੇ ਗੱਲ ਬਿਰਹੋਂ ਦੀ ਗਾਨੀ
ਮੁੱਖ ਤੇ ਕਿੱਲ ਗਮਾਂ ਦੇ
ਨੈਣੀ ਉੱਜੜੇ ਖੂਹ ਦਾ ਪਾਣੀ
-- ਨੈਣੀ ਉਹਦੇ ਚੇਤ ਦੀ ਆਥਣ
ਅਤੇ ਜ਼ੁਲਫੀਂ ਸਾਵਣ ਛਾਇਆ
ਹੋਠਾਂ ਦੇ ਵਿਚ ਕੱਤੇਂ ਦਾ
ਕੋਈ ਦਿਹੁੰ ਚੜ੍ਹਨੇ ਤੇ ਆਇਆ
ਨੀ ਮੈਂ ਵਾਰੀ ਜਾਂ

ਉਸ ਦੀਆਂ ਰਚਨਾਵਾਂ ਪੀੜਾਂ ਦਾ ਪਰਾਗਾ(1960), ਲਾਜਵੰਤੀ(1961), ਆਟੇ ਦੀਆਂ ਚਿੜੀਆਂ(1962), ਮੈਨੂੰ ਵਿਦਾ ਕਰੋ(1963), ਦਰਦਮੰਦਾਂ ਦੇ ਆਹੀ(1964), ਲੂਣਾ(1965), ਮੈਂ ਤੇ ਮੈਂ(1970), ਆਰਤੀ(1971)ਵਿਚ ਛਪੀਆਂ।

1960 ਦੇ ਛਪੇ ਪਲੇਠੇ ਕਾਵਿ ਸੰਗ੍ਰਹਿ ਨੇ ਸ਼ਿਵ ਨੂੰ ਪ੍ਰਸਿੱਧੀ ਵੱਲ ਲੈ ਆਂਦਾ। ਇਸ ਵਿੱਚ ਔਰਤ ਦੇ ਮਨ ਦੀਆਂ ਰੀਝਾਂ, ਸਧਰਾਂ, ਦੁੱਖ ਦਰਦ ਅਤੇ ਘੋਰ ਨਿਰਾਸ਼ਾ ਨੂੰ ਆਪਣੀ ਕਵਿਤਾ ਵਿਚ ਪੇਸ਼ ਕੀਤਾ ਹੈ- -- ਲਾ ਲਾ ਲੂਣ ਖੁਆਏ ਦਿਲ ਦੇ



ਡੱਕਰੇ ਕਰ ਕਰ ਪੀੜਾਂ ਨੂੰ
ਪਰ ਇਕ ਪੀੜ ਵਸਲ ਦੀ ਤਾਂ ਵੀ
ਭੁੱਖੀ ਮਰਦੀ ਜਾਏ ਨੀ
ਹੰਝੂਆਂ ਦੀ ਅੱਗ ਸੇਕ ਸੇਕ ਕੇ
ਸੜ ਚੱਲੀਆਂ ਜੇ ਪਲਕਾਂ ਨੀ
ਪਰ ਪੀੜਾਂ ਦੇ ਪੋਹ ਦਾ ਅੜੀਓ
ਘਟਿਆ ਸੀਤ ਨਾ ਮਾਸਾ ਨੀ

--ਸ਼ਿਵ ਕੁਮਾਰ ਦੀਆਂ ਰਚਨਾਵਾਂ ਸਰਿੰਦਰ ਕੌਰ, ਨੁਸਰਤ ਫਤਿਹ ਅਲੀ ਖਾਨ, ਜਗਜੀਤ ਸਿੰਘ, ਦੀਦਾਰ ਸਿੰਘ ਪ੍ਰਦੇਸੀ, ਬੱਬੂ ਮਾਨ , ਆਸਾ ਸਿੰਘ ਮਸਤਾਨਾ, ਕੇ ਦੀਪ, ਮਹਿੰਦਰ ਕਪੂਰ ਆਦਿ ਕਈ ਗਾਇਕਾਂ ਨੇ ਗਾਈਆਂ। ਮਈ 1972 ਵਿੱਚ ਸ਼ਿਵ ਨੇ ਡਾ. ਗੋਪਾਲ ਪੁਰੀ ਅਤੇ ਸ੍ਰੀ ਮਤੀ ਕੈਲਾਸ਼ ਪੁਰੀ ਦੇ ਸੱਦੇ 'ਤੇ ਇੰਗਲੈਂਡ ਦਾ ਦੌਰਾ ਕੀਤਾ। ਇੰਗਲੈਂਡ ਦੇ ਪੰਜਾਬੀ ਭਾਈਚਾਰੇ ਵਿੱਚ ਸ਼ਿਵ ਕੁਮਾਰ ਦੀ ਪ੍ਰਸਿੱਧੀ ਪਹਿਲਾਂ ਹੀ ਬਹੁਤ ਸੀ। ਉਸ ਦਾ ਸਥਾਨਕ ਅਖ਼ਬਾਰਾਂ ਵਿੱਚ ਸੁਰਖ਼ੀਆਂ ਤਸਵੀਰਾਂ ਨਾਲ ਉਸ ਦੇ ਆਉਣ ਦਾ ਐਲਾਨ ਕੀਤਾ ਗਿਆ। ਉਸ ਦੇ ਸਨਮਾਨ ਲਈ ਕਈ ਜਨਤਕ ਸਮਾਗਮਾਂ ਅਤੇ ਨਿੱਜੀ ਪਾਰਟੀਆਂ ਦਾ ਪ੍ਰਬੰਧ ਕੀਤਾ ਗਿਆ। ਸ਼ਿਵ ਨੇ ਰਾਤ ਨੂੰ ਪਾਰਟੀਆਂ ਤੋਂ ਲੇਟ ਆਉਣਾ ਸਵੇਰੇ ਸਵਖਤੇ ਉੱਠਣਾ ਉਸ ਦੀ ਸਿਹਤ ਘਟਣੀ ਸ਼ੁਰੂ ਹੋ ਗਈ।

(ਬਾਕੀ ਸਫ਼ਾ 30 'ਤੇ)

# ਗੁਰਬਾਣੀ ਨਾਲ ਜੁੜਿਆ ਹੋਇਆ ਸਿੰਧੀ ਭਾਈਚਾਰਾ

# ਦੀਵਾਨ ਲੀਲਾ ਰਾਮ ਸਿੰਘ ਜੀ ਸਿੰਧੀ



ਡਾ. ਪਰਮਵੀਰ ਸਿੰਘ
ਸਿੱਖ ਵਿਸ਼ਵਕੋਸ਼ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਦੀਵਾਨ ਲੀਲਾ ਰਾਮ ਸਿੰਘ ਜੀ ਮੌਜੂਦਾ ਪਾਕਿਸਤਾਨ ਵਿੱਚ ਪੈਂਦੇ ਸਿੰਧ ਪ੍ਰਾਂਤ ਦੀ ਇਕ ਪ੍ਰਮੁੱਖ ਹਸਤੀ ਹੋਏ ਹਨ ਜਿਹੜੇ ਕਿ ਆਪਣੀ ਵਿੱਦਿਆ ਅਤੇ ਲਿਆਕਤ ਦੇ ਬਲ ’ਤੇ ਜ਼ਿਲ੍ਹਾ ਜੱਜ ਦੀ ਪਦਵੀ ਤੱਕ ਪਹੁੰਚ ਗਏ ਸਨ। ਸਿੰਧ ਦੇ ਇਕ ਖ਼ਾਨਦਾਨੀ ਪਰਿਵਾਰ ਵਿਚ ਦੀਵਾਨ ਵਤਨ ਮੱਲ ਜੀ ਦੇ ਘਰ ਇਹਨਾਂ ਦਾ ਜਨਮ 1856 ਵਿੱਚ ਹੋਇਆ ਸੀ। ਇਹ ਹਾਲੇ 13 ਸਾਲ ਦੇ ਸਨ ਕਿ ਡਿਪਟੀ ਕੁਲੈਕਟਰ ਦੀ ਪਦਵੀ ਪ੍ਰਾਪਤ ਕਰਨ ਵਾਲੇ ਇਹਨਾਂ ਦੇ ਪਿਤਾ ਜੀ 42 ਸਾਲ ਦੀ ਉਮਰ ਵਿਚ ਚਲਾਣਾ ਕਰ ਗਏ ਸਨ। ਇਕ ਭੈਣ ਤੋਂ ਇਲਾਵਾ ਦੀਵਾਨ ਝਾਮਾਰਾਇ, ਦੀਵਾਨ ਜਵਰਾ ਸਿੰਘ, ਦੀਵਾਨ ਲੋਕ ਸਿੰਘ ਇਹਨਾਂ ਦੇ ਭਰਾ ਸਨ ਜਿਹੜੇ ਕਿ ਗੁਰੂ ਸਾਹਿਬਾਨ ਦੀ ਸਿੱਖਿਆ ਅਤੇ ਸੰਦੇਸ਼ ਅਨੁਸਾਰ ਜੀਵਨ ਬਸਰ ਕਰਨ ਵਿੱਚ ਵਿਸ਼ਵਾਸ ਰੱਖਦੇ ਸਨ। ਇਹਨਾਂ ਵਿਚੋਂ ਦੀਵਾਨ ਲੋਕ ਸਿੰਘ ਜੀ ਅੰਮ੍ਰਿਤਧਾਰੀ ਸਨ ਜਿਨ੍ਹਾਂ ਨੇ ਜਪੁਜੀ ਸਾਹਿਬ ਦਾ ਸਿੰਧੀ ਵਿੱਚ ਟੀਕਾ ਕੀਤਾ ਸੀ।

ਦੀਵਾਨ ਲੀਲਾ ਰਾਮ ਸਿੰਘ ਨੇ ਐਲਫਿੰਸਟਨ ਕਾਲਜ, ਬੰਬਈ ਤੋਂ ਵਕਾਲਤ ਦੀ ਡਿਗਰੀ ਪ੍ਰਾਪਤ ਕਰਕੇ ਵਕਾਲਤ ਕਰਨ ਲੱਗੇ ਸਨ। ਲਗਭਗ ਸੱਤ ਸਾਲ ਦੀ ਸੇਵਾ ਉਪਰੰਤ ਜੱਜ ਦੀ ਪਦਵੀ ’ਤੇ ਨਿਯੁਕਤ ਕੀਤੇ ਗਏ ਪਰ ਫਿਰ ਵੀ ਧਰਮ ਕਾਰਜਾਂ ਅਤੇ ਸਾਹਿਤ ਦੀ ਰੁਚੀ ਨਾਲ ਜੁੜੇ ਰਹੇ। ਧਾਰਮਿਕ ਪੁਸਤਕਾਂ ਪੜ੍ਹਨ ਦੀ ਰੁਚੀ ਕਾਰਨ ਇਹਨਾਂ ਨੂੰ ਧਰਮ ਦੇ ਵਿਭਿੰਨ ਪੱਖਾਂ ਬਾਰੇ ਗਹਿਰ-ਗੰਭੀਰ ਜਾਣਕਾਰੀ ਪ੍ਰਾਪਤ ਹੋਈ ਜਿਹੜੀ ਕਿ ਸਮਾਜ ਵਿੱਚ ਫੈਲੀਆਂ ਕੁਰੀਤੀਆਂ ਦਾ ਖੰਡਨ ਕਰਦੀ ਸੀ ਜਿਸ ਕਰਕੇ ਇਹ ਵੀ ਸਮਾਜ ਵਿੱਚ ਫੈਲੇ ਕਰਮ-ਕਾਂਡ ਅਤੇ ਭੇਦ-ਭਾਵ ਬਾਰੇ ਖੁੱਲ ਕੇ ਬੋਲਣ ਲੱਗੇ ਸਨ।

1913 ਵਿੱਚ ਰਿਟਾਇਰ ਹੋਣ ਤੋਂ ਪਹਿਲਾਂ ਇਹਨਾਂ ਨੇ ਸਿੰਧੀ ਵਿੱਚ ਪੁਸਤਕਾਂ ਦੀ ਰਚਨਾ ਸ਼ੁਰੂ ਕਰ ਦਿੱਤੀ ਸੀ ਜਿਸ ਦੇ ਸਿੱਟੇ ਵਜੋਂ ਜਿਹੜੀਆਂ ਪੁਸਤਕਾਂ ਪਾਠਕਾਂ ਦੀ ਝੋਲੀ ਪਾਈਆਂ ਉਹਨਾਂ ਵਿਚੋਂ ਇੱਕ ਗੁਰੂ ਨਾਨਕ ਦੇਵ ਜੀ ਦੀ ਉਸਤਤਿ ਨਾਲ ਸੰਬੰਧਿਤ ਹੈ ਜਿਹੜੀ ਕਿ 1885 ਵਿੱਚ ਸਾਹਮਣੇ ਆਈ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਰਥਾਂ ਸਮੇਤ ਅਧਿਐਨ ਇਹਨਾਂ ਦੇ ਜੀਵਨ ਦਾ ਪ੍ਰਮੁੱਖ ਅੰਗ ਸੀ ਅਤੇ ਇਹ ਚਾਹੁੰਦੇ ਸਨ ਕਿ ਸਮੁੱਚਾ ਸਿੰਧੀ ਸਮਾਜ ਇਸ ਧਰਮ ਗ੍ਰੰਥ ਦਾ ਪੂਰਨ ਸ਼ਰਧਾ ਸਹਿਤ ਅਧਿਐਨ ਕਰੇ ਅਤੇ ਇਸ ਦੇ ਅਰਥ ਸਮਝ ਕੇ ਇਸ ਦੀ ਮੂਲ ਭਾਵਨਾ ਨਾਲ ਜੁੜਨ ਲਈ ਯਤਨਸ਼ੀਲ ਹੋਵੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਜਿਹੜੇ ਅਰਥ ਇਹ ਆਪ ਸਮਝਦੇ ਸਨ ਉਹਨਾਂ ਦੀ ਸਾਂਝ ਸਥਾਨਿਕ ਸੰਗਤ ਨਾਲ ਪਾਉਂਦੇ ਸਨ ਅਤੇ ਇਸੇ ਅਭਿਆਸ ਨੂੰ ਪਰਪੱਕ ਕਰਨ ਲਈ ਨਿਰੰਤਰ ਕਾਰਜਸ਼ੀਲ ਰਹਿੰਦੇ ਸਨ।

ਧਰਮ ਗ੍ਰੰਥ ਦੇ ਨਾਲ-ਨਾਲ ਸਮਾਜਿਕ ਮਸਲਿਆਂ ਨੂੰ ਵੀ ਇਹ ਚੰਗੀ ਤਰ੍ਹਾਂ ਨਾਲ ਸਮਝਦੇ ਸਨ ਅਤੇ ਬਹੁਤ ਸੂਝਵਾਨ ਢੰਗ ਨਾਲ ਉਹਨਾਂ ਦਾ ਨਿਪਟਾਰਾ ਕਰਨ ਦੀ ਸਮਰੱਥਾ ਰੱਖਦੇ ਸਨ। ਇੰਡੀਅਨ ਥੀਏਟਰ ਟੂ ਦ ਆਕਸਫ਼ੋਰਡ ਕੰਪੈਨੀਅਨ ਵਿੱਚ ਇੱਕ ਸਾਹਿਤਕਾਰ ਵਜੋਂ ਇਹਨਾਂ ਦੀ ਪਛਾਣ ਦੱਸਦੇ ਹੋਏ ਕਿਹਾ ਗਿਆ ਹੈ ਕਿ ਇਹ ‘ਖਾਕੀ’ ਉਪਨਾਮ ਹੇਠ ਰਚਨਾ ਕਰਦੇ ਸਨ। 1913 ਵਿੱਚ ਅੰਮ੍ਰਿਤ ਛੱਕ ਕੇ ਲੀਲਾ ਰਾਮ ਸਿੰਘ ਵਜੋਂ ਪ੍ਰਸਿੱਧ ਹੋਏ। ਇਹ ਮੁੱਢਲੇ ਨਾਟਕਕਾਰਾਂ ਵਿੱਚ ਸ਼ਾਮਲ ਸਨ ਜਿਨ੍ਹਾਂ ਨੇ ਮਿਰਜ਼ਾ ਕਲਿਚ ਬੇਗ਼ ਦੇ ਨਾਲ ਸਿੰਧੀ ਥੀਏਟਰ ਦੇ ਵਿਕਾਸ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ। ਹਰਿਸ਼ਚੰਦਰ, ਰਮਾਇਣ ਅਤੇ ਦਰੋਪਦੀ ਯਾ ਪਾਂਡਵਚਰਿਤ੍ਰ ਇਹਨਾਂ ਦੇ ਪ੍ਰਸਿੱਧ ਮਿਥਿਹਾਸਿਕ ਨਾਟਕ ਸਨ। ਮੋਹਨ ਤਾਰਿਕਾ ਅਤੇ ਸੁਰਜਨ ਰਾਧਾ ਵਿਧਵਾ ਵਿਆਹ ਅਤੇ ਧਰਮ ਤਬਦੀਲੀ ਜਿਹੇ ਵਿਸ਼ਿਆਂ ਨਾਲ ਸੰਬੰਧਿਤ ਸਨ ਜਿਹੜੇ ਕਿ ਮਨੁੱਖ ਨੂੰ ਸਮਾਜਿਕ ਅਤੇ ਵਿਅਕਤੀਗਤ ਜ਼ਿੰਮੇਵਾਰੀ ਦਾ ਅਹਿਸਾਸ ਕਰਾਉਂਦੇ ਸਨ। ਉਕਤ ਨਾਟਕਾਂ ਦੇ ਵਾਰ-ਵਾਰ ਮੰਚਨ ਨਾਲ ਇਹਨਾਂ ਨੂੰ ਬਹੁਤ ਪ੍ਰਸਿੱਧੀ ਪ੍ਰਾਪਤ ਹੋਈ।

ਸਾਹਿਤ ਦੇ ਨਾਲ-ਨਾਲ ਸਮਾਜ ਸੁਧਾਰ ਦੇ ਕਾਰਜਾਂ ਲਈ ਇਹਨਾਂ ਵੱਲੋਂ 1893 ਵਿਚ ਸਥਾਪਿਤ ਕੀਤੀ ‘ਪੰਗਤੀ ਸੁਧਾਰ ਮੰਡਲੀ’ ਨੇ ਨੌਜਵਾਨਾਂ ਵਿੱਚ ਸਮਾਜ ਸੇਵਾ ਦਾ ਉਤਸ਼ਾਹ ਪੈਦਾ ਕੀਤਾ ਅਤੇ 1908 ਵਿੱਚ ਇਹਨਾਂ ਨੇ ਹੈਦਰਾਬਾਦ ਵਿਖੇ ‘ਸ੍ਰੀ ਗੁਰੂ ਸਿੱਖ ਸਭਾ’ ਅਤੇ ‘ਸਿੰਘ ਸਭਾ’ ਕਾਇਮ ਕਰਨ ਦਾ ਸਫ਼ਲ ਯਤਨ ਕੀਤਾ ਸੀ। ਇਹਨਾਂ ਸੰਸਥਾਵਾਂ ਨੂੰ ਖੜ੍ਹਾ ਕਰਨ ਅਤੇ ਯੋਜਨਾਬੱਧ ਢੰਗ ਨਾਲ ਚਲਾਉਣ ਲਈ ਇਹਨਾਂ ਨੇ ਆਪਣਾ ਪੂਰਾ ਤਨ, ਮਨ ਅਤੇ ਧਨ ਅਰਪਿਤ ਕਰ ਦਿੱਤਾ ਸੀ।

ਅੰਮ੍ਰਿਤ ਛਕ ਕੇ ਸਿੰਘ ਸੱਜ ਜਾਣ ਉਪਰੰਤ ਇਹਨਾਂ ਨੇ ਗੁਰਬਾਣੀ ਪੜ੍ਹਨ ਵਿੱਚ ਵਿਸ਼ੇਸ਼ ਰੁਚੀ ਦਿਖਾਈ ਅਤੇ ਸੁਖਮਨੀ ਸਾਹਿਬ ਸਮੇਤ ਕੁੱਝ ਹੋਰ ਬਾਣੀਆਂ ਦਾ ਟੀਕਾ ਵੀ ਤਿਆਰ ਕੀਤਾ ਸੀ। ਸਿੱਖ ਧਰਮ ਦੇ ਪ੍ਰਸਿੱਧ ਵਿਦਵਾਨ ਮੈਕਾਲਿਫ਼ ਨੇ 6 ਭਾਗਾਂ ਵਿੱਚ ਤਿਆਰ ਕੀਤੀ ਆਪਣੀ ਦ ਸਿੱਖ ਰਿਲਿਜਨ ਸਿਰਲੇਖ ਅਧੀਨ ਪੁਸਤਕ ਦੀ ਭੂਮਿਕਾ ਵਿੱਚ ਇਹਨਾਂ ਦਾ ਵੀ ਜ਼ਿਕਰ ਕੀਤਾ ਹੈ।

ਇਹ ਬਨਾਰਸ ਹਿੰਦੂ ਯੂਨੀਵਰਸਿਟੀ ਦੇ ਮੁਢਲੇ ਮੈਂਬਰਾਂ ਵਿੱਚ ਸ਼ਾਮਲ ਸਨ। ਇਸ ਯੂਨੀਵਰਸਿਟੀ ਦੀ ਸਥਾਪਨਾ ਵਿੱਚ ਸਿੱਖ ਰਾਜਿਆਂ, ਮਹਾਰਾਜਿਆਂ ਦਾ ਵੱਡਾ ਯੋਗਦਾਨ ਸੀ ਜਿਸ ਦੇ ਸਿੱਟੇ ਵਜੋਂ 1 ਅਪ੍ਰੈਲ 1916 ਨੂੰ ਜਦੋਂ ਇਸ ਯੂਨੀਵਰਸਿਟੀ ਦਾ ਐਕਟ ਪਾਸ ਹੋਇਆ ਤਾਂ 8 ਸਿੱਖਾਂ ਨੂੰ ਇਸ ਦਾ ਮੈਂਬਰ ਨਿਯੁਕਤ ਕੀਤਾ ਗਿਆ ਸੀ ਜਿਸ ਵਿੱਚ ਇਹਨਾਂ ਦਾ ਨਾਂ ਵੀ ਸ਼ਾਮਲ ਸਨ।

ਸਮਾਜ ਸੁਧਾਰ ਅਤੇ ਸਿੱਖ ਧਰਮ ਦੇ ਕਾਰਜਾਂ ਵਿੱਚ ਇਹਨਾਂ ਨੇ ਬਹੁਤ ਪ੍ਰਸਿੱਧੀ ਪ੍ਰਾਪਤ ਕਰ ਲਈ ਸੀ ਜਿਸ ਕਰਕੇ ਇਹਨਾਂ ਨੂੰ 21-23 ਮਾਰਚ 1913 ਨੂੰ ਅੰਬਾਲਾ ਵਿਖੇ ਹੋਈ ਛੇਵੀਂ ਸਿੱਖ ਐਜੂਕੇਸ਼ਨਲ ਕਾਨਫਰੰਸ ਦਾ ਪ੍ਰਧਾਨ ਚੁਣਿਆ ਗਿਆ ਜਿਸ ਦਾ ਵਰਨਨ ਕਰਦੇ ਹੋਏ ਖਾਲਸਾ ਸਮਾਚਾਰ ਵਿੱਚ ਕਿਹਾ ਗਿਆ ਕਿ ਗੁਰਬਾਣੀ ਦੇ ਸੱਚੇ ਰਸੀਏ, ਗੁਰੂ ਚਰਨਾਂ ਦੇ ਪ੍ਰੇਮੀ ਤੇ ਨਾਲ ਹੀ ਪੱਛਮੀ ਵਿਦਯਾ ਦੇ ਪੂਰਨ ਪੰਡਿਤ ਅਰ ਸਰਕਾਰ ਅੰਗਰੇਜ਼ੀ ਦੇ ਦਰਬਾਰ ਵਿੱਚ ਮਾਣ ਪਾਏ ਹੋਏ ਮੋਹਨ ਮੂਰਤੀ ਸਰਬਾਂਗ ਪੂਰਨ ਸੱਜਨ ਅੱਜ ਅੰਬਾਲਾ ਵਿੱਚ ਛੇਵੀਂ ਸਿੱਖ ਵਿਦਿਅਕ ਕਾਨਫਰੰਸ ਦੇ ਪ੍ਰਧਾਨ ਬਣੇ ਹਨ। ਕਵੀ ਸੰਤੋਖ ਸਿੰਘ ਦੀਵਾਨ ਜੀ ਦੀ ਪ੍ਰਧਾਨਗੀ ਨੂੰ ਸਿੰਧ ਤੇ ਪੰਜਾਬ ਦੇ ਮਿਲਾਪ ਵਜੋਂ ਦੇਖਦੇ ਹੋਏ ਕਹਿੰਦੇ ਹਨ :

ਵਾਹ ! ਬਹੁਤ ਚੰਗਾ ਮੇਲ ਹੋਯਾ ਸਿੰਧ ਤੇ ਪੰਜਾਬ ਦਾ।
ਇਹ ਬਹੁਤ ਸੁੰਦਰ ਬਰਕਤਾਂ ਧੰਨਵਾਦ ਸੋਹਣੇ ਰਾਜ ਦਾ।
ਅਜ ਦੇਵ ਪੁਰੀ ਅਮੇਵ ਖੁਸ਼ੀਆਂ ਸ਼ਬਦ ਅਨਹਦ ਵਾਜਦਾ।
ਬਲਹਾਰ ਛੇਵੀਂ ਵਾਰ ਤੋਂ ਕੁਰਬਾਨ ਮੰਡਪ ਸਾਜਦਾ।

ਕਾਨਫਰੰਸ ਵਿੱਚ ਪੁੱਜਣ ਵਾਲੇ ਪਤਵੰਤੇ ਸੱਜਣਾਂ ਦੇ ਸੁਆਗਤ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਸੀ। ਇਸ ਕਾਨਫਰੰਸ ਦੇ ਪ੍ਰਧਾਨ ਦੀਵਾਨ ਲੀਲਾ ਰਾਮ ਸਿੰਘ ਨਿਯਤ ਮਿਤੀ ਅਨੁਸਾਰ ਇੱਕ ਰੇਲ ਗੱਡੀ ਰਾਹੀਂ ਅੰਬਾਲਾ ਪੁੱਜੇ ਸਨ। ਕਾਨਫਰੰਸ ਦੀ ਰੀਸੈਪਸ਼ਨ ਕਮੇਟੀ ਦੇ ਪ੍ਰਧਾਨ ਬੂੜੀਆ ਦੇ ਰਈਸ ਸਰਦਾਰ ਲਛਮਣ ਸਿੰਘ, ਪਤਵੰਤੇ ਸੱਜਣ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਸਿੱਖ ਸੰਗਤ ਉਹਨਾਂ ਦੇ ਸੁਆਗਤ ਲਈ ਰੇਲਵੇ ਸਟੇਸ਼ਨ ’ਤੇ ਮੌਜੂਦ ਸਨ। ਪ੍ਰਧਾਨ ਜੀ ਦੇ ਗੱਡੀ ਤੋਂ ਉਤਰਦਿਆਂ ਹੀ ਜੈਕਾਰਿਆਂ ਅਤੇ ਫੁੱਲਾਂ ਦੇ ਹਾਰਾਂ ਨਾਲ ਉਹਨਾਂ ਦਾ ਸੁਆਗਤ ਕੀਤਾ ਗਿਆ। ਰੇਲ ਗੱਡੀ ਤੋਂ ਸ਼ਾਨ ਨਾਲ ਉਤਾਰ ਕੇ ਪ੍ਰਧਾਨ ਜੀ ਨੂੰ ਸਟੇਸ਼ਨ ਦੇ ਬਾਹਰ ਖੜੀ ਇੱਕ ਚਾਰ ਘੋੜਿਆਂ ਵਾਲੀ ਬੱਘੀ ਵਿੱਚ ਬਿਠਾਇਆ ਗਿਆ ਅਤੇ ਜਲੂਸ ਦੀ ਸ਼ਕਲ ਵਿੱਚ ਇਹ ਕਾਫਲਾ ਅੰਬਾਲਾ ਦੇ ਬਜ਼ਾਰਾਂ ਵਿਚੋਂ ਹੁੰਦਾ ਹੋਇਆ ਸ਼ਾਮ ਦੇ ਸਮੇਂ ਕਾਨਫਰੰਸ ਦੇ ਸਥਾਨ ’ਤੇ ਪੁੱਜਾ।

ਸ਼ਬਦ ਗਾਇਨ, ਗੁਰਮਤਿ ਵਿਖਿਆਨ, ਭਾਸ਼ਣ ਅਤੇ ਵਿਚਾਰ ਗੋਸ਼ਟੀਆਂ ਇਸ ਤਿੰਨ ਰੋਜਾ ਕਾਨਫਰੰਸ ਦਾ ਪ੍ਰਮੁੱਖ ਹਿੱਸਾ ਸਨ। ਜੀਵਨ ਵਿੱਚ ਵਿੱਦਿਆ ਦੇ ਮਹੱਤਵ ’ਤੇ ਜ਼ੋਰ ਦਿੰਦੇ ਹੋਏ ਕਿਹਾ ਗਿਆ ਕਿ ਮੌਜੂਦਾ ਸਮੇਂ ਦੀ ਤਰੱਕੀ ਕੇਵਲ ਵਿੱਦਿਆ ’ਤੇ ਨਿਰਭਰ ਹੈ। ਵਿੱਦਿਆ ਹੀ ਜੀਵਨ ਦਾ ਅੰਮ੍ਰਿਤ ਹੈ ਜਿਸ ਨੇ ਸਰੀਰ ਨੂੰ ਢੱਕਣ ਲਈ ਕੱਪੜਿਆਂ, ਛੱਤੀ ਪ੍ਰਕਾਰ ਦੇ ਭੋਜਨਾਂ ਅਤੇ ਭਲੇ-ਬੁਰੇ ਦੀ ਪਛਾਣ ਕਰਾਉਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਇਸੇ ਦ੍ਰਿਸ਼ਟੀ ਤੋਂ ਪਰਿਵਾਰਾਂ ਵਿੱਚ ਵਿੱਦਿਆ ਨੂੰ ਪ੍ਰਫੁਲਿਤ ਕਰਨ ਲਈ ਲੜਕੀਆਂ ਨੂੰ ਪੜ੍ਹਾਉਣ ਦੀ ਲੋੜ ’ਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ। ਸੰਤ ਅਤਰ ਸਿੰਘ ਜੀ ਸਮੇਤ ਅਨੇਕਾਂ ਮਹਾਪੁਰਖਾਂ ਅਤੇ ਵਿਦਵਾਨਾਂ ਨੇ ਇਸ ਕਾਨਫਰੰਸ ਨੂੰ ਸੰਬੋਧਨ ਕੀਤਾ। ਕਾਨਫਰੰਸ ਦੇ ਪ੍ਰਧਾਨ ਦੀਵਾਨ ਲੀਲਾ ਰਾਮ ਸਿੰਘ ਨੇ ਇਸ ਮੌਕੇ ਬੋਲਦੇ ਹੋਏ ਕਿਹਾ ਕਿ ਲਾਰਡ ਹਾਰਡਿੰਗ ਦੁਆਰਾ ਪਾਸ ਕੀਤਾ ਐਜੂਕੇਸ਼ਨਲ ਚਾਰਟਰ ਆਫ਼ ਇੰਡੀਆ ਵਿੱਦਿਆ ਪ੍ਰਦਾਨ ਕਰਨ ਲਈ ਇਕ ਖੁੱਲ੍ਹੇ ਦਿਲ ਵਾਲੀ ਪਾਲਿਸੀ ਹੈ ਜਿਸ ਦਾ ਮੁੱਖ ਕੰਮ ਵਿੱਦਿਆ ਰਾਹੀਂ ਜੀਵਨ ਦਾ ਸੁਧਾਰ ਕਰਨਾ ਹੈ। ਗੁਰੂ ਸਾਹਿਬਾਨ ਦੁਆਰਾ ਪ੍ਰਦਾਨ ਕੀਤੀ ਵਿੱਦਿਆ ਨੇ ਸਾਡੇ ਮਨ ਵਿੱਚ ਸਿਦਕ ਪੈਦਾ ਕੀਤਾ ਹੈ ਜਿਹੜਾ ਕਿ ਅੱਗੇ ਬੱਚਿਆਂ ਵਿੱਚ ਪੈਦਾ ਕਰਨ ਦੀ ਲੋੜ ਹੈ ਤਾਂ ਕਿ ਤਿਆਗ ਜਾਂ ਕੁਰਬਾਨੀ ਕਰਦੇ ਹੋਏ ਵੀ ਆਪਣੇ ਫਰਜ਼ਾਂ ਦੀ ਪੂਰਤੀ ਕਰ ਸਕਣ। ਗੁਰੂ ਗੋਬਿੰਦ ਸਿੰਘ ਜੀ ਅਤੇ ਉਹਨਾਂ ਦੇ ਸਾਹਿਬਜ਼ਾਦਿਆਂ ਦਾ ਜੀਵਨ ਸਾਡੇ ਸਾਹਮਣੇ ਹੈ ਜਿਨ੍ਹਾਂ ਨੇ ਅਤਿ ਸੰਕਟ ਦੇ ਸਮੇਂ ਵੀ ਵਾਹਿਗੁਰੂ ਨਾਲ ਸੱਚੇ ਪ੍ਰੇਮ ਨੂੰ ਕਾਇਮ ਰੱਖਿਆ ਹੈ। ਇਹ ਵਿੱਦਿਆ ਸਕੂਲਾਂ ਵਿੱਚ ਨਹੀਂ ਮਿਲਦੀ ਬਲਕਿ ਇਹ ਤਾਂ ਹੀ ਪ੍ਰਾਪਤ ਹੋ ਸਕਦੀ ਹੈ ਜੇਕਰ ਮਾਤਾ, ਪਿਤਾ ਅਤੇ ਭ੍ਰਾਤਾ ਸੱਚੇ ਸਿੱਖਾਂ ਵਾਂਗ ਨੇਕ ਅਤੇ ਪਵਿੱਤਰ ਜੀਵਨ ਬਸਰ ਕਰਨ ਅਤੇ ਆਪਣੇ ਬੱਚਿਆਂ ਦੇ ਦਿਲਾਂ ਵਿਚ ਨੇਕੀ ਅਤੇ ਸੱਚਾਈ ਦੀ ਰੂਹ ਫੂਕ ਦੇਣ।

A-ONE EXPRESS
ਸਾਨੂੰ ਤਜ਼ਰਬੇਕਾਰ ਡਰਾਇਵਰਾਂ ਅਤੇ ਉਨਰ ਓਪਰੇਟਰਾਂ ਦੀ ਲੋੜ ਹੈ
- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨੌਰਥ- ਈਸਟ, ਸਾਊਥ ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖਾਹ ਸਮੇਂ ਸਿਰ
- 50% ਹੁੱਕ ਡ੍ਰੌਪ
- Excellent Payment
ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ
28421 S CHRISMAN RD, UNIT# 3, TRACY, CA

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ
Toll Free: 888.725.7441, Office: 209.537.0975, Fax: 209.537.0375



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

### 31 ਜੁਲਾਈ ਨੂੰ ਸ਼ਹੀਦੀ ਦਿਵਸ ’ਤੇ ਵਿਸ਼ੇਸ਼

# ਸ਼ਹੀਦ-ਏ-ਆਜ਼ਮ ਸ੍ਰ. ਊਧਮ ਸਿੰਘ

ਸ੍ਰ. ਊਧਮ ਸਿੰਘ ਗਦਰ ਲਹਿਰ ਦਾ ਰਾਸ਼ਟਰੀ ਕ੍ਰਾਂਤੀਕਾਰੀ ਹੋਇਆ ਹੈ। ਗਦਰ ਲਹਿਰ ਹਿੰਦੁਸਤਾਨ ਦੀ ਆਜ਼ਾਦੀ ਲਈ ਅਮਰੀਕਾ ਵਿੱਚ ਸਰਗਰਮ ਹੋਈ , ਸਭ ਤੋਂ ਵੱਧ ਫਾਂਸੀਆਂ ਅਤੇ ਉਮਰ ਕੈਦ ਦੀਆਂ ਸਜਾਵਾਂ ਇਸੇ ਲਹਿਰ ਹੇਠ ਹੋਈਆਂ। ਸ਼ਹਾਦਤਾਂ ਦੇ ਇਸ ਅਮੀਰ ਵਿਰਸੇ ਵਿੱਚ ਊਧਮ ਸਿੰਘ ਦਾ ਇੱਕ ਉੱਘਾ ਨਾਉਂ ਹੈ। ਉਸ ਨੂੰ ਲੈਫਟੀਨੈਂਟ ਗਵਰਨਰ ਪੰਜਾਬ ਮਾਈਕਲ ਫਰਾਂਸਿਸ ਉਡਵਾਇਰ ਨੂੰ ਮਾਰਨ ਤੇ ਸੰਸਾਰ ਵਿੱਚ ਪ੍ਰਸਿੱਧੀ ਮਿਲੀ ਜੋ ਜਲਿਆਵਾਲਾ ਬਾਗ ਅੰਮ੍ਰਿਤਸਰ ਦੇ ਸਾਕੇ ਦਾ ਦੋਸ਼ੀ ਸੀ।

ਊਧਮ ਸਿੰਘ ਦਾ ਜਨਮ 26 ਦਸੰਬਰ 1899 ਨੂੰ ਸੁਨਾਮ ਵਿੱਚ ਪਿਤਾ ਟਹਿਲ ਸਿੰਘ ਜੰਮੂ ਅਤੇ ਮਾਤਾ ਨਰੈਣ ਕੌਰ ਦੇ ਘਰ ਹੋਇਆ। ਬਚਪਣ ਨਾ ਨਾਮ ਸ਼ੇਰ ਸਿੰਘ ਸੀ। ਪਿਤਾ ਇਕ ਕਿਸਾਨ ਪ੍ਰਵਾਰ ਤੋਂ ਸਨ। ਜੋ ਰੇਲਵੇ ਸੈਨਾ ਵਿੱਚ ਪਿੰਡ ਉਪਾਲੀ ਵਿਖੇ ਤਾਇਨਾਤ ਸਨ। ਵੱਡੇ ਭਰਾ ਦਾ ਨਾਮ ਮੁਕਤਾ ਸਿੰਘ ਸੀ। ਸੰਨ 1901 ਵਿੱਚ ਉਹਨਾਂ ਦੇ ਮਾਤਾ ਜੀ ਦੀ ਮੌਤ ਹੋ ਗਈ। ਉਹਨਾਂ ਨੇ ਪਿਤਾ ਜੀ ਵੀ 1907 ਵਿੱਚ ਅਕਾਲ ਚਲਾਣਾ ਕਰ ਗਏ। ਉਹ ਦੋਵੇਂ ਭਰਾ 24 ਅਕਤੂਬਰ 1907 ਨੂੰ ਕੇਂਦਰੀ ਖਾਲਸਾ ਯਤੀਮਖਾਨਾ ਪੁਤਲੀਘਰ ਅੰਮ੍ਰਿਤਸਰ ਦਾਖਲ ਹੋ ਗਏ। ਉਹਨਾਂ ਨੂੰ ਸਿੱਖ ਧਰਮ ਦੀ ਸਿਖਿਆ ਮਿਲੀ। ਜਿਥੇ ਸ਼ੇਰ ਸਿੰਘ ਨੂੰ ਊਧਮ ਸਿੰਘ ਨਾਉਂ ਮਿਲਿਆ। ਭਰਾ ਮੁਕਤਾ ਸਿੰਘ ਨੂੰ ਸਾਧੂ ਸਿੰਘ ਨਾਉਂ ਮਿਲਿਆ। ਪਰ 1917 ਵਿੱਚ ਵੱਡੇ ਭਰਾ ਦੀ ਮੌਤ ਹੋ ਗਈ। ਊਧਮ ਸਿੰਘ ਦੀ ਉਮਰ 17 ਕੁ ਸਾਲ ਸੀ ਜਦੋਂ ਉਹ ਇਕੱਲਾ ਰਹਿ ਗਿਆ। ਸੰਨ 1918 ਵਿੱਚ ਊਧਮ ਸਿੰਘ ਨੇ ਦਸਵੀਂ ਪਾਸ ਕਰ ਲਈ। ਤਦ ਉਸਨੇ ਯਤੀਮਖਾਨਾ ਛੱਡ ਦਿੱਤਾ। ਉਸ ਨੂੰ ਆਪਣੇ ਦੁਆਲੇ ਅੰਗਰੇਜ਼ੀ ਸਾਮਰਾਜ ਦੀਆਂ ਕੋਝੀਆਂ ਚਾਲਾਂ ਦੀ ਸਮਝ ਆਉਣ ਲੱਗੀ। ਉਹ ਇੱਕ ਗੰਭੀਰ ਵਿਚਾਰਾਂ ਦਾ ਬਣ ਗਿਆ।

ਅਪ੍ਰੈਲ 10,1919 ਨੂੰ ਰੋਲਟ ਐਕਟ ਦੇ ਵਿਰੋਧ ਵਿੱਚ ਇੰਡੀਅਨ ਨੈਸ਼ਨਲ ਕਾਂਗਰਸ ਦੇ ਆਗੂ ਗ੍ਰਿਫ਼ਤਾਰ ਹੋਏ। ਕਰਨਲ ਰੈਗੀਨਾਲਡ ਡਾਇਰ ਨੇ ਸਮੂਹ ਇਕੱਠਾਂ ’ਤੇ ਪਾਬੰਦੀ ਲਗਾ ਦਿੱਤੀ। ਲੋਕ ਰੋਸ ਪ੍ਰਦਰਸ਼ਨ ਲਈ ਜਲਿਆਵਾਲਾ ਬਾਗ ਵਿੱਚ ਸ਼ਾਂਤੀਪੂਰਵਕ ਇਕੱਠੇ ਹੋਏ। ਕਰਨਲ ਡਾਇਰ ਦੀਆਂ ਫ਼ੌਜਾਂ ਨੇ ਬਾਗ ਦਾ ਇੱਕੋ ਰਸਤਾ ਬੰਦ ਕਰਕੇ ਬਿਨਾ ਕਿਸੇ ਚਿਤਾਵਨੀ ਦੇ ਨਿਹੱਥੇ ਲੋਕਾਂ ਤੇ ਉਦੋਂ ਤਕ ਗੋਲੀ ਚਲਾਈ ਜਦੋਂ ਤਕ ਅਸਲਾ ਮੁੱਕ ਨਹੀਂ ਗਿਆ। ਕਾਂਗਰਸ ਨੇ ਦੱਸਿਆ ਕਿ 1000ਦੀ ਮੌਤ ਹੋਈ ਅਤੇ 1500 ਜ਼ਖਮੀ ਹੋਏ।



ਊਧਮ ਸਿੰਘ ਉਸ ਦਿਨ ਇਕੱਠ ਨੂੰ ਪਾਣੀ ਪਿਲਾਉਣ ਦੀ ਸੇਵਾ ਕਰ ਰਿਹਾ ਸੀ। ਉਸਨੇ ਮਨ ਤੇ ਇਸ ਖੂਨੀ ਸਾਕੇ ਦਾ ਡੂੰਘਾ ਸਦਮਾ ਲੱਗਿਆ। ਉਸਨੇ ਪ੍ਰਣ ਕੀਤਾ ਕਿ ਉਹ ਇਸ ਖੂਨੀ ਸਾਕੇ ਦਾ ਬਦਲਾ ਜ਼ਰੂਰ ਲਵੇਗਾ। ਗੁੱਸੇ ਅਤੇ ਬਦਲੇ ਦੀ ਭਾਵਨਾ ਨਾਲ ਉਹ ਹਿੰਦੁਸਤਾਨ ਦੀ ਆਜ਼ਾਦੀ ਦੀ ਲਹਿਰ ਵਿੱਚ ਕੁੱਦ ਗਿਆ। ਉਹ ਸਭ ਤੋਂ ਪਹਿਲਾਂ ਪੂਰਬੀ ਅਫ਼ਰੀਕਾ ਵਿੱਚ ਗਿਆ। ਉਸਨੇ ਉਡਵਾਇਰ ਨੂੰ ਮਾਰਨ ਦਾ ਸੰਘਰਸ਼ ਸ਼ੁਰੂ ਕਰ ਲਿਆ। ਅਮਰੀਕਾ ਪਹੁੰਚਿਆ ਤਾਂ ਉਸ ਦੀ ਮੁਲਾਕਾਤ ਗਦਰੀ ਬਾਬਿਆਂ ਨਾਲ ਹੋ ਗਈ। ਸੰਨ 1924 ਵਿੱਚ ਉਹ ਗਦਰ ਲਹਿਰ ਵਿੱਚ ਸ਼ਾਮਲ ਹੋ ਗਿਆ। ਗਦਰ ਲਹਿਰ ਦੀਆਂ ਸਰਗਰਮੀਆਂ ਵਿੱਚ ਉਹ ਅਮਰੀਕਾ ਦੂਰ ਦੂਰ ਤਕ ਘੁੰਮਿਆ। ਗੁਪਤ ਵਿਚਰਦਿਆਂ ਉਸ ਦੇ ਨਾਉਂ ਸਨ-ਉਦੈ ਸਿੰਘ, ਸ਼ੇਰ ਸਿੰਘ ਤੇ ਫਰੈਂਕ ਬਰਾਜੀਲ ਆਦਿ।

ਸ੍ਰ. ਭਗਤ ਸਿੰਘ ਦੇ ਕਹਿਣ ਤੇ ਉਹ 1927 ਵਿੱਚ ਅਸਲੇ ਸਮੇਤ ਆਪਣੇ 25 ਸਾਥੀਆਂ ਨਾਲ ਭਾਰਤ ਪਰਤ ਆਇਆ ਪਰ ਉਸੇ ਸਾਲ ਨਾਜਾਇਜ਼ ਹਥਿਆਰ ਰੱਖਣ ਦੇ ਜੁਰਮ ਵਿੱਚ ਕੈਦ ਰਿਹਾ। ਅਕਤੂਬਰ 1931 ਨੂੰ ਰਿਹਾਅ ਹੋਇਆ। ਉਸ ਨੂੰ ਪਤਾ ਲੱਗਿਆ ਕਿ ਬ੍ਰਿਗੇਡੀਅਰ ਜਨਰਲ ਡਾਇਰ ਦੀ 1927 ਵਿੱਚ ਬ੍ਰਿਟੇਨ ਵਿੱਚ ਮੌਤ ਹੋ ਗਈ ਹੈ। ਉਸ ਦੇ ਸਾਥੀ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਵੀ 23 ਮਾਰਚ 1931 ਨੂੰ ਫਾਂਸੀ ਹੋ ਗਈ ਹੈ।

ਉਹ ਸੁਨਾਮ ਰਹਿਣ ਲੱਗਿਆ। ਉਹ ਪੁਲਿਸ ਦੀ ਨਿਗਰਾਨੀ ਹੇਠ ਸੀ ਕਿਉਂਕਿ ਉਸ ਦੇ ਸਬੰਧ ਭਗਤ ਸਿੰਘ ਦੀ ਕ੍ਰਾਂਤੀਕਾਰੀ ਪਾਰਟੀ ਹਿੰਦੁਸਤਾਨ ਸ਼ੋਸ਼ਲਿਸਟ ਰੀਪਬਲਿਕਨ ਐਸੋਸੀਏਸ਼ਨ ਨਾਲ ਸਨ। ਉਸਨੇ ਮੁਹੰਮਦ ਸਿੰਘ ਆਜ਼ਾਦ ਦੇ ਨਾਉਂ ਤੇ ਅੰਮ੍ਰਿਤਸਰ ਫੱਟਾ ਲਿਖਣ ਦੀ ਦੁਕਾਨ ਕਰ ਲਈ। ਉਸ ਦਾ ਨਾਉਂ ਉਸ ਦੀ ਬਾਂਹ ਤੇ ਖੁਣਿਆ ਹੋਇਆ ਸੀ। ਅੰਦਰਖਾਤੇ ਉਹ ਕ੍ਰਾਂਤੀਕਾਰੀ ਗਤੀਵਿਧੀਆਂ ਨਾਲ ਜੁੜਿਆ ਹੋਇਆ ਸੀ। ਉਹ ਲੰਡਨ ਜਾਣ ਦੀ ਯੋਜਨਾ ਬਣਾ ਰਿਹਾ ਸੀ ਕਿ ਜਲਿਆਵਾਲਾ ਬਾਗ ਦੇ ਖੂਨੀ ਸਾਕੇ ਦਾ ਬਦਲਾ ਲੈ ਸਕੇ। ਉਹ ਪੁਲਿਸ ਤੋਂ ਬਚਦਾ ਕਸ਼ਮੀਰ ਰਾਹੀਂ ਜਰਮਨੀ ਵਿੱਚ ਦਾਖਲ ਹੋ ਗਿਆ। ਉਥੋਂ ਉਹ ਇਟਲੀ, ਫਰਾਂਸ, ਸਵਿਟਜ਼ਰਲੈਂਡ ਰਾਹੀਂ ਸੰਨ 1934 ਵਿੱਚ ਇੰਗਲੈਂਡ ਪਹੁੰਚਿਆ। ਉਸਨੇ ਲੱਕੜੀ ਕਾਰੀਗਰੀ , ਮੋਟਰ ਮੈਕੇਨਿਕ ਦਾ ਕੰਮ ਕੀਤਾ। ਉਸਨੇ ਕਾਰ ਵੀ ਰੱਖ ਗਈ। ਉਹ ਸਮਾਜਿਕ ਅਤੇ ਧਾਰਮਿਕ ਸੰਸਥਾਵਾਂ ਨਾਲ ਜੁੜਿਆ ਰਿਹਾ। ਮੂਲ ਰੂਪ ਵਿੱਚ ਉਸ ਦਾ ਅਸਲ ਨਿਸ਼ਾਨਾ ਉਡਵਾਇਰ ਨੂੰ ਮਾਰਨ ਦਾ ਰਿਹਾ। ਉਸ ਨੇ ਛੇ ਗੋਲੀਆਂ ਵਾਲਾ ਪਿਸਤੌਲ ਖ੍ਰੀਦ ਲਿਆ। ਉਹ ਇੱਕ ਅਜਿਹੇ ਮੌਕੇ ਦੀ ਤਲਾਸ਼ ਵਿੱਚ ਸੀ ਕਿ ਉਸ ਨੂੰ ਭੀੜ ਵਾਲੀ ਜਗਾ ਤੇ ਮਾਰਿਆ ਜਾਵੇ, ਜਿਥੇ ਆਮ ਜਨਤਾ ਦਾ ਧਿਆਨ ਖਿੱਚਿਆ ਜਾਵੇ ਕਿ ਹਿੰਦੁਸਤਾਨੀਆਂ ਦਾ ਖੂਨ ਵਹਾਉਣ ਵਾਲੇ ਨੂੰ ਮੌਤ ਦੀ ਸਜਾ ਮਿਲੀ ਹੈ। ਘਟਨਾ ਦੀ ਖ਼ਬਰ ਸੰਸਾਰ ਭਰ ਦੀਆਂ ਅਖ਼ਬਾਰਾਂ ਵਿੱਚ ਛੱਪੇ।

ਊਧਮ ਸਿੰਘ ਨੂੰ ਪਤਾ ਲੱਗਿਆ ਕਿ ਈਸਟ ਇੰਡੀਆ ਐਸੋਸੀਏਸ਼ਨ ਅਤੇ ਰਾਇਲ ਸੈਂਟਰਲ ਏਸ਼ੀਅਨ ਸੁਸਾਇਟੀ ਦੀ ਇੱਕ ਸਾਂਝੀ ਇੱਕਰਤਾ 13 ਮਾਰਚ 1940 ਨੂੰ 10-ਕੈਕਸਟਨ ਹਾਲ ਲੰਡਨ ਵਿਖੇ ਹੋ ਰਹੀ ਹੈ। ਉਡਵਾਇਰ ਦਾ ਭਾਸ਼ਣ ਹੈ। ਇੱਕਤਰਤਾ ਦੇ ਦਿਨ ਊਧਮ ਸਿੰਘ ਰਿਵਾਲਵਰ ਲੈ ਕੇ ਪਹੁੰਚ ਗਿਆ। ਜਦੋਂ ਕਾਰਵਾਈ ਖਤਮ ਹੋਣ ’ਤੇ ਆਈ, ਊਧਮ ਸਿੰਘ ਮੰਚ ਵਲ ਵਧਿਆ, ਉਸਨੇ ਦੋ ਗੋਲੀਆਂ ਉਡਵਾਇਰ ਤੇ ਦਾਗ ਦਿੱਤੀਆਂ। ਉਸ ਦੀ ਮੌਕੇ ਤੇ ਹੀ ਮੌਤ ਹੋ ਗਈ। ਤਦ ਹੀ ਉਸਨੇ ਲਾਰਡ ਜ਼ੈਟਲੈਂਡ ਸਕੱਤਰ ਸਟੇਟ ਆਫ਼ ਇੰਡੀਆ, ਲਾਰਡ ਲਿਮਿੰਗਟਨ ਅਤੇ ਸਰ ਲੂਈਸ ਡੇਨ ਅਧਿਕਾਰੀਆਂ ਨੂੰ ਵੀ ਜ਼ਖ਼ਮੀ ਕਰ ਦਿੱਤਾ। ਊਧਮ ਸਿੰਘ ਸ਼ਾਂਤ ਚਿੱਤ ਖੜ੍ਹਾ ਰਿਹਾ। ਉਸ ਦਾ ਭੱਜਣ ਦਾ ਇਰਾਦਾ ਨਹੀਂ ਸੀ। ਪੁਲਿਸ ਹਿਰਾਸਤ ਵਿੱਚ ਊਧਮ ਸਿੰਘ ਨੇ ਪੁੱਛਿਆ ਕਿ ਕੀ ਜ਼ੈਟਲੈਂਡ ਮਰ ਗਿਆ ? ਉਹ ਵੀ ਮਰਨਾ ਚਾਹੀਦਾ ਸੀ। ਮੇਰੇ ਹਿੱਸੇ ਇਕ ਦਾ ਹੀ ਮਰਨਾ ਸੀ। ਮੈਂ ਸੁਸਤ ਹੋ ਗਿਆ ਹੋਵਾਂਗਾ। ਉਸ ਦੇ ਦੁਆਲੇ ਕਈ ਔਰਤਾਂ ਵੀ ਸਨ। 1 ਅਪ੍ਰੈਲ 1940 ਨੂੰ ਊਧਮ ਸਿੰਘ ਤੇ ਰਸਮੀ ਤੌਰ ਤੇ ਉਡਵਾਇਰ ਦੇ ਕਤਲ ਦਾ ਦੋਸ਼ ਲੱਗਿਆ।

ਊਧਮ ਸਿੰਘ ਨੂੰ ਬਕਿਸ਼ਟਨ ਜੇਲ੍ਹ ਭੇਜ ਦਿੱਤਾ ਗਿਆ। ਜੇਲ੍ਹ ਵਿੱਚ ਉਹ 42 ਦਿਨ ਭੁੱਖ ਹੜਤਾਲ ਤੇ ਰਿਹਾ। ਜੂਨ 4 1940 ਨੂੰ ਸੈਂਟਰ ਕਰਿਮੀਨਲ ਕੋਰਟ ਓਲਡ ਬੈਲੀ ਵਿੱਚ ਮੁਕਦਮੇ ਦੀ ਕਾਰਵਾਈ ਹੋਈ। ਜੱਜ ਨੇ ਪੁੱਛਿਆ ਕਿ ਤੂੰ ਸ਼ਰੇਆਮ ਇਕ ਕਤਲ ਕਿਉਂ ਕੀਤਾ ਹੈ ? ਊਧਮ ਸਿੰਘ ਨੇ ਬੜੀ ਦ੍ਰਿੜ੍ਹਤਾ ਨਾਲ ਜਵਾਬ ਦਿੱਤਾ ਕਿ ਇਹ ਸਾਡਾ ਪੁਰਾਣਾ ਦੁਸ਼ਮਣ ਹੈ। ਇਹ ਇਸੇ ਮੌਤ ਦਾ ਹੱਕਦਾਰ ਸੀ। ਇਹ ਮੇਰੇ ਦੇਸ਼ ਵਾਸੀਆਂ ਦੀਆਂ ਆਜ਼ਾਦੀ ਪ੍ਰਤੀ ਭਾਵਨਾਵਾਂ ਨੂੰ ਕੁਚਲਣ ਵਾਲਾ ਸੀ ਮੈਂ ਇਸ ਨੂੰ ਕੁਚਲ ਦਿੱਤਾ। ਇਸ ਬਦਲੇ ਲਈ ਮੈਂ 21 ਸਾਲ ਸੰਘਰਸ਼ ਕੀਤਾ ਹੈ। ਮੈਂ ਆਪਣੇ ਦੇਸ਼ ਵਾਸੀਆਂ ਤੇ ਅੰਗਰੇਜ਼ੀ ਸਰਕਾਰ ਦੇ ਜ਼ੁਲਮ ਵੇਖੇ ਹਨ। ਅੰਗਰੇਜ਼ੀ ਸਾਮਰਾਜ ਦਾ ਵਿਦਰੋਹ ਕਰਨਾ ਮੇਰਾ ਫਰਜ਼ ਸੀ। ਮੇਰੇ ਲਈ ਇਸ ਤੋਂ ਵੱਧ ਹੋਰ ਕਿਹੜੀ ਮਾਣ ਵਾਲੀ ਗਲ ਹੋ ਸਕਦੀ ਹੈ ਕਿ ਮੈਂ ਆਪਣੀ ਮਾਤ ਭੂਮੀ ਲਈ ਕੁਰਬਾਨ ਹੋ ਰਿਹਾ ਹਾਂ।

ਊਧਮ ਸਿੰਘ ਨੂੰ ਜੁਲਾਈ 31 1940 ਨੂੰ ਪੈਂਟੋਵਿਲੇ ਜੇਲ੍ਹ ਲੰਡਨ ਵਿੱਚ ਫਾਂਸੀ ਦਿੱਤੀ ਗਈ। ਉਸ ਨੂੰ ਜੇਲ੍ਹ ਦੇ ਅਹਾਤੇ ਵਿੱਚ ਦਫ਼ਨਾਇਆ ਗਿਆ। ਜੁਲਾਈ 1974 ਵਿੱਚ ਊਧਮ ਸਿੰਘ ਦੀਆਂ ਅਸਥੀਆਂ ਸੁਲਤਾਨਪੁਰ ਲੋਧੀ ਤੋਂ ਵਿਧਾਇਕ ਸਾਧੂ ਸਿੰਘ ਥਿੰਦ ਦੇ ਯਤਨਾਂ ਨਾਲ ਭਾਰਤ ਲਿਆਂਦੀਆਂ ਗਈਆਂ। ਜਿਸ ਦਾ ਕਾਂਗਰਸ ਪ੍ਰਧਾਨ ਸ਼ੰਕਰ ਦਿਆਲ ਸ਼ਰਮਾ, ਮੁੱਖ ਮੰਤਰੀ ਪੰਜਾਬ ਗਿਆਨੀ ਜੈਲ ਸਿੰਘ ਅਤੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵਲੋਂ ਸਵਾਗਤ ਕੀਤਾ ਗਿਆ। ਅੰਤਮ ਰਸਮਾਂ ਜਨਮ ਅਸਥਾਨ ਸੁਨਾਮ ਵਿੱਚ ਪੂਰੀਆਂ ਹੋਈਆਂ। ਅਸਥੀਆਂ ਨੂੰ ਸਤਲੁਜ ਦਰਿਆ ਵਿੱਚ ਜਲ ਪ੍ਰਵਾਹਿਤ ਕੀਤਾ ਗਿਆ। ਅਸਥੀਆਂ ਦਾ ਕੁਝ ਹਿਸਾ ਜਲਿਆਵਾਲਾ ਬਾਗ ਅੰਮ੍ਰਿਤਸਰ ਦੇ ਅਜਾਇਬ ਘਰ ਵਿੱਚ ਰਖਿਆ ਗਿਆ।

ਵਿਰਾਸਤ :

1 . ਊਧਮ ਸਿੰਘ ਦੀ ਯਾਦ ਨੂੰ ਸਮਰਪਿਤ ਇੱਕ ਸਮਾਜ ਸੇਵੀ ਸੰਸਥਾ ਸੋਹੋ ਰੋਡ ਬਰਮਿੰਘਮ ਵਿੱਚ ਹੈ।

2.ਇੱਕ ਅਜਾਇਬ ਘਰ ਜਲਿਆਵਾਲਾ ਬਾਗ ਅੰਮ੍ਰਿਤਸਰ ਵਿਖੇ ਹੈ।

3. ਊਧਮ ਸਿੰਘ ਦੇ ਹਥਿਆਰ ਚਾਕੂ, ਡਾਇਰੀ, ਗੋਲੀ ਵਾਰਦਾਤ ਸਮੇਂ ਬਲੈਕ ਮਿਊਜ਼ੀਅਮ ਸਕਾਟਲੈਂਡ ਯਾਰਡ।

4. ਉਸ ਦੀ ਯਾਦ ਵਿੱਚ ਕਈ ਫ਼ਿਲਮਾਂ ਬਣੀਆਂ ਹਨ।

5. ਪੂਰਬੀ ਉਤਰ ਪ੍ਰਦੇਸ਼ ਵਿੱਚ ਮੁੱਖ ਮੰਤਰੀ ਮਾਇਆਵਤੀ ਵੱਲੋਂ ਜ਼ਿਲ੍ਹੇ ਦਾ ਨਾਉਂ ਊਧਮ ਸਿੰਘ ਦੇ ਨਾਮ ’ਤੇ ਰਖਿਆ ਗਿਆ।

6. ਸ਼ਹੀਦ ਦੀ ਯਾਦ ਵਿੱਚ ਅਨੂਪਗੜ੍ਹ ਰਾਜਸਥਾਨ ਵਿੱਚ ਇੱਕ ਚੌਂਕ ਹੈ।

7. ਸਾਕਾ ਵੈਨਜ਼ਰਜ਼ ਵੱਲੋਂ ਵੀਡੀਓ 1998 ਅਤੇ 2015 ਫਰੈਂਕ ਬਰਾਜੀਲ ਨਾਮ ਤੇ ਬਣੀ ਹੈ।

8. ਜਲਿਆ ਵਾਲਾ ਬਾਗ ਅੰਮ੍ਰਿਤਸਰ ਵਿਖੇ 13 ਮਾਰਚ 2018 ਨੂੰ ਸਰਵ ਕੰਬੋਜ ਸਮਾਜ ਵੱਲੋਂ 10 ਫੁੱਟ ਉੱਚਾ ਬੁੱਤ ਲਗਾਇਆ ਗਿਆ। ਜਿਸਦਾ ਉਦਘਾਟਨ ਗ੍ਰਹਿ ਮੰਤਰੀ ਰਾਜਨਾਥ ਨੇ ਕੀਤਾ।

9. ਸ਼ਹੀਦ ਦਾ ਜੱਦੀ ਘਰ ਅਜਾਇਬ ਘਰ ਬਣਿਆ।

10. ਸੁਨਾਮ ਨੂੰ ਸੁਨਾਮ ਊਧਮ ਸਿੰਘ ਵਾਲਾ ਨਾਮ ਦਿੱਤਾ ਗਿਆ।

ਅੰਤਿਕਾ : ਕਬੀਰ ਜੀ ਕਹਿੰਦੇ ਹਨ ਕਿ ਹੇ ਕਬੀਰ! ਮਰਦਾ ਮਰਦਾ ਉਂਝ ਤਾਂ ਸਾਰਾ ਸੰਸਾਰ ਮਰ ਰਿਹਾ ਹੈ, ਪਰ ਕਿਸੇ ਨੇ ਸੱਚੇ ਮਰਨ ਦੀ ਜਾਚ ਨਹੀਂ ਸਿੱਖੀ, ਜੇ ਮਨੁੱਖ ਇਸ ਤਰਾਂ ਸੱਚੀ ਮੌਤ ਮਰਦਾ ਹੈ, ਉਸ ਨੂੰ ਫਿਰ ਮਰਨਾ ਨਹੀਂ ਪੈਂਦਾ।

ਅੰਗ 555, ਹਵਾਲਾ ਸਲੋਕ ਭਗਤ ਕਬੀਰ ਜੀ, ਸਲੋਕ ਨੰਬਰ 29.

ਅੱਬਾਸ ਧਾਲੀਵਾਲ
ਮਲੇਰਕੋਟਲਾ

# ਮਹਾਨ ਸਿੱਖ ਯੋਧਾ ਸ਼ਹੀਦ ਊਧਮ ਸਿੰਘ

ਜਦੋਂ ਵੀ ਮਹਾਨ ਸ਼ਹੀਦਾਂ ਦੀ ਗੱਲ ਚੱਲਦੀ ਹੈ ਤਾਂ ਊਧਮ ਸਿੰਘ ਦਾ ਨਾਂ ਦੇਸ਼ ਦੇ ਚੋਟੀ ਦੇ ਕੌਮੀ ਸ਼ਹੀਦਾਂ ਵਿੱਚ ਆਉਂਦਾ ਹੈ। ਊਧਮ ਸਿੰਘ ਦਾ ਅਸਲ ਨਾਂ ਸ਼ੇਰ ਸਿੰਘ ਸੀ। ਉਨ੍ਹਾਂ ਦਾ ਜਨਮ 26 ਦਸੰਬਰ 1899 ਨੂੰ ਸੁਨਾਮ ਵਿਖੇ ਹੋਇਆ। ਸੁਨਾਮ ਉਸ ਸਮੇਂ ਪਟਿਆਲਾ ਰਿਆਸਤ ਦਾ ਇੱਕ ਹਿੱਸਾ ਹੋਇਆ ਕਰਦਾ ਸੀ। ਆਪ ਦੇ ਪਿਤਾ ਟਹਿਲ ਸਿੰਘ ਉਸ ਸਮੇਂ ਨੇੜੇ ਦੇ ਪਿੰਡ ਉਪਲੀ ਵਿਖੇ ਰੇਲਵੇ ਫ਼ਾਟਕ ’ਤੇ ਚੌਂਕੀਦਾਰ ਸਨ। ਸ਼ੇਰ ਸਿੰਘ ਅਜੇ ਸੱਤ ਸਾਲਾਂ ਦਾ ਵੀ ਨਹੀਂ ਸੀ ਹੋਇਆ ਕਿ ਉਸਦੇ ਸਿਰ ਉੱਤੋਂ ਮਾਂ-ਬਾਪ ਦਾ ਸਾਇਆ ਉੱਠ ਗਿਆ। ਮਾਪਿਆਂ ਦੇ ਸਾਏ ਤੋਂ ਵਾਂਝੇ ਹੋ ਜਾਣ ਉਪਰੰਤ ਊਧਮ ਸਿੰਘ ਨੂੰ ਖਾਲਸਾ ਯਤੀਮਖ਼ਾਨਾ ਅੰਮ੍ਰਿਤਸਰ ਵਿਖੇ ਦਾਖ਼ਲ ਕਰਵਾ ਦਿੱਤਾ ਗਿਆ।

ਸੰਨ 1919 ਵਿੱਚ ਜਲ੍ਹਿਆਂਵਾਲਾ ਬਾਗ਼ ਦੇ ਹੱਤਿਆ ਕਾਂਡ ਦੇ ਫੱਟੜਾਂ ਦੀ ਸੇਵਾ ਉੱਤੇ ਲੱਗੇ ਹੋਣ ਕਾਰਨ ਸਾਰੀ ਦੁਰਘਟਨਾ ਦੀ ਦਰਦਨਾਕ ਝਾਕੀ ਉਸ ਦੀਆਂ ਅੱਖਾਂ ਅੱਗੋਂ ਦੀ ਲੰਘੀ, ਜਿਸਦਾ ਉਸ ਦੇ ਨਿਰਛਲ ਅਤੇ ਕੋਮਲ ਦਿਲ ਉੱਤੇ ਇਸ ਕਦਰ ਡੂੰਘਾ ਅਸਰ ਪਿਆ ਕਿ ਉਸ ਨੇ ਉਕਤ ਜ਼ੁਲਮ ਦਾ ਬਦਲਾ ਲੈਣ ਦੀ ਪੱਕੀ ਠਾਣ ਲਈ। ਇਹ ਵੀ ਕਿਹਾ ਜਾਂਦਾ ਹੈ ਕਿ ਲਾਸ਼ਾਂ ਦੇ ਢੇਰ ਵਿੱਚ ਖੜੋਕੇ ਉਸ ਨੇ ਪ੍ਰਣ ਕੀਤਾ ਕਿ ਮੈਂ ਗਵਰਨਰ ਓਡਵਾਇਰ ਨੂੰ ਮਾਰ ਕੇ ਇਸ ਜ਼ੁਲਮ ਦਾ ਬਦਲਾ ਲਵਾਂਗਾ। ਇਹੋ ਵਜ੍ਹਾ ਹੈ ਕਿ ਜਲ੍ਹਿਆਂਵਾਲੇ ਬਾਗ਼ ਦੀ ਦੁਖਾਂਤਕ ਘਟਨਾ ਤੋਂ ਛੇਤੀ ਬਾਅਦ ਉਹ ਇਨਕਲਾਬੀਆਂ ਦੀ ਪਾਰਟੀ ਵਿੱਚ ਸ਼ਾਮਿਲ ਹੋ ਗਏ। ਇਸ ਦੌਰਾਨ ਨੌਜਵਾਨ ਭਾਰਤ ਸਭਾ ਦਾ ਮੈਂਬਰ ਬਣ ਕੇ ਕੁਝ ਕੰਮ ਕੀਤੇ। ਇਸੇ ਵਿਚਕਾਰ ਇੱਕ ਠੇਕੇਦਾਰ ਦੀ ਸਹਾਇਤਾ ਨਾਲ ਊਧਮ ਮੈਕਸੀਕੋ ਰਾਹੀਂ ਅਮਰੀਕਾ ਜਾ ਪੁੱਜਾ। ਚੰਗਾ ਮਕੈਨਿਕ ਹੋਣ ਕਰਕੇ ਹਵਾਈ ਜਹਾਜ਼ਾਂ ਦੀ ਇੱਕ ਕੰਪਨੀ ਵਿੱਚ ਨੌਕਰ ਹੋ ਗਿਆ ਤੇ ਉੱਥੇ ਹੀ ਵਿਆਹ ਕੀਤਾ। ਛੇਤੀ ਹੀ ਉੱਥੇ ਗਦਰ ਪਾਰਟੀ ਦੇ ਇਨਕਲਾਬੀਆਂ ਨਾਲ ਉਸ ਦਾ ਮੇਲ ਹੋ ਗਿਆ। ਦੇਸ਼ ਵਾਪਸੀ ’ਤੇ ਉਸ ਕੋਲੋਂ ਹਥਿਆਰ ਅਤੇ ਬੰਬ ਫੜੇ ਗਏ ਜਿਸ ਕਾਰਨ ਅੰਮ੍ਰਿਤਸਰ ਸਟੇਸ਼ਨ ’ਤੇ ਹੀ ਗ੍ਰਿਫ਼ਤਾਰ ਕਰ ਲਿਆ ਗਿਆ। ਇਸ ਜੁਰਮ ਵਿੱਚ ਉਨ੍ਹਾਂ ਨੂੰ ਚਾਰ ਸਾਲ ਕੈਦ ਹੋਈ ਤੇ ਘਰ ਬਾਰ ਸਭ ਕੁਝ ਜ਼ਬਤ ਹੋ ਗਿਆ, 1931 ਵਿੱਚ ਰਿਹਾਅ ਹੋਣ ’ਤੇ ਉਹ ਇੱਕ ਵਾਰ ਫਿਰ ਆਪਣੀ ਜੱਦੀ ਰਿਹਾਇਸ਼ ਸੁਨਾਮ ਵਾਪਸ ਆ ਗਏ। ਪਰ ਸਥਾਨਿਕ ਪੁਲਿਸ ਦੁਆਰਾ ਪ੍ਰੇਸ਼ਾਨ ਕੀਤੇ ਜਾਣ ’ਤੇ ਉਹ ਫਿਰ ਅੰਮ੍ਰਿਤਸਰ ਵਾਪਸ ਚਲੇ ਗਏ ਅਤੇ ਜਾ ਕੇ ਸਾਈਨਬੋਰਡ ਪੇਂਟਰ ਦੀ ਦੁਕਾਨ ਖੋਲ੍ਹ ਲਈ ਅਤੇ ਆਪਣਾ ਨਾਂ ਰਾਮ ਮੁਹੰਮਦ ਸਿੰਘ ਆਜ਼ਾਦ ਰੱਖ ਲਿਆ। ਇਹ ਉਹ ਨਾਂ ਸੀ ਜਿਸਦੀ ਵਰਤੋਂ ਇਸਨੇ ਬਾਅਦ ਵਿੱਚ ਇੰਗਲੈਂਡ ਵਿੱਚ ਕੀਤੀ ਸੀ। ਇਸ ਨਾਂ ਨੂੰ ਅਪਣਾਉਣ ਦਾ ਭਾਵ ਭਾਰਤ ਦੇ ਸਾਰੇ ਧਰਮਾਂ ਦੀ ਏਕਤਾ ਉੱਪਰ ਬਲ ਦੇਣਾ ਸੀ ਜੋ ਕਿ ਭਾਰਤੀ ਰਾਜਨੀਤਿਕ ਸੁਤੰਤਰਤਾ ਅੰਦੋਲਨ ਦਾ ਆਧਾਰ ਸੀ। ਇਸੇ ਦੌਰਾਨ ਆਪਣਾ ਨਾਂ ਤਬਦੀਲ ਕਰ ਮਹਾਦੀਪਾਂ ਵਿੱਚ ਘੁੰਮਦਾ ਘੁਮਾਉਂਦਾ ਇੰਗਲੈਂਡ ਜਾ ਪੁੱਜਾ। ਫਿਰ 1933 ਤੋਂ 1940 ਤਕ ਉੱਥੇ ਹੀ ਰਿਹਾ।

ਆਖਿਰ ਲੰਮੀ ਉਡੀਕ ਤੋਂ ਬਾਅਦ 13 ਮਾਰਚ 1940 ਨੂੰ ਉਹ ਘੜੀ ਵੀ ਆ ਗਈ ਜਿਸਦਾ ਉਸ ਨੂੰ ਸਾਲਾਂ ਤੋਂ ਇੰਤਜ਼ਾਰ ਸੀ। ਉਸ ਦਿਨ 4.30 ਵਜੇ ਕੈਕਸਟਨ ਹਾਲ, ਲੰਡਨ ਵਿੱਚ ਜਿੱਥੇ ਈਸਟ ਇੰਡੀਆ ਐਸੋਸੀਏਸ਼ਨ ਅਤੇ ਰਾਇਲ ਸੈਂਟਰਲ ਏਸ਼ੀਅਨ ਸੁਸਾਇਟੀ ਵੱਲੋਂ ਸਾਂਝੇ ਤੌਰ ’ਤੇ ਆਯੋਜਿਤ ਮੀਟਿੰਗ ਹੋ ਰਹੀ ਸੀ, ਊਧਮ ਸਿੰਘ ਨੇ ਆਪਣੀ ਪਿਸਤੌਲ ਤੋਂ ਮਾਈਕਲ ਓਡਵਾਇਰ ਉੱਤੇ, ਜੋ ਅੰਮ੍ਰਿਤਸਰ ਦੇ ਖ਼ੂਨੀ ਸਾਕੇ ਸਮੇਂ ਪੰਜਾਬ ਦਾ ਗਵਰਨਰ ਸੀ, ਪੰਜ-ਛੇ ਗੋਲ਼ੀਆਂ ਚਲਾਈਆਂ। ਓਡਵਾਇਰ ਦੇ ਦੋ ਗੋਲ਼ੀਆਂ ਲੱਗੀਆਂ ਤੇ ਜ਼ਮੀਨ ’ਤੇ ਡਿੱਗਦੇ ਸਾਰ ਹੀ ਮੌਤ ਦਾ ਸ਼ਿਕਾਰ ਹੋ ਗਿਆ। ਇਸ ਮੌਕੇ ਮੀਟਿੰਗ ਦੀ ਪ੍ਰਧਾਨਗੀ ਕਰ ਰਿਹਾ ਭਾਰਤ ਲਈ ਵਿਦੇਸ਼ ਵਿਭਾਗ ਦਾ ਮੁਖੀ ਲਾਰਡ ਜੈੱਟਲੈਂਡ ਵੀ ਜ਼ਖ਼ਮੀ ਹੋਇਆ। ਊਧਮ ਸਿੰਘ ਨੂੰ ਤੁਰੰਤ ਪਿਸਤੌਲ ਸਮੇਤ ਫੜ੍ਹ ਲਿਆ ਗਿਆ। ਦਰਅਸਲ ਊਧਮ ਸਿੰਘ ਨੇ ਉੱਥੋਂ ਫ਼ਰਾਰ ਹੋਣ ਦਾ ਕੋਈ ਯਤਨ ਨਹੀਂ ਕੀਤਾ ਸਗੋਂ ਉਹ ਲਗਾਤਾਰ ਇਹੋ ਕਹਿੰਦਾ ਰਿਹਾ ਕਿ ਉਸਨੇ ਆਪਣੇ ਦੇਸ਼ ਵੱਲੋਂ ਲਗਾਈ ਗਈ ਸੇਵਾ ਪੂਰੀ ਕਰ ਦਿੱਤੀ ਹੈ।

ਊਧਮ ਸਿੰਘ ਵੱਲੋਂ ਮਾਈਕਲ ਓਡਵਾਇਰ ਦੇ ਕਤਲ ਨੂੰ ਵਿਸ਼ਵ ਪੱਧਰ ਦੀਆਂ ਅਖ਼ਬਾਰਾਂ ਨੇ ਵੱਖ-ਵੱਖ ਅੰਦਾਜ਼ ਵਿੱਚ ਪ੍ਰਕਾਸ਼ਿਤ ਕੀਤਾ। ਲੰਡਨ ਤੋਂ ਪ੍ਰਕਾਸ਼ਿਤ ਹੁੰਦੇ ਅਖ਼ਬਾਰ ‘ਦੀ ਟਾਈਮਜ਼ ਆਫ ਲੰਡਨ’ ਨੇ ਊਧਮ ਸਿੰਘ ਨੂੰ ‘ਆਜ਼ਾਦੀ ਦਾ ਲੜਾਕਾ’ ਅਤੇ ਉਸ ਦੇ ਕਾਰਨਾਮੇ ਨੂੰ ਗੁਲਾਮ ਭਾਰਤੀਆਂ ਦੇ ਦੱਬੇ ਗੁੱਸੇ ਦਾ ਇਜ਼ਹਾਰ ਦੱਸਿਆ।

ਉਧਰ ਇਸ ਸਬੰਧ ’ਚ ਜਰਮਨ ਰੇਡੀਓ ਤੋਂ ਵਾਰ-ਵਾਰ ਇਹੋ ਨਸ਼ਰ ਹੁੰਦਾ ਰਿਹਾ ਕਿ ਹਾਥੀਆਂ ਦੀ ਤਰ੍ਹਾਂ ਭਾਰਤੀ ਆਪਣੇ ਦੁਸ਼ਮਣਾਂ ਨੂੰ ਕਦੇ ਵੀ ਮੁਆਫ਼ ਨਹੀਂ ਕਰਦੇ। ਉਹ ਵੀਹ ਸਾਲ ਤੋਂ ਲੰਮੇ ਵਕਫੇ ਬਾਅਦ ਵੀ ਉਹਨਾਂ ਨੂੰ ਮਾਰ ਮੁਕਾਉਂਦੇ ਹਨ। ਇਸ ਦੌਰਾਨ ਪੰਡਤ ਜਵਾਹਰ ਲਾਲ ਨਹਿਰੂ ਅਤੇ ਮਹਾਤਮਾ ਗਾਂਧੀ ਵਰਗੇ ਆਗੂਆਂ ਨੇ ਇਸਦੀ ਨਿੰਦਾ ਕੀਤੀ, ਜਦ ਕਿ ਸੁਭਾਸ਼ ਚੰਦਰ ਬੋਸ ਨੇ ਊਧਮ ਸਿੰਘ ਦੇ ਕਾਰਨਾਮੇ ਦੀ ਪ੍ਰਸ਼ੰਸਾ ਕੀਤੀ।

ਊਧਮ ਸਿੰਘ ਦੀ ਸੂਰਮਗਤੀ ਵਾਲੀ ਦ੍ਰਿੜ੍ਹਤਾ ਇਸ ਗੱਲੋਂ ਹੀ ਪ੍ਰਮਾਣਿਤ ਹੁੰਦੀ ਹੈ ਕਿ ਉਸ ਨੇ ਮਾਈਕਲ ਓਡਵਾਇਰ ਦਾ ਕਤਲ ਕਰਨ ਮਗਰੋਂ ਆਪਣਾ ਜੁਰਮ ਕਬੂਲ ਕਰ ਕੇ ਖ਼ੁਦ ਨੂੰ ਕਾਨੂੰਨ ਦੇ ਹਵਾਲੇ ਕਰ ਦਿੱਤਾ ਤੇ (**ਬਾਕੀ ਸਫ਼ਾ 30 ’ਤੇ**)

## ਅਜਬ-ਗਜ਼ਬ ਦੁਨੀਆਂ

# ਭਾਰਤ ਦਾ ਅਜੀਬ ਬੀਚ, ਜਿੱਥੇ ਸਮੁੰਦਰ ਖੇਡਦੈ ਲੁਕਣ- ਮੀਟੀ ਦੀ ਖੇਡ

ਭਾਰਤ ਇੱਕ ਅਜਿਹਾ ਦੇਸ਼ ਹੈ, ਜਿੱਥੇ ਸੱਭਿਆਚਾਰ ਦੀ ਵਿਭਿੰਨਤਾ ਨਾ ਸਿਰਫ਼ ਸਾਰੀਆਂ ਥਾਂਵਾਂ 'ਤੇ ਪਾਈ ਜਾਂਦੀ ਹੈ, ਸਗੋਂ ਕਈ ਅਜਿਹੀਆਂ ਵਿਲੱਖਣ ਥਾਂਵਾਂ ਵੀ ਹਨ, ਜਿੱਥੇ ਅਜਿਹੇ ਅਨੁਭਵ ਹੁੰਦੇ ਹਨ, ਜਿਨ੍ਹਾਂ ਨੂੰ ਲੋਕ ਸਾਰੀ ਉਮਰ ਨਹੀਂ ਭੁੱਲ ਸਕਦੇ। ਅਜਿਹੀ ਹੀ ਇੱਕ ਥਾਂ ਹੈ ਉੜੀਸਾ ਦਾ ਚਾਂਦੀਪੁਰ ਬੀਚ। ਇਹ ਦੁਨੀਆਂ ਦੇ ਵਿਲੱਖਣ ਬੀਚਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ।ਉਡੀਸ਼ਾ ਦੇ ਬਾਲਾਸੋਰ ਜ਼ਿਲ੍ਹੇ ਵਿੱਚ ਸਥਿਤ, ਇਹ ਇੱਕ ਅਜਿਹਾ ਬੀਚ ਹੈ, ਜਿੱਥੇ ਸਮੁੰਦਰ ਦਾ ਪਾਣੀ ਲੁਕਣ-ਮੀਟੀ ਦੀ ਖੇਡ ਖੇਡਦਾ ਹੈ। ਕਈ ਵਾਰ ਤੁਸੀਂ ਪਾਣੀ ਦੇਖਦੇ ਹੋ ਅਤੇ ਕਈ ਵਾਰ ਇਹ ਪੂਰੀ ਤਰ੍ਹਾਂ ਗਾਇਬ ਹੋ ਜਾਂਦਾ ਹੈ। ਭੁਵਨੇਸ਼ਵਰ ਤੋਂ ਲਗਭਗ 200 ਕਿਲੋਮੀਟਰ ਦੂਰ ਇਸ ਬੀਚ ਨੂੰ ਹਾਈਡ ਐਂਡ ਸੀਕ ਬੀਚ ਵੀ ਕਿਹਾ ਜਾਂਦਾ ਹੈ। ਇਸ ਦੌਰਾਨ, ਕਦੇ ਤੁਹਾਨੂੰ ਪਾਣੀ ਦਿਖਾਈ ਦਿੰਦਾ ਹੈ ਅਤੇ ਕਦੇ ਗਾਇਬ ਹੋ ਜਾਂਦਾ ਹੈ।ਜੇਕਰ ਤੁਸੀਂ ਇੱਥੇ ਜ਼ਿਆਦਾ ਸਮਾਂ ਬਿਤਾਓਗੇ ਤਾਂ ਤੁਹਾਨੂੰ ਇਹ ਨਜ਼ਾਰਾ ਦੇਖਣ ਨੂੰ ਮਿਲੇਗਾ। ਕਿਹਾ ਜਾਂਦਾ ਹੈ ਕਿ ਇੱਥੇ ਹਰ ਦਿਨ ਦੋ ਵਾਰ ਇਹ ਅਜੀਬ ਕੁਦਰਤੀ ਵਰਤਾਰਾ ਵਾਪਰਦਾ ਹੈ।

ਇੱਥੇ ਰਹਿਣ ਵਾਲੇ ਲੋਕਾਂ ਲਈ ਇਹ ਇੱਕ ਆਮ ਗੱਲ ਹੈ ਪਰ ਜੋ ਵੀ ਸੈਲਾਨੀ ਇੱਥੇ ਘੁੰਮਣ ਆਉਂਦੇ ਹਨ, ਉਹ ਇਹ ਨਜ਼ਾਰਾ ਦੇਖ ਕੇ ਹੈਰਾਨ ਰਹਿ ਜਾਂਦੇ ਹਨ। ਕਿਹਾ ਜਾਂਦਾ ਹੈ ਕਿ ਅਜਿਹਾ ਸਮੁੰਦਰ ਵਿੱਚ ਆਉਣ ਵਾਲੀਆਂ ਲਹਿਰਾਂ ਕਾਰਨ ਹੁੰਦਾ ਹੈ।



ਸੈਲਾਨੀ ਇਸ ਅਦਭੁਤ ਵਰਤਾਰੇ ਨੂੰ ਦੇਖਣ ਅਤੇ ਕੈਮਰੇ 'ਚ ਕੈਦ ਕਰਨ ਲਈ ਦੂਰ-ਦੂਰ ਤੋਂ ਇੱਥੇ ਆਉਂਦੇ ਹਨ। ਚਾਂਦੀਪੁਰ ਬੀਚ ਕੈਸੁਰੀਨਾ ਦੇ ਰੁੱਖਾਂ, ਪੁਰਾਣੇ ਪਾਣੀਆਂ ਅਤੇ ਹਰੇ-ਭਰੇ ਤੱਟਵਰਤੀ ਬਨਸਪਤੀ ਨਾਲ ਘਿਰਿਆ ਹੋਇਆ ਹੈ। ਇਸ ਤੋਂ ਇਲਾਵਾ ਇੱਥੇ ਇਕ ਹੋਰ ਆਕਰਸ਼ਣ ਇਹ ਹੈ ਕਿ ਜਦੋਂ ਪਾਣੀ ਦਾ ਵਹਾਅ ਘੱਟ ਹੁੰਦਾ ਹੈ ਤਾਂ ਸਮੁੰਦਰ ਦੇ ਕੰਢੇ 'ਤੇ ਕਈ ਸਮੁੰਦਰੀ ਮੋਤੀ ਵੀ ਨਜ਼ਰ ਆਉਂਦੇ ਹਨ, ਇੰਨਾ ਹੀ ਨਹੀਂ, ਕੇਕੜੇ ਅਤੇ ਛੋਟੀਆਂ ਮੱਛੀਆਂ ਵੀ ਕਿਨਾਰੇ 'ਤੇ ਆ ਜਾਂਦੀਆਂ ਹਨ। ਇਸ ਤੋਂ ਇਲਾਵਾ ਚਾਂਦੀਪੁਰ ਦੇ ਆਲੇ-ਦੁਆਲੇ ਪੰਚਲਿੰਗੇਸ਼ਵਰ ਮੰਦਿਰ, ਨੀਲਗਿਰੀ, ਸਾਜਨਗੜ੍ਹ, ਰੇਮੁਨਾ ਅਤੇ ਭੀਤਰਕਾਨਿਕਾ ਜਿਹੀਆਂ ਥਾਂਵਾਂ ਹਨ, ਜਿੱਥੇ ਸੈਲਾਨੀ ਜਾ ਸਕਦੇ ਹਨ।

# ਕਿਸੇ ਸੈਲੀਬ੍ਰਿਟੀ ਤੋਂ ਘੱਟ ਨਹੀਂ ਹੈ ਇਹ 1 ਸਾਲ ਦਾ ਬੱਚਾ, ਹਰ ਮਹੀਨੇ ਕਮਾਉਂਦਾ ਹੈ 75 ਹਜ਼ਾਰ ਰੁਪਏ

ਦੁੱਧ ਪੀਣ ਵਾਲਾ ਇੱਕ ਸਾਲ ਦਾ ਬੱਚਾ ਕੀ ਕਰ ਸਕਦਾ ਹੈ। ਨਾ ਤਾਂ ਠੀਕ ਤਰ੍ਹਾਂ ਬੋਲ ਸਕਦਾ ਹੈ ਅਤੇ ਨਾ ਹੀ ਠੀਕ ਤਰ੍ਹਾਂ ਚੱਲ ਸਕਦਾ ਹੈ। ਪਰ ਅੱਜ ਅਸੀਂ ਤੁਹਾਨੂੰ ਇੱਕ ਅਜਿਹੇ ਬੱਚੇ ਬਾਰੇ ਦੱਸਣ ਜਾ ਰਹੇ ਹਾਂ ਜੋ ਹਰ ਮਹੀਨੇ 75 ਹਜ਼ਾਰ ਰੁਪਏ ਕਮਾਉਂਦਾ ਹੈ।ਇੰਨਾ ਹੀ ਨਹੀਂ ਇਸ ਬੱਚੇ ਨੇ ਇੱਕ ਸਾਲ ਦੀ ਉਮਰ ਵਿੱਚ ਹੀ 45 ਫਲਾਈਟਾਂ ਵਿੱਚ ਸਫਰ ਕੀਤਾ ਹੈ।



ਤੁਹਾਨੂੰ ਦੱਸ ਦੇਈਏ ਕਿ ਇਹ ਅਨੋਖਾ ਬੱਚਾ ਅਮਰੀਕਾ ਵਿੱਚ ਰਹਿੰਦਾ ਹੈ। ਇਸ ਬੱਚੇ ਦਾ ਨਾਂ ਬੇਬੀ ਬ੍ਰਿਗਸ ਹੈ। ਬੇਬੀ ਬ੍ਰਿਗਸ ਦੀਆਂ ਤਸਵੀਰਾਂ ਅਤੇ ਵੀਡੀਓਜ਼, ਕਹਾਣੀ ਸੋਸ਼ਲ ਮੀਡੀਆ 'ਤੇ ਜ਼ਬਰਦਸਤ ਵਾਇਰਲ ਹੋ ਰਹੀਆਂ ਹਨ। ਸੋਸ਼ਲ ਮੀਡੀਆ 'ਤੇ ਲੋਕ ਵੱਖ-ਵੱਖ ਪ੍ਰਤੀਕਿਰਿਆਵਾਂ ਦੇ ਰਹੇ ਹਨ, ਕੁਝ ਲੋਕਾਂ ਦਾ ਕਹਿਣਾ ਹੈ ਕਿ ਜੇਕਰ ਉਹ ਇਕ ਸਾਲ ਦੀ ਉਮਰ 'ਚ 75 ਹਜ਼ਾਰ ਕਮਾ ਲੈਂਦਾ ਹੈ ਤਾਂ ਵੱਡੇ ਹੋਣ 'ਤੇ ਉਹ ਕਿੰਨਾ ਕਮਾਏਗਾ ।ਕਈ ਕਹਿੰਦੇ ਹਨ ਕਿ ਜੇ ਕੋਈ ਬੱਚਾ ਹੈ ਤਾਂ ਅਜਿਹਾ ਹੋਵੇ ਹੁਣ ਤੁਸੀਂ ਸੋਚ ਰਹੇ ਹੋਵੋਗੇ ਕਿ ਇਹ ਇੱਕ ਸਾਲ ਦਾ ਬੱਚਾ ਹਰ ਮਹੀਨੇ ਇੰਨੇ ਪੈਸੇ ਕਿਵੇਂ ਕਮਾ ਲੈਂਦਾ ਹੈ। ਦੱਸ ਦੇਈਏ ਕਿ ਇਸ ਇੱਕ ਸਾਲ ਦੇ ਬੱਚੇ ਬ੍ਰਿਗਸ ਨੇ ਇੰਨੀ ਛੋਟੀ ਉਮਰ ਵਿੱਚ 45 ਫਲਾਈਟਾਂ ਵਿੱਚ ਸਫਰ ਕੀਤਾ ਹੈ। ਉਹ ਹੁਣ ਤੱਕ ਕੈਲੀਫੋਰਨੀਆ, ਅਲਾਸਕਾ, ਫਲੋਰੀਡਾ, ਇਡਾਹੋ, ਉਟਾਹ (**ਬਾਕੀ ਸਫ਼ਾ 31 'ਤੇ**)

# ਆਸਟ੍ਰੇਲੀਆ ਦੇ ਬੀਚ 'ਤੇ ਮਿਲੀ ਰਹੱਸਮਈ ਚੀਜ਼



ਆਸਟ੍ਰੇਲੀਆ ਦੇ ਬੀਚ 'ਤੇ ਅਜਿਹੀ ਅਜੀਬ ਚੀਜ਼ ਦੇਖਣ ਨੂੰ ਮਿਲੀ ਹੈ, ਜਿਸ ਨੂੰ ਦੇਖ ਕੇ ਹਰ ਕੋਈ ਹੈਰਾਨ ਹੈ। ਇਹ ਰਹੱਸਮਈ ਚੀਜ਼ ਧਾਤ ਦੀ ਬਣੀ ਹੋਈ ਸੀ, ਜਿਸ ਦੀ ਸ਼ਕਲ ਬੇਲਨਾਕਾਰ ਸੀ ਅਤੇ ਇਹ ਲਗਭਗ 2 ਮੀਟਰ ਸੀ। ਇਹ ਇੰਨਾ ਅਜੀਬ ਸੀ ਕਿ ਇਸ ਨੂੰ ਦੇਖ ਕੇ ਆਸਟ੍ਰੇਲੀਆਈ ਪੁਲਿਸ ਵੀ ਹੈਰਾਨ ਰਹਿ ਗਈ। ਪੁਲਿਸ ਨੇ ਆਪਣੇ ਸ਼ੁਰੂਆਤੀ ਬਿਆਨ 'ਚ ਕਿਹਾ ਕਿ ਇਸ ਦੀ ਜਾਂਚ ਲਈ ਫੌਜ ਨਾਲ ਸੰਪਰਕ ਕੀਤਾ ਜਾ ਰਿਹਾ ਹੈ।

ਜਦੋਂ ਤਸਵੀਰਾਂ ਸਾਹਮਣੇ ਆਈਆਂ ਤਾਂ ਅੰਦਾਜ਼ਾ ਲਗਾਇਆ ਜਾ ਰਿਹਾ ਹੈ ਕਿ ਇਹ ਕਿਸੇ ਪੁਲਾੜ ਯਾਨ ਦੇ ਰਾਕੇਟ ਦਾ ਮਲਬਾ ਹੋ ਸਕਦਾ ਹੈ। ਇਹ ਸਪੱਸ਼ਟ ਨਹੀਂ ਹੈ ਪਰ ਇਹ ਅੰਦਾਜ਼ਾ ਵੀ ਲਗਾਇਆ ਜਾ ਰਿਹਾ ਹੈ ਕਿ ਇਹ ਭਾਰਤ ਤੋਂ ਕਿਸੇ ਪੁਰਾਣੇ ਪੀਐਸਐਲਵੀ ਲਾਂਚ ਦਾ ਇੱਕ ਬਿਤਾਇਆ ਪੜਾਅ ਹੋ ਸਕਦਾ ਹੈ ਜਾਂ ਚੰਦਰਯਾਨ 3 ਨੂੰ ਛੱਡਣ ਵਾਲੇ ਰਾਕੇਟ ਦਾ ਮਲਬਾ ਹੋ ਸਕਦਾ ਹੈ। ਹਾਲਾਂਕਿ ਇਸ ਤਰ੍ਹਾਂ ਦੀ ਕਿਸੇ ਵੀ ਗੱਲ ਦੀ ਪੁਸ਼ਟੀ ਨਹੀਂ ਹੋਈ ਹੈ।

ਏਜੰਸੀ ਨੇ ਟਵੀਟ ਕੀਤਾ, "ਅਸੀਂ ਇਸ ਸਮੇਂ ਪੱਛਮੀ ਆਸਟ੍ਰੇਲੀਆ ਦੇ ਜੂਰਿਅਨ ਬੇ ਦੇ ਕੋਲ ਬੀਚ 'ਤੇ ਮਿਲੀ ਇਸ ਵਸਤੂ ਬਾਰੇ ਪੁੱਛਗਿੱਛ ਕਰ ਰਹੇ ਹਾਂ। ਇਸ ਨੂੰ ਏਲੀਅਨ ਸਪੇਸ ਲਾਂਚ ਵਹੀਕਲ ਨਾਲ ਜੋੜਿਆ ਜਾ ਸਕਦਾ ਹੈ। ਅਸੀਂ ਗਲੋਬਲ ਹਮਰੁਤਬਾ ਦੇ ਸੰਪਰਕ ਵਿੱਚ ਹਾਂ ਜੋ ਹੋਰ ਜਾਣਕਾਰੀ ਪ੍ਰਦਾਨ ਕਰਨ ਦੇ ਯੋਗ ਹੋ ਸਕਦੇ ਹਨ।

### ਲੋਕਾਂ ਨੂੰ ਰਹੱਸਮਈ ਵਸਤੂਆਂ ਤੋਂ ਦੂਰ ਰਹਿਣ ਦੀ ਸਲਾਹ

ਏਜੰਸੀ ਨੇ ਸਥਾਨਕ ਲੋਕਾਂ ਨੂੰ ਵਸਤੂ ਤੋਂ ਦੂਰੀ ਬਣਾਈ ਰੱਖਣ ਲਈ ਕਿਹਾ। ਏਜੰਸੀ ਦੇ ਅਨੁਸਾਰ, ਕਿਉਂਕਿ ਵਸਤੂ ਦਾ ਮੂਲ ਅਣਜਾਣ ਹੈ, ਭਾਈਚਾਰੇ ਨੂੰ ਵਸਤੂ ਨੂੰ ਸੰਭਾਲਣ ਜਾਂ ਹਿਲਾਉਣ ਦੀ ਕੋਸ਼ਿਸ਼ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਆਸਟ੍ਰੇਲੀਅਨ ਪੁਲਾੜ ਏਜੰਸੀ ਨੇ ਇਹ ਵੀ ਕਿਹਾ ਕਿ ਜੇਕਰ ਆਸਟ੍ਰੇਲੀਅਨ ਕੋਈ ਹੋਰ ਸ਼ੱਕੀ ਮਲਬਾ ਦੇਖਦੇ ਹਨ, ਤਾਂ ਉਨ੍ਹਾਂ ਨੂੰ ਸਥਾਨਕ ਅਧਿਕਾਰੀਆਂ ਅਤੇ ਆਸਟ੍ਰੇਲੀਅਨ ਪੁਲਾੜ ਏਜੰਸੀ ਨੂੰ ਇਸ ਦੀ ਸੂਚਨਾ ਦੇਣੀ ਚਾਹੀਦੀ ਹੈ।




# TRANS-ALLIANCE
TOGETHER WE SAVE

## FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

TA PETRO TA EXPRESS AMBEST Love's

## FUEL CARDS
NO CREDIT - NO PROBLEM
BEST CUSTOMER SERVICE

QUIKQ wex




FLEET ONE FACTORING

WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN
WE SHOW UP
24-HOUR ROADSIDE ASSISTANCE

ROAD SQUAD

## TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

TA TRUCK SERVICE

## FUEL MANAGEMENT
DAILY FUEL RATES IN PHONE APP

CALL FOR MORE INFO

## (855)641-6955, (888)795-7035






- ਦੁਨੀਆਂ ਦੀ ਪੰਜਵੀਂ ਉਭਰਦੀ ਅਰਥਵਿਵਸਥਾ ਵਾਲੇ ਭਾਰਤ 'ਚ ਲੱਖਾਂ ਬੱਚੇ ਮਜ਼ਦੂਰ ਬਣਨ ਲਈ ਮਜਬੂਰ
- ਗ਼ਰੀਬੀ, ਬੇਰੁਜ਼ਗਾਰੀ ਅਤੇ ਘੱਟ ਉਜਰਤਾਂ ਦਾ ਇੱਕ ਦੁਸ਼ਟ ਚੱਕਰ ਹੈ ਬਾਲ ਮਜ਼ਦੂਰੀ
- ਆਪਣੇ ਪਰਿਵਾਰ ਨੂੰ ਪਾਲਣ ਵਾਲੇ 'ਵੱਡੇ ਵਿਅਕਤੀ' ਹੁੰਦੇ ਹਨ ਦੁਕਾਨਾਂ 'ਤੇ ਕੰਮ ਕਰਦੇ 'ਛੋਟੂ'



# ਬਾਲ ਮਜ਼ਦੂਰੀ ਦੀ ਚੱਕੀ ਵਿੱਚ ਪੀਸਿਆ ਜਾ ਰਿਹਾ ਬਚਪਨ

ਕਿਸੇ ਵੀ ਦੇਸ਼ ਦਾ ਉੱਜਵਲ ਭਵਿੱਖ ਉਸ ਦੇਸ਼ ਦੇ ਨੌਜਵਾਨਾਂ ਦੁਆਰਾ ਬਣਾਇਆ ਜਾਂਦਾ ਹੈ। ਇਹ ਉਹ ਥੰਮ ਹਨ ਜਿਨ੍ਹਾਂ 'ਤੇ ਮਜ਼ਬੂਤ ਦੇਸ਼ ਦੀ ਨੀਂਹ ਰੱਖੀ ਜਾਂਦੀ ਹੈ। ਇਹ ਸਾਡੇ ਲਈ ਮਾਣ ਵਾਲੀ ਗੱਲ ਹੈ ਕਿ ਭਾਰਤ ਨੌਜਵਾਨਾਂ ਦਾ ਦੇਸ਼ ਹੈ। ਜੇਕਰ ਅਸੀਂ ਬਚਪਨ ਅਤੇ ਜਵਾਨੀ ਵਿੱਚ ਸਹੀ ਸੰਤੁਲਨ ਕਾਇਮ ਕਰਦੇ ਹਾਂ, ਤਾਂ ਯਕੀਨਨ ਵਿਸ਼ਵਵਿਆਪੀ ਸਫਲਤਾ ਦੀ ਕਮਾਨ ਆਉਣ ਵਾਲੇ ਸਮੇਂ ਵਿੱਚ ਭਾਰਤ ਦੇ ਹੱਥਾਂ ਵਿੱਚ ਹੋਵੇਗੀ। ਵਿਡੰਬਨਾ ਇਹ ਹੈ ਕਿ ਭਾਵੇਂ ਦੇਸ਼ ਦੀ ਸ਼ਕਤੀ ਦਾ ਵੱਡਾ ਹਿੱਸਾ ਬੱਚਿਆਂ ਦੁਆਰਾ ਪੈਦਾ ਕੀਤਾ ਜਾਂਦਾ ਹੈ, ਪਰ ਉਨ੍ਹਾਂ ਦੀ ਸ਼ਕਤੀ ਅਤੇ ਸਮਰੱਥਾ ਨੂੰ ਬਚਪਨ ਵਿੱਚ ਬਾਲ ਮਜ਼ਦੂਰੀ ਦੇ ਰੂਪ ਵਿੱਚ ਬੇਲੋੜਾ ਤਬਾਹ ਕੀਤਾ ਜਾ ਰਿਹਾ ਹੈ।

ਬਾਲ ਮਜ਼ਦੂਰੀ ਇੱਕ ਅਜਿਹਾ ਸਰਾਪ ਹੈ ਜੋ ਬੱਚਿਆਂ ਤੋਂ ਸਿੱਖਿਆ, ਆਜ਼ਾਦੀ, ਸਿਹਤ ਵਰਗੀਆਂ ਬੁਨਿਆਦੀ ਲੋੜਾਂ ਨੂੰ ਖੋਹ ਲੈਂਦਾ ਹੈ। ਜੋ ਕਿ ਉਸ ਬੱਚੇ ਦੀ ਹੀ ਨਹੀਂ ਸਗੋਂ ਸਮੁੱਚੀ ਕੌਮ ਦੀ ਤਰੱਕੀ ਦੇ ਰਾਹ ਵਿੱਚ ਇੱਕ ਵੱਡੀ ਰੁਕਾਵਟ ਜਾਪਦੀ ਹੈ।

ਇੱਕ ਪਾਸੇ ਅਸੀਂ ਦੁਨੀਆਂ ਦੀ ਪੰਜਵੀਂ ਉਭਰਦੀ ਅਰਥਵਿਵਸਥਾ ਬਣਨ ਦਾ ਜਸ਼ਨ ਮਨਾ ਰਹੇ ਹਾਂ, ਦੂਜੇ ਪਾਸੇ ਲੱਖਾਂ ਬੱਚੇ ਅਜੇ ਵੀ ਮਜ਼ਦੂਰ ਬਣਨ ਲਈ ਮਜਬੂਰ ਹੋ ਰਹੇ ਹਨ।

ਲੋਕਾਂ ਦੇ ਸਮਾਜਿਕ-ਆਰਥਿਕ ਪੱਧਰ 'ਤੇ ਦਿਨ-ਬ-ਦਿਨ ਆ ਰਿਹਾ ਬਦਲਾਅ ਅਰਥਚਾਰੇ ਦੇ ਵਿਕਾਸ ਦੀ ਕਹਾਣੀ ਲਿਖ ਰਿਹਾ ਹੈ, ਪਰ ਜੇਕਰ ਅੰਕੜਿਆਂ 'ਤੇ ਨਜ਼ਰ ਮਾਰੀਏ ਤਾਂ ਦੇਸ਼ 'ਚ ਇਕ ਕਰੋੜ ਤੋਂ ਵੱਧ ਬਾਲ ਮਜ਼ਦੂਰ ਬੁਨਿਆਦੀ ਲੋੜਾਂ ਤੋਂ ਵੀ ਦੂਰ ਹਨ। ਸਮਾਜ ਅਤੇ ਸਰਕਾਰ ਦੋਵਾਂ ਨੂੰ ਬਾਲ ਮਜ਼ਦੂਰੀ ਦੇ ਕਾਰਨਾਂ ਬਾਰੇ ਸੋਚਣ ਦੀ ਲੋੜ ਹੈ।




ਭਾਵੇਂ ਬਾਲ ਮਜ਼ਦੂਰੀ ਸਿਰਫ਼ ਭਾਰਤ ਹੀ ਨਹੀਂ ਸਗੋਂ ਪੂਰੇ ਵਿਸ਼ਵ ਦੀ ਸਮੱਸਿਆ ਹੈ, ਇਸੇ ਲਈ ਸੰਯੁਕਤ ਰਾਸ਼ਟਰ ਮਹਾਸਭਾ ਨੇ 1979 ਵਿੱਚ ਬਾਲ ਮਜ਼ਦੂਰੀ ਵਿਰੁੱਧ ਮਤਾ ਪਾਸ ਕੀਤਾ ਸੀ, ਜਿਸ ਨੂੰ ਧਿਆਨ ਵਿੱਚ ਰੱਖਦਿਆਂ ਭਾਰਤ ਸਰਕਾਰ ਨੇ ਬਾਲ ਮਜ਼ਦੂਰੀ ਰੋਕੂ ਅਤੇ ਰੈਗੂਲੇਸ਼ਨ ਐਕਟ 1986 ਬਣਾਇਆ ਸੀ।

ਇਸ ਕਾਨੂੰਨ ਅਨੁਸਾਰ ਬਾਲ ਮਜ਼ਦੂਰੀ ਦਾ ਮਤਲਬ ਹੈ ਉਹ ਮਜ਼ਦੂਰੀ ਜੋ 14 ਸਾਲ ਜਾਂ ਇਸ ਤੋਂ ਘੱਟ ਉਮਰ ਦੇ ਬੱਚੇ ਤੋਂ ਉਸਦੀ ਇੱਛਾ ਦੇ ਵਿਰੁੱਧ ਲਈ ਜਾਂਦੀ ਹੈ। ਇੰਟਰਨੈਸ਼ਨਲ ਲੇਬਰ ਆਰਗੇਨਾਈਜ਼ੇਸ਼ਨ ਨੇ ਬਾਲ ਮਜ਼ਦੂਰੀ ਬਾਰੇ ਆਪਣੀ ਇੱਕ ਰਿਪੋਰਟ ਵਿੱਚ ਬਾਲ ਮਜ਼ਦੂਰੀ ਨੂੰ ਪਰਿਭਾਸ਼ਿਤ ਕੀਤਾ ਹੈ, ਜਿਸ ਅਨੁਸਾਰ ਇਹ ਕਿਸ਼ੋਰ ਉਹ ਨਹੀਂ ਹਨ ਜੋ ਆਪਣੇ ਖਰਚੇ ਲਈ ਕੰਮ ਕਰਨ ਲਈ ਖੇਡਣ ਅਤੇ ਪੜ੍ਹਾਈ ਤੋਂ ਦਿਨ ਵਿੱਚ ਕੁਝ ਘੰਟੇ ਕੱਢਦੇ ਹਨ। ਪਰਿਵਾਰ ਦੀ ਜ਼ਮੀਨ 'ਤੇ ਖੇਤੀ ਕਰਨ ਜਾਂ ਘਰ ਦੇ ਕੰਮਾਂ 'ਚ ਮਦਦ ਕਰਨ ਵਾਲੇ ਬੱਚੇ ਹੀ ਨਹੀਂ ਸਗੋਂ ਮਾਸੂਮ ਹੀ ਹਨ ਜੋ ਵੱਡਿਆਂ ਦੀ ਜ਼ਿੰਦਗੀ ਜਿਊਣ ਲਈ ਮਜਬੂਰ ਹਨ।



ਬੇਸ਼ੱਕ ਅੱਜ ਦੀ ਨੌਜਵਾਨ ਪੀੜ੍ਹੀ ਤਰੱਕੀ ਦੀਆਂ ਕਈ ਮੰਜ਼ਿਲਾਂ ਪਾਰ ਕਰ ਚੁੱਕੀ ਹੈ, ਕਈ ਨਵੇਂ ਰਿਕਾਰਡ ਬਣਾਉਣ ਵਿੱਚ ਲੱਗੀ ਹੋਈ ਹੈ, ਪਰ ਵਿਡੰਬਨਾ ਇਹ ਹੈ ਕਿ ਬਚਪਣ ਬਾਲ ਮਜ਼ਦੂਰੀ ਦੀ ਚੱਕੀ ਵਿੱਚ ਪਿਸਿਆ ਜਾ ਰਿਹਾ ਹੈ। ਅੱਜ ਵੀ ਬਾਲ ਮਜ਼ਦੂਰੀ ਲਈ ਸ਼ੋਸ਼ਣ ਅਤੇ ਬੇਇਨਸਾਫ਼ੀ ਦੀਆਂ ਕਈ ਚਿੰਤਾਜਨਕ ਕਹਾਣੀਆਂ ਦੁਹਰਾਈਆਂ ਜਾ ਰਹੀਆਂ ਹਨ। ਉਨ੍ਹਾਂ ਨੂੰ ਅਜਿਹਾ ਕੰਮ ਕਰਨ ਲਈ ਕਿਹਾ ਜਾ ਰਿਹਾ ਹੈ ਜੋ ਉਨ੍ਹਾਂ ਦੀ ਸਿਹਤ ਅਤੇ ਆਜ਼ਾਦੀ ਲਈ ਖਤਰਾ ਪੈਦਾ ਕਰ ਰਿਹਾ ਹੈ। ਉਨ੍ਹਾਂ ਨੂੰ ਅਜਿਹੇ ਉਦਯੋਗਾਂ ਵਿੱਚ ਸੁੱਟਿਆ ਜਾ ਰਿਹਾ ਹੈ ਜਿਸ ਨਾਲ ਉਨ੍ਹਾਂ ਦੀ ਜਾਨ ਨੂੰ ਖ਼ਤਰਾ ਬਣਿਆ ਹੋਇਆ ਹੈ।

ਹਾਲਾਂ ਕਿ ਪਿਛਲੇ ਕੁਝ ਸਾਲਾਂ ਤੋਂ ਬਾਲ ਮਜ਼ਦੂਰੀ ਦੀ ਦਰ ਵਿੱਚ ਕਮੀ ਦੇਖੀ ਗਈ ਹੈ। ਸਮਾਜ ਵਿੱਚ ਜਾਗਰੂਕਤਾ ਅਤੇ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਵੱਖ-ਵੱਖ ਮੁਹਿੰਮਾਂ ਅਤੇ ਸਕੀਮਾਂ ਦਾ ਅਸਰ ਸਮਾਜ ਵਿੱਚ ਆਪਣਾ ਪ੍ਰਭਾਵ ਛੱਡ ਰਿਹਾ ਹੈ। ਇਸ ਦੇ ਬਾਵਜੂਦ ਬੱਚਿਆਂ ਨੂੰ ਅਜੇ ਵੀ ਕਈ ਔਖੇ ਕੰਮਾਂ ਜਿਵੇਂ ਬੰਧੂਆ ਮਜ਼ਦੂਰੀ, ਬਾਲ ਸੈਨਿਕ, ਬੀੜੀ ਬਣਾਉਣਾ, ਗਲੀਚੇ ਬਣਾਉਣਾ, ਚੂੜੀਆਂ, ਗਲਾਸ, ਤਾਲਾ, ਪਿੱਤਲ, ਪਟਾਕੇ ਚਲਾਉਣਾ, ਇੱਟਾਂ ਦੇ ਭੱਠਿਆਂ ਵਿੱਚ ਕੰਮ ਕਰਨਾ, ਗਲੀਚਿਆਂ ਬੁਣਨਾ, ਕੱਪੜੇ ਤਿਆਰ ਕਰਨਾ, ਘਰੇਲੂ ਕੰਮ ਆਦਿ ਵਿੱਚ ਰੁਜ਼ਗਾਰ ਦਿੱਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਕੇਟਰਿੰਗ ਸੇਵਾਵਾਂ (ਜਿਵੇਂ ਕਿ ਚਾਹ ਦੀ ਦੁਕਾਨ 'ਤੇ), ਖੇਤੀ ਕਰਨਾ, ਮੱਛੀਆਂ ਫੜਨਾ ਅਤੇ ਖਾਣਾਂ ਵਿੱਚ ਕੰਮ ਕਰਨਾ ਆਦਿ ਵਿੱਚ ਵੀ ਬਾਲ ਮਜ਼ਦੂਰੀ ਕਰਵਾਈ ਜਾ ਰਹੀ ਹੈ।

ਇੰਨਾ ਹੀ ਨਹੀਂ, ਇਨ੍ਹਾਂ ਜੋਖਿਮ ਭਰੇ ਕੰਮਾਂ ਵਿੱਚ ਉਨ੍ਹਾਂ ਦੇ ਕੰਮ ਦੇ ਘੰਟੇ ਵੀ ਤੈਅ ਨਹੀਂ ਕੀਤੇ ਜਾਂਦੇ ਅਤੇ ਨਾ ਹੀ ਕੋਈ ਮਿਹਨਤਾਨਾ ਤੈਅ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ, ਬੱਚਿਆਂ ਨੂੰ ਜਿਨਸੀ ਸ਼ੋਸ਼ਣ ਅਤੇ ਔਨਲਾਈਨ ਅਤੇ ਹੋਰ ਬਾਲ ਪੋਰਨੋਗ੍ਰਾਫੀ ਦੇ ਐਕਸਪੋਜਰ ਸਮੇਤ, ਸ਼ੋਸ਼ਣ ਦੇ ਹੋਰ ਰੂਪਾਂ ਦਾ ਖਤਰਾ ਹੈ।

2011 ਦੀ ਮਰਦਮਸ਼ੁਮਾਰੀ ਦੇ ਅੰਕੜਿਆਂ ਅਨੁਸਾਰ ਭਾਰਤ ਵਿੱਚ 8.4 ਕਰੋੜ ਬੱਚੇ ਸਕੂਲ ਨਹੀਂ ਜਾਂਦੇ ਅਤੇ 78 ਲੱਖ ਬੱਚੇ ਬਾਲ ਮਜ਼ਦੂਰੀ ਕਰਨ ਲਈ ਮਜਬੂਰ ਹਨ।

ਬਾਲ ਮਜ਼ਦੂਰੀ ਗਰੀਬੀ, ਬੇਰੁਜ਼ਗਾਰੀ ਅਤੇ ਘੱਟ ਉਜਰਤਾਂ ਦਾ ਇੱਕ ਦੁਸ਼ਟ ਚੱਕਰ ਹੈ। ਜਿਸ ਤੋਂ ਬੱਚਿਆਂ ਦਾ ਨਿਕਲਣਾ ਬਹੁਤ ਮੁਸ਼ਕਿਲ ਹੋ ਜਾਂਦਾ ਹੈ। ਇੰਝ ਲੱਗਦਾ ਹੈ ਜਿਵੇਂ ਸਮਾਜਿਕ, ਆਰਥਿਕ ਅਤੇ ਵਿੱਦਿਅਕ ਵਿਕਾਸ ਦੇ ਦਰਵਾਜ਼ੇ ਉਨ੍ਹਾਂ ਲਈ ਬੰਦ ਹੋ ਗਏ ਹਨ। ਅਕਸਰ ਅਜਿਹੀ ਗਿਣਤੀ ਬਹੁਤ ਘੱਟ ਹੁੰਦੀ ਹੈ ਜਦੋਂ ਕੋਈ ਵਿਅਕਤੀ ਬਾਲ ਮਜ਼ਦੂਰੀ ਨਾਲ ਸੰਘਰਸ਼ ਕਰਨ ਤੋਂ ਬਾਅਦ ਤਰੱਕੀ ਦੀ ਕਹਾਣੀ ਲਿਖਣ ਵਿੱਚ ਸਫਲ ਹੁੰਦਾ ਹੈ। ਬਚਪਨ ਨੂੰ ਬਾਲ ਮਜ਼ਦੂਰੀ ਦੀ ਚੱਕੀ ਵਿੱਚ ਪਿਸਣ ਤੋਂ ਬਚਾਉਣ ਲਈ ਸਾਨੂੰ ਅਜੋਕੇ ਦੌਰ ਵਿੱਚ ਜਿੰਨਾ ਉਪਰਾਲਾ ਕੀਤਾ ਜਾ ਰਿਹਾ ਹੈ, ਉਸ ਤੋਂ ਵੀ ਵੱਧ ਉਪਰਾਲੇ ਕਰਨੇ ਪੈਣਗੇ।



ਸਾਨੂੰ ਅਜਿਹੇ ਉਪਰਾਲੇ ਕਰਨੇ ਪੈਣਗੇ ਜਿਸ ਨਾਲ ਬਚਪਨ ਦੀ ਤਾਕਤ ਅਤੇ ਸ਼ਕਤੀ ਨੂੰ ਸੰਤੁਲਿਤ ਦਿਸ਼ਾ ਦਿੱਤੀ ਜਾ ਸਕੇ। ਸਾਨੂੰ ਭਾਰਤ ਵਿੱਚ ਆਰਥਿਕ ਤੌਰ 'ਤੇ ਸਭ ਤੋਂ ਵਧੀਆ ਲਿਆਉਣ ਲਈ ਭਵਿੱਖ ਦੀ ਨੌਜਵਾਨ ਸ਼ਕਤੀ ਨੂੰ ਸੁਰੱਖਿਅਤ ਰੱਖਣਾ ਹੋਵੇਗਾ। ਲੋਕਾਂ ਦੇ ਪਰਿਵਾਰਾਂ ਦੀ ਆਰਥਿਕ ਸਥਿਤੀ ਨੂੰ ਸੁਧਾਰਨ ਅਤੇ (ਬਾਕੀ ਸਫ਼ਾ 31 'ਤੇ)



## ਬਾਲ ਮਜ਼ਦੂਰੀ ਦਾ 12 ਪ੍ਰਤੀਸ਼ਤ ਹਿੱਸਾ ਇਕੱਲੇ ਭਾਰਤ ਵਿੱਚ : ਯੂਨੀਸੇਫ




ਯੂਨੀਸੇਫ ਦੇ ਅਨੁਸਾਰ, ਵਿਸ਼ਵ ਵਿੱਚ ਕੁੱਲ ਬਾਲ ਮਜ਼ਦੂਰੀ ਦਾ 12 ਪ੍ਰਤੀਸ਼ਤ ਹਿੱਸਾ ਇਕੱਲੇ ਭਾਰਤ ਵਿੱਚ ਹੈ। ਗੈਰ-ਸਰਕਾਰੀ ਅੰਕੜਿਆਂ ਅਨੁਸਾਰ ਭਾਰਤ ਵਿੱਚ ਲਗਭਗ 5 ਕਰੋੜ ਬਾਲ ਮਜ਼ਦੂਰ ਹਨ। ਬਾਲ ਮਜ਼ਦੂਰੀ (ਪ੍ਰਬੰਧਨ ਅਤੇ ਰੈਗੂਲੇਸ਼ਨ) ਸੋਧ ਐਕਟ 2016 ਦੇ ਅਨੁਸਾਰ- ਬਾਲ ਮਜ਼ਦੂਰੀ ਭਾਵ 14 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੇ ਰੁਜ਼ਗਾਰ 'ਤੇ ਉਨ੍ਹਾਂ ਦੇ ਪਰਿਵਾਰਾਂ ਦੁਆਰਾ ਚਲਾਏ ਜਾਣ ਵਾਲੇ ਅਦਾਰਿਆਂ ਨੂੰ ਛੱਡ ਕੇ ਸਾਰੇ ਅਦਾਰਿਆਂ ਅਤੇ ਉੱਦਮਾਂ ਵਿੱਚ ਪੂਰੀ ਤਰ੍ਹਾਂ ਪਾਬੰਦੀ ਹੈ। ਇਸ ਐਕਟ ਅਨੁਸਾਰ ਬਾਲ ਮਜ਼ਦੂਰੀ ਹੁਣ ਗਿਣਨਯੋਗ ਅਪਰਾਧ ਹੈ, ਜਿਸ ਲਈ 2 ਸਾਲ ਤੱਕ ਦੀ ਕੈਦ ਦੀ ਵਿਵਸਥਾ ਵੀ ਹੈ।

ਇੱਕ ਰਿਪੋਰਟ ਦੇ ਅਨੁਸਾਰ, 2021 ਵਿੱਚ, ਦੁਨੀਆਂ ਭਰ ਵਿੱਚ 160 ਮਿਲੀਅਨ ਬੱਚੇ ਕੋਰੋਨਾ ਦੇ ਦੌਰ ਵਿੱਚ ਬਾਲ ਮਜ਼ਦੂਰੀ ਦੀ ਲਪੇਟ ਵਿੱਚ ਸਨ। ਆਈ.ਐਲ.ਓ ਰਿਪੋਰਟ ਮੁਤਾਬਕ 2016 ਤੋਂ ਲੈ ਕੇ 5 ਤੋਂ 17 ਸਾਲ ਦੀ ਉਮਰ ਦੇ ਬੱਚਿਆਂ ਦੀ ਗਿਣਤੀ 6.5 ਕਰੋੜ ਤੋਂ ਵਧ ਕੇ 7.9 ਕਰੋੜ ਹੋ ਗਈ ਹੈ। ਬਾਲ ਮਜ਼ਦੂਰੀ ਵਿੱਚ 5 ਤੋਂ 11 ਸਾਲ ਦੀ ਉਮਰ ਦੇ ਬੱਚਿਆਂ ਦੀ ਗਿਣਤੀ ਵਿੱਚ ਮਹੱਤਵਪੂਰਨ ਵਾਧਾ ਹੋਇਆ ਹੈ।

# ਗੂੰਜ

ਕਹਾਣੀ

ਮੁਨਸ਼ੀ ਪ੍ਰੇਮਚੰਦ



ਭਾਨੂ ਚੌਧਰੀ ਪਿੰਡ ਦਾ ਸਰਪੰਚ ਸੀ। ਹਰ ਕੋਈ ਉਸ ਦਾ ਇੱਜ਼ਤ ਮਾਣ ਕਰਦਾ ਸੀ। ਥਾਣੇਦਾਰ ਉਸ ਨੂੰ ਬੈਠਣ ਲਈ ਮੂੜ੍ਹਾ ਪੇਸ਼ ਕਰਦਾ ਸੀ। ਸਰਪੰਚ ਹੋਰਾਂ ਦੀ ਪਿੰਡ ਵਿੱਚ ਇੰਨੀ ਧਾਂਕ ਸੀ ਕਿ ਉਸ ਦੀ ਮਰਜ਼ੀ ਤੋਂ ਬਿਨਾਂ ਪਿੰਡ ਵਿੱਚ ਪੱਤਾ ਨਹੀਂ ਸੀ ਹਿੱਲ ਸਕਦਾ। ਕੋਈ ਘਟਨਾ ਚਾਹੇ ਉਹ ਨੂੰਹ, ਸੱਸ ਦਾ ਝਗੜਾ ਹੋਵੇ ਜਾਂ ਕਿਸੇ ਦੀ ਜ਼ਮੀਨ ਜਾਇਦਾਦ ਦੀ ਵੰਡ ਵੰਡਾਈ ਦੀ ਗੱਲ, ਸਰਪੰਚ ਦੇ ਚਮਚੇ ਝੱਟ ਸਾਰੀ ਖਬਰ ਉਨ੍ਹਾਂ ਤੱਕ ਪਹੁੰਚਾ ਦਿੰਦੇ। ਸਰਪੰਚ ਹੋਰੀਂ ਝੱਟ ਦੇਣੀ ਮੌਕੇ 'ਤੇ ਪੁੱਛ ਪੜਤਾਲ ਕਰਦੇ। ਸਬੂਤਾਂ ਤੇ ਗਵਾਹਾਂ 'ਤੇ ਵਿਚਾਰ ਕਰ ਕੇ ਸਰਪੰਚ ਦੇ ਦਰਬਾਰ ਵਿੱਚ ਫੈਸਲਾ ਹੋ ਜਾਂਦਾ। ਹਾਂ, ਇਸ ਸਾਰੀ ਦੌੜ ਭੱਜ ਲਈ ਸਰਪੰਚ ਸਾਬ੍ਹ ਆਪਣੀ ਪੂਰੀ ਫੀਸ ਵਸੂਲ ਕਰਦੇ।

ਸਰਪੰਚ ਹੋਰਾਂ ਦੇ ਤਿੰਨ ਪੁੱਤਰ ਸਨ। ਸਭ ਤੋਂ ਵੱਡਾ 'ਬਿਤਾਨ ਚੌਧਰੀ' ਪੜ੍ਹਿਆ ਲਿਖਿਆ, ਤਜਰਬੇਕਾਰ ਨੀਤੀਵਾਨ ਸੀ। ਕਾਨੂੰਨ ਦੇ ਮਸਲੇ ਉਸ ਦੇ ਹੱਥ ਵਿੱਚ ਸਨ। ਵਿਚਲਾ ਪੁੱਤਰ 'ਸ਼ਾਨ ਚੌਧਰੀ' ਖੇਤੀਬਾੜੀ ਵਿਭਾਗ ਵਿੱਚ ਅਫਸਰ ਲੱਗਾ ਹੋਇਆ ਸੀ। ਬੇਸ਼ੱਕ ਉਸ ਦਾ ਦਿਮਾਗ ਖੁੰਢਾ ਸੀ, ਪਰ ਸਰੀਰਕ ਤੌਰ 'ਤੇ ਉਹ ਬਹੁਤ ਮਿਹਨਤੀ ਸੀ। ਤੀਜਾ ਮੁੰਡਾ 'ਗੁਮਾਨ ਚੌਧਰੀ' ਬੜਾ ਰਸੀਆ ਅਤੇ ਬੇਫਿਕਰ, ਉਜੱਡ ਕਿਸਮ ਦਾ ਬੰਦਾ ਸੀ। ਉਹ ਖੰਜਰੀ (ਇਕ ਸਾਜ਼) ਵਜਾ ਕੇ ਮਿੱਠੀ ਸੁਰ ਵਿੱਚ ਰਾਗ 'ਖਿਯਾਲ' ਗਾਉਂਦਾ ਤਾਂ ਰੰਗ ਬੱਝ ਜਾਂਦਾ। ਕਿਤੇ ਅਖਾੜਾ ਲੱਗਣਾ ਹੁੰਦਾ ਤਾਂ ਉਹ ਮੀਲਾਂ ਦੀ ਪਰਵਾਹ ਨਾ ਕਰਦਾ ਤੇ ਪੈਦਲ ਚੱਲ ਪੈਂਦਾ। ਪਿਓ ਤੇ ਭਰਾਵਾਂ ਨੇ ਉਸ ਨੂੰ ਖਰਦਿਮਾਗ ਸਮਝ ਰੱਖਿਆ ਸੀ, ਕਿਉਂਕਿ ਉਸ ਉਤੇ ਝਿੜਕ, ਧਮਕੀ, ਉਪਦੇਸ਼, ਪਿਆਰ ਜਾਂ ਬੇਨਤੀ ਦਾ ਕੋਈ ਅਸਰ ਨਹੀਂ ਸੀ ਹੁੰਦਾ। ਉਹ ਵਿਹਲੀਆਂ ਖਾਣ ਗਿੱਝ ਗਿਆ ਸੀ। ਹਾਂ, ਭਾਬੀਆਂ ਅਜੇ ਤੱਕ ਉਸ ਵੱਲੋਂ ਨਿਰਾਸ਼ ਨਹੀਂ ਸਨ ਹੋਈਆਂ। ਅਜਿਹਾ ਕੋਈ ਵਿਚਲਾ ਦਿਨ ਹੁੰਦਾ ਸੀ ਜਦੋਂ ਉਸ ਨੂੰ ਭਾਬੀਆਂ ਦੇ ਜ਼ਹਿਰੀਲੇ ਸਲੋਕ ਨਾ ਸੁਣਨੇ ਪਏ ਹੋਣ। ਇਹ ਜ਼ਹਿਰੀਲੇ ਬਾਣ ਕਦੇ-ਕਦੇ ਉਸ ਦੇ ਪੱਥਰ ਦਿਲ ਵਿੱਚ ਖੁੱਭ ਜਾਂਦੇ, ਪਰ ਉਹ ਫੱਟ ਰਾਤ ਤੋਂ ਵੱਧ ਨਾ ਰਹਿੰਦਾ। ਉਸ ਨੂੰ ਠੀਕ ਰਸਤੇ ਲਿਆਉਣ ਲਈ ਕੀ-ਕੀ ਯਤਨ ਨਹੀਂ ਕੀਤੇ ਗਏ? ਪਿਤਾ ਸਮਝਾਉਂਦਾ,ਪੁੱਤਰ, ਐਸੀ ਰਾਹ ਚੱਲ ਜਿੱਥੋਂ ਤੈਨੂੰ ਚਾਰ ਪੈਸੇ ਮਿਲਣ ਅਤੇ ਟੱਬਰ ਦਾ ਗੁਜ਼ਾਰਾ ਸੌਖਾ ਹੋਣ ਲੱਗੇ। ਭਰਾਵਾਂ ਦੇ ਆਸਰੇ ਕਦੋਂ ਤੱਕ ਰਹੇਂਗਾ? ਮੈਂ ਤਾਂ ਪੱਕਾ ਹੋਇਆ ਅੰਬ ਹਾਂ, ਪਤਾ ਨਹੀਂ ਕਦੋਂ ਟਪਕ ਜਾਵਾਂ। ਫਿਰ ਤੇਰਾ ਗੁਜ਼ਾਰਾ ਕਿਵੇਂ ਹੋਵੇਗਾ?

ਗੁਮਾਨ ਖੜਾ-ਖੜਾ ਪਿਤਾ ਦੀ ਗੱਲ ਸੁਣਦਾ, ਪਰ ਉਹ ਤਾਂ ਪੱਥਰ ਦਾ ਦੇਵਤਾ ਸੀ, ਉਸ ਉਤੇ ਕੋਈ ਅਸਰ ਨਾ ਹੁੰਦਾ। ਮੂਧੇ ਘੜੇ 'ਤੇ ਪਏ ਪਾਣੀ ਵਾਂਗੂੰ ਪਿਤਾ ਦੀ ਸਾਰੀ ਸਿੱਖਿਆ ਬੇਅਸਰ ਰਹਿੰਦੀ। ਇਸ ਭੱਦਰ ਪੁਰਸ਼ ਦੀ ਬੇਫਿਕਰੀ ਦੀ ਮਾਰ ਉਸ ਦੀ ਘਰ ਵਾਲੀ ਨੂੰ ਝੱਲਣੀ ਪੈਂਦੀ। ਘਰ ਵਿੱਚ ਮਿਹਨਤ ਦਾ ਸਾਰਾ ਕੰਮ ਉਸ ਨੂੰ ਦੇ ਦਿੱਤਾ ਜਾਂਦਾ, ਜਿਸ ਨੂੰ ਕਰਦਿਆਂ ਉਸ ਨੂੰ ਰਾਤ ਪੈ ਜਾਂਦੀ। ਉਹ ਤਨੋਂ ਮਨੋਂ ਦੁਖੀ ਹੋ ਜਾਂਦੀ। ਫਿਰ ਇਕ ਦਿਨ ਉਹ ਦੁਖੀ ਹੋਈ ਪਤੀ ਨਾਲ ਝਗੜ ਪਈ ਤੇ ਬੋਲਣਾ ਛੱਡ ਦਿੱਤਾ। ਫਿਰ ਗੁਮਾਨ ਨੂੰ ਹੋਸ਼ ਆਈ ਤੇ ਮਿਜ਼ਾਜ ਟਿਕਾਣੇ ਹੋਇਆ। ਫਿਰ ਉਹ ਪਿਤਾ ਨੂੰ ਜਾ ਕੇ ਕਹਿਣ ਲੱਗਾ, ਮੈਨੂੰ ਕੋਈ ਦੁਕਾਨ ਲੈ ਦਿਓ। ਭਾਨੂ ਚੌਧਰੀ ਨੇ ਪੈਸੇ ਖਰਚ ਕੇ ਕੱਪੜੇ ਦੀ ਦੁਕਾਨ ਖੋਲ੍ਹ ਦਿੱਤੀ। ਦੁਕਾਨ ਨੇ ਗੁਮਾਨ ਦੇ ਦਿਨ ਫੇਰ ਦਿੱਤੇ। ਉਸ ਨੇ ਵਧੀਆ-ਵਧੀਆ ਫੁੱਲਾਂ, ਰੰਗਾਂ ਤੇ ਚੋਣਾਂ ਵਾਲੇ ਕੱਪੜੇ ਅਤੇ ਵਧੀਆ ਹਲਕੇ ਰੰਗਾਂ ਦੇ ਕੁੜਤੇ ਤੇ ਸਾਫੇ ਲਿਆ ਕੇ ਦੁਕਾਨ ਵਿੱਚ ਰੱਖੇ, ਜੋ ਖੂਬ ਵਿਕ ਰਹੇ ਸਨ। ਉਸ ਨੂੰ ਲਾਭ ਹੋਣ ਲੱਗਾ ਤਾਂ ਦੁਕਾਨ ਕੁਝ ਵਿਹਲੜ ਦੋਸਤਾਂ ਲਈ ਚਰਸ ਦਾ ਸੂਟਾ ਮਾਰਨ ਅਤੇ ਖਿਆਲਾਂ ਦੀ ਤਾਨ ਛੇੜਨ ਦਾ ਅੱਡਾ ਬਣ ਗਈ।

ਚੱਲ ਝਪਟ ਰੀ, ਜਮੁਨਾ ਤੱਟ ਰੀ, ਖੜੋ ਨਟਖਟ ਰੀ ਇਸ ਤਰ੍ਹਾਂ ਪੰਜ ਸੱਤ ਮਹੀਨੇ ਚੈਨ ਨਾਲ ਬੀਤੇ ਸਨ ਕਿ ਫਿਰ ਘਰ ਵਿੱਚ ਭੰਗ ਭੁੱਜਣ ਲੱਗ ਪਈ, ਤੱਪੜ ਰੁਲ ਗਏ। ਬੁੱਢਾ ਚੌਧਰੀ ਨਿਰਾਸ਼ ਹੋਇਆ ਖੂਹ ਵਿੱਚ ਛਾਲ ਮਾਰਨ ਤੁਰ ਪਿਆ। ਨੂੰਹਾਂ ਨੇ ਬਹੁਤ ਹਾਲ-ਪਾਹਰਿਆ ਕੀਤੀ, ਚੌਧਰੀ ਮੁੜ ਪਿਆ, ਪਰ ਗੁਮਾਨ 'ਤੇ ਕੋਈ ਅਸਰ ਨਾ ਹੋਇਆ। ਉਸ ਦਾ ਰੰਗ ਢੰਗ ਨਾ ਬਦਲਿਆ। ਉਹ ਫਿਰ ਪੁਰਾਣੀ ਚਾਲ ਚੱਲਣ ਲੱਗਾ। ਕਾਨੂੰਨਦਾਨ ਭਰਾ, ਗੁਮਾਨ ਦੇ ਇਹ ਚਾਲੇ ਦੇਖ-ਦੇਖ ਸੜਦਾ, ਮੈਂ ਸਾਰਾ ਦਿਨ ਪਸੀਨਾ ਵਹਾਉਂਦਾ ਹਾਂ, ਮੈਨੂੰ ਨੈਨਸੁਖ ਦਾ ਕੁੜਤਾ ਨਸੀਬ ਨਹੀਂ। ਇਹ ਵਿਹਲੜ ਸਾਰਾ ਦਿਨ ਮੰਜਾ ਤੋੜੇ ਤੇ ਬਣ ਫੱਬ ਕੇ ਨਿਕਲਦਾ। ਸ਼ਾਨ ਚੌਧਰੀ ਦੇ ਮਨ ਵਿੱਚੋਂ ਵੀ ਕੁਝ ਅਜਿਹੇ ਹੀ ਵਿਚਾਰ ਨਿਕਲਦੇ ਸਨ। ਜਦੋਂ ਵਿਚਾਰਾਂ ਦੀ ਅੱਗ ਭੜਕ ਪਈ ਤਾਂ ਬਿਤਾਨ ਦੀ ਘਰ ਵਾਲੀ ਨੇ ਗੁੱਸੇ ਵਿੱਚ ਆ ਕੇ ਗੁਮਾਨ ਦੇ ਸਾਰੇ ਕੱਪੜੇ ਚੁੱਕ ਲਿਆਂਦੇ ਤੇ ਵਿਹੜੇ ਵਿੱਚ ਰੱਖ ਕੇ ਤੀਲੀ ਲਾ ਦਿੱਤੀ। ਗੁਮਾਨ ਰੋਣ ਲੱਗਾ। ਵੱਡੇ ਭਰਾ ਖੜੇ ਤਮਾਸ਼ਾ ਦੇਖਦੇ ਰਹੇ।

ਬੁੱਢੇ ਪਿਓ ਨੇ ਇਹ ਦ੍ਰਿਸ਼ ਦੇਖਿਆ ਤਾਂ ਸਿਰ ਪਿੱਟਣ ਲੱਗਾ। ਇਹ ਅੱਗ ਤਾਂ ਥੋੜ੍ਹੀ ਦੇਰ 'ਚ ਸ਼ਾਂਤ ਹੋ ਜਾਊ, ਪਰ ਦਿਲ ਵਿੱਚ ਜੋ ਭਾਂਬੜ ਬਲਦਾ ਸੀ, ਉਹ ਉਸੇ ਤਰ੍ਹਾਂ ਦਹਿਕ ਰਿਹਾ ਸੀ। ਆਖਰ ਬੁੱਢੇ ਚੌਧਰੀ ਨੇ ਸਾਰੇ ਟੱਬਰ ਨੂੰ ਇਕ ਥਾਂ ਬਿਠਾਇਆ ਤੇ ਬਿਤਾਨ ਨੂੰ ਕਿਹਾ, ਬੇਟਾ ਤੂੰ ਅੱਜ ਦੇਖ ਲਿਆ ਕਿ ਗੱਲਾਂ-ਗੱਲਾਂ ਵਿੱਚ ਸੈਂਕੜੇ ਰੁਪਏ ਮਿੱਟੀ ਹੋ ਗਏ। ਤੂੰ ਸਮਝਦਾਰ ਹੈਂ, ਐਸਾ ਰਾਹ ਕੱਢ, ਜਿਸ ਨਾਲ ਘਰ ਉਜੜਨ ਤੋਂ ਬਚ ਜਾਏ। ਪਿਤਾ ਦੀ ਗੱਲ ਸੁਣ ਕੇ ਬਿਤਾਨ ਕੁਝ ਸੋਚਣ ਲੱਗ ਪਿਆ। ਇਸ ਤੋਂ ਪਹਿਲਾਂ ਕਿ ਉਹ ਕੁਝ ਬੋਲਦਾ, ਬਿਤਾਨ ਦੀ ਘਰ ਵਾਲੀ ਪਿਤਾ ਵੱਲ ਦੇਖਦੀ ਬੋਲ ਪਈ, ਪਿਤਾ ਜੀ! ਹੁਣ ਸਮਝਣ ਸਮਝਾਉਣ ਨਾਲ ਗੱਲ ਨਹੀਂ ਬਣਨੀ। ਅਣਹੋਣੀ ਸਹਿੰਦੇ-ਸਹਿੰਦੇ ਮੈਂ ਤਾਂ ਅੱਕ ਗਈ। ਮੈਂ ਮੂੰਹ 'ਤੇ ਗੱਲ ਕਰਦੀ ਹਾਂ, ਗੁਮਾਨ ਨੂੰ ਤੇਰੀ ਕਮਾਈ 'ਤੇ ਪੂਰਾ ਹੱਕ ਹੈ, ਪਰ ਸਾਡੇ ਵਿੱਚ ਨਾ ਇੰਨੀ ਹਿੰਮਤ ਹੈ ਤੇ ਨਾ ਇੰਨਾ ਵੱਡਾ ਦਿਲ ਕਿ ਇਸ ਚੰਗੇ ਭਲੇ ਨੂੰ ਆਪਣੀ ਕਮਾਈ ਖੁਆਈ ਜਾਈਏ ਜਾਂ ਆਪਣੀ ਕੁੱਲੀ ਵੱਖ ਬਣਾ ਲਈਏ। ਜੋ ਸਾਡੇ ਹਿੱਸੇ ਦਾ ਹੈ, ਉਹ ਸਾਨੂੰ ਮਿਲਣਾ ਚਾਹੀਦਾ ਹੈ। ਸਾਰਾ ਚੱਲ ਅਚੱਲ ਸੰਪਤੀ ਤੁਹਾਡੇ ਜਿਉਂਦੇ ਜੀਅ ਸੌਖੀ ਵੰਡੀ ਜਾ ਸਕਦਾ ਹੈ। ਹੁਣ ਘੱਟ ਸੋਚ ਵਾਲੇ ਸ਼ਾਨ ਚੌਧਰੀ ਦੀ ਵਾਰੀ ਆਈ ਤਾਂ ਉਹ ਵਿਚਾਰਾ ਕਿਸਾਨ ਇਸ ਗੂੜ੍ਹ ਵਿਸ਼ੇ 'ਤੇ ਕੀ ਮੂੰਹ ਖੋਲ੍ਹਦਾ? ਉਸ ਦੀ ਘਰ ਵਾਲੀ ਨੇ ਜਠਾਣੀ ਦੇ ਪੈਰ ਚਿੰਨ੍ਹਾਂ 'ਤੇ ਚੱਲਦਿਆਂ ਇਹ ਔਖਾ ਕੰਮ ਮੁਕਾਇਆ। ਉਸ ਨੇ ਕਿਹਾ, 'ਵੱਡੇ ਭੈਣ ਜੀ ਨੇ ਜੋ ਕਿਹਾ ਹੈ, ਉਸ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ।' ਸ਼ਾਨ ਚੌਧਰੀ ਨੇ ਵੀ ਚੁੱਪ ਰਹਿ ਕੇ ਇਸ ਤਜਵੀਜ਼ 'ਤੇ ਆਪਣੀ ਮੋਹਰ ਲਾ ਦਿੱਤੀ ਤਾਂ ਭਾਨੂ ਚੌਧਰੀ ਨੇ ਗੁਮਾਨ ਨੂੰ ਪੁੱਛਿਆ, 'ਕਿਉਂ ਬੇਟਾ! ਤੈਨੂੰ ਤਜਵੀਜ਼ ਮਨਜ਼ੂਰ ਹੈ? ਡੁੱਲ੍ਹੇ ਬੇਰਾਂ ਦਾ ਅਜੇ ਕੁਝ ਨਹੀਂ ਵਿਗੜਿਆ। ਸਭ ਨੂੰ ਕੰਮ ਹੀ ਪਿਆਰਾ ਹੁੰਦਾ ਹੈ, ਚੰਮ ਨਹੀਂ। ਬੋਲ ਕੀ ਚਾਹੁੰਦਾ ਹੈਂ?' ਗੁਮਾਨ ਵਿੱਚ ਧੀਰਜ ਦੀ ਕਮੀ ਨਹੀਂ ਸੀ, ਪਰ ਭਰਾਵਾਂ ਦੀ ਇਸ ਰੰਨ-ਮੁਰੀਦੀ ਉਤੇ ਉਸ ਨੂੰ ਗੁੱਸਾ ਆ ਗਿਆ। ਉਹ ਬੋਲਿਆ, ਭਰਾਵਾਂ ਦੀ ਜੋ ਇੱਛਾ ਹੈ, ਉਹੀ ਮੇਰੇ ਮਨ ਵਿੱਚ ਹੈ, ਮੈਂ ਵੀ ਇਸ ਜੰਜਾਲ ਤੋਂ ਪਿੱਛਾ ਛੁਡਾਉਣਾ ਚਾਹੁੰਦਾ ਹਾਂ। ਮੈਂ ਕਿਸੇ ਨੂੰ ਵੀ ਕੰਮ ਕਰਨ ਨੂੰ ਨਹੀਂ ਕਹਿੰਦਾ, ਤੁਸੀਂ ਸਾਰੇ ਮੇਰੇ ਪਿੱਛੇ ਕਿਉਂ ਪਏ ਹੋ? ਆਪਣੀ ਫਿਕਰ ਕਰੋ, ਮੈਨੂੰ ਅੱਧ ਸੇਰ ਆਟੇ ਦਾ ਘਾਟਾ ਨਹੀਂ।

ਇਸ ਤਰ੍ਹਾਂ ਦੀਆਂ ਬੈਠਕਾਂ ਕਈ ਵਾਰ ਹੋ ਚੁੱਕੀਆਂ ਸਨ, ਪਰ ਇਸ ਦੇਸ਼ ਦੀਆਂ ਰਾਜਨੀਤਕ ਅਤੇ ਸਮਾਜਿਕ ਬੈਠਕਾਂ ਵਾਂਗੂੰ ਇਸ ਬੈਠਕ ਨਾਲ ਵੀ ਕੋਈ ਮਸਲਾ ਹੱਲ ਨਹੀਂ ਸੀ ਹੋ ਸਕਿਆ। ਦੋ ਤਿੰਨ ਦਿਨ ਗੁਮਾਨ ਨੇ ਘਰ ਰੋਟੀ ਨਾ ਖਾਧੀ। ਆਖਰ ਬੁੱਢਾ ਪਿਓ ਉਸ ਨੂੰ ਮਨਾ ਕੇ ਲਿਆਇਆ। ਪੰਡਿਤਾਂ ਦੇ ਘਰਾਂ ਦੇ ਚੂਹਿਆਂ ਵਾਂਗੂੰ ਚੌਧਰੀ ਦੇ ਨਿਆਣੇ ਵੀ ਸਿਆਣੇ ਸਨ। ਉਨ੍ਹਾਂ ਲਈ ਘੜੇ, ਮਿੱਟੀ ਦੇ ਘੜੇ ਸਨ ਤੇ ਕਿਸ਼ਤੀਆਂ, ਕਾਗਜ਼ ਦੀਆਂ ਕਿਸ਼ਤੀਆਂ। ਫਲਾਂ ਬਾਰੇ ਉਨ੍ਹਾਂ ਦਾ ਗਿਆਨ ਹੱਦੋਂ ਪਰ੍ਹੇ ਸੀ। ਗੂਲਰ ਅਤੇ ਜੰਗਲੀ ਬੇਰ ਤੋਂ ਸਿਵਾਏ ਕੋਈ ਐਸਾ ਫਲ ਨਹੀਂ ਸੀ, ਜਿਸ ਨੂੰ ਉਹ ਬਿਮਾਰੀ ਦਾ ਘਰ ਨਾ ਸਮਝਦੇ ਹੋਣ, ਪਰ ਗੁਰਦੀਨ ਦੀ ਛਾਬੜੀ ਵਿੱਚ ਅਜਿਹੀ ਸ਼ਕਤੀਸ਼ਾਲੀ ਖਿੱਚ ਸੀ ਕਿ ਉਸ ਦੀ ਆਵਾਜ਼ ਸੁਣਦੇ ਹੀ ਘੂਕ ਸੁੱਤੇ ਨਿਆਣੇ ਵੀ ਉਠ ਪੈਂਦੇ। ਗੁਰਦੀਨ ਪਿੰਡਾਂ ਵਿੱਚ ਹਫਤਾਵਾਰੀ ਫੇਰੀ ਲਾਉਂਦਾ ਸੀ। ਭਾਵੇਂ ਉਹ ਬੁੱਢਾ ਜਿਹਾ ਤੇ ਮੈਲੀ ਕੁਚੈਲੀ ਦਿਖ ਵਾਲਾ ਆਦਮੀ ਸੀ, ਪਰ ਆਲੇ ਦੁਆਲੇ ਵਿੱਚ ਉਸ ਦਾ ਨਾਮ ਸ਼ਰਾਰਤੀ ਮੁੰਡਿਆਂ ਲਈ ਹਨੂੰਮਾਨ ਮੰਤਰ ਤੋਂ ਘੱਟ ਨਹੀਂ ਸੀ। ਜਿਥੇ ਬੰਦਿਆਂ ਲਈ ਉਸ ਕੋਲ ਮਠਿਆਈਆਂ ਸਨ, ਉਥੇ ਬੱਚਿਆਂ ਅਤੇ ਬੀਬੀਆਂ ਲਈ ਮਠਿਆਈ ਦੇ ਨਾਲ ਮਿੱਠੀਆਂ ਗੱਲਾਂ ਦਾ ਪ੍ਰਸ਼ਾਦ ਸੀ। ਮਾਂ ਬੱਚੇ ਨੂੰ ਕਿੰਨਾ ਵੀ ਮਨ੍ਹਾਂ ਕਰਦੀ, ਪੈਸੇ ਨਾ ਹੋਣ ਦਾ ਬਹਾਨਾ ਕਰਦੀ, ਪਰ ਗੁਰਦੀਨ ਹਰ ਬੱਚੇ ਦੇ ਹੱਥ ਉਤੇ ਕੁਝ ਨਾ ਕੁਝ ਰੱਖ ਹੀ ਦਿੰਦਾ ਅਤੇ ਬੜੇ ਪਿਆਰ ਨਾਲ ਕਹਿੰਦਾ, ਬਹੂ ਜੀ, ਪੈਸੇ ਦੀ ਕੋਈ ਚਿੰਤਾ ਨਾ ਕਰੋ, ਫਿਰ ਮਿਲ ਜਾਣਗੇ, ਕਿਤੇ ਦੌੜੇ ਥੋੜ੍ਹੀ ਜਾਂਦੇ ਹਨ?

ਮੰਗਲ ਦਾ ਸ਼ੁਭ ਦਿਨ ਸੀ। ਬੱਚੇ ਬੇਚੈਨੀ ਵਿੱਚ ਆਪਣੇ ਘਰਾਂ ਦੇ ਬੂਹਿਆਂ ਵਿੱਚ ਬੈਠੇ ਗੁਰਦੀਨ ਦੀ ਉਡੀਕ ਕਰ ਰਹੇ ਸਨ। ਸੂਰਜ ਭਗਵਾਨ ਆਪਣਾ ਵਜੂਦ ਲੈ ਕੇ ਪੂਰਬ ਤੋਂ ਪੱਛਮ ਵੱਲ ਜਾ ਪਹੁੰਚਿਆ ਸੀ। ਜਦੋਂ ਉਨ੍ਹਾਂ ਨੂੰ ਗੁਰਦੀਨ ਆਉਂਦਾ ਦਿਸਿਆ, ਮੁੰਡਿਆਂ ਨੇ ਦੌੜ ਕੇ ਉਸ ਨੂੰ ਝੁਰਮਟ ਪਾ ਲਿਆ ਤੇ ਉਸ ਨਾਲ ਖਿੱਚ ਧੂਹ ਕਰਨ ਲੱਗੇ। ਸਭ ਤੋਂ ਪਹਿਲਾਂ ਭਾਨੂ ਚੌਧਰੀ ਦਾ ਮਕਾਨ ਸੀ। ਗੁਰਦੀਨ ਨੇ ਆਪਣੀ ਛਾਬੜੀ ਸਿਰ ਤੋਂ ਲਾਹ ਕੇ ਉਸ ਦੇ ਦਰਾਂ ਅੱਗੇ ਰੱਖੀ ਤਾਂ ਮਠਿਆਈਆਂ ਦੀ ਲੁੱਟ ਸ਼ੁਰੂ ਹੋ ਗਈ। ਬਿਤਾਨ ਦੀ ਘਰ ਵਾਲੀ ਆਪਣੇ ਤਿੰਨ ਮੁੰਡਿਆਂ ਨਾਲ ਤੇ ਸ਼ਾਨ ਦੀ ਘਰ ਵਾਲੀ ਆਪਣੇ ਦੋਵਾਂ ਮੁੰਡਿਆਂ ਨਾਲ ਆ ਪਹੁੰਚੀਆਂ। ਗੁਰਦੀਨ ਉਨ੍ਹਾਂ ਤੋਂ ਪੈਸੇ ਲੈ ਕੇ ਸਾਂਭਦਾ ਹੋਇਆ ਧੇਲੇ ਦੀ ਮਠਿਆਈ ਦਿੰਦਾ ਤੇ ਧੇਲੇ ਦੀ ਅਸ਼ੀਰਵਾਦ ਦਿੰਦਾ ਹੋਇਆ ਉਨ੍ਹਾਂ ਨਾਲ ਮਿੱਠੀਆਂ-ਮਿੱਠੀਆਂ ਗੱਲਾਂ ਕਰਨ ਲੱਗਦਾ। ਪਿੰਡ ਵਿੱਚ ਜੇ ਕੋਈ ਮੁੰਡਾ ਸੀ, ਜਿਸ ਨੇ ਗੁਰਦੀਨ ਦੀ ਉਦਾਰਤਾ ਦਾ ਭਰਪੂਰ ਲਾਭ ਲਿਆ ਸੀ ਤਾਂ ਉਹ ਸੀ ਗੁਮਾਨ ਦਾ ਮੁੰਡਾ ਧਾਨ। ਧਾਨ ਆਪਣੇ ਭੈਣ ਭਰਾਵਾਂ ਨੂੰ ਮਠਿਆਈ ਖਾਂਦਿਆਂ ਦੇਖ ਕੇ ਲਲਚਾਉਂਦਾ ਹੋਇਆ ਆਪਣੀ ਮਾਂ ਦਾ ਦੁਪੱਟਾ ਖਿੱਚਦਾ ਛਾਬੜੀ ਵੱਲ ਲਿਆਉਣ ਲੱਗਾ। ਉਹ ਦੁਖੀ ਅਬਲਾ ਔਰਤ ਕੀ ਕਰੇ? ਉਹ ਆਪਣੇ ਪਤੀ ਦੇ ਨਖੱਟੂਪੁਣੇ 'ਤੇ ਕੁੜ੍ਹਦੀ ਜ਼ਿੰਦਗੀ ਲੰਘਾ ਰਹੀ ਸੀ। ਆਪਣਾ ਆਦਮੀ ਅਜਿਹਾ ਨਿਕੰਮਾ ਨਾ ਹੁੰਦਾ ਤਾਂ ਕਿਉਂ ਦੂਜਿਆਂ ਦੇ ਮੂੰਹ ਵੱਲ ਦੇਖਣਾ ਪੈਂਦਾ। ਉਹ ਬੱਚੇ ਨੂੰ ਕੁਛੜ ਚੁੱਕ ਕੇ ਪਿਆਰ ਨਾਲ ਵਰਚਾਉਣ ਲੱਗੀ। ਨਾ ਰੋ ਪੁੱਤ, ਗੁਰਦੀਨ ਜਦੋਂ ਫਿਰ ਆਏਗਾ ਤਾਂ ਮੈਂ ਤੈਨੂੰ ਬਹੁਤ ਸਾਰੀ ਮਠਿਆਈ ਲੈ ਕੇ ਦਿਆਂਗੀ। ਇਹ ਕਹਿੰਦਿਆਂ ਉਸ ਦੀਆਂ ਅੱਖਾਂ ਛਲਕ ਆਈਆਂ। ਆਹ! ਇਹ ਮਨਹੂਸ ਮੰਗਲਵਾਰ ਤਾਂ ਫਿਰ ਆਏਗਾ, ਉਸ ਨੂੰ ਫਿਰ ਇਹੋ ਬਹਾਨੇ ਕਰਨੇ ਪੈਣਗੇ। ਉਹ ਵਿਚਾਰੀ ਇਸੇ ਫਿਕਰ ਵਿੱਚ ਡੁੱਬੀ ਹੋਈ ਸੀ, ਪਰ ਮੁੰਡਾ ਕਿਸੇ ਤਰ੍ਹਾਂ ਮੰਨ ਨਹੀਂ ਸੀ ਰਿਹਾ, ਉਹ ਰੋਂਦਾ ਹੋਇਆ ਮਿੱਟੀ ਵਿੱਚ ਲਿਟਦਾ ਮਾਂ ਦਾ ਦੁਪੱਟਾ ਪਾੜਨ ਦੀ ਕੋਸ਼ਿਸ਼ ਕਰਨ ਲੱਗਾ। ਇਹ ਦੇਖ ਕੇ ਮਾਂ ਨੂੰ ਗੁੱਸਾ ਆ ਗਿਆ ਤੇ ਉਸ ਨੇ ਦੋ ਤਿੰਨ ਥੱਪੜ ਮੁੰਡੇ ਦੀਆਂ ਗੱਲਾਂ 'ਤੇ ਜੜ ਦਿੱਤੇ। ਚੁੱਪ ਹੋ ਜਾ ਮਾੜੇ ਕਰਮਾਂ ਵਾਲਿਆ, ਤੇਰਾ ਮੂੰਹ ਹੀ ਮਠਿਆਈ ਖਾਣ ਵਾਲਾ ਨਹੀਂ। ਆਪਣੇ ਕਰਮਾਂ ਨੂੰ ਨਹੀਂ ਰੋਂਦਾ, ਚੱਲਿਆ ਮਠਿਆਈ ਖਾਣ।

ਗੁਮਾਨ ਆਪਣੀ ਕੋਠੜੀ ਦੇ ਬੂਹੇ ਵਿੱਚ ਬੈਠਾ ਇਹ ਕੌਤਕ ਬੜੇ ਧਿਆਨ ਨਾਲ ਦੇਖ ਸੁਣ ਰਿਹਾ ਸੀ। ਉਹ ਬੱਚੇ ਨੂੰ ਬਹੁਤ ਪਿਆਰ ਕਰਦਾ ਸੀ। ਬੱਚੇ ਦੀ ਗੱਲ 'ਤੇ ਲੱਗੇ ਥੱਪੜ ਉਸ ਦੇ ਸੀਨੇ ਵਿੱਚ ਚੁਭ ਗਏ। ਸ਼ਾਇਦ ਮਾਂ ਵੱਲੋਂ ਥੱਪੜ ਮਾਰਨ ਦਾ ਮਕਸਦ ਵੀ ਇਹੋ ਸੀ। ਗੁਮਾਨ ਦੀਆਂ ਅੱਖਾਂ ਹੰਝੂਆਂ ਨਾਲ ਭਰ ਗਈਆਂ। ਉਹ ਸੁਚੇਤ ਹੋ ਗਿਆ ਤੇ ਉਠ ਕੇ ਬੱਚੇ ਨੂੰ ਆਪਣੇ ਕਲਾਵੇ ਵਿੱਚ ਲੈਂਦਿਆਂ ਪਤਨੀ ਨੂੰ ਕਹਿਣ ਲੱਗਾ, ਇਸ ਵਿਚਾਰੇ 'ਤੇ ਗੁੱਸਾ ਕਿਉਂ ਕਰਦੀ ਹੈਂ? ਤੇਰਾ ਦੋਸ਼ੀ ਤਾਂ ਮੈਂ ਹਾਂ, ਮੈਨੂੰ ਜੋ ਚਾਹੇ ਸਜ਼ਾ ਦੇ ਦੇ। ਰੱਬ ਨੇ ਚਾਹਿਆ ਤਾਂ ਕੱਲ੍ਹ ਨੂੰ ਇਸ ਘਰ ਵਿੱਚ ਸਾਰੇ ਮੇਰਾ ਅਤੇ ਮੇਰੇ ਪਰਵਾਰ ਦਾ ਆਦਰ ਕਰਨਗੇ। ਤੂੰ ਅੱਜ ਮੈਨੂੰ ਸਦਾ ਵਾਸਤੇ ਜਗਾ ਦਿੱਤਾ ਹੈ। ਬੱਚੇ ਦੇ ਮਾਰੀਆਂ ਤੇਰੀਆਂ ਚਪੇੜਾਂ ਦੀ ਗੂੰਜ ਨੇ ਮੇਰੇ ਕੰਨਾਂ ਵਿੱਚ ਸੰਖ ਪੂਜਣ ਵਰਗੀ ਗੂੰਜ ਪੈਦਾ ਕਰਕੇ ਮੈਨੂੰ ਸੱਚੇ ਮਨ ਨਾਲ ਕਿਰਤ ਕਰਨ ਦਾ ਉਪਦੇਸ਼ ਦੇ ਦਿੱਤਾ ਹੈ।

(ਪੰਜਾਬੀ ਰੂਪ: ਭੁਪਿੰਦਰ ਉਸਤਾਦ)

ਮਿੰਨੀ ਕਹਾਣੀਆਂ

## ਚੰਨ ਦਾ ਬੁੱਢਾ

ਜਪਾਨੀ ਲੋਕ ਕਥਾ

ਸਦੀਆਂ ਪਹਿਲਾਂ ਦੀ ਗੱਲ ਹੈ ਕਿ ਜਾਪਾਨ ਵਿੱਚ ਕਿਸੇ ਜਗ੍ਹਾ ਲੂੰਬੜ, ਬਾਂਦਰ ਅਤੇ ਖ਼ਰਗੋਸ਼ ਰਹਿੰਦੇ ਸਨ। ਉਨ੍ਹਾਂ ਦੀ ਆਪਸ ਵਿੱਚ ਬਹੁਤ ਗਹਿਰੀ ਦੋਸਤੀ ਸੀ। ਜੇਕਰ ਉਨ੍ਹਾਂ ਵਿਚੋਂ ਕਿਸੇ ਇੱਕ ਨੂੰ ਖਾਣ ਲਈ ਕੁੱਝ ਨਾ ਮਿਲਦਾ ਤਾਂ ਬਾਕੀ ਦੋ ਉਸ ਨੂੰ ਖਾਣ ਲਈ ਕੁੱਝ ਦਿੰਦੇ। ਇਸ ਤਰ੍ਹਾਂ ਉਹ ਖ਼ੁਸ਼ੀਆਂ ਭਰੀ ਜ਼ਿੰਦਗੀ ਬਸਰ ਕਰ ਰਹੇ ਸਨ। ਇੱਕ ਦਿਨ ਚੰਨ 'ਤੇ ਰਹਿਣ ਵਾਲੇ ਬੁੱਢੇ ਨੇ ਜ਼ਮੀਨ ਵੱਲ ਵੇਖਿਆ। ਉਸਨੇ ਸ਼ਹਿਰ, ਪਿੰਡ, ਪਹਾੜ ਅਤੇ ਜੰਗਲ ਵੇਖੇ। ਜਦੋਂ ਉਸ ਦੀ ਨਜ਼ਰ ਇਨ੍ਹਾਂ ਤਿੰਨਾਂ ਉੱਤੇ ਪਈ ਤਾਂ ਉਹ ਬਹੁਤ ਖ਼ੁਸ਼ ਹੋਇਆ ਅਤੇ ਦਿਲ ਹੀ ਦਿਲ ਵਿੱਚ ਕਹਿਣ ਲਗਾ, ਕਿੰਨੇ ਚੰਗੇ ਹਨ ਉਹ ਜੋ ਪਿਆਰ ਅਤੇ ਮੁਹੱਬਤ ਨਾਲ ਜ਼ਿੰਦਗੀ ਗੁਜ਼ਾਰਦੇ ਹਨ। ਇਹ ਤਿੰਨੋਂ ਬਹੁਤ ਡੂੰਘੇ ਦੋਸਤ ਹਨ, ਪਰ ਵੇਖਿਆ ਜਾਵੇ ਕਿ ਉਨ੍ਹਾਂ ਵਿੱਚ ਸਭ ਤੋਂ ਰਹਿਮਦਿਲ ਕੌਣ ਹੈ। ਉਨ੍ਹਾਂ ਦਾ ਇਮਤੀਹਾਨ ਲੈਣਾ ਚਾਹੀਦਾ ਹੈ।

ਇਹ ਸੋਚ ਕੇ ਦੂਜੇ ਦਿਨ ਉਹ ਫ਼ਕੀਰ ਦੇ ਭੇਸ ਵਿੱਚ ਉਸ ਜਗ੍ਹਾ ਪੁੱਜ ਗਿਆ ਜਿੱਥੇ ਬਾਂਦਰ, ਲੂੰਬੜ ਅਤੇ ਖ਼ਰਗੋਸ਼ ਰਹਿੰਦੇ ਸਨ। ਉਸਨੇ ਕਿਹਾ, ਮੈਂ ਤਿੰਨ ਦਿਨ ਤੋਂ ਭੁੱਖਾ ਹਾਂ। ਰੱਬ ਦੇ ਵਾਸਤੇ ਮੈਨੂੰ ਕੁੱਝ ਖਾਣ ਨੂੰ ਦੇ ਦਿਓ।

ਬਾਬਾ ਤੁਸੀ ਇੱਥੇ ਬੈਠੋ। ਅਸੀਂ ਤੁਹਾਡੇ ਲਈ ਖਾਣ ਦਾ ਇੰਤਜ਼ਾਮ ਕਰਦੇ ਹਾਂ, ਖ਼ਰਗੋਸ਼, ਬਾਂਦਰ ਅਤੇ ਲੂੰਬੜ ਇਕੱਠੇ ਬੋਲੇ।

ਥੋੜ੍ਹੀ ਦੇਰ ਬਾਅਦ ਬਾਂਦਰ ਬਹੁਤ ਸਾਰੇ ਫਲ ਅਤੇ ਲੂੰਬੜ ਇੱਕ ਵੱਡੀ ਮੱਛੀ ਫੜ ਲਿਆਇਆ, ਪਰ ਖ਼ਰਗੋਸ਼ ਨੂੰ ਅਜਿਹੀ ਕੋਈ ਚੀਜ਼ ਨਜ਼ਰ ਨਾ ਮਿਲੀ ਜੋ ਉਹ ਚੰਨ ਦੇ ਬੁੱਢੇ ਦੇ ਖਾਣ ਲਈ ਲਿਆ ਦਿੰਦਾ।

ਖ਼ਰਗੋਸ਼ ਨੇ ਬਾਂਦਰ ਨੂੰ ਕਿਹਾ, ਬਾਂਦਰ ਭਾਈ ਮੇਰੇ ਲਈ ਕੁੱਝ ਲਕੜੀਆਂ ਤਾਂ ਇਕਠੀਆਂ ਕਰੋ।

ਬਾਂਦਰ ਬਹੁਤ ਸਾਰੀਆਂ ਲਕੜੀਆਂ ਲੈ ਆਇਆ। ਫਿਰ ਉਸਨੇ ਲੂੰਬੜ ਨੂੰ ਕਿਹਾ, ਭਾਈ ਤੁਸੀਂ ਇਨ੍ਹਾਂ ਨੂੰ ਅੱਗ ਲਗਾ ਦਿਓ।

ਲੂੰਬੜ ਨੇ ਲੱਕੜੀਆਂ ਨੂੰ ਅੱਗ ਲਗਾ ਦਿੱਤੀ। ਖ਼ਰਗੋਸ਼ ਨੇ ਰੋਂਦੇ ਹੋਏ ਚੰਨ ਦੇ ਬੁੱਢੇ ਨੂੰ ਕਿਹਾ, ਫ਼ਕੀਰ ਬਾਬਾ, ਮੈਂ ਤੁਹਾਡੇ ਅੱਗੇ ਬਹੁਤ ਸ਼ਰਮਿੰਦਾ ਹਾਂ। ਬਾਂਦਰ ਅਤੇ ਲੂੰਬੜ ਤੁਹਾਡੇ ਲਈ ਕੁੱਝ ਨਾ ਕੁੱਝ ਲਿਆਏ, ਪਰ ਮੈਂ ਤੁਹਾਡੇ ਲਈ ਕੁੱਝ ਨਹੀਂ ਲਿਆ ਸਕਿਆ। ਇਸ ਲਈ ਮੈਂ ਆਪਣੇ ਆਪ ਨੂੰ ਅਗਨੀ ਦੇ ਹਵਾਲੇ ਕਰ ਰਿਹਾ ਹਾਂ। ਜਦੋਂ ਖ਼ੂਬ ਪੱਕ ਜਾਂਵਾਂ ਤਾਂ ਕੱਢ ਕੇ ਖਾ ਲੈਣਾ।

ਇਹ ਕਹਿ ਕੇ ਖ਼ਰਗੋਸ਼ ਅੱਗ ਵੱਲ ਭੱਜਿਆ, ਪਰ ਚੰਨ ਦੇ ਬੁੱਢੇ ਨੇ ਉਸਨੂੰ ਫੜ ਲਿਆ ਅਤੇ ਤਿੰਨਾਂ ਨੂੰ ਕਹਿਣ ਲੱਗਿਆ, ਪਿਆਰੇ ਦੋਸਤੋ, ਮੈਂ ਤੁਹਾਡਾ ਇਮਤਿਹਾਨ ਲੈਣ ਆਇਆ ਸੀ। ਮੈਨੂੰ ਖੁਸ਼ੀ ਹੋਈ ਹੈ ਕਿ ਤੁਸੀਂ ਤਿੰਨੋਂ ਇਮਤਿਹਾਨ ਵਿੱਚ ਕਾਮਯਾਬ ਹੋ ਗਏ, ਪਰ ਤੁਹਾਡੇ ਵਿੱਚ ਸਭ ਤੋਂ ਜ਼ਿਆਦਾ ਰਹਿਮਦਿਲ ਨਿੱਕਾ ਖ਼ਰਗੋਸ਼ ਨਿਕਲਿਆ। ਇਸ ਲਈ ਮੈਂ ਉਸਨੂੰ ਆਪਣੇ ਨਾਲ ਚੰਨ ਉੱਤੇ ਲੈ ਜਾਂਦਾ ਹਾਂ।

ਇਹ ਕਹਿ ਕੇ ਬੁੱਢਾ ਖ਼ਰਗੋਸ਼ ਨੂੰ ਚੰਨ ਉੱਤੇ ਲੈ ਗਿਆ। ਜੇਕਰ ਅੱਜ ਵੀ ਤੁਸੀਂ ਚਮਕਦੇ ਚੰਨ ਨੂੰ ਗ਼ੌਰ ਨਾਲ ਵੇਖੋਗੇ ਤਾਂ ਤੁਹਾਨੂੰ ਇੱਕ ਖ਼ਰਗੋਸ਼ ਨਜ਼ਰ ਆਵੇਗਾ ਜੋ ਸਦੀਆਂ ਪਹਿਲਾਂ ਚੰਨ ਦੇ ਬੁੱਢੇ ਦੇ ਨਾਲ ਗਿਆ ਸੀ।

***

## ਸ਼ੇਰ ਅਤੇ ਚੂਹਾ

ਇੱਕ ਵਾਰ ਇੱਕ ਸ਼ੇਰ ਜੰਗਲ ਵਿੱਚ ਸੌਂ ਰਿਹਾ ਸੀ, ਉੱਥੇ ਇਕ ਚੂਹਾ ਘੁੰਮਦੇ ਹੋਏ ਆ ਗਿਆ ਅਤੇ ਸ਼ੇਰ ਨਾਲ ਖੇਡਣ ਲੱਗਾ। ਉਸ ਦੀ ਆਵਾਜ਼ ਸੁਣ ਕੇ ਸ਼ੇਰ ਜਾਗ ਪਿਆ ਅਤੇ ਉਸ ਨੇ ਚੂਹੇ ਨੂੰ ਫੜ ਲਿਆ।

ਸ਼ੇਰ ਨੇ ਉਸ ਨੂੰ ਕਿਹਾ ਕਿ ਤੈਨੂੰ ਇਸ ਦੀ ਸਜ਼ਾ ਮਿਲੂਗੀ, ਮੈਂ ਤੇਨੂੰ ਖਾ ਜਾਵਾਂਗਾ। ਜਦੋਂ ਸ਼ੇਰ ਨੇ ਉਸ ਨੂੰ ਖਾਣਾ ਚਾਹਿਆ ਤਾਂ ਚੂਹੇ ਨੇ ਸ਼ੇਰ ਤੋਂ ਮੁਆਫੀ ਮੰਗੀ ਅਤੇ ਕਿਹਾ, ਮੈਨੂੰ ਮਾਫ ਕਰ ਦਿਓ, ਲੋੜ ਪੈਣ 'ਤੇ ਮੈਂ ਵੀ ਤੁਹਾਡੇ ਕਿਸੇ ਕੰਮ ਆਵਾਂਗਾ।

ਸ਼ੇਰ ਬਹੁਤ ਉੱਚੀ-ਉੱਚੀ ਹੱਸਿਆ ਅਤੇ ਬੋਲਿਆ, ਹਾਂ, ਹਾਂ, ਤੁਹਾਡੇ ਜਿਹਾ ਇਕ ਛੋਟਾ ਚੂਹਾ ਮੇਰੀ ਕੀ ਮਦਦ ਕਰੇਗਾ, ਚਲੋ ਫਿਰ ਵੀ ਮੈਂ ਤੁਹਾਨੂੰ ਮਾਫ਼ ਕਰ ਦਿੰਦਾ ਹਾਂ, ਪਰ ਇੱਥੇ ਦੁਬਾਰਾ ਕਦੇ ਨਹੀਂ ਆਉਣਾ। ਚੂਹੇ ਨੇ ਸ਼ੇਰ ਦਾ ਧੰਨਵਾਦ ਕੀਤਾ ਅਤੇ ਉਥੋਂ ਚਲਾ ਗਿਆ।

ਕੁਝ ਦਿਨਾਂ ਬਾਅਦ ਕੁਝ ਸ਼ਿਕਾਰੀ ਸ਼ਿਕਾਰ ਕਰਨ ਲਈ ਜੰਗਲ ਵਿੱਚ ਆਏ ਅਤੇ ਉਨ੍ਹਾਂ ਨੇ ਸ਼ੇਰ ਨੂੰ ਫੜ ਲਿਆ ਅਤੇ ਰੱਸੀਆਂ ਨਾਲ ਜਾਲ ਵਿੱਚ ਬੰਨ੍ਹ ਦਿੱਤਾ।

ਚੂਹੇ ਨੇ ਇਹ ਸਭ ਦੇਖਿਆ ਅਤੇ ਜਿਵੇਂ ਹੀ ਰਾਤ ਨੂੰ ਸ਼ਿਕਾਰੀ ਸੌਂ ਗਿਆ, ਚੂਹੇ ਨੇ ਆਪਣੇ ਤਿੱਖੇ ਦੰਦਾਂ ਨਾਲ ਜਾਲ ਕੱਟ ਕੇ ਸ਼ੇਰ ਨੂੰ ਬਚਾਇਆ, ਹੁਣ ਸ਼ੇਰ ਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ ਅਤੇ ਉਸ ਨੇ ਚੂਹੇ ਦਾ ਧੰਨਵਾਦ ਕੀਤਾ ਅਤੇ ਦੋਵੇਂ ਦੋਸਤਾਂ ਵਾਂਗ ਰਹਿਣ ਲੱਗ ਪਏ।

# ਮੇਰੀ ਕਲਮ

## ਮਾਨ ਸਰੋਵਰ

ਅੰਮ੍ਰਿਤਾ ਪ੍ਰੀਤਮ



ਮਾਨ ਸਰੋਵਰ ਰਿਸ਼ਮਾਂ ਲੱਥੀਆਂ
ਮੋਤੀ ਰਹੀਆਂ ਚੁੱਗ ਵੇ ।
ਫੇਰ ਹਨੇਰੇ ਚਉਸਰ ਖੇਡੇ
ਫ਼ਜ਼ਰ ਗਈ ਉ ਪੁੱਗ ਵੇ ।
ਪੂਰਬ ਦੀ ਇਕ ਟਾਹਣੀ ਉੱਤੇ
ਕਿਰਣਾਂ ਪਈਆਂ ਉੱਗ ਵੇ ।
ਸੱਭੇ ਯਾਦਾਂ ਉੱਮਲ੍ਹ ਆਈਆਂ
ਭਰੀ ਕਲੇਜੇ ਰੁੱਗ ਵੇ ।
ਅੱਲ੍ਹੜ ਧੁੱਪਾਂ ਖੇਡਣ ਪਈਆਂ
ਖੇਡਣ ਰੰਗ ਕਸੁੰਭ ਵੇ ।
ਲਗਰਾਂ ਜਹੀਆਂ ਸਿਖ਼ਰ ਦੁਪਹਿਰਾਂ
ਹੋਈਆਂ ਚਿੱਟੀਆਂ ਖੁੰਬ ਵੇ ।
ਵੇਖ ਸਮੇਂ ਨੇ ਚਾੜ੍ਹ ਧੁਣਖਣੀ
ਚਾਨਣ ਦਿੱਤਾ ਤੁੰਬ ਵੇ ।
ਦੋਵੇਂ ਪੈਰ ਦਿਹੁੰ ਦੇ ਠਰ ਗਏ
ਕਿਰਣਾਂ ਮਾਰੀ ਝੁੰਬ ਵੇ ।

ਕਿਰਣਾਂ ਜਿਵੇ ਜਲੂਟੀ ਹੋਈਆਂ
ਅੰਬਰ ਗਏ ਨੇ ਅੰਬ ਵੇ ।
ਕਿਸੇ ਰਾਹੀ ਨੇ ਅੱਡੀ ਝਾੜੀ
ਪੰਛੀ ਝਾੜੇ ਖੰਭ ਵੇ ।
ਆ ਗਏ ਝੁੰਡ, ਵੱਗ ਤੇ ਡਾਰਾਂ
ਭਰ ਗਏ ਸਰਵਰ ਛੰਭ ਵੇ ।
ਏਸ ਹਿਜਰ ਦੇ ਪੈਂਡੇ ਉੱਤੇ
ਜਿੰਦ ਗਈ ਮੇਰੀ ਹੰਭ ਵੇ ।

ਡੋਲ ਗਈ ਸੂਰਜ ਦੀ ਬੇੜੀ
ਪੱਛਮ ਉੱਠੀ ਛੱਲ ਵੇ ।
ਗੰਢ ਪੋਟਲੀ ਚੁੱਕ ਤਰਕਾਲਾਂ
ਆਈਆਂ ਸਾਡੀ ਵੱਲ ਵੇ ।
ਕਿਹੜੇ ਬੱਦਲੋਂ ਕਣੀਆਂ ਲੱਥੀਆਂ
ਅੱਖੀਆਂ ਭਰ ਲਈ ਡੱਲ ਵੇ ।
ਹਰ ਇਕ ਮੇਰੀ ਅੱਜ ਢੂੰਡਦੀ
ਕਿੱਥੇ ਕੁ ਤੇਰੀ ਕੱਲ੍ਹ ਵੇ ?

## ਜਾਗਣ ਪਵਜ ਦਰਿਆ

ਇੰਦਰਜੀਤ ਹਸਨਪੁਰੀ

ਜਾਗਣ ਪੰਜ ਦਰਿਆ
ਬੇਲੀਆ ਜਾਗਣ ਪੰਜ ਦਰਿਆ
ਮੈ ਬਣ ਜਾਵਾਂ ਸੋਨ-ਸਵੇਰਾ
ਤੂੰ ਸੂਰਜ ਬਣ ਜਾ

ਅੱਖਾਂ ਮੀਚ ਕੇ ਤੁਰਦੇ ਜਿਹੜੇ
ਪਾ ਕੰਨਾਂ ਵਿਚ ਰੂੰ
ਆ ਜਾ ਹੇਕ ਪਿਆਰ ਦੀ ਲਾਈਏ
ਮਿੱਤਰਾ ਮੈਂ ਤੇ ਤੂੰ
ਖੁੱਲ੍ਹਣ ਅੱਖਾਂ, ਕੰਨ ਇਹਨਾਂ ਦੇ
ਦੁੱਲਾ ਭੱਟੀ ਗਾ
ਜਾਗਣ ਪੰਜ ਦਰਿਆ

ਭੁੱਲ ਗਏ ਜੋ ਵਿਰਸਾ ਆਪਣਾ
ਸਭਿਆਚਾਰ ਨੇ ਭੁੱਲੇ
ਆ ਇਹਨਾਂ ਨੂੰ ਯਾਦ ਕਰਾਈਏ
ਨਾਨਕ, ਵਾਰਿਸ, ਬੁੱਲੇ
ਜਿਹਨਾਂ ਸਾਨੂੰ ਸਬਕ ਪੜ੍ਹਾਇਆ
ਪਿਆਰ ਮੁਹੱਬਤ ਦਾ
ਜਾਗਣ ਪੰਜ ਦਰਿਆ

ਬੜੇ ਚਲਾ ਲਏ ਬੰਬ, ਗੋਲ਼ੀਆਂ
ਬੜੇ ਬਣਾ ਲਏ ਥੇਹ
ਆਪਣੇ ਸਿਰ ਵਿਚ ਆਪੇ ਪਾਈ
ਅਸੀਂ ਬਥੇਰੀ ਖੇਹ
ਹੋਈਆਂ ਬੀਤੀਆਂ ਉੱਤੇ ਆਪਾਂ
ਮਿੱਟੀ ਦੇਈਏ ਪਾ
ਜਾਗਣ ਪੰਜ ਦਰਿਆ

ਇੱਕ ਦੂਜੇ ਦੇ ਗਲ਼ ਵਿਚ ਪਾਈਏ
ਆ ਬਾਹਵਾਂ ਦੇ ਹਾਰ
ਪਿਆਰ ਦੇ ਅੱਗੇ ਸਦਾ ਹਾਰਦੀ
ਦੇਖੀ ਏ ਤਲਵਾਰ
ਨਫ਼ਰਤ ਦੀ ਅੱਗ ਬੁਝ ਜਾਵੇਗੀ
ਪਿਆਰ ਦਾ ਮੀਂਹ ਬਰਸਾ
ਜਾਗਣ ਪੰਜ ਦਰਿਆ

## ਜੱਗ ਜੰਕਸ਼ਨ ਰੇਲਾਂ ਦਾ, ਗੱਡੀ ਇੱਕ ਆਵੇ, ਇੱਕ ਜਾਵੇ

ਕਰਨੈਲ ਸਿੰਘ ਪਾਰਸ

ਰਲ ਸੰਗ ਕਾਫਲੇ ਦੇ, ਛੇਤੀ ਬੰਨ ਬਿਸਤਰਾ ਕਾਫਰ
ਕਈ ਪਹਿਲੀ ਡਾਕ ਚੜ੍ਹੇ, ਬਾਕੀ ਟਿੱਕਟਾਂ ਲੈਣ ਮੁਸਾਫਿਰ।
ਹੈ ਸਿਗਨਲ ਹੋਇਆ ਵਾ ਗਾਰਡ ਵਿਸਲਾਂ ਪਿਆ ਵਜਾਵੇ।
ਜੱਗ ਜੰਕਸ਼ਨ ਰੇਲਾਂ ਦਾ, ਗੱਡੀ ਇੱਕ ਆਵੇ, ਇੱਕ ਜਾਵੇ।
ਘਰ ਨੂੰਹ ਨੇ ਸਾਂਭ ਲਿਆ, ਤੁਰ ਗੀ ਧੀ ਝਾੜ ਕੇ ਪੱਲੇ,
ਪੋਤੇ ਨੇ ਜਨਮ ਲਿਆ, ਬਾਬਾ ਸਿਵਿਆਂ ਦੇ ਵੱਲ ਚੱਲੇ।
ਕਿਤੇ ਜ਼ੋਰ ਮਕਾਣਾਂ ਦਾ, ਕਿਧਰੇ ਹਨ ਵਿਆਹ ਤੇ ਮੁਕਲਾਵੇ।
ਜੱਗ ਜੰਕਸ਼ਨ ਰੇਲਾਂ ਦਾ, ਗੱਡੀ ਇੱਕ ਆਵੇ, ਇੱਕ ਜਾਵੇ।
ਰਫਤਾਰ ਜ਼ਮਾਨੇ ਦੀ, ਕਰਿਆਂ ਤੇਜ਼ ਨਾ ਹੋਵੇ ਢਿੱਲੀ,
ਲੱਖ ਰਾਜੇ ਬਹਿ ਤੁਰ ਗਏ, ਉਥੇ ਦੀ ਉਥੇ ਹੈ ਦਿੱਲੀ।
ਗਏ ਲੁੱਟ ਵਿਚਾਰੀ ਨੂੰ, ਨਾਦਿਰ ਸ਼ਾਹ ਵਰਗੇ ਕਰ ਧਾਵੇ।
ਜੱਗ ਜੰਕਸ਼ਨ ਰੇਲਾਂ ਦਾ, ਗੱਡੀ ਇੱਕ ਆਵੇ, ਇੱਕ ਜਾਵੇ।
ਲੱਖ ਪੰਛੀ ਬਹਿ ਉਡ ਗਏ, ਬੁੱਢੇ ਬੋਹੜ ਬਿਰਛ ਦੇ ਉਤੇ,
ਸਨ ਜੇਤੂ ਦੁਨੀਆਂ ਦੇ, ਲੱਖਾਂ ਸਿਕੰਦਰ ਕਬਰੀਂ ਸੁੱਤੇ।
ਬੱਸ ਇਸ ਕਚਹਿਰੀ 'ਚੋਂ, ਤੁਰ ਗਏ ਕੁੱਲ ਹਾਰ ਕੇ ਦਾਵੇ।
ਜੱਗ ਜੰਕਸ਼ਨ ਰੇਲਾਂ ਦਾ, ਗੱਡੀ ਇੱਕ ਆਵੇ, ਇੱਕ ਜਾਵੇ।
ਰਲ ਮਾਨ ਭਰਾਵਾਂ ਨੇ, ਨਿੱਤ ਨੀ ਗਾਉਣੇ ਗੀਤ ਇਕੱਠਿਆਂ,
ਕਰਨੈਲ ਕਵੀਸ਼ਰ ਨੇ, ਕਿਧਰੇ ਲੁੱਕ ਨੀ ਜਾਣਾ ਨੱਠਿਆਂ।
ਵਾਂਗੂ ਇੱਲ ਭੁੱਖੀ ਦੇ, ਲੈਂਦੀ ਫਿਰਦੀ ਮੌਤ ਕਲਾਵੇ।
ਜੱਗ ਜੰਕਸ਼ਨ ਰੇਲਾਂ ਦਾ, ਗੱਡੀ ਇੱਕ ਆਵੇ, ਇੱਕ ਜਾਵੇ।

## ਦੇਖ ਦੌੜੀ ਜਾ ਰਹੀ ਖਲਕਤ ਨੂੰ ਦੇਖ



ਸੁਰਜੀਤ ਪਾਤਰ



ਦੇਖ ਦੌੜੀ ਜਾ ਰਹੀ ਖਲਕਤ ਨੂੰ ਦੇਖ
ਦੇਖ ਤੂੰ ਇਸ ਵਕਤ ਦੀ ਦਹਿਸ਼ਤ ਨੂੰ ਦੇਖ

ਰੁਕ ਜ਼ਰਾ ਇਕ ਰੁੱਖ ਨੇ ਮੈਨੂੰ ਆਖਿਆ
ਅਪਣੇ ਵਿਛੜੇ ਯਾਰ ਦੀ ਹਾਲਤ ਨੂੰ ਦੇਖ

ਬੀਜਿਆ ਇੱਕ ਬੀਜ ਸੈਆਂ ਹੋ ਗਏ
ਦੇਖ ਤੂੰ ਧਰਤੀ ਦੀ ਇਸ ਬਰਕਤ ਨੂੰ ਦੇਖ

ਇੱਕ ਸਤਰ ਬੋਲੀ ਤੇ ਸਭ ਵਿੰਨ੍ਹੇ ਗਏ
ਦੇਖ ਤੂੰ ਇਸ ਸਾਂਝ, ਇਸ ਸੰਗਤ ਨੂੰ ਦੇਖ

ਭਾਫ ਬਣ ਉਡਿਆ ਸਮੁੰਦਰ ਥਲ ਲਈ
ਦੇਖ ਇਸ ਮਿਲਣੀ ਨੂੰ ਇਸ ਹਿਜ਼ਰਤ ਨੂੰ ਦੇਖ

ਮੋੜ ਦੇਵੇ ਜਿੰਦਗੀ ਦੇ ਵਹਿਣ ਨੂੰ
ਦੇਖ ਤੂੰ ਇਕ ਵਾਕ ਦੀ ਤਾਕਤ ਨੂੰ ਦੇਖ

ਬੀਜ ਕਾਲਾ ਸੀ ਤੇ ਸੂਹੇ ਫੁੱਲ ਹਨ
ਦੇਖ ਤੂੰ ਮਿੱਟੀ ਦੀ ਇਸ ਰੰਗਤ ਨੂੰ ਦੇਖ

ਦੁਖੀਆਂ ਲਈ ਇੱਕ ਹੰਝੂ ਵੀ ਇਹਨਾਂ ਕੋਲ ਨਾ
ਤੂੰ ਵਿਚਾਰੇ ਸ਼ਾਹਾਂ ਦੀ ਗੁਰਬਤ ਨੂੰ ਦੇਖ

ਰਹਿਣ ਦੇ ਕਾਦਰ ਨੂੰ ਜੋ ਦਿਸਦਾ ਨਹੀਂ
ਹੈ ਬਹੁਤ ਏਨਾ ਕਿ ਤੂੰ ਕੁਦਰਤ ਨੂੰ ਦੇਖ

## ਕਵਿਤਾ

ਹਰਪ੍ਰੀਤ ਕੌਰ ਸੰਧੂ



ਦੋ ਔਰਤਾਂ
ਇੱਕ ਦੀ ਉਮਰ
ਵੀਹ ਤੇ ਦੂਜੀ ਦੀ
ਚਾਲੀ ਸਾਲ

ਦੋਹਾਂ ਨੂੰ ਨਗਨ
ਅਵਸਥਾ ਵਿੱਚ
ਪਿੰਡ ਵਿੱਚ ਘੁਮਾਉਂਦੇ
ਕਥਿਤ ਮਰਦਾਂ ਦੀ
ਭੀੜ ਚੋਂ

ਕਿਸੇ ਇੱਕ ਨੂੰ ਵੀ
ਆਪਣੀ ਮਾਂ, ਭੈਣ ਜਾਂ ਧੀ
ਦਾ ਖਿਆਲ ਨਹੀਂ ਆਇਆ

ਘਰ ਜਾ ਕੇ
ਮਾਂ ਦੇ ਸਰੀਰ ਦੇ ਅੰਗ
ਕਪੜਿਆਂ ਵਿੱਚੋ
ਝਲਕਦੇ ਤਾਂ ਹੋਣੇ

ਭੈਣ ਦੇ ਉਭਾਰ
ਬਾਰ ਬਾਰ ਅੱਖਾਂ ਮੂਹਰੇ
ਆਉਂਦੇ ਤਾਂ ਹੋਣੇ

ਪਤਨੀ ਨਗਨ ਅਵਸਥਾ
ਵਿੱਚ
ਰੋਟੀ ਵਰਤਾਉਂਦੀ
ਦਿਸਦੀ ਤਾਂ ਹੋਣੀ

ਕਿਉਂ ਨਾ ਦਿਸੇ

ਉਹਨਾਂ ਔਰਤਾਂ ਦੇ
ਨਗਨ ਸਰੀਰ ਵਿੱਚ
ਮਾਂ,ਧੀ ਤੇ ਭੈਣ ਨਹੀਂ ਦਿਸੀਆ

ਮਰਦ ਦਾ
ਮਰਦਾਵਾਂਪਣ ਵੇਖੋ
ਅਲਫ਼ ਨੰਗੇ ਸਰੀਰ ਨਾਲ਼ ਛੇੜਛਾੜ
ਕਰਦੇ

ਖੁਦ ਨੂੰ
ਬਹਾਦੁਰ ਸਮਝਣ ਵਾਲੇ
ਵਹਿਸ਼ੀ ਜਾਨਵਰ ਤੋਂ ਵੀ
ਖਤਰਨਾਕ
ਇਹ ਦਰਿੰਦੇ
ਕੋਹ ਕੋਹ ਮਾਰੇ ਜਾਣੇ ਚਾਹੀਦੇ

ਰੋਣਾ ਬੇਮਾਨੀ ਹੈ
ਸਦੀਆਂ ਤੋਂ ਰੋ ਹੀ ਰਹੀ
ਔਰਤ
ਉੱਠ!!!
ਹੁਣ ਹਿਲਾ ਦੇ
ਜੜ੍ਹਾਂ ਤੋਂ ਇਸ ਖੋਖਲੇ ਸਮਾਜ ਨੂੰ

ਆ
ਸੜਕਾਂ ਤੇ
ਜਗਾ ਆਪਣੇ ਅੰਦਰ ਦੀ ਚੰਡੀ
ਭਸਮ ਕਰ ਦੇ
ਹਰ ਰਾਖ਼ਸ਼
ਜਿਸਦੀ ਨਿਗਾਹ ਮੈਲੀ ਹੈ!!

## ਸਾਵਣ

ਵਿਧਾਤਾ ਸਿੰਘ ਤੀਰ



ਸਾਵਣ ਵਿੱਚ ਮੌਜਾਂ ਬਣੀਆਂ ਨੇ ।
ਬਦਲਾਂ ਨੇ ਤਾਣੀਆਂ ਤਣੀਆਂ ਨੇ ।
ਫੌਜਾਂ ਲੱਥੀਆਂ ਘਣੀਆਂ ਨੇ ।
ਕਿਰ 'ਕਿਣ ਮਿਣ' ਲਾਈ ਕਣੀਆਂ ਨੇ।
ਮੱਟ ਡੁਲ੍ਹਿਆ ਅੰਮ੍ਰਤ ਰਸਦਾ ਏ ।
ਛਮ! ਛਮ! ਛਮ! ਸਾਵਣ ਵੱਸਦਾ ਏ ।

ਔਹ! ਕਾਲੀ ਬੋਲੀ ਰਾਤ ਪਈ ।
ਇੰਦਰ ਦੀ ਢੁਕ ਬਰਾਤ ਪਈ ।
ਲਾੜੀ ਬਣਦੀ ਬਰਸਾਤ ਪਈ ।
ਬਿਜਲੀ ਆ ਕਰਦੀ ਝਾਤ ਪਈ ।
ਇਹ ਮੇਲ ਦਿਲਾਂ ਨੂੰ ਖਸਦਾ ਏ ।
ਛਮ! ਛਮ! ਛਮ! ਸਾਵਣ ਵੱਸਦਾ ਏ ।

ਔਹ ਵੱਸ ਪਏ ਬੱਦਲ ਕਾਲੇ ਨੇ ।
ਦਗ ਦਗ ਵਗ ਪਏ ਪਰਨਾਲੇ ਨੇ ।
ਨੱਕੋ ਨੱਕ ਭਰ ਗਏ ਨਾਲੇ ਨੇ ।
ਵਹਿਣਾ ਨੂੰ ਆਏ ਉਛਾਲੇ ਨੇ ।
ਅੱਜ ਜੋਬਨ ਚੜ੍ਹਿਆ ਕੱਸ ਦਾ ਏ ।
ਛਮ! ਛਮ! ਛਮ! ਸਾਵਣ ਵੱਸਦਾ ਏ ।

ਮੱਚ ਬੱਦਲਾਂ ਦੇ ਘਨ-ਘੋਰ ਪਏ ।
ਸੁਣ ਸੁਣ ਕੇ ਨੱਚਦੇ ਮੋਰ ਪਏ ।
ਡੱਡੂਆਂ ਨੂੰ ਆਵਣ ਲੋਰ ਪਏ ।
ਗਿੜਗੜਾਉਣ ਜ਼ੋਰੋ ਜ਼ੋਰ ਪਏ ।
ਪਿਆ ਇਕ ਦੂਜੇ ਨੂੰ ਦੱਸਦਾ ਏ ।
ਛਮ! ਛਮ! ਛਮ! ਸਾਵਣ ਵੱਸਦਾ ਏ ।

ਅੱਜ ਉਛਲਣ ਟੋਭੇ ਤਾਲ ਪਏ ।
ਰੰਗ ਬੰਨ੍ਹਦੇ ਲਹਿਰਾਂ ਨਾਲ ਪਏ ।
ਨੱਕੋ ਨੱਕ ਦਿਸਦੇ ਖਾਲ ਪਏ ।
'ਡਿਕ ਡੋ ਡੋ' ਖੇਡਣ ਬਾਲ ਪਏ ।
ਕੋਈ ਇਹ ਕਹਿ ਕਹਿ ਕੇ ਨਸਦਾ ਏ ।
ਛਮ! ਛਮ! ਛਮ! ਸਾਵਣ ਵੱਸਦਾ ਏ ।

ਕੋਈ ਤੁਰਦਾ ਉਠਦਾ ਬਹਿੰਦਾ ਏ ।
ਕੋਈ ਨਚਦਾ ਟਪਦਾ ਢਹਿੰਦਾ ਏ ।
ਕੋਈ ਡਿੱਗ ਡਿੱਗ ਸੱਟਾਂ ਸਹਿੰਦਾ ਏ ।
ਕੋਈ ਉੱਚੀ ਉੱਚੀ ਕਹਿੰਦਾ ਏ ।
ਔਹ ਇੰਦਰ ਰਾਜਾ ਹਸਦਾ ਏ ।
ਛਮ! ਛਮ! ਛਮ! ਸਾਵਣ ਵੱਸਦਾ ਏ ।

ਵਾਹਣਾਂ ਵਿੱਚ ਭਰਵਾਂ ਨੀਰ ਪਿਆ ।
ਜੱਟ ਖੁਸ਼ ਹੋ ਵੰਡਦਾ ਖੀਰ ਪਿਆ ।
ਸੁਰ ਕਰਦਾ ਕਿੰਗ ਫ਼ਕੀਰ ਪਿਆ ।
ਅੱਜ ਵਾਗੀ ਗਾਵੇ 'ਹੀਰ' ਪਿਆ ।
ਪਿਆ ਗੋਡੇ ਗੋਡੇ ਧਸਦਾ ਏ ।
ਛਮ! ਛਮ! ਛਮ! ਸਾਵਣ ਵੱਸਦਾ ਏ ।

ਹੇ ਸਾਵਣ ਸੋਹਣਿਆਂ! ਵਰ੍ਹਦਾ ਰਹੁ ।
ਸਭ ਜਗ ਨੂੰ ਠੰਢਿਆਂ ਕਰਦਾ ਰਹੁ ।
ਡੁੱਲ੍ਹ ਛੱਪੜ ਟੋਭੇ ਭਰਦਾ ਰਹੁ ।
ਤੂੰ ਅੰਮ੍ਰਤ ਸੋਮਿਆ! ਝਰਦਾ ਰਹੁ ।
ਜੱਗ ਤੇਰੀਆਂ ਤਲੀਆਂ ਝਸਦਾ ਏ ।
ਤੂੰ ਵੱਸੇਂ ਤਾਂ ਜੱਗ ਵਸਦਾ ਏ ।

# ਫ਼ਿਲਮਾਂ ਅਤੇ ਟੀ. ਵੀ. ਸੀਰੀਅਲਾਂ ਦਾ ਦਰਸ਼ਕਾਂ 'ਤੇ ਪੈ ਰਿਹਾ ਪ੍ਰਭਾਵ !




## ਸਮਾਜ ਅਤੇ ਸੱਭਿਆਚਾਰ ਨੂੰ ਵੀ ਪ੍ਰਭਾਵਿਤ ਕਰਦੇ ਹਨ ਫ਼ਿਲਮਾਂ ਅਤੇ ਟੀ. ਵੀ. ਸੀਰੀਅਲ

ਭਾਰਤ ਦੀ ਫ਼ਿਲਮ ਨਗਰੀ ਮੁੰਬਈ ਦੀ ਚਕਾਂਚੌਂਧ ਭਰੀ ਦੁਨੀਆਂ ਦਾ ਇੱਕ ਹਨੇਰਾ ਪੱਖ ਇਹ ਵੀ ਹੈ ਕਿ ਫ਼ਿਲਮਾਂ, ਟੀ.ਵੀ. ਸੀਰੀਅਲਾਂ, ਨਾਟਕਾਂ ਅਤੇ ਅਜਿਹੀਆਂ ਹੀ ਵੀਡੀਓਜ਼ ਦਾ ਆਮ ਲੋਕਾਂ ਤੇ ਅਕਸਰ ਮਾੜਾ ਅਸਰ ਪੈਂਦਾ ਹੈ। ਅਕਸਰ ਹੀ ਫ਼ਿਲਮਾਂ 'ਚ ਨੂੰਹ ਸੱਸ ਦੇ ਵਿਵਾਦ ਨੂੰ ਉਭਾਰਿਆ ਜਾਂਦਾ ਹੈ ਜਾਂ ਫਿਰ ਪਰਿਵਾਰਕ ਮੈਂਬਰਾਂ ਨੂੰ ਹੀ ਇੱਕ ਦੂਜੇ ਵਿਰੁੱਧ ਸਾਜ਼ਿਸ਼ਾਂ ਕਰਦੇ ਦਿਖਾਇਆ ਜਾਂਦਾ ਹੈ, ਜਿਸ ਦਾ ਸਿੱਧਾ ਪ੍ਰਭਾਵ ਇਹਨਾਂ ਨੂੰ ਵੇਖਣ ਵਾਲੇ ਲੋਕਾਂ 'ਤੇ ਪੈਂਦਾ ਹੈ।

ਕੁਝ ਦਹਾਕੇ ਪਹਿਲਾਂ ਇਹ ਕਿਹਾ ਜਾਂਦਾ ਸੀ ਕਿ ਫ਼ਿਲਮਾਂ ਦਾ ਬੱਚਿਆਂ ਤੇ ਮਾੜਾ ਅਸਰ ਪੈਂਦਾ ਹੈ, ਇਸੇ ਕਾਰਨ ਲੋਕ ਸਿਨੇਮਾ ਵਿੱਚ ਫ਼ਿਲਮ ਦੇਖਣ ਜਾਂਦੇ ਸਮੇਂ ਆਪਣੇ ਬੱਚਿਆਂ ਨੂੰ ਨਾਲ ਲੈ ਕੇ ਜਾਣ ਤੋਂ ਗੁਰੇਜ਼ ਕਰਦੇ ਸਨ ਪਰ ਹੁਣ ਤਾਂ ਕੇਬਲ ਸਿਸਟਮ ਅਤੇ ਡਿਸ਼ਾਂ ਨਾਲ ਹਰ ਘਰ ਵਿੱਚ ਹੀ ਇੱਕ ਤਰਾਂ ਛੋਟੇ ਸਿਨੇਮੇ ਬਣ ਗਏ ਹਨ, ਜਿਥੇ ਕਿ ਸਾਰਾ ਦਿਨ ਫਿਲਮਾਂ ਅਤੇ ਟੀ ਵੀ ਸੀਰੀਅਲ ਚਲਦੇ ਰਹਿੰਦੇ ਹਨ। ਆਮ ਤੌਰ ਤੇ ਹਿੰਦੀ ਸੀਰੀਅਲਾਂ ਵਿੱਚ ਨੂੰਹ ਸੱਸ ਦੇ ਵਿਵਾਦ ਏਨੇ ਜਿਆਦਾ ਦਿਖਾਏ ਜਾਂਦੇ ਹਨ ਕਿ ਇਹਨਾਂ ਦੇ ਅਸਰ ਹੇਠ ਕਈ ਘਰਾਂ ਵਿੱਚ ਨੂੰਹ ਅਤੇ ਸੱਸ ਵਿਚਾਲੇ ਵਿਵਾਦ ਪੈਦਾ ਹੋ ਜਾਂਦਾ ਹੈ। ਇਸ ਤੋਂ ਇਲਾਵਾ ਇਹਨਾਂ ਫਿਲਮਾਂ ਅਤੇ ਟੀ ਵੀ ਸੀਰੀਅਲਾਂ ਦਾ ਬੱਚਿਆਂ ਦੀ ਪੜ੍ਹਾਈ 'ਤੇ ਵੀ ਅਸਰ ਪੈਂਦਾ ਹੈ। ਫਿਲਮਾਂ ਅਤੇ ਟੀ ਵੀ ਸੀਰੀਅਲਾਂ ਵਿੱਚ ਵੇਖ ਕੇ ਹੀ ਕਈ ਨੌਜਵਾਨ ਅਪਰਾਧੀ ਬਣ ਜਾਂਦੇ ਹਨ। ਇਸ ਤੋਂ ਇਲਾਵਾ ਦਿਨ ਰਾਤ ਟੀ ਵੀ ਵੇਖਣ ਵਾਲਿਆਂ ਦੀਆਂ ਅੱਖਾਂ ਦੀ ਰੌਸ਼ਨੀ ਵੀ ਘੱਟ ਜਾਂਦੀ ਹੈ।

ਫ਼ਿਲਮਾਂ ਅਤੇ ਟੈਲੀਵਿਜ਼ਨ ਲੋਕਾਂ ਦੀ ਜੀਵਨ ਸ਼ੈਲੀ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਬੁਨਿਆਦੀ ਪੱਧਰ 'ਤੇ, ਉਹ ਵੱਖ-ਵੱਖ ਤਰੀਕਿਆਂ ਨਾਲ ਅਤੇ ਵੱਖ-ਵੱਖ ਪ੍ਰੋਗਰਾਮਾਂ ਰਾਹੀਂ ਲੋਕਾਂ ਨੂੰ ਵੱਖ-ਵੱਖ ਚੀਜ਼ਾਂ ਬਾਰੇ ਸੂਚਿਤ ਕਰਦੇ ਹਨ।

ਦੂਜੇ ਸਿਰੇ 'ਤੇ, ਉਹ ਲੋਕਾਂ ਨੂੰ ਆਪਣੇ ਆਪ ਨੂੰ ਭਰੋਸਾ ਦਿਵਾਉਣ ਅਤੇ ਉਨ੍ਹਾਂ ਦੀਆਂ ਆਵਾਜ਼ਾਂ ਸੁਣਨ ਦੇਣ ਦੇ ਉਦੇਸ਼ ਦੀ ਪੂਰਤੀ ਕਰਦੇ ਹਨ। ਟੈਲੀਵਿਜ਼ਨ, ਖਾਸ ਤੌਰ 'ਤੇ, ਜਨ ਸੰਚਾਰ ਦੇ ਹੋਰ ਸਾਧਨਾਂ, ਖਾਸ ਤੌਰ 'ਤੇ ਸ਼ਹਿਰੀ ਭਾਰਤ ਵਿੱਚ ਸਰਵਉੱਚ ਰਾਜ ਕਰਦਾ ਹੈ। ਅਨਪੜ੍ਹਤਾ ਦੀ ਉੱਚ ਦਰ ਵਾਲੇ ਦੇਸ਼ ਵਿੱਚ, ਫ਼ਿਲਮਾਂ ਅਤੇ ਸੀਰੀਅਲ ਸੂਚਨਾ ਦੇ ਨਾਲ-ਨਾਲ ਮਨੋਰੰਜਨ ਵੀ ਕਰਦੇ ਹਨ। ਉਹ ਆਬਾਦੀ ਦੇ ਇੱਕ ਵੱਡੇ ਹਿੱਸੇ ਤੱਕ ਪਹੁੰਚਦੇ ਹਨ।



ਤਕਨਾਲੋਜੀ ਦੀ ਤਰੱਕੀ ਨੇ ਮਾਸ ਮੀਡੀਆ ਨੂੰ ਲੋਕਾਂ ਤੱਕ ਪਹੁੰਚਯੋਗ ਬਣਾ ਦਿੱਤਾ ਹੈ। ਮਾਸ ਮੀਡੀਆ, ਖਾਸ ਤੌਰ 'ਤੇ ਇਲੈਕਟ੍ਰਾਨਿਕ ਮੀਡੀਆ, ਲੋਕਾਂ 'ਤੇ ਆਪਣਾ ਪ੍ਰਭਾਵ ਬਣਾਉਣ ਵਿਚ ਤੇਜ਼ੀ ਨਾਲ ਕੰਮ ਕਰਦਾ ਹੈ ਅਤੇ ਪ੍ਰਭਾਵ ਲੰਬੇ ਸਮੇਂ ਤੱਕ ਵੀ ਹੁੰਦਾ ਹੈ। ਟੈਲੀਵਿਜ਼ਨ ਸਮੂਹ ਦਰਸ਼ਕਾਂ ਨੂੰ ਆਕਰਸ਼ਿਤ ਕਰਨ ਲਈ ਇੱਕ ਸ਼ਕਤੀਸ਼ਾਲੀ ਮਾਧਿਅਮ ਹੈ - ਇਹ ਉਮਰ, ਲਿੰਗ, ਆਮਦਨ ਜਾਂ ਵਿਦਿਅਕ ਪੱਧਰ ਦੀ ਪਰਵਾਹ ਕੀਤੇ ਬਿਨਾਂ ਲੋਕਾਂ ਤੱਕ ਪਹੁੰਚਦਾ ਹੈ। ਇਸ ਤੋਂ ਇਲਾਵਾ, ਟੈਲੀਵਿਜ਼ਨ ਦ੍ਰਿਸ਼ਟੀ ਅਤੇ ਆਵਾਜ਼ ਪ੍ਰਦਾਨ ਕਰਦਾ ਹੈ, ਅਤੇ ਇਹ ਲੋਕਾਂ ਅਤੇ ਉਤਪਾਦਾਂ ਦੀ ਇੱਕ ਨਾਟਕੀ ਅਤੇ ਜੀਵਨ-ਵਰਗੀ ਪ੍ਰਤੀਨਿਧਤਾ ਹੈ।

ਸਾਲਾਂ ਦੌਰਾਨ, ਰੇਡੀਓ ਅਤੇ ਟੀਵੀ ਵਿਭਿੰਨਤਾ ਅਤੇ ਸਮੱਗਰੀ ਵਿੱਚ ਵਿਕਸਤ ਹੋਏ ਹਨ। ਫਿਰ ਵੀ, ਪੇਸ਼ ਕੀਤੇ ਜਾਣ ਵਾਲੇ ਮਨੋਰੰਜਨ ਦੀ ਕਿਸਮ ਮੁੱਖ ਤੌਰ 'ਤੇ ਸੱਭਿਆਚਾਰਕ ਹੈ। ਭਾਰਤ ਵਿੱਚ ਫਿਲਮ ਅਤੇ ਟੀਵੀ ਮਨੋਰੰਜਨ ਉਦਯੋਗ ਦੇ ਕੁਝ ਹਿੱਸਿਆਂ ਦੇ ਨਾਲ ਚੌਵੀ ਘੰਟੇ ਚਲਾਇਆ ਜਾਂਦਾ ਹੈ। ਜਿੱਥੋਂ ਤੱਕ ਟੀਵੀ ਦਾ ਸਬੰਧ ਹੈ, ਇਹ ਦੂਰਦਰਸ਼ਨ ਹੀ ਸੀ ਜਿਸ ਨੇ 1990 ਦੇ ਦਹਾਕੇ ਅਤੇ ਉਦਾਰੀਕਰਨ ਦੇ ਦੌਰ ਤੱਕ ਸਾਡਾ ਮਨੋਰੰਜਨ ਕੀਤਾ। ਦੂਰਦਰਸ਼ਨ 'ਤੇ ਪ੍ਰੋਗਰਾਮਾਂ ਦੀ ਚੰਗੀ ਮੇਲ-ਜੋਲ ਸੀ, ਕਿਉਂਕਿ ਸਰਕਾਰੀ ਮਾਲਕੀ ਵਾਲੇ ਚੈਨਲ ਨੂੰ ਸਿੱਖਿਅਤ ਦੇ ਨਾਲ-ਨਾਲ ਦੇਸ਼ ਦੇ ਮਨੋਰੰਜਨ ਦੀ ਜ਼ਿੰਮੇਵਾਰੀ ਵੀ ਨਿਭਾਉਣੀ ਪੈਂਦੀ ਸੀ। ਕੁਝ ਦਹਾਕੇ ਪਹਿਲਾਂ ਟੀ.ਵੀ. 'ਤੇ ਖੇਤੀਬਾੜੀ ਦਰਸ਼ਨ, ਭਾਰਤ ਦੀ ਕਲਾ ਅਤੇ ਸੱਭਿਆਚਾਰਕ ਵਿਰਾਸਤ ਦੇ ਨਾਲ-ਨਾਲ ਖੇਤਰ ਵਿੱਚ ਸਮਕਾਲੀ ਘਟਨਾਵਾਂ ਨੂੰ ਦਰਸਾਉਂਦੇ ਪ੍ਰੋਗਰਾਮ, ਬੱਚਿਆਂ ਅਤੇ ਔਰਤਾਂ ਲਈ ਕਾਰਟੂਨ ਪ੍ਰੋਗਰਾਮ ਅਤੇ ਨੌਜਵਾਨ-ਅਧਾਰਿਤ ਪ੍ਰੋਗਰਾਮਾਂ ਨੂੰ ਫਿਲਮ-ਅਧਾਰਤ ਪ੍ਰੋਗਰਾਮਾਂ ਨਾਲ ਜੋੜਿਆ ਗਿਆ ਸੀ ਜੋ ਸ਼ੁੱਧ ਮਨੋਰੰਜਨ ਕਰਦੇ ਸਨ। ਚਿੱਤਰਹਾਰ, ਖੇਤਰੀ ਅਤੇ ਹਿੰਦੀ ਵੀਕਐਂਡ ਫਿਲਮਾਂ ਵੀ ਦਿਖਾਈਆਂ ਜਾਂਦੀਆਂ ਸਨ ਪਰ ਅੱਜ ਕਲ ਤਾਂ ਕਈ ਪ੍ਰਾਈਵੇਟ ਚੈਨਲਾਂ 'ਤੇ ਜਾਂ ਤਾਂ ਅੰਧਵਿਸ਼ਵਾਸ ਫੈਲਾਉਣ ਵਾਲੇ ਸੀਰੀਅਲ ਪੇਸ਼ ਕੀਤੇ ਜਾਂਦੇ ਹਨ ਜਾਂ ਫਿਰ ਸਾਜ਼ਿਸ਼ਾਂ ਹੀ ਸਾਜ਼ਿਸ਼ਾਂ ਦਿਖਾਈਆਂ ਜਾਂਦੀਆਂ ਹਨ। ਇਸ ਤੋਂ ਇਲਾਵਾ ਕਈ ਚੈਨਲਾਂ 'ਤੇ ਸ਼ਰੇਆਮ ਅਸ਼ਲੀਲਤਾ ਪਰੋਸੀ ਜਾਂਦੀ ਹੈ। ਹੋਰ ਤਾਂ ਹੋਰ ਹੁਣ ਤਾਂ ਸਪੋਰਟਸ ਚੈਨਲਾਂ 'ਤੇ ਵੀ ਚੀਅਰ ਲੀਡਰਜ਼ ਦਿਖਾਈਆਂ ਜਾਂਦੀਆਂ ਹਨ, ਜਿਹਨਾਂ ਨੇ ਅਜਿਹਾ ਪਹਿਰਾਵਾ ਪਾਇਆ ਹੁੰਦਾ ਹੈ, ਜੋ ਕਿ ਕਈ ਵਾਰ ਬੱਚਿਆਂ ਅਤੇ ਨੌਜਵਾਨਾਂ ਪਰ ਮਾਰੂ ਅਸਰ ਕਰਦਾ ਹੈ।

ਹਿੰਦੀ ਅਤੇ ਹੋਰ ਭਾਰਤੀ ਭਾਸ਼ਾ ਦੀਆਂ ਫਿਲਮਾਂ ਵਿੱਚ ਸੈਕਸ ਅਤੇ ਹਿੰਸਾ ਦੇ ਚਿਤਰਣ ਦੇ ਪ੍ਰਭਾਵਾਂ ਦੇ ਸਬੰਧ ਵਿੱਚ ਸੈਂਸਰਸ਼ਿਪ ਦੀ ਲੋੜ ਦੀ ਅਕਸਰ ਚਰਚਾ ਕੀਤੀ ਜਾਂਦੀ ਹੈ। ਇਸ ਮੁੱਦੇ ਨੂੰ ਇਸ ਦੇ ਸਮੁੱਚੇ ਪ੍ਰਭਾਵ ਦੇ ਵਿਆਪਕ ਸੰਦਰਭ ਵਿੱਚ ਦੇਖਣ ਅਤੇ ਸਮਾਜ ਵਿੱਚ ਹੋਰ ਤਬਦੀਲੀਆਂ ਨਾਲ ਜੋੜਨ ਦੀ ਲੋੜ ਹੈ। ਇਸ ਤੋਂ ਇਲਾਵਾ, ਇਸ ਮੁੱਦੇ ਨੂੰ ਨਾ ਸਿਰਫ਼ ਪ੍ਰਸਿੱਧ ਫੀਚਰ ਫ਼ਿਲਮਾਂ ਦੇ ਸੰਦਰਭ ਵਿੱਚ, ਸਗੋਂ ਟੀਵੀ ਪ੍ਰੋਗਰਾਮਾਂ, ਲਘੂ ਫ਼ਿਲਮਾਂ, ਵੀਡੀਓਜ਼ ਅਤੇ ਕਲਿੱਪਾਂ ਦੇ ਸੰਦਰਭ ਵਿੱਚ ਵੀ ਘੋਖਿਆ ਜਾਣਾ ਚਾਹੀਦਾ ਹੈ। ਇਸ ਤੋਂ ਇਲਾਵਾ, ਕਿਉਂਕਿ ਸੰਯੁਕਤ ਰਾਜ ਅਤੇ ਯੂਰਪ ਵਿੱਚ ਕੁਝ ਸਭ ਤੋਂ ਮਹੱਤਵਪੂਰਨ ਖੋਜਾਂ ਕੀਤੀਆਂ ਗਈਆਂ ਹਨ, ਸਾਨੂੰ ਇਸ ਖੋਜ ਨੂੰ ਵੀ ਦੇਖਣਾ ਚਾਹੀਦਾ ਹੈ, ਸਿਰਫ਼ ਹਿੰਦੀ ਸਿਨੇਮਾ ਅਤੇ ਹੋਰ ਭਾਰਤੀ ਭਾਸ਼ਾਵਾਂ ਦੀਆਂ ਫਿਲਮਾਂ 'ਤੇ ਉਪਲਬਧ ਬਹੁਤ ਘੱਟ ਅਧਿਐਨਾਂ ਤੱਕ ਸੀਮਤ ਨਹੀਂ ਰਹਿਣਾ ਚਾਹੀਦਾ।

ਅਧਿਐਨਾਂ ਦੀ ਵਧਦੀ ਗਿਣਤੀ ਬੱਚਿਆਂ ਅਤੇ ਕਿਸ਼ੋਰਾਂ 'ਤੇ ਮਸ਼ਹੂਰ ਫਿਲਮਾਂ ਅਤੇ ਟੀਵੀ ਪ੍ਰੋਗਰਾਮਾਂ ਦੀ ਸਮੱਗਰੀ ਦੇ ਕੁਝ ਪਹਿਲੂਆਂ ਦੇ ਨੁਕਸਾਨਦੇਹ ਪ੍ਰਭਾਵਾਂ ਦੀ ਸੰਭਾਵਨਾ ਬਾਰੇ ਚਿਤਾਵਨੀ ਦੇ ਰਹੀ ਹੈ। ਹਾਲ ਹੀ ਵਿੱਚ ਵੀਡੀਓ ਗੇਮਾਂ ਦੇ ਸੰਦਰਭ ਵਿੱਚ ਵੀ ਅਜਿਹੀਆਂ ਚਿੰਤਾਵਾਂ ਪ੍ਰਗਟ ਕੀਤੀਆਂ ਗਈਆਂ ਹਨ।

ਅਮੈਰੀਕਨ ਅਕੈਡਮੀ ਆਫ਼ ਚਾਈਲਡ ਐਂਡ ਅਡੋਲੈਸੈਂਟ ਸਾਈਕਿਆਟਰੀ ਦੁਆਰਾ ਜਾਰੀ ਕੀਤੀ ਗਈ ਇੱਕ ਰਿਪੋਰਟ ਵਿੱਚ ਟੀਵੀ ਪ੍ਰੋਗਰਾਮਾਂ ਦੀ ਉੱਚ ਹਿੰਸਾ ਸਮੱਗਰੀ ਵੱਲ ਧਿਆਨ ਖਿੱਚਿਆ ਗਿਆ, (ਬਾਕੀ ਸਫ਼ਾ 31 'ਤੇ)

# ਬੋਲ ਮਿੱਟੀ ਦਿਆ ਬਾਵਿਆ ਵਾਲਾ ਸਾਂਝੇ ਪੰਜਾਬ ਦਾ ਮਹਾਨ ਗਾਇਕ ਆਲਮ ਲੁਹਾਰ

ਕੁਲਦੀਪ ਸਿੰਘ ਸਾਹਿਲ

ਬੋਲ ਮਿੱਟੀ ਦਿਆ ਬਾਵਿਆ, ਤੇਰੇ ਦੁੱਖਾਂ ਨੇ ਮਾਰ ਮੁਕਾ ਲਿਆ ਗੀਤ ਬਚਪਨ ਤੋਂ ਸੁਣਦੇ ਆ ਰਹੇ ਹਾਂ ਅਤੇ ਹੁਣ ਵੀ ਇਹ ਅਮਰ ਗੀਤ ਲੋਕਾਂ ਵੱਲੋਂ ਪਸੰਦ ਕੀਤਾ ਜਾਂਦਾ ਹੈ। ਬੇਸ਼ੱਕ ਇਸ ਗੀਤ ਨੂੰ ਬਹੁਤ ਸਾਰੇ ਗਾਇਕਾਂ ਨੇ ਗਾਉਣ ਦੀ ਕੋਸ਼ਿਸ਼ ਕੀਤੀ, ਪਰ ਜੋ 'ਮਿੱਟੀ ਦਾ ਬਾਵਾ' ਆਲਮ ਲੁਹਾਰ ਗਾ ਗਏ ਇਹੋ ਜਿਹਾ ਕੋਈ ਹੋਰ ਨਹੀਂ ਗਾ ਸਕਿਆ। ਉੱਚੀ ਅਤੇ ਸੁਰੀਲੀ ਆਵਾਜ਼ ਨਾਲ ਚਿਮਟੇ ਅਤੇ ਅਲਗੋਜ਼ਿਆਂ ਦੀ ਤਾਲ ਨਾਲ ਦਿਲਾਂ ਵਿੱਚ ਆਪਣੀ ਗਾਇਕੀ ਨਾਲ ਜੋਸ਼ ਭਰ ਦੇਣ ਵਾਲੇ ਆਲਮ ਲੁਹਾਰ ਦੀ ਰੀਸ ਅਜੇ ਤੱਕ ਪੰਜਾਬ ਦਾ ਕੋਈ ਵੀ ਗਾਇਕ ਨਹੀਂ ਕਰ ਸਕਿਆ।

ਆਲਮ ਲੁਹਾਰ ਦਾ ਜਨਮ 1928 ਵਿੱਚ ਜ਼ਿਲ੍ਹਾ ਗੁਜਰਾਤ ਦੀ ਤਹਿਸੀਲ ਖਾਰੀਆਂ ਦੇ ਪਿੰਡ ਅੱਚ ਵਿਚ ਹੋਇਆ ਜੋ ਕਸਬਾ ਲਾਲਾ ਮੂਸਾ ਦੇ ਲਾਗੇ ਹੈ। ਉਹ ਪੰਜਾਬ ਦੇ ਵੱਖ-ਵੱਖ ਪਿੰਡਾਂ, ਕਸਬਿਆਂ ਤੇ ਸ਼ਹਿਰਾਂ 'ਚ ਲੱਗਦੇ ਮੇਲਿਆਂ ਵਿੱਚ ਅਖਾੜੇ ਲਾ ਕੇ ਸੈਂਕੜੇ ਪੰਜਾਬੀਆਂ ਨੂੰ ਇਕੱਠਾ ਕਰਕੇ ਸਾਰੀ ਜ਼ਿੰਦਗੀ ਗਾਉਂਦਾਰਿਹਾ। ਆਲਮ ਲੁਹਾਰ ਨੇ ਆਪਣੀ ਗਾਇਕੀ ਦਾ ਪਹਿਲਾ ਐਲਬਮ 13 ਸਾਲ ਦੀ ਉਮਰ ਵਿੱਚ ਰਿਕਾਰਡ ਕਰਵਾਇਆ। ਮੀਆਂ ਮੁਹੰਮਦ ਬਖ਼ਸ਼ ਦੀ ਲਿਖੀ ਸੈਫੁਲ ਮਲੂਕ 1948 'ਚ ਗਾਈ। ਕਿੱਸਾ ਯੂਸਫ ਜੁਨੈਜ਼ 1961 ਵਿੱਚ ਗਾਇਆ। ਉਨ੍ਹਾਂ ਦਾ ਗਾਇਆ ਗੀਤ 'ਬੋਲ ਮਿੱਟੀ ਦਿਆ ਬਾਵਿਆ' 1964 ਵਿੱਚ ਬਹੁਤ ਮਕਬੂਲ ਹੋਇਆ। ਉਨ੍ਹਾਂ ਨੇ ਕਿੱਸਾ ਦੁੱਲਾ ਭੱਟੀ 1959 ਵਿੱਚ ਗਾਇਆ। ਕਿੱਸਾ ਮਿਰਜ਼ਾ ਜੱਟ 1967 ਵਿੱਚ, ਕਿੱਸਾ ਹੀਰ-ਰਾਂਝਾ 1969 ਤੇ ਕਿੱਸਾ ਸੱਸੀ-ਪੁਨੂੰ 1972 ਵਿੱਚ ਗਾਇਆ। ਉਨ੍ਹਾਂ ਨੇ ਕਿੱਸਾ ਹਰਨੀ 1963, ਮਿਰਜ਼ੇ ਜੱਟ ਦੀ ਮਾਂ 1968, ਮਾਂ ਦਾ ਪਿਆਰ 1971 ਤੇ ਕਿੱਸਾ ਬਾਰਾਂ ਮਾਂਹ 1974 ਵਿੱਚ ਗਾਇਆ। ਉਨ੍ਹਾਂ ਨੇ 1973 ਵਿੱਚ 'ਵਾਜਾਂ ਮਾਰੀਆਂ ਬੁਲਾਇਆ ਕਈ ਵਾਰ ਮੈਂ' ਪੰਜਾਬੀਆਂ ਸਾਹਮਣੇ ਪੇਸ਼ ਕੀਤਾ। ਆਲਮ ਲੁਹਾਰ ਨੂੰ 1960 ਤੋਂ ਲੈ ਕੇ 1970 ਤੱਕ ਦੱਖਣੀ ਏਸ਼ੀਆ ਵਿੱਚ ਸਭ ਤੋਂ ਵੱਧ ਸੁਣਿਆ ਜਾਂਦਾ ਸੀ। ਇਸੇ ਹੀ ਸਮੇਂ ਦੌਰਾਨ ਉਹ ਕੈਨੇਡਾ, ਇੰਗਲੈਂਡ, ਅਮਰੀਕਾ, ਨਾਰਵੇ ਅਤੇ ਜਰਮਨੀ ਜਾ ਕੇ ਪੰਜਾਬੀਆਂ ਨੂੰ ਆਪਣੀ ਜੋਸ਼ੀਲੀ ਤੇ ਮਸਤ ਕਰ ਦੇਣ ਵਾਲੀ ਗਾਇਕੀ ਨਾਲ ਨਿਹਾਲ ਕਰਦਾ ਰਿਹਾ। ਆਲਮ ਲੁਹਾਰ ਦੇ ਪਿੰਡ ਤੋਂ ਜੋ ਸੜਕ ਜੀ. ਟੀ. ਰੋਡ ਨੂੰ ਜਾਂਦੀ ਹੈ, ਉਸ ਦਾ ਨਾਂ ਵੀ ਆਲਮ ਲੁਹਾਰ ਰੋਡ ਰੱਖਿਆ ਗਿਆ। ਆਲਮ ਲੁਹਾਰ ਗ਼ਰੀਬ



ਲੁਹਾਰ ਪਰਿਵਾਰ ਤੋਂ ਸੀ। ਲੁਹਾਰਾਂ ਨੂੰ ਮੁਗਲ ਬਰਾਦਰੀ ਵੀ ਕਿਹਾ ਜਾਂਦਾ ਹੈ। ਉਨ੍ਹਾਂ ਦਾ ਜੱਦੀ ਪੇਸ਼ਾ ਗਾਇਕੀ ਨਹੀਂ ਸੀ। ਆਪਣੇ ਇੱਕ ਗੀਤ ਵਿੱਚ ਵੀ ਉਨ੍ਹਾਂ ਨੇ ਕਿਹਾ ਹੈ, 'ਛੱਡ ਲੁਹਾਰਾ ਗਾਉਣ ਦਾ ਖਹਿੜਾ, ਤੇ ਸਨ੍ਹੀ ਹਥੌੜਾ ਵਾਹੀਏ।' ਗਾਇਕੀ ਆਲਮ ਲੁਹਾਰ ਦਾ ਭਾਵੇਂ ਜੱਦੀ ਪੇਸ਼ਾ ਨਹੀਂ ਸੀ, ਪਰ ਇਸ ਮਹਾਨ ਹਸਤੀ ਨੂੰ ਨਿੱਕੇ ਹੁੰਦਿਆਂ ਤੋਂ ਹੀ ਗਾਉਣ ਦਾ ਸ਼ੌਕ ਪੈ ਗਿਆ ਸੀ। ਪਹਿਲਾਂ ਤਾਂ ਉਹ ਘਰ ਵਿੱਚ ਹੀ ਗੁਣਗੁਣਾਉਂਦਾ ਰਹਿੰਦਾ। ਉਹ ਘਰੇ ਹੀ ਸਾਰਾ ਦਿਨ ਕਦੀ ਗੜਵੀ, ਕਦੀ ਪਰਾਤ ਤੇ ਕਦੀ ਘੜਾ ਵਜਾ ਕੇ ਲੈਅ ਨਾਲ ਗਾਉਂਦਾ। ਉਹਨੂੰ ਖਾਸ ਤਰਜ਼ ਵਾਲੀ ਅਤੇ ਸਾਫ਼ ਸੁਥਰੀ ਗਾਇਕੀ ਨਾਲ ਬਹੁਤ ਮੁਹੱਬਤ ਸੀ। ਛੋਟੇ ਹੁੰਦਿਆਂ ਉਹ ਆਪਣੇ ਹੀ ਪਰਿਵਾਰ ਸਾਹਮਣੇ ਗਾ ਕੇ ਆਪਣੀ ਗਾਇਕੀ ਦਾ ਸ਼ੌਕ ਪੂਰਾ ਕਰ ਲੈਂਦਾ ਸੀ। ਉਸ ਦੀ ਆਵਾਜ਼ ਵਿੱਚ ਖਾਸ ਜਾਦੂ ਸੀ। ਉਸ ਨੇ ਗਾਉਣ ਲਈ ਬਿਲਕੁਲ ਵੱਖਰੀ ਸੁਰ ਅਪਣਾਈ। ਆਲਮ ਨੇ ਆਪਣੀ ਗਾਇਕੀ ਦੇ ਇਸ ਨਿਵੇਕਲੇ ਅੰਦਾਜ਼ ਨਾਲ ਕੇਵਲ ਪੰਜਾਬ ਹੀ ਨਹੀਂ, ਸਗੋਂ ਪੂਰੀ ਦੁਨੀਆਂ ਵਿੱਚ ਆਪਣੀ ਅਲੱਗ ਪਛਾਣ ਬਣਾਈ। ਉਸ ਦੇ ਅੰਦਾਜ਼-ਏ-ਗਾਇਕੀ ਦੀ ਨਕਲ ਬਹੁਤ ਸਾਰੇ ਪੰਜਾਬੀ ਗਾਇਕਾਂ ਨੇ ਕਰਨ ਦੀ ਕੋਸ਼ਿਸ਼ ਕੀਤੀ। ਦਰਜਨਾਂ ਪੰਜਾਬੀ ਗਾਇਕਾਂ ਨੇ ਆਲਮ ਲੁਹਾਰ ਦੇ ਲਹਿਜ਼ਾ-ਏ-ਆਵਾਜ਼ ਤੇ ਉੱਚੀ ਸੁਰ ਵਿੱਚ ਗਾਉਣ ਦਾ ਢੰਗ ਅਪਣਾਇਆ, ਪਰ ਕੁਦਰਤ ਜਿਸ ਬੰਦੇ ਨੂੰ ਜੋ ਵੀ ਸਰੀਰਕ ਸਿਫਤ ਭੇਟ ਕਰਦੀ ਹੈ, ਕੋਈ ਹੋਰ ਬੰਦਾ ਉਸ ਸਿਫਤ ਨੂੰ ਖੋਹਣਾ ਵੀ ਚਾਹੇ ਤਾਂ ਨਹੀਂ ਖੋਹ ਸਕਦਾ। ਉਹ ਜਦੋਂ ਮਿਰਜ਼ਾ-ਸਾਹਿਬਾਂ ਆਪਣੀ ਤਿੱਖੀ, ਉੱਚੀ ਤੇ ਸੁਰੀਲੀ ਆਵਾਜ਼ ਵਿੱਚ ਗਾਉਂਦਾ ਸੀ ਤਾਂ ਪੰਜਾਬੀਆਂ ਦੇ ਮੁੱਖੜੇ ਲਾਲੋ-ਲਾਲ ਹੋ ਜਾਂਦੇ ਸਨ। ਉਹਨੂੰ ਸਭ ਤੋਂ ਵੱਧ ਸ਼ੁਹਰਤ ਮਿਰਜ਼ਾ-ਸਾਹਿਬਾਂ ਗਾਉਣ 'ਤੇ ਹੀ ਮਿਲੀ, ਇਹ ਉਸ ਦੀ ਪਛਾਣ ਬਣ ਗਈ। ਉਨ੍ਹਾਂ ਨੇ ਸਦਾ ਪੰਜਾਬੀ ਸੱਭਿਆਚਾਰ ਨੂੰ ਹੀ ਆਪਣੀ ਪਛਾਣ ਬਣਾਇਆ। ਗਲ਼ ਕੱਢਿਆ ਹੋਇਆ ਰੰਗ-ਰੰਗੀਲਾ ਕੁੜਤਾ। ਲੱਕ 'ਤੇ ਗੂੜ੍ਹੇ ਰੰਗ ਵਾਲਾ ਲਾਚਾ (ਧੋਤੀ), ਪੈਰੀਂ ਚਮਕੀਲੇ ਤਿੱਲੇ ਨਾਲ ਕੱਢਿਆ ਹੋਇਆ ਖੁੱਸਾ; ਲੰਮੀਆਂ ਜ਼ੁਲਫਾਂ, ਭਰਿਆ-ਭਰਿਆ ਸਰੀਰ, ਕੱਦ ਦਰਮਿਆਨਾ ਤੇ ਹੱਥ ਵਿੱਚ ਚਿਮਟਾ; ਗਾਉਂਦਿਆਂ ਜਦੋਂ ਇੱਕ ਖਾਸ ਅੰਦਾਜ਼ ਨਾਲ ਸਿਰ ਨੂੰ ਝਟਕਾ ਦਿੰਦਾ ਤਾਂ ਕੇਸ ਖਾਸ ਅੰਦਾਜ਼ ਨਾਲ ਹਵਾ ਵਿੱਚ ਲਹਿਰਾ ਜਾਂਦੇ। ਗਾਇਕੀ ਵਿੱਚ ਉਸ ਦਾ ਸਾਥ ਫਜ਼ਲ ਕਰੀਮ ਕਿਸਾਈ ਅਲਗੋਜ਼ੇ ਵਾਲਾ ਦਿੰਦਾ ਸੀ। ਫਜ਼ਲ ਕਰੀਮ ਕਿਸਾਈ ਦੋ ਅਲਗੋਜ਼ੇ ਇਕੱਠੇ ਮੂੰਹ ਵਿੱਚ ਲੈ ਕੇ ਵਜਾਉਂਦਾ ਸੀ। ਆਲਮ ਮਸ਼ਹੂਰ ਸੂਫੀ ਬਜ਼ੁਰਗ ਲਾਲ ਸ਼ਾਹਬਾਜ਼ ਕਲੰਦਰ ਦੇ ਮਜ਼ਾਰ 'ਤੇ ਸਲਾਮ ਕਰਨ ਰੇਲ ਗੱਡੀ ਰਾਹੀਂ ਸੂਬਾ ਸਿੰਧ ਦੇ ਸ਼ਹਿਰ ਹੈਦਰਾਬਾਦ ਜਾ ਰਿਹਾ ਸੀ। ਹੈਦਰਾਬਾਦ ਦੇ ਸਟੇਸ਼ਨ 'ਤੇ ਉਤਰ ਕੇ ਉਹ ਤੇ ਉਸ ਦੇ ਚਾਰ ਸਾਥੀ ਕਾਰ ਵਿੱਚ ਸਵਾਰ ਹੋ ਕੇ ਲਾਲ ਸ਼ਾਹਬਾਜ਼ ਕਲੰਦਰ ਦੇ ਮਜ਼ਾਰ ਵੱਲ ਰਾਹੇ ਪੈ ਗਏ। ਰਾਹ 'ਚ 80-100 ਕਿਲੋਮੀਟਰ ਤੋਂ ਵੀ ਵੱਧ ਰਫ਼ਤਾਰ 'ਤੇ ਦੌੜਦੀ ਕਾਰ ਬੱਸ ਨਾਲ ਟਕਰਾ ਗਈ।

(ਬਾਕੀ ਸਫ਼ਾ 31 'ਤੇ)



# ਪੰਜਾਬ ਖੇਡਾਂ 'ਚ ਹਰਿਆਣੇ ਤੋਂ ਪਿੱਛੇ ਕਿਉਂ?

## ਕੀ ਪੰਜਾਬ ਨੂੰ ਖੇਡਾਂ ਦੇ ਖੇਤਰ ਵਿੱਚ ਮੋਹਰੀ ਸੂਬਾ ਬਣਾ ਸਕੇਗੀ ਪੰਜਾਬ ਸਰਕਾਰ

ਭਾਰਤ ਦੇ ਖੇਡ ਖੇਤਰ ਵਿੱਚ ਲੰਬਾਂ ਸਮਾਂ ਪੰਜਾਬ ਦੇ ਖਿਡਾਰੀਆਂ ਦਾ ਦਬਦਬਾ ਰਿਹਾ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਵੀ ਪੰਜਾਬੀ ਖਿਡਾਰੀ ਛਾਏ ਰਹੇ, ਪਰ ਕੁਝ ਸਾਲਾਂ ਤੋਂ ਇਹ ਵੇਖਣ ਵਿੱਚ ਆ ਰਿਹਾ ਹੈ ਕਿ ਪੰਜਾਬ ਦੇ ਖਿਡਾਰੀ ਆਪਣੀ ਪਹਿਲਾਂ ਵਾਲੀ ਯੋਗਤਾ ਕਾਇਮ ਨਹੀਂ ਰੱਖ ਸਕੇ ਸਗੋਂ ਪੰਜਾਬ ਖੇਡਾਂ ਦੇ ਖੇਤਰ ਵਿੱਚ ਹਰਿਆਣਾ ਤੋਂ ਵੀ ਪਿੱਛੇ ਰਹਿ ਗਿਆ ਹੈ। ਹਰਿਆਣਾ ਨੇ ਖੇਡਾਂ ਦੇ ਖੇਤਰ ਵਿੱਚ ਵੱਡੀ ਤਰੱਕੀ ਕੀਤੀ ਹੈ ਅਤੇ ਹਰਿਆਣਾ ਖੇਡਾਂ ਦੇ ਖੇਤਰ ਵਿੱਚ ਦਿਨੋਂ ਦਿਨ ਹੋਰ ਤਰੱਕੀ ਕਰ ਰਿਹਾ ਹੈ। ਦੂਜੇ ਪਾਸੇ ਕੁਝ ਸਾਲਾਂ ਤੋਂ ਪੰਜਾਬ ਖੇਡਾਂ ਦੇ ਖੇਤਰ ਵਿੱਚ ਲਗਾਤਾਰ ਢਹਿੰਦੀ ਕਲਾ ਵਿੱਚ ਜਾ ਰਿਹਾ ਹੈ।

ਇਸ ਤੋਂ ਇਲਾਵਾ ਭਾਰਤ ਦੇ ਹੋਰ ਅਨੇਕਾਂ ਸੂਬੇ ਵੀ ਖੇਡਾਂ ਦੇ ਖੇਤਰ ਵਿੱਚ ਪੰਜਾਬ ਤੋਂ ਕਾਫੀ ਅੱਗੇ ਲੰਘ ਗਏ ਹਨ, ਜਿਸ ਕਾਰਨ ਉਹਨਾਂ ਸੂਬਿਆਂ ਦੇ ਖਿਡਾਰੀਆਂ ਦੀ ਹਰ ਪਾਸੇ ਬੱਲੇ ਬੱਲੇ ਹੋ ਰਹੀ ਹੈ, ਜਦੋਂ ਕਿ ਪੰਜਾਬ ਦੇ ਖਿਡਾਰੀ ਹਰ ਤਰਾਂ ਦੀਆਂ ਖੇਡਾਂ ਵਿੱਚ ਲਗਾਤਾਰ ਪਿੱਛੜਦੇ ਜਾ ਰਹੇ ਹਨ।

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਾਫੀ ਸਮਾਂ ਪਹਿਲਾਂ (ਜਦੋਂ ਉਹ ਕਾਮੇਡੀਅਨ ਸਨ) ਕਾਮੇਡੀ ਕਰਦਿਆਂ ਕਿਹਾ ਸੀ ਕਿ ਖੇਡਾਂ ਵਿੱਚ ਪਿਛੜਨ ਦਾ ਮੁੱਖ ਕਾਰਨ ਸਰਕਾਰ ਹੁੰਦਾ ਹੈ, ਕਿਉਂਕਿ ਜਦੋਂ ਸਰਕਾਰ ਬਦਲਦੀ ਹੈ ਤਾਂ ਖਿਡਾਰੀ ਵੀ ਬਦਲ ਜਾਂਦੇ ਹਨ। ਉਹਨਾਂ ਵੱਲੋਂ ਕੀਤਾ ਗਿਆ ਇਹ ਵਿਅੰਗ ਆਮ ਲੋਕਾਂ ਦੀ ਸਮਝ ਵਿੱਚ ਤੁਰੰਤ ਆ ਗਿਆ ਸੀ। ਹੁਣ ਪੰਜਾਬ ਵਿੱਚ ਸਾਬਕਾ ਕਾਮੇਡੀਅਨ ਭਗਵੰਤ ਮਾਨ ਖੁਦ ਮੁੱਖ ਮੰਤਰੀ ਹਨ ਅਤੇ ਉਹ ਪੰਜਾਬ ਨੂੰ ਖੇਡਾਂ ਦੇ ਖੇਤਰ ਵਿੱਚ ਮੋਹਰੀ ਸੂਬਾ ਬਣਾਉਣ ਲਈ ਵੱਡਾ ਉਪਰਾਲਾ ਕਰ ਸਕਦੇ ਹਨ।

ਪੰਜਾਬ ਦੇ ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਦਾਅਵਾ ਕਰ ਰਹੇ ਹਨ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਸੂਬੇ ਵਿੱਚ ਖੇਡ ਪੱਖੀ ਮਾਹੌਲ ਸਿਰਜਣ ਅਤੇ ਪੰਜਾਬ ਨੂੰ ਖੇਡਾਂ ਵਿੱਚ ਦੇਸ਼ ਦਾ ਨੰਬਰ ਇੱਕ ਸੂਬਾ ਬਣਾਉਣ ਲਈ ਜਿੱਥੇ ਨਵੀਂ, ਵਿਆਪਕ ਤੇ ਕਾਰਗਰ ਖੇਡ ਨੀਤੀ ਬਣਾ ਰਹੀ ਹੈ, ਉੱਥੇ ਹੀ ਆਧੁਨਿਕ ਦੇ ਨਾਲ ਵਿਰਾਸਤੀ ਤੇ ਰਵਾਇਤੀ ਖੇਡਾਂ ਨੂੰ ਵੀ ਪ੍ਰਫੁੱਲਿਤ ਕਰ ਰਹੀ ਹੈ। ਖੇਡ ਮੰਤਰੀ ਦਾ ਕਹਿਣਾ ਹੈ ਕਿ ਗੱਤਕਾ ਸਾਨੂੰ ਗੁਰੂ ਸਾਹਿਬਾਨ ਵੱਲੋਂ ਵਿਰਸੇ ਵਿੱਚ ਮਿਲੀ ਮਾਰਸ਼ਲ ਆਰਟ ਖੇਡ ਹੈ, ਜਿਸ ਨੂੰ ਹੁਣ ਕੌਮੀ ਖੇਡਾਂ ਵਿੱਚ ਵੀ ਸ਼ਾਮਲ ਕੀਤਾ ਗਿਆ ਹੈ। ਇਸ ਨਾਲ ਗੱਤਕਾ ਖੇਡ ਵਜੋਂ ਹੋਰ ਵੀ ਬੁਲੰਦੀਆਂ ਛੂਹੇਗੀ। ਖੇਡ ਮੰਤਰੀ ਨੇ ਕਿਹਾ ਹੈ ਕਿ ਬੀਤੇ ਸਮੇਂ ਵਿੱਚ ਖੇਲੋ ਇੰਡੀਆ ਗੇਮਜ਼ ਵਿੱਚ ਪੰਜਾਬ ਦੇ ਖਿਡਾਰੀਆਂ ਨੇ ਗੱਤਕਾ ਵਿੱਚ ਬਿਹਤਰੀਨ ਪ੍ਰਦਰਸ਼ਨ ਦਿਖਾਇਆ ਅਤੇ ਪੰਜਾਬ ਦੀ ਓਵਰਆਲ ਤਮਗਾ ਸੂਚੀ ਵਿੱਚ ਵੱਡਾ ਯੋਗਦਾਨ ਪਾਇਆ। ਉਨ੍ਹਾਂ ਕਿਹਾ ਹੈ ਕਿ ਖੇਡ ਵਿਭਾਗ ਵੱਲੋਂ ਇਸ ਮਾਰਸ਼ਲ ਆਰਟ ਖੇਡ ਨੂੰ ਹੋਰ ਪ੍ਰਫੁੱਲਿਤ ਕਰਨ ਲਈ ਹਰ ਸੰਭਵ ਮੱਦਦ ਕੀਤੀ ਜਾਵੇਗੀ। ਖੇਡ ਮੰਤਰੀ ਦਾਅਵਾ ਕਰਦੇ ਹਨ ਕਿ ਸੂਬਾ ਸਰਕਾਰ ਸੂਬੇ ਨੂੰ ਖੇਡਾਂ ਵਿੱਚ ਮੁੜ ਨੰਬਰ ਇੱਕ ਸੂਬਾ ਬਣਾਉਣ ਲਈ ਉਪਰਾਲੇ ਕਰ ਰਹੀ ਹੈ। ਮੁੱਖ ਮੰਤਰੀ ਦੇ ਨਿਰਦੇਸ਼ਾਂ ਉੱਤੇ ਕਾਰਗਰ ਨਵੀਂ ਖੇਡ ਨੀਤੀ ਬਣਾਈ ਜਾ ਰਹੀ ਹੈ, ਜਿਹੜੀ ਸੂਬੇ ਵਿੱਚ ਖੇਡ ਸੱਭਿਆਚਾਰ ਨੂੰ ਪ੍ਰਫੁੱਲਿਤ ਕਰੇਗੀ। ਖਿਡਾਰੀਆਂ ਨੂੰ ਤਿਆਰੀ ਲਈ ਕੋਚਾਂ ਦਾ ਪ੍ਰਬੰਧ ਕਰਨਾ, ਡਾਈਟ ਰਾਸ਼ੀ ਵਧਾਉਣੀ, ਖਿਡਾਰੀਆਂ ਲਈ ਨਕਦ ਇਨਾਮ ਤੋਂ ਇਲਾਵਾ ਨੌਕਰੀ ਦੇਣਾ, ਕੋਚਾਂ ਨੂੰ ਐਵਾਰਡ ਦੇਣਾ ਆਦਿ ਪ੍ਰਮੁੱਖ ਵਿਸ਼ੇਸ਼ਤਾਵਾਂ ਹੋਣਗੀਆਂ।





ਖੇਡ ਮੰਤਰੀ ਨੇ ਦਾਅਵਾ ਕੀਤਾ ਹੈ ਕਿ ਪੰਜਾਬ ਦੀਆਂ ਖੇਡਾਂ 'ਚ ਅਮੀਰ ਵਿਰਾਸਤ ਰਹੀ ਹੈ ਅਤੇ ਪੰਜਾਬ ਨੇ ਦੇਸ਼ ਨੂੰ ਵੱਡੇ ਖਿਡਾਰੀ ਦਿੱਤੇ ਹਨ, ਜਿਨ੍ਹਾਂ ਦੇ ਅੱਜ ਤੱਕ ਰਿਕਾਰਡ ਨਹੀਂ ਟੁੱਟੇ। ਪੰਜਾਬ ਵਿੱਚ ਹੁਨਰ ਦੀ ਘਾਟ ਨਹੀਂ ਬਸ ਸਿਰਫ ਲੋੜ ਹੈ, ਇਸ ਹੁਨਰ ਨੂੰ ਤਲਾਸ਼ ਕੇ ਤਰਾਸ਼ਣ ਦੀ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਪੰਜਾਬ ਵਿੱਚ ਖੇਡ ਪੱਖੀ ਮਾਹੌਲ ਸਿਰਜਣ ਦੇ ਨਾਲ-ਨਾਲ ਨੌਜਵਾਨੀ ਨੂੰ ਖੇਡ ਮੈਦਾਨਾਂ ਵੱਲ ਲਿਜਾਣ ਲਈ ਉਪਰਾਲੇ ਕਰ ਰਹੀ ਹੈ।

ਪੰਜਾਬ ਦੇ ਖੇਡ ਮੰਤਰੀ ਭਾਵੇਂ ਜੋ ਮਰਜ਼ੀ ਦਾਅਵੇ ਕਰੀ ਜਾਣ ਪਰ ਅਸਲੀਅਤ ਇਹ ਹੈ ਕਿ ਪੰਜਾਬ ਖੇਡਾਂ ਦੇ ਖੇਤਰ ਵਿੱਚ ਅਜੇ ਵੀ ਹਰਿਆਣਾ ਤੋਂ ਕਾਫ਼ੀ ਪਿੱਛੇ ਹੈ। ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਨਵੀਂ ਖੇਡ ਨੀਤੀ ਬਣਾਉਣ ਦੇ ਨਾਲ ਉਹਨਾਂ ਕਾਰਨਾਂ ਦਾ ਵੀ ਪਤਾ ਲਗਾਵੇ , ਜਿਹਨਾਂ ਕਾਰਨਾਂ ਕਰਕੇ ਪੰਜਾਬ ਖੇਡਾਂ ਦੇ ਖੇਤਰ ਵਿੱਚ ਹਰਿਆਣਾ ਤੋਂ ਵੀ ਪਿੱਛੇ ਰਹਿ ਗਿਆ ਹੈ। ਜਦੋਂ ਪੰਜਾਬ ਦੇ ਖੇਡ ਮੰਤਰੀ ਖੁਦ ਮੰਨਦੇ ਹਨ ਕਿ ਪੰਜਾਬ ਵਿੱਚ ਹੁਨਰ ਦੀ ਘਾਟ ਨਹੀਂ ਹੈ ਤਾਂ ਫਿਰ ਇਸ ਹੁਨਰ ਨੂੰ ਤਲਾਸ਼ ਕੇ ਤਰਾਸ਼ਿਆ ਕਿਉਂ ਨਹੀਂ ਜਾ ਰਿਹਾ। ਭਾਵੇਂ ਕਿ ਮੌਜੂਦਾ ਸਰਕਾਰ ਖੇਡਾਂ ਵਿੱਚ ਪੰਜਾਬ ਨੂੰ ਮੋਹਰੀ ਬਣਾਉਣ ਲਈ ਉਪਰਾਲੇ ਕਰਨ ਦਾ ਦਾਅਵਾ ਕਰ ਰਹੀ ਹੈ ਪਰ ਖੇਡ ਪ੍ਰੇਮੀ ਕਹਿੰਦੇ ਹਨ ਕਿ ਖੇਡਾਂ ਵਿੱਚ ਪੰਜਾਬ ਨੂੰ ਮੋਹਰੀ ਸੂਬਾ ਬਣਾਉਣ ਦੇ ਯਤਨ ਢਿੱਲੀ ਰਫ਼ਤਾਰ ਨਾਲ ਚੱਲ ਰਹੇ ਹਨ। ਦੂਜੇ ਪਾਸੇ ਕੁਝ ਖੇਡ ਪ੍ਰੇਮੀ ਇਹ ਵੀ ਕਹਿ ਰਹੇ ਹਨ ਕਿ ਪੰਜਾਬ ਵਿੱਚ ਮੌਜੂਦਾ ਸਰਕਾਰ ਨੂੰ ਬਣਿਆ ਅਜੇ ਇੱਕ ਸਾਲ ਤੋਂ ਕੁਝ ਸਮਾਂ ਵੱਧ ਹੋਇਆ ਹੈ ਇਸ ਲਈ ਇੰਨੇ ਕੁ ਸਮੇਂ ਦੇ ਕਾਰਜਕਾਲ ਵਿੱਚ ਹੀ ਖੇਡਾਂ ਵਿੱਚ ਸਰਕਾਰ ਦੇ ਉਪਰਾਲਿਆਂ ਬਾਰੇ ਲੇਖਾ ਜੋਖਾ ਕਰਨਾ ਸਹੀ ਨਹੀਂ ਹੈ, ਕਿਉਂਕਿ ਹਰ ਸਰਕਾਰ ਦੇ ਕਾਰਜਾਂ ਦੇ ਲੇਖੇ ਜੋਖੇ ਲਈ ਉਸਦੇ ਪੰਜ ਸਾਲ ਦੇ ਕਾਰਜਕਾਲ ਨੂੰ ਮੁੱਖ ਰਖਿਆ ਜਾਂਦਾ ਹੈ। ਇਸ ਲਈ ਮੌਜੂਦਾ ਸਰਕਾਰ ਤੋਂ ਇਹ ਆਸ ਰੱਖੀ ਜਾ ਸਕਦੀ ਹੈ ਕਿ ਇਹ ਸਰਕਾਰ ਆਪਣੇ ਪੰਜ ਸਾਲ ਦੇ ਕਾਰਜਕਾਲ ਦੌਰਾਨ ਪੰਜਾਬ ਵਿੱਚ ਨਵੀਂ ਖੇਡ ਨੀਤੀ ਲਾਗੂ ਕਰਕੇ ਪੰਜਾਬ ਨੂੰ ਖੇਡਾਂ ਦੇ ਖੇਤਰ ਵਿੱਚ ਮੁੜ ਮੋਹਰੀ ਸੂਬਾ ਬਣਾਏਗੀ।



## ਖੇਡ ਲੇਖਕਾਂ, ਸਾਬਕਾ ਖਿਡਾਰੀਆਂ ਅਤੇ ਖੇਡ ਪ੍ਰੇਮੀਆਂ ਤੋਂ ਸਹਿਯੋਗ ਲੈਣ ਦੀ ਲੋੜ



ਪੰਜਾਬ ਇੱਕ ਅਜਿਹਾ ਸੂਬਾ ਹੈ, ਜਿਥੇ ਕਿਸੇ ਵੀ ਤਰਾਂ ਦੇ ਹੁਨਰ ਦੀ ਘਾਟ ਨਹੀਂ ਹੈ। ਪੰਜਾਬ ਦੇ ਖੇਡ ਖੇਤਰ ਵਿੱਚ ਅਜੇ ਵੀ ਬ ਹੁਤ ਹੁਨਰ ਅਤੇ ਯੋਗਤਾ ਵਾਲੇ ਖਿਡਾਰੀ ਹਨ। ਇਸ ਤੋਂ ਇਲਾਵਾ ਸਕੂਲਾਂ ਤੇ ਕਾਲਜਾਂ ਵਿੱਚ ਵੀ ਕਈ ਵਿਦਿਆਰਥੀ ਵੱਖ ਵੱਖ ਖੇਡਾਂ ਦੇ ਚੰਗੇ ਖਿਡਾਰੀ ਹਨ, ਪਰ ਅਕਸਰ ਵਿਦਿਆਰਥੀ ਪੜ੍ਹਾਈ ਦੇ ਬੋਝ ਹੇਠਾਂ ਦੱਬ ਜਾਂਦੇ ਹਨ ਅਤੇ ਉਹਨਾਂ ਦਾ ਖੇਡ ਕੈਰੀਅਰ ਸ਼ੁਰੂ ਹੋਣ ਤੋਂ ਪਹਿਲਾਂ ਹੀ ਖ਼ਤਮ ਹੋ ਜਾਂਦਾ ਹੈ, ਜਿਸ ਕਾਰਨ ਪੰਜਾਬ ਨੂੰ ਚੰਗੇ ਖਿਡਾਰੀ ਮਿਲਣ ਤੋਂ ਰਹਿ ਜਾਂਦੇ ਹਨ। ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਖੇਡਾਂ ਦੇ ਖੇਤਰ ਵਿੱਚ ਸਾਬਕਾ ਖਿਡਾਰੀਆਂ ਦੇ ਨਾਲ ਨਾਲ ਖੇਡ ਲੇਖਕਾਂ, ਖੇਡ ਪ੍ਰੇਮੀਆਂ ਤੋਂ ਵੀ ਸਹਿਯੋਗ ਲਵੇ। ਇਹਨਾਂ ਵਰਗਾਂ ਦੇ ਲੋਕਾਂ ਨੂੰ ਖੇਡਾਂ ਦਾ ਤਜ਼ਰਬਾ ਹੁੰਦਾ ਹੈ ਅਤੇ ਇਹਨਾਂ ਨੇ ਖੇਡਾਂ ਨੂੰ ਨੇੜਿਓਂ ਵੇਖਿਆ ਹੁੰਦਾ ਹੈ। ਭਾਵੇਂ ਕਿ ਕੁਝ ਖੇਡ ਲੇਖਕ ਏ.ਸੀ. ਕਮਰਿਆਂ ਵਿੱਚ ਬੈਠ ਕੇ ਹੀ ਕੰਪਿਊਟਰ 'ਤੇ ਖੇਡਾਂ ਨਾਲ ਸਬੰਧਿਤ ਲੇਖ ਤਿਆਰ ਕਰ ਦਿੰਦੇ ਹਨ ਪਰ ਵੱਡੀ ਗਿਣਤੀ ਖੇਡ ਲੇਖਕ, ਖੇਡ ਪ੍ਰੇਮੀ ਅਤੇ ਸਾਬਕਾ ਖਿਡਾਰੀ ਖੇਡ ਮੇਲਿਆਂ ਵਿੱਚ ਖੁਦ ਜਾ ਕੇ ਅ ਤੇ ਖੇਡਾਂ ਵਿੱਚ ਹਿਸਾ ਲੈ ਕੇ ਜਾਂ ਖੇਡਾਂ ਵਿੱਚ ਕਿਸੇ ਨਾ ਕਿਸੇ ਤਰੀਕੇ ਨਾਲ ਸ਼ਾਮਲ ਹੋ ਕੇ ਗ੍ਰਾਉਂਡ ਰਿਪੋਰਟ ਤਿਆਰ ਕਰਦੇ ਹਨ। ਇਸ ਲਈ ਅਜਿਹੇ ਖੇਡ ਲੇਖਕਾਂ ਅਤੇ ਖੇਡ ਪ੍ਰੇਮੀਆਂ ਕੋਲ ਬਹੁਤ ਤਜ਼ਰਬਾ ਹੁੰਦਾ ਹੈ। ਉਹਨਾ ਦੇ ਇਸ ਤਜਰਬੇ ਤੋਂ ਸਰਕਾਰ ਲਾਹਾ ਲੈ ਕੇ ਚੰਗੇ ਖਿਡਾਰੀ ਅੱਗੇ ਲਿਆ ਸਕਦੀ ਹੈ। ਇਸ ਤੋਂ ਇਲਾਵਾ ਸਾਬਕਾ ਖਿਡਾਰੀਆਂ ਵੱਲੋਂ ਵੀ ਆਪਣੇ ਤਜਰਬੇ ਉਭਰਦੇ ਖਿਡਾਰੀਆਂ ਨਾਲ ਸਾਂਝੇ ਕਰਕੇ ਉਹਨਾਂ ਨੂੰ ਖੇਡਾਂ ਸਬੰਧੀ ਗਿਆਨ ਦਿੱਤਾ ਜਾ ਸਕਦਾ ਹੈ। ਜੇ ਪੰਜਾਬ ਸਰਕਾਰ , ਖੇਡ ਸੰਸਥਾਵਾਂ, ਖੇਡ ਲੇਖਕ, ਸਾਬਕਾ ਖਿਡਾਰੀ ਅਤੇ ਖੇਡ ਪ੍ਰੇਮੀ ਰਲ ਮਿਲ ਕੇ ਸਾਂਝੇ ਉਪਰਾਲੇ ਕਰਨ ਤਾਂ ਉਹ ਦਿਨ ਦੂਰ ਨਹੀਂ ਜਦੋਂ ਪੰਜਾਬ ਮੁੜ ਖੇਡਾਂ ਦੇ ਖੇਤਰ ਵਿੱਚ ਮੋਹਰੀ ਸੂਬਾ ਬਣ ਜਾਵੇਗਾ।

## ਬਾਦਲ ਦਲ ਨੂੰ ਭਾਜਪਾ ਤੇ ਹੋਰ ਚੈਲਿੰਜ

ਸ੍ਰੀ ਹਰਿਮੰਦਰ ਸਾਹਿਬ ਤੋਂ ਹੁੰਦੇ ਗੁਰਬਾਣੀ ਕੀਰਤਨ ਦਾ ਪ੍ਰਸਾਰਨ ਸਭ ਚੈਨਲਾਂ 'ਤੇ ਕਰਵਾਉਣ ਲਈ ਗੁਰਦੁਆਰਾ ਸੋਧ ਬਿੱਲ 2023 ਪਾਸ ਕਰਵਾ ਦਿੱਤਾ। ਇਹ ਬਿੱਲ ਪਾਸ ਕਰਵਾਉਣ ਦੌਰਾਨ ਵਿਧਾਨ ਸਭਾ ਦੇ ਲਾਈਵ ਚਲ ਰਹੇ ਸੈਸ਼ਨ ਵਿੱਚ ਅਕਾਲੀ ਦਲ ਦੇ ਪ੍ਰਧਾਨ ਦੇ ਕੇਸਾਂ ਤੇ ਦਾਹੜੇ ਦਾ ਖ਼ੂਬ ਮਜ਼ਾਕ ਉਡਾਇਆ ਗਿਆ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੇ ਖ਼ਿਲਾਫ਼ ਵੀ ਘਟੀਆ ਕਿਸਮ ਦੀਆਂ ਟਿੱਪਣੀਆਂ ਕੀਤੀਆਂ ਗਈਆਂ। ਇਸ ਸੰਬੰਧੀ ਵੀ ਅਕਾਲੀ ਦਲ ਦਾ ਹੁਣ ਤੱਕ ਕੋਈ ਤਿੱਖਾ ਪ੍ਰਤੀਕਰਮ ਸਾਹਮਣੇ ਨਹੀਂ ਆਇਆ। ਗੁਰਬਾਣੀ ਕੀਰਤਨ ਦਾ ਸ੍ਰੀ ਹਰਿਮੰਦਰ ਸਾਹਿਬ ਤੋਂ ਪ੍ਰਸਾਰਨ ਕਿਸ ਚੈਨਲ 'ਤੇ ਹੋਵੇ ਜਾਂ ਨਾ ਹੋਵੇ, ਇਹ ਇਕ ਵੱਖਰਾ ਮੁੱਦਾ ਹੈ। ਇਸ ਬਾਰੇ ਸਿੱਖ ਸੰਗਤਾਂ ਅਤੇ ਪੰਜਾਬ ਦੇ ਹੋਰ ਲੋਕਾਂ ਦੀਆਂ ਵੱਖ-ਵੱਖ ਰਾਵਾਂ ਹੋ ਸਕਦੀਆਂ ਹਨ, ਪਰ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਅਕਾਲੀ ਆਗੂਆਂ, ਸ਼੍ਰੋਮਣੀ ਕਮੇਟੀ ਦੇ ਆਗੂਆਂ ਅਤੇ ਸਿੰਘ ਸਾਹਿਬਾਨ ਦੇ ਖ਼ਿਲਾਫ਼ ਬੇਥਵ੍ਹੀਆਂ ਟਿੱਪਣੀਆਂ ਕਰਨੀਆਂ ਅਤੇ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿੱਚ ਦਖਲ ਦੇਣਾ ਇਕ ਬਹੁਤ ਹੀ ਵੱਡਾ ਤੇ ਗੰਭੀਰ ਮਾਮਲਾ ਸੀ, ਜਿਸ ਬਾਰੇ ਰੋਸ ਤੇ ਅੰਦੋਲਨ ਦੇ ਰੂਪ ਵਿੱਚ ਢੁਕਵਾਂ ਪ੍ਰਤੀਕਰਮ ਦੇਣ ਵਿੱਚ ਅਕਾਲੀ ਦਲ ਦੀ ਅਜੋਕੀ ਲੀਡਰਸ਼ਿਪ ਬੁਰੀ ਤਰ੍ਹਾਂ ਫੇਲ੍ਹ ਹੋਈ ਹੈ।

ਹੁਣ ਤਾਂ ਇਸ ਤਰ੍ਹਾਂ ਲੱਗ ਰਿਹਾ ਹੈ ਜਿਵੇਂ ਬੇਮਿਸਾਲ ਸੰਘਰਸ਼ਾਂ ਵਿਚੋਂ ਪੈਦਾ ਹੋਈ ਇਹ ਪਾਰਟੀ ਅਤੇ ਇਸ ਦੀ ਲੀਡਰਸ਼ਿਪ ਪੂਰੀ ਤਰ੍ਹਾਂ ਸਾਹ-ਸਤਹੀਣ ਹੋ ਗਈ ਹੈ ਅਤੇ ਇਹ ਨਾ ਤਾਂ ਸਿੱਖ ਪੰਥ ਦੇ ਹਿਤਾਂ ਨੂੰ ਸੁਰੱਖਿਅਤ ਕਰਨ ਵਿੱਚ ਵੱਡਾ ਯੋਗਦਾਨ ਪਾ ਸਕਦੀ ਹੈ ਅਤੇ ਨਾ ਹੀ ਪੰਜਾਬ ਦੇ ਲੋਕਾਂ ਨੂੰ ਢੁਕਵੀਂ ਲੀਡਰਸ਼ਿਪ ਮੁਹੱਈਆ ਕਰਕੇ ਮੁੜ ਇਕ ਰਾਜਨੀਤਕ ਤਾਕਤ ਵਜੋਂ ਉੱਭਰ ਕੇ ਅੱਗੇ ਆ ਸਕਦੀ ਹੈ, ਜਦੋਂ ਕਿ ਪੰਜਾਬ ਦੇ ਹੱਕਾਂ-ਹਿਤਾਂ ਦੀ ਰਾਖੀ ਲਈ ਇੱਕ ਮਜ਼ਬੂਤ ਖੇਤਰੀ ਪਾਰਟੀ ਦੀ ਇਸ ਸਮੇਂ ਬੇਹੱਦ ਲੋੜ ਹੈ।

ਬਾਦਲ ਦਲ ਵਿਰੁਧ ਢੀਂਡਸਾ ਸਰਗਰਮ

ਸ਼੍ਰੋਮਣੀ ਅਕਾਲੀ ਦਲ ਸੰਯੁਕਤ ਦੇ ਪ੍ਰਧਾਨ ਤੇ ਸਾਬਕਾ ਕੇਂਦਰੀ ਮੰਤਰੀ ਸੁਖਦੇਵ ਸਿੰਘ ਢੀਂਡਸਾ ਨੇ ਬੀਤੇ ਦਿਨ ਐੱਨਡੀਏ ਦੀ ਮੀਟਿੰਗ ਵਿੱਚ ਕੇਂਦਰੀ ਆਗੂਆਂ ਤੋਂ ਮਿਲੇ ਭਰਵੇਂ ਸਹਿਯੋਗ ਤੋਂ ਬਾਅਦ ਵੱਖ-ਵੱਖ ਧੜਿਆਂ ਵਿੱਚ ਵੰਡੇ ਅਕਾਲੀ ਆਗੂਆਂ ਨੂੰ ਇਕ ਮੰਚ 'ਤੇ ਲਿਆਉਣ ਦੀ ਮੁਹਿੰਮ ਸ਼ੁਰੂ ਕਰ ਦਿੱਤੀ ਹੈ। ਸ਼੍ਰੋਮਣੀ ਅਕਾਲੀ ਦਲ ਖ਼ਾਸ ਕਰ ਕੇ ਸੁਖਬੀਰ ਸਿੰਘ ਬਾਦਲ ਨਾਲੋਂ ਨਾਤਾ ਤੋੜਨ ਵਾਲੇ ਅਕਾਲੀ ਆਗੂਆਂ ਦੀ ਇਕ ਅਹਿਮ ਮੀਟਿੰਗ ਬੀਤੇ ਸਨਿੱਚਰਵਾਰ ਨੂੰ ਸੈਕਟਰ 36 ਸਥਿਤ ਪੀਪਲਜ਼ ਕਨਵੈਸ਼ਨ ਸੈਂਟਰ ਵਿਖੇ ਹੋਈ। ਮੀਟਿੰਗ ਵਿੱਚ ਸਾਰੀਆਂ ਧਿਰਾਂ ਵਿੱਚ ਏਕਤਾ ਕਰਨ ਤੇ ਸਾਰਿਆਂ ਨੂੰ ਇਕ ਮੰਚ 'ਤੇ ਇਕੱਠੇ ਕਰਨ ਲਈ ਖੁੱਲ੍ਹ ਕੇ ਚਰਚਾ ਕੀਤੀ ਗਈ। ਕਰੀਬ ਢਾਈ ਘੰਟੇ ਚੱਲੀ ਮੀਟਿੰਗ ਵਿੱਚ ਢੀਂਡਸਾ ਤੋਂ ਇਲਾਵਾ ਬਾਬਾ ਸਰਬਜੋਤ ਸਿੰਘ ਬੇਦੀ, ਸਾਬਕਾ ਸਪੀਕਰ ਰਵੀਇੰਦਰ ਸਿੰਘ ਦੁੱਮਣਾ, ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਬਾਬਾ ਬਲਜੀਤ ਸਿੰਘ ਦਾਦੂਵਾਲ, ਸਾਬਕਾ ਰਾਜਦੂਤ ਕੇਸੀ ਸਿੰਘ, ਵਕੀਲ ਮਨਜੀਤ ਸਿੰਘ ਖਹਿਰਾ ਸਮੇਤ ਕਈ ਆਗੂ ਹਾਜ਼ਰ ਸਨ। ਬੀਬੀ ਜਗੀਰ ਕੌਰ ਨੂੰ ਵੀ ਮੀਟਿੰਗ ਵਿੱਚ ਆਉਣ ਦਾ ਸੱਦਾ ਦਿੱਤਾ ਗਿਆ ਸੀ ਪਰ ਕਿਸੇ ਕਾਰਨ ਉਹ ਨਹੀਂ ਪਹੁੰਚ ਸਕੇ। ਬਾਬਾ ਸਰਬਜੋਤ ਸਿੰਘ ਬੇਦੀ ਦਾ ਕਹਿਣਾ ਹੈ ਕਿ ਉਹ ਸਰਕਾਰ ਨਾਲ ਮਿਲਕੇ ਅਕਾਲੀ ਦਲ ਪ੍ਰਮੋਟ ਨਹੀਂ ਕਰਨਗੇ। ਉਹ ਅਕਾਲ ਤਖਤ ਸਾਹਿਬ ਦੀ ਖੁਦਮੁਖਤਿਆਰੀ ਪੰਥਕ ਏਕਤਾ ਦੇ ਹੱਕ ਵਿੱਚ ਹਨ ਪਰ ਉਹ ਸਿੱਖ ਪੰਥ ਦੀ ਸਰਪ੍ਰਸਤੀ ਹੇਠ ਅਕਾਲੀ ਦਲ ਉਸਾਰਨ ਲਈ ਵਚਨਬੱਧ ਹਨ। ਇਸ ਬਾਰੇ ਉਹ ਸਰਗਰਮ ਹਨ, ਉਹ ਇਕ ਧੜੇ ਨਾਲ ਨਹੀਂ ਬੱਝਣਗੇ।

ਇਸ ਮੀਟਿੰਗ ਵਿੱਚ ਸਾਰੀਆਂ ਧਿਰਾਂ ਵਿੱਚ ਏਕਤਾ ਕਰਵਾਉਣ ਤੇ ਇਕ ਮੰਚ 'ਤੇ ਲਿਆਉਣ ਲਈ ਏਕਤਾ ਫ਼ਾਰਮੂਲਾ ਲੱਭਣ, ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਵਿੱਚ ਸੁਧਾਰ ਲਿਆਉਣ, ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਕਰਵਾਉਣ ਸਮੇਤ ਕਈ ਪੰਥਕ ਮੁੱਦਿਆਂ 'ਤੇ ਚਰਚਾ ਹੋਈ। ਕਈ ਆਗੂਆਂ ਨੇ ਸੁਝਾਅ ਦਿੱਤਾ ਕਿ ਸਾਰਿਆਂ ਨੂੰ ਇਕੱਠਾ ਕਰਨ ਲਈ ਇਕ ਸਾਂਝੀ ਕੌਂਸਲ ਬਣਾਈ ਜਾ ਸਕਦੀ ਹੈ ਜਾਂ ਫਿਰ ਸਾਰੇ ਵੱਡੇ ਆਗੂਆਂ ਦੀ ਇਕ ਸਾਂਝੀ ਕਮੇਟੀ ਬਣਾਈ ਜਾ ਸਕਦੀ ਹੈ। ਅਗਲੇ ਹਫ਼ਤੇ ਦੁਬਾਰਾ ਮੀਟਿੰਗ ਬਲਾਏ ਜਾਣ 'ਤੇ ਸਹਿਮਤੀ ਬਣ ਗਈ।

***

## ਸੁਲਗਦਾ ਮਨੀਪੁਰ

ਭਾਜਪਾ ਵਿਰੋਧੀ ਸਿਆਸੀ ਆਗੂ ਕਹਿ ਰਹੇ ਹਨ ਕਿ ਵੀਡੀਓ ਤਾਂ ਸਿਰਫ਼ 2 ਲੜਕੀਆਂ ਦਾ ਸਾਹਮਣੇ ਆਇਆ ਹੈ, ਹੋ ਸਕਦਾ ਹੈ ਕਿ ਇਸ ਤਰਾਂ ਦੀਆਂ ਘਟਨਾਵਾਂ ਹੋਰ ਵੀ ਵਾਪਰੀਆਂ ਹੋਣ, ਜਿਨ੍ਹਾਂ ਨੂੰ ਪੁਲਿਸ, ਪ੍ਰਸ਼ਾਸਨ ਅਤੇ ਸਰਕਾਰ ਵੱਲੋਂ ਦਬਾਅ ਦਿੱਤਾ ਗਿਆ ਜਾਂ ਡਰ ਦੇ ਹੋਏ ਪੀੜਤ ਸਾਹਮਣੇ ਨਹੀਂ ਆਏ।

ਮਨੀਪੁਰ ਭਾਰਤ ਦੀਆਂ ਪੁਰਾਤਨ 500 ਰਿਆਸਤਾਂ ਵਿਚੋਂ ਇਕ ਹੈ। ਮਨੀਪੁਰ ਰਿਆਸਤ 21 ਸਤੰਬਰ 1949 ਨੂੰ ਭਾਰਤ ਦਾ ਹਿੱਸਾ ਬਣੀ। ਆਜ਼ਾਦੀ ਦੇ 74 ਸਾਲਾ ਤੋਂ ਵੱਧ ਹੋਣ ਦੇ ਬਾਵਜੂਦ ਮਨੀਪੁਰ ਦੀ ਜਿੰਦਗੀ ਉਥਲ ਪੁਥਲ ਵਿੱਚ ਹੈ ਅਤੇ ਮਨੀਪੁਰ ਦੇ ਲੋਕ ਭਾਰਤ ਤੋਂ ਲਗਾਤਾਰ ਦੂਰ ਹੁੰਦਾ ਮਹਿਸੂਸ ਕਰ ਰਹੇ ਹਨ। ਮਨੀਪੁਰ 1962 ਵਿੱਚ ਭਾਰਤ ਦਾ ਕੇਂਦਰੀ ਸ਼ਾਸਿਤ ਪ੍ਰਦੇਸ਼ ਬਣਿਆ ਅਤੇ 1972 ਵਿੱਚ ਭਾਰਤ ਵਿੱਚ ਮਨੀਪੁਰ ਨੂੰ ਪੂਰਨ ਰਾਜ ਦਾ ਦਰਜ਼ਾ ਦੇ ਦਿੱਤਾ ਗਿਆ।

ਪਿਛਲੇ ਕਰੀਬ ਢਾਈ ਮਹੀਨਿਆਂ ਤੋਂ ਉੱਤਰ ਪੂਰਬ ਦੇ ਸੂਬੇ ਮਨੀਪੁਰ ਵਿੱਚ ਫਿਰਕੂ ਹਿੰਸਾ ਦੀ ਅੱਗ ਨੇ ਜਿੱਥੇ ਇੱਕ ਪਾਸੇ ਸੂਬਾ ਸਰਕਾਰ ਨੂੰ ਪੂਰੀ ਤਰ੍ਹਾਂ ਨਾਕਾਮ ਸਾਬਤ ਕਰ ਦਿੱਤਾ ਹੈ, ਉੱਥੇ ਹੀ ਦੂਜੇ ਪਾਸੇ ਇੱਕ ਵੀਡੀਓ ਸਾਹਮਣੇ ਆਈ ਹੈ। ਵੀਡੀਓ 'ਚ ਇਹ ਵੀ ਦਿਖਾਈ ਦੇ ਰਿਹਾ ਹੈ ਕਿ ਉੱਥੇ ਸਥਿਤੀ ਕਾਬੂ ਤੋਂ ਬਾਹਰ ਹੋ ਗਈ ਹੈ। ਇਸ ਵੀਡੀਓ 'ਚ 10-12 ਲੋਕਾਂ ਦੀ ਭੀੜ ਦੋ ਔਰਤਾਂ ਨੂੰ ਨੰਗਾ ਕਰਕੇ ਘੁੰਮਾ ਰਹੀ ਹੈ।

ਦੱਸਿਆ ਜਾ ਰਿਹਾ ਹੈ ਕਿ ਇਨ੍ਹਾਂ 'ਚੋਂ ਇਕ ਨਾਲ ਸਮੂਹਿਕ ਬਲਾਤਕਾਰ ਵੀ ਹੋਇਆ ਹੈ। ਇੱਕ ਦੀ ਉਮਰ 21 ਸਾਲ ਦੱਸੀ ਜਾ ਰਹੀ ਹੈ। ਕੁਝ ਹੋਰ ਔਰਤਾਂ ਨੂੰ ਵੀ ਤੰਗ-ਪ੍ਰੇਸ਼ਾਨ ਕੀਤਾ ਗਿਆ ਪਰ ਉਹ ਆਪਣੀ ਪਛਾਣ ਬਚਾਉਣ ਲਈ ਘਟਨਾ ਵਾਲੇ ਪਿੰਡ ਤੋਂ ਭੱਜਣ ਵਿੱਚ ਕਾਮਯਾਬ ਹੋ ਗਈਆਂ। ਪੀੜਤ ਔਰਤਾਂ ਦੀ ਵੀ ਕੁੱਟਮਾਰ ਕੀਤੀ ਗਈ। ਇਹ ਘਟਨਾ 4 ਮਈ ਨੂੰ ਕੰਗਪੋਕਪੀ ਜ਼ਿਲ੍ਹੇ ਦੇ ਬੀ ਫਲੋਮ ਪਿੰਡ ਦੀ ਦੱਸੀ ਜਾਂਦੀ ਹੈ।

ਪੀੜਤ ਔਰਤਾਂ ਕੂਕੀ ਭਾਈਚਾਰੇ ਨਾਲ ਸਬੰਧਿਤ ਹਨ ਜਦੋਂ ਕਿ ਮੁਲਜ਼ਮ ਮੀਤੀ ਭਾਈਚਾਰੇ ਨਾਲ ਸਬੰਧਿਤ ਹਨ। ਵਰਣਨਯੋਗ ਹੈ ਕਿ ਕੂਕੀ ਇੱਕ ਕਬਾਇਲੀ ਭਾਈਚਾਰਾ ਹੈ ਜਿਸ ਨੇ ਇਸਾਈ ਧਰਮ ਅਪਣਾਇਆ ਹੈ, ਪਰ ਉੱਥੇ ਉਨ੍ਹਾਂ ਵਿੱਚੋਂ ਕੁਝ ਨੂੰ ਅਨੁਸੂਚਿਤ ਕਬੀਲਿਆਂ ਵਿੱਚ ਅਤੇ ਕੁਝ ਨੂੰ ਹੋਰ ਪੱਛੜੀਆਂ ਸ਼੍ਰੇਣੀਆਂ (ਓਬੀਸੀ) ਵਿੱਚ ਸ਼ਾਮਲ ਕੀਤਾ ਗਿਆ ਹੈ। ਮੀਤੀ ਭਾਈਚਾਰਾ, ਜੋ ਕਿ ਹਿੰਦੂ ਵੀ ਹੈ, ਅਨੁਸੂਚਿਤ ਜਾਤੀ ਵਿੱਚ ਸ਼ਾਮਲ ਕਰਨ ਦੀ ਮੰਗ ਨੂੰ ਲੈ ਕੇ ਲੰਬੇ ਸਮੇਂ ਤੋਂ ਅੰਦੋਲਨ ਕਰ ਰਿਹਾ ਹੈ। ਮਈ ਤੋਂ ਦੋ ਭਾਈਚਾਰਿਆਂ ਵਿਚਾਲੇ ਹੋਈਆਂ ਹਿੰਸਕ ਝੜਪਾਂ ਵਿੱਚ 150 ਤੋਂ ਵੱਧ ਲੋਕਾਂ ਦੇ ਮਾਰੇ ਜਾਣ ਅਤੇ 500 ਦੇ ਕਰੀਬ ਜ਼ਖਮੀ ਹੋਣ ਦਾ ਖਦਸ਼ਾ ਹੈ। ਦੰਗਿਆਂ ਨੇ ਬਹੁਤ ਸਾਰੀ ਜਾਇਦਾਦ ਨੂੰ ਸਾੜ ਦਿੱਤਾ ਜਾਂ ਤਬਾਹ ਕਰ ਦਿੱਤਾ ਸੀ।

**ਮਨੀਪੁਰ ਦੇ ਖਣਿਜ ਪਦਾਰਥਾਂ ਨੂੰ ਲੁੱਟਣ ਦੀ ਸਾਜ਼ਿਸ਼**

ਭਾਜਪਾ ਵਿਰੋਧੀ ਪਾਰਟੀਆਂ ਦੇ ਆਗੂ ਦੋਸ਼ ਲਗਾ ਰਹੇ ਹਨ ਕਿ ਮਨੀਪੁਰ ਪਿਛਲੇ ਦੋ ਮਹੀਨਿਆਂ ਤੋਂ ਹਿੰਸਾ ਦੀ ਅੱਗ ਵਿੱਚ ਸੜ ਰਿਹਾ ਹੈ, ਇਸ ਦੇ ਬਾਵਜੂਦ ਭਾਜਪਾ ਦੀ ਡਬਲ ਇੰਜਣ ਸਰਕਾਰ ਚੁੱਪੀ ਧਾਰੀ ਬੈਠੀ ਹੈ, ਇਸ ਦੇ ਵੀ ਵੱਡੇ ਕਾਰਨ ਹਨ। ਮਨੀਪੁਰ ਹਿੰਸਾ ਕੋਈ ਹਿੰਦੂ ਮੁਸਲਿਮ ਵਿਵਾਦ ਨਹੀਂ ਹੈ, ਸਗੋਂ ਇਥੇ ਹੋਰ ਰਹੀ ਜਾਤੀ ਹਿੰਸਾ ਦਾ ਕਾਰਨ ਰਾਖਵਾਂਕਰਨ ਦੱਸਿਆ ਜਾ ਰਿਹਾ ਹੈ, ਜੋ ਕਿ ਸਫ਼ੈਦ ਝੂਠ ਹੈ। ਅਸਲ ਵਿੱਚ ਰਾਖਵਾਂਕਰਨ ਤਾਂ ਇੱਕ ਬਹਾਨਾ ਹੈ।

ਵੱਖ- ਵੱਖ ਸਿਆਸੀ ਆਗੂ ਅਤੇ ਵਿਦਵਾਨ ਕਹਿ ਰਹੇ ਹਨ ਕਿ ਮਨੀਪੁਰ ਦੇ ਪਹਾੜਾਂ ਅਤੇ ਜੰਗਲਾਂ ਵਿੱਚ ਬਹੁਤ ਬੇਸ਼ਕੀਮਤੀ ਖਣਿਜ ਪਦਾਰਥਾਂ ਦੇ ਭੰਡਾਰ ਹਨ, ਜੋ ਕਿ ਦੁਨੀਆਂ ਦੇ ਹੋਰ ਇਲਾਕਿਆਂ ਵਿੱਚ ਬਹੁਤ ਘੱਟ ਮਿਲਦੇ ਹਨ। ਮਨੀਪੁਰ ਦੇ ਪਹਾੜਾਂ ਵਿੱਚ ਗੈਰ ਆਦਿਵਾਸੀ ਉਥੇ ਜ਼ਮੀਨ ਨਹੀਂ ਖਰੀਦ ਸਕਦੇ। ਮਨੀਪੁਰ ਦੇ ਖਣਿਜ ਭੰਡਾਰਾਂ 'ਤੇ ਮੋਦੀ ਦੇ ਪੂੰਜੀਪਤੀ ਮਿੱਤਰਾਂ ਅਡਾਨੀ ਅਤੇ ਅੰਬਾਨੀ ਦੀ ਨਜ਼ਰ ਹੈ। ਖਣਿਜ ਪਦਾਰਥਾਂ ਦੇ ਦੋਹਨ ਵਿੱਚ ਜੰਗਲ ਵਿੱਚ ਰਹਿਣ ਵਾਲੇ ਆਦਿਵਾਸੀ ਵੱਡੀ ਰੁਕਾਵਟ ਹਨ। ਜਦੋਂ ਤਕ ਆਦਿਵਾਸੀਆਂ ਨੂੰ ਜੰਗਲਾਂ ਵਿਚੋਂ ਹਟਾਇਆ ਨਹੀਂ ਜਾਂਦਾ ਉਦੋਂ ਤਕ ਖਣਿਜ ਪਦਾਰਥਾਂ ਦਾ ਦੋਹਨ ਮੁਸ਼ਕਿਲ ਸੀ। ਇਸ ਕਾਰਨ ਮਨੀਪੁਰ ਵਿੱਚ ਜਾਤੀ ਹਿੰਸਾ ਫੈਲਾਈ ਗਈ ਹੈ ਤਾਂ ਕਿ ਆਦੀਵਾਸੀ ਆਪਣਾ ਜੰਗਲ ਛੱਡ ਦੇ ਭੱਜ ਜਾਣ, ਫਿਰ ਆਰਾਮ ਨਾਲ ਖਣਿਜ ਦੋਹਨ ਦਾ ਕਾਰੋਬਾਰ ਕੀਤਾ ਜਾ ਸਕੇ।

ਵਿਰੋਧੀ ਆਗੂਆਂ ਦਾ ਕਹਿਣਾ ਹੈ ਕਿ ਮੋਦੀ ਸਰਕਾਰ ਇਸ ਚਾਲ ਵਿੱਚ ਸਫਲ ਹੁੰਦੀ ਦਿਖਾਈ ਦੇ ਰਹੀ ਹੈ। ਹਿੰਸਾ ਕਾਰਨ ਆਦਿਵਾਸੀ ਜੰਗਲ ਛੱਡ ਕੇ ਜਾ ਰਹੇ ਹਨ ਅਤੇ ਜੰਗਲਾਂ ਦਾ ਕਾਫ਼ੀ ਸਾਰਾ ਇਲਾਕਾ ਖਾਲੀ ਹੋ ਗਿਆ ਹੈ। ਇਸ ਤਰਾਂ ਮਨੀਪੁਰ ਦੇ ਬੇਸ਼ਕੀਮਤੀ ਖਣਿਜ ਪਦਾਰਥਾਂ ਨੂੰ ਲੁੱਟਣ ਦੀ ਸਾਜ਼ਿਸ਼ ਕੀਤੀ ਜਾ ਰਹੀ ਹੈ।

***

## ਮਨੀਪੁਰ ਘਟਨਾ 'ਤੇ ਮੋਦੀ ਦੀ ਚੋਣ ਰਾਜਨੀਤੀ

ਆਪਸੀ ਹਿੰਸਾ ਦੀਆਂ ਕਈ ਸਿਵਲ ਸੁਸਾਇਟੀਆਂ ਅਤੇ ਯੂਰਪੀਅਨ ਯੂਨੀਅਨ ਦੇ ਸੰਸਦ ਮੈਂਬਰਾਂ ਵੱਲੋਂ ਦਿੱਤੀਆਂ ਉਦਾਹਰਣਾਂ ਵਿੱਚ ਮਨੀਪੁਰ ਦਾ ਵੀ ਜ਼ਿਕਰ ਕੀਤਾ ਗਿਆ ਸੀ।

4 ਮਈ ਨੂੰ ਘਟਨਾ ਹੋਈ, ਜਿਸ ਨੂੰ 14 ਦਿਨ ਪੁਲਿਸ ਪ੍ਰਸ਼ਾਸਨ ਦਬਾ ਕੇ ਰਖਦਾ ਰਿਹਾ। 18 ਮਈ ਨੂੰ ਸਰਪੰਚ ਦੇ ਕਹਿਣ 'ਤੇ ਐਫ ਆਈ ਆਰ ਦਰਜ ਕੀਤੀ ਗਈ, ਜਦੋਂ ਕਿ ਇਹ ਘਟਨਾ ਪੁਲਿਸ ਦੇ ਸਾਹਮਣੇ ਵਾਪਰੀ ਸੀ। ਘਟਨਾ ਦੇ ਢਾਈ ਮਹੀਨੇ ਬੀਤ ਜਾਣ ਤੋਂ ਬਾਅਦ 21 ਜੂਨ ਨੂੰ ਕੇਸ ਰਜਿਸਟਰ ਕੀਤਾ ਜਾਂਦਾ ਹੈ। ਢਾਈ ਮਹੀਨੇ ਦੌਰਾਨ ਕਿਸੇ ਦੋਸ਼ੀ ਦੀ ਗ੍ਰਿਫਤਾਰੀ ਨਹੀਂ ਹੁੰਦੀ। 26 ਸੈਕਿੰਡ ਦਾ ਵੀਡੀਓ ਜਾਰੀ ਹੁੰਦਾ ਹੈ, ਜੋ ਪੂਰੇ ਦੇਸ਼ ਨੂੰ ਹਲੂਣ ਕੇ ਰੱਖ ਦਿੰਦਾ ਹੈ।

ਢਾਈ ਮਹੀਨੇ ਤੋਂ ਲੋਕਾਂ ਦੇ ਕਤਲ, ਬਲਾਤਕਾਰ ਹੋ ਰਹੇ ਹਨ, ਜਿਹੜਾ ਹੁਣ ਕ੍ਰੋਧ ਦਿਖਾਇਆ ਉਹ ਸਿਰਫ਼ ਸਿਆਸੀ ਕ੍ਰੋਧ ਹੈ। ਪ੍ਰਧਾਨ ਮੰਤਰੀ ਦੇ ਭਾਸ਼ਣ ਵਿੱਚ ਕੋਈ ਐਕਸ਼ਨ ਪੁਆਇੰਟ ਨਹੀਂ ਸੀ। ਰਾਜਾਂ ਦੇ ਮੁੱਖ ਮੰਤਰੀਆਂ ਨੂੰ ਐਕਸ਼ਨ ਲੈਣ ਲਈ ਕਹਿ ਦਿੱਤਾ ਜੋ ਚੰਗੀ ਗਲ ਹੈ ਪਰ ਆਪ ਖੁਦ ਕੋਈ ਕਦਮ ਨਹੀਂ ਚੁੱਕਿਆ, ਆਪ ਕੁਝ ਨਹੀਂ ਕੀਤਾ। ਦੁੱਖ ਦੀ ਗਲ ਇਹ ਵੀ ਹੈ ਕਿ ਪ੍ਰਧਾਨ ਮੰਤਰੀ ਨੂੰ ਮਨੀਪੁਰ ਦਾ ਖਿਆਲ ਬਿਲਕੁਲ ਨਹੀਂ ਆਇਆ ਜਦੋਂ ਉਹ ਕਰਨਾਟਕ ਵਿੱਚ ਚੋਣਾਵੀਂ ਰੈਲੀਆਂ ਕਰ ਰਹੇ ਸਨ, ਫਰਾਂਸ, ਆਸਟ੍ਰੇਲੀਆ ਅਤੇ ਅਮਰੀਕਾ ਦੇ ਦੌਰੇ ਕਰ ਰਹੇ ਸਨ।

ਪ੍ਰਧਾਨ ਮੰਤਰੀ ਦੀ ਚੁੱਪੀ ਤੋੜਨ ਦੇ ਪਿੱਛੇ ਕਈ ਹੋਰ ਵੀ ਕਾਰਨ ਹਨ। ਜਿਵੇਂ ਸੀਜੇਆਈ (ਚੀਫ਼ ਜਸਟਿਸ ਆਫ਼ ਇੰਡੀਆ) ਡੀ.ਵਾਈ. ਚੰਦਰਚੂੜ

ਦਾ ਬਿਆਨ ਆਉਂਦਾ ਹੈ ਤੇ ਉਹ ਮਨੀਪੁਰ ਦੀ ਵੀਡੀਓ ਤੋਂ ਨਾਰਾਜ਼ ਹੁੰਦੇ ਹਨ। ਚੀਫ਼ ਜਸਟਿਸ ਆਫ਼ ਇੰਡੀਆ ਨੇ ਕਿਹਾ ਕਿ ਇਹ ਘਟਨਾ ਬਰਦਾਸ਼ਤ ਤੋਂ ਬਾਹਰ ਹੈ। ਜੇ ਸਰਕਾਰ ਕਾਰਵਾਈ ਨਹੀਂ ਕਰੇਗੀ ਤਾਂ ਅਸੀਂ ਕਰਾਂਗੇ। ਸੁਪਰੀਮ ਕੋਰਟ 'ਚ ਇਸ ਮਾਮਲੇ ਦੀ ਅਗਲੀ ਸੁਣਵਾਈ 28 ਜੁਲਾਈ ਨੂੰ ਹੋਵੇਗੀ।

ਸੀਜੇਆਈ ਦੇ ਬਿਆਨ ਤੋਂ ਬਾਅਦ ਪ੍ਰਧਾਨ ਮੰਤਰੀ ਨੇ ਸ਼ਾਇਦ ਇਹ ਸੋਚਿਆ ਕਿ ਵਿਸ਼ਵ ਗੁਰੂ ਤਾਂ ਮੈਂ ਹਾਂ, ਸੀਜੇਆਈ ਨਹੀਂ। ਸੋ ਉਹਨਾਂ ਆਪਣੀ ਚੁੱਪੀ ਤੋੜ ਦਿੱਤੀ।

***

## '84 'ਚ ਵੀ ਮਨੀਪੁਰ ਵਰਗੀ ਸਥਿਤੀ

ਉਸ ਸਮੇਂ ਵੱਖ ਵੱਖ ਟੀ ਵੀ ਚੈਨਲ ਵੀ ਨਹੀਂ ਸਨ ਸਗੋਂ ਇੱਕ ਹੀ ਚੈਨਲ ਸੀ, ਉਹ ਸੀ ਦੂਰਦਰਸ਼ਨ, ਜਿਸ ਉਪਰ ਸਰਕਾਰ ਦਾ ਕਬਜ਼ਾ ਸੀ। ਉਸ ਸਮੇਂ ਇੱਕ ਹੀ ਰੇਡੀਓ ਸਟੇਸ਼ਨ ਸੀ, ਜੋ ਕਿ ਸਰਕਾਰ ਅਧੀਨ ਸੀ। ਉਸ ਸਮੇਂ ਵੱਡੀ ਗਿਣਤੀ ਅਖਬਾਰਾਂ ਅਤੇ ਮੈਗਜੀਨਾਂ 'ਤੇ ਵੀ ਸਰਕਾਰ ਦਾ ਕਬਜਾ ਸੀ। ਇਸ ਕਰਕੇ ਸਰਕਾਰ ਜੋ ਚਾਹੁੰਦੀ ਸੀ, ਉਹੋ ਕੁਝ ਅਖਬਾਰਾਂ ਵਿੱਚ ਛਪਦਾ ਸੀ।

1984 ਤੋਂ ਪਹਿਲਾਂ ਸਿਆਸੀ ਆਗੂ ਗੁੰਡੇ ਪਾਲਦੇ ਸਨ ਅਤੇ ਆਪਣੇ ਨਾਲ ਗੁੰਡੇ ਰਖਦੇ ਸਨ ਪਰ 1984 ਤੋਂ ਬਾਅਦ ਗੁੰਡੇ ਖੁਦ ਸਿਆਸੀ ਆਗੂ ਬਣਨ ਲੱਗ ਪਏ। ਹੁਣ ਸ਼ੋਸਲ ਮੀਡੀਆ ਕਾਰਨ ਹਰ ਘਟਨਾ ਤੁਰੰਤ ਜਾਂ ਕੁਝ ਸਮੇਂ ਬਾਅਦ ਪੂਰੀ ਦੁਨੀਆਂ ਸਾਹਮਣੇ ਆ ਜਾਂਦੀ ਹੈ ਪਰ 1984 ਦੀਆਂ ਅਨੇਕਾਂ ਘਟਨਾਂਵਾਂ ਨੂੰ ਸ਼ੋਸਲ ਮੀਡੀਆ ਦੀ ਅਣਹੋਂਦ ਸਰਕਾਰ ਦਬਾਉਣ ਵਿੱਚ ਕਾਮਯਾਬ ਹੋ ਗਈ ਸੀ।

***

## ਮਨੀਪੁਰ ਵਿੱਚ ਰਾਸ਼ਟਰਪਤੀ ਸ਼ਾਸਨ ਕਿਉਂ ਨਹੀਂ ?

ਨਾ ਹੀ ਮਨੀਪੁਰ ਵਿੱਚ ਰਾਸ਼ਟਰਪਤੀ ਸ਼ਾਸਨ ਲਗਾਇਆ ਗਿਆ। ਹੁਣ ਵਿਰੋਧੀ ਧਿਰਾਂ ਸਵਾਲ ਕਰ ਰਹੀਆਂ ਹਨ ਕਿ ਆਖਰ ਉਹ ਕਿਹੜੇ ਕਾਰਨ ਹਨ, ਜਿਨ੍ਹਾਂ ਕਰਕੇ ਮਨੀਪੁਰ ਵਿੱਚ ਰਾਸ਼ਟਰਪਤੀ ਸ਼ਾਸਨ ਨਹੀਂ ਲਗਾਇਆ ਜਾ ਰਿਹਾ। ਅਸਲ ਵਿੱਚ ਮਨੀਪੁਰ ਵਿੱਚ ਭਾਜਪਾ ਦੀ ਸਰਕਾਰ ਹੈ ਅਤੇ ਭਾਰਤ ਦੇ ਕੇਂਦਰ ਵਿੱਚ ਵੀ ਭਾਜਪਾ ਦੀ ਸਰਕਾਰ ਹੈ, ਇਸੇ ਕਾਰਨ ਕੇਂਦਰ ਸਰਕਾਰ ਮਨੀਪੁਰ ਵਿੱਚ ਆਪਣੀ ਹੀ ਪਾਰਟੀ ਦੀ ਸਰਕਾਰ ਨੂੰ ਬਚਾਅ ਰਹੀ ਹੈ, ਪਰ ਇਸ ਚੱਕਰ ਵਿੱਚ ਮਨੀਪੁਰ ਦੇ ਲੋਕਾਂ ਨੂੰ ਉਹਨਾਂ ਦੀ ਹੋਣੀ ਉਪਰ ਛੱਡ ਦਿੱਤਾ ਗਿਆ ਹੈ। ਕਾਂਗਰਸ ਦੀ ਜਨਰਲ ਸਕੱਤਰ ਪ੍ਰਿਅੰਕਾ ਗਾਂਧੀ, ਸ਼ਿਵ ਸੈਨਾ (ਠਾਕਰੇ ਧੜੇ) ਦੇ ਨੇਤਾ ਆਦਿਤਿਆ ਠਾਕਰੇ, ਸਪਾ ਸਾਂਸਦ ਡਿੰਪਲ ਯਾਦਵ ਨੇ ਵੱਖ- ਵੱਖ ਬਿਆਨਾਂ ਵਿੱਚ ਕਿਹਾ ਕਿ ਘਟਨਾ ਬਹੁਤ ਮੰਦਭਾਗੀ ਹੈ। ਮਨੀਪੁਰ ਸਰਕਾਰ ਨੂੰ ਭੰਗ ਕਰਕੇ ਉੱਥੇ ਰਾਸ਼ਟਰਪਤੀ ਸ਼ਾਸਨ ਲਗਾਇਆ ਜਾਣਾ ਚਾਹੀਦਾ ਹੈ। ਭਾਜਪਾ ਦੋਸ਼ੀਆਂ ਖ਼ਿਲਾਫ਼ ਸਖਤ ਕਾਰਵਾਈ ਕਿਉਂ ਨਹੀਂ ਕਰ ਰਹੀ ? ਇਹ ਮਾਮਲਾ ਮੋਦੀ ਸਰਕਾਰ ਤੇ ਰਾਜ ਸਰਕਾਰ ਵੱਲੋਂ ਦਬਾਉਣ ਦੀ ਕੋਸ਼ਿਸ਼ ਕਿਉਂ ਕੀਤੀ ਜਾ ਰਹੀ ਹੈ ?

***

## ਡਰਾਮੇਬਾਜੀ ਕਰ ਰਹੇ ਹਨ ਮਨੀਪੁਰ ਦੇ

ਗਿਣਤੀ (16 ਪ੍ਰਤੀਸ਼ਤ) ਵਿੱਚ ਹਨ। ਜ਼ਾਹਿਰ ਹੈ ਕਿ ਚੋਣ ਜਿੱਤਣ ਲਈ ਬਹੁਮਤ ਦਾ ਸਮਰਥਨ ਜ਼ਰੂਰੀ ਹੈ। ਇਸ ਨੂੰ ਭਾਜਪਾ ਦੀ ਫਿਰਕੂ ਧਰੁਵੀਕਰਨ ਦੀ ਕੋਸ਼ਿਸ਼ ਵਜੋਂ ਵੀ ਦੇਖਿਆ ਜਾ ਰਿਹਾ ਹੈ।

ਇਸ ਤੋਂ ਬਾਅਦ ਵੀ ਭਾਜਪਾ ਦੇ ਕੰਨਾਂ 'ਤੇ ਜੂੰ ਨਹੀਂ ਸਰਕਦੀ, ਜਿਸ ਨਾਲ ਇਹ ਖਦਸ਼ਾ ਪੈਦਾ ਹੋ ਜਾਂਦਾ ਹੈ ਕਿ ਕੀ ਭਾਜਪਾ ਇਸ ਹਿੰਸਾ ਨੂੰ ਅੰਦਰੂਨੀ ਸਮਰਥਨ ਦੇ ਰਹੀ ਹੈ ਅਤੇ ਹਿੰਦੂ ਵੋਟਾਂ ਦੇ ਧਰੁਵੀਕਰਨ ਲਈ ਵਰਤੀ ਜਾ ਰਹੀ ਹੈ ਤਾਂ ਜੋ ਦੇਸ਼ ਸਮੇਤ ਉੱਤਰ ਪੂਰਬੀ ਰਾਜਾਂ ਹਿੰਦੂ ਬਨਾਮ ਇਸਾਈ ਦਾ ਉਹੀ ਮਾਹੌਲ ਸਿਰਜਿਆ ਜਾ ਸਕਦਾ ਹੈ, ਜਿਸ ਤਰ੍ਹਾਂ ਇਹ ਹਿੰਦੂ ਬਨਾਮ ਮੁਸਲਮਾਨ ਕਰਦਾ ਰਿਹਾ ਹੈ।

ਉਂਝ ਵੀ, ਭਾਜਪਾ ਅਤੇ ਇਸ ਦੀ ਮੂਲ ਸੰਸਥਾ ਰਾਸ਼ਟਰੀ ਸਵੈਮਸੇਵਕ ਸੰਘ ਦਾ ਦੇਸ਼ ਭਰ ਦੇ ਇਸਾਈਆਂ ਪ੍ਰਤੀ ਹਮੇਸ਼ਾ ਟੇਢਾ ਨਜ਼ਰੀਆ ਰਿਹਾ ਹੈ। ਭਾਜਪਾ ਕਈ ਰਾਜਾਂ ਦੇ ਜੰਗਲਾਂ ਵਿੱਚ ਸ਼ਾਂਤਮਈ ਜੀਵਨ ਬਤੀਤ ਕਰ ਰਹੇ ਆਦਿਵਾਸੀਆਂ ਨਾਲ ਅਤੇ ਖਾਸ ਕਰਕੇ ਧਰਮ ਪਰਿਵਰਤਿਤ ਲੋਕਾਂ ਨਾਲ ਟਕਰਾਅ ਅਤੇ ਟਕਰਾਅ ਕਰਦੀ ਰਹਿੰਦੀ ਹੈ। ਵੱਖ-ਵੱਖ ਭਾਈਚਾਰਿਆਂ ਨੂੰ ਆਪਸ ਵਿੱਚ ਲੜਾਉਣਾ ਭਾਜਪਾ ਦੇ ਸਿਆਸੀ ਹਿੱਤ ਵਿੱਚ ਹੋ ਸਕਦਾ ਹੈ ਪਰ ਇਹ ਦੇਸ਼ ਦੀ ਅਖੰਡਤਾ ਅਤੇ ਏਕਤਾ ਲਈ ਬੇਹੱਦ ਖ਼ਤਰਨਾਕ ਹੈ।

***

## ਅਮਰੀਕਾ ਦੀ ਪ੍ਰਸਿੱਧ ਸਿਆਨਾ

ਸ਼ਾਮਲ ਸੰਗਤ ਨਾਲ ਵਿਚਾਰ ਸਾਂਝੇ ਕਰਦੇ ਹੋਏ ਕਨਵੀਨਰ ਕੁਲਦੀਪ ਸਿੰਘ ਨੇ ਦੱਸਿਆ ਕਿ ਕਿਵੇਂ 1970 ਦੇ ਦਹਾਕੇ ਦੇ ਸ਼ੁਰੂ ਵਿੱਚ, ਉਹਨਾਂ ਸਿੱਖਾਂ ਦੇ ਇੱਕ ਸਮੂਹ ਦੇ ਨਾਲ ਉੱਤਰੀ ਅਮਰੀਕਾ ਵਿੱਚ ਸਿੱਖ ਨੌਜਵਾਨਾਂ ਲਈ ਸਿੱਖ ਗੁਰਮਤਿ ਕੈਂਪ ਸ਼ੁਰੂ ਕਰਨ ਦੀ ਲੋੜ ਮਹਿਸੂਸ ਕੀਤੀ ਅਤੇ 1973 ਵਿੱਚ ਡੇਟਰੋਇਟ, ਮਿਸ਼ੀਗਨ ਵਿੱਚ ਇੱਕ ਘਰ ਦੀ ਬੇਸਮੈਂਟ ਵਿੱਚ ਪਹਿਲਾ ਕੈਂਪ ਲਗਾਇਆ। ਉਹਨਾਂ ਨੇ ਬਹੁਤ ਸਾਰੇ ਪੁਰਾਣੇ ਮੈਂਬਰਾਂ ਨੂੰ ਯਾਦ ਕੀਤਾ ਜਿਨ੍ਹਾਂ ਨੇ ਉਹਨਾਂ ਦੇ ਨਾਲ ਇਸ ਲੰਮੇ ਸਫ਼ਰ ਦੀ ਸ਼ੁਰੂਆਤ ਕੀਤੀ ਸੀ, ਜਿਨ੍ਹਾਂ ਵਿੱਚ ਕਈ ਹੁਣ ਇਸ ਸੰਸਾਰ ਵਿੱਚ ਨਹੀਂ ਹਨ। ਉਹਨਾਂ ਕਿਹਾ ਮੈਂ ਕੈਂਪ ਦੀ ਸ਼ੁਰੂਆਤ ਕਰਨ ਲਈ ਵਾਹਿਗੁਰੂ, ਅਕਾਲ ਪੁਰਖ ਦਾ ਧੰਨਵਾਦੀ ਹਾਂ। ਮੈਨੂੰ ਮੇਰੇ ਗੁਰੂ ਦੀ ਬਖਸ਼ਿਸ਼ ਸੀ ਜਿਸ ਨੇ ਮੈਨੂੰ ਇਹ ਸ਼ੁਰੂ ਕਰਨ ਲਈ ਪ੍ਰੇਰਿਤ ਕੀਤਾ। ਉਦੋਂ ਤੋਂ, ਮੈਂ ਉਨ੍ਹਾਂ ਨੌਜਵਾਨਾਂ ਅਤੇ ਸਹਿਯੋਗੀਆਂ ਤੋਂ ਬਹੁਤ ਕੁਝ ਸਿੱਖਿਆ ਜੋ ਕੈਂਪ ਲਈ ਵਲੰਟੀਅਰ ਵਜੋਂ ਸਾਡੇ ਨਾਲ ਸ਼ਾਮਲ ਹੋਏ, ਉਨ੍ਹਾਂ ਸਾਰਿਆਂ ਦਾ ਧੰਨਵਾਦ ਜੋ ਆਉਂਦੇ ਰਹਿੰਦੇ ਹਨ ਅਤੇ ਆਉਣ ਵਾਲੇ ਸਮੇਂ ਲਈ ਇੱਕ ਦੂਜੇ ਨੂੰ ਪ੍ਰੇਰਿਤ ਕਰਦੇ ਹਨ, ਕੈਂਪ ਦੀ ਸਮਾਪਤੀ ਗਤਕਾ ਪ੍ਰਦਰਸ਼ਨ ਅਤੇ ਕੀਰਤਨ ਦਰਬਾਰ ਨਾਲ ਹੋਈ। ਸਿਆਨਾ ਵੱਲੋਂ ਪਿਛਲੇ ਕਈ ਸਾਲਾਂ ਤੋਂ ਗੁਰਮਤਿ ਕੈਂਪ ਦੀ ਸਫ਼ਲਤਾ ਨਾਲ ਨਾ ਸਿਰਫ਼ ਸਿੱਖ ਨੌਜਵਾਨਾਂ ਦਾ ਅਧਿਆਤਮਿਕ ਵਿਕਾਸ ਹੋਇਆ ਹੈ ਸਗੋਂ ਉਨ੍ਹਾਂ ਦੀਆਂ ਸੱਭਿਆਚਾਰਕ ਜੜ੍ਹਾਂ ਵੀ ਮਜ਼ਬੂਤ ਹੋਈਆਂ ਹਨ।

***

## ਗਾਇਕ ਸੁਰਿੰਦਰ ਛਿੰਦਾ ਦਾ ਦੇਹਾਂਤ

ਪੰਜਾਬੀ ਸੰਗੀਤ ਜਗਤ 'ਚ ਆਉਣ ਤੋਂ ਪਹਿਲਾਂ ਛਿੰਦਾ ਸਰੂਪ ਮਕੈਨੀਕਲ ਵਰਕਸ 'ਚ ਨੌਕਰੀ ਕਰਦੇ ਸਨ। ਉਨ੍ਹਾਂ ਨੇ ਸਾਲ 1981 'ਚ 'ਪੁੱਤ ਜੱਟਾਂ ਦੇ ਬੁਲਾਉਂਦੇ ਬੱਕਰੇ' ਗੀਤ ਨਾਲ ਪੰਜਾਬੀ ਮਿਊਜ਼ਿਕ ਇੰਡਸਟਰੀ 'ਚ ਕਦਮ ਰੱਖਿਆ ਸੀ, ਜਿਸ ਤੋਂ ਬਾਅਦ ਉਨ੍ਹਾਂ ਨੇ ਕਦੇ ਵਾਪਸ ਮੁੜ ਕੇ ਨਹੀਂ ਦੇਖਿਆ।




## ਕੀ ਭਗਵਿਆਂ ਦਾ ਸਰਕਾਰੀ

ਕਰਨਾ ਹੈ ਤਾਂ ਜੋ ਆਉਣ ਵਾਲੇ ਸਮੇਂ ਦੌਰਾਨ ਭਾਜਪਾ ਨੂੰ ਚੋਣਾਂ ਦੌਰਾਨ ਯੂਪੀ ਤੇ ਹਰਿਆਣਾ ਵਿੱਚ ਲਾਭ ਮਿਲ ਸਕੇ। ਹਰਿਆਣਾ ਵਿੱਚ ਇਸੇ ਸਾਲ ਵਿਧਾਨ ਸਭਾ ਚੋਣਾਂ ਹੋਣੀਆਂ ਹਨ।ਅਗਲੇ ਸਾਲ ਲੋਕ ਸਭਾ ਦੀਆਂ ਚੋਣਾਂ ਹਨ।

ਯਾਦ ਰਹੇ ਕਿ ਪਿਛਲੀ ਵਾਰ ਜਦੋਂ ਉਹ ਪੈਰੋਲ 'ਤੇ ਆਇਆ ਸੀ, ਉਸ ਨੇ ਵੱਖ-ਵੱਖ ਥਾਂਵਾਂ 'ਤੇ ਵਰਚੁਅਲ ਸਤਸੰਗ ਕੀਤੇ ਸਨ ਅਤੇ ਜਿਸ ਵਿੱਚ ਭਾਜਪਾ ਦੇ ਨੇਤਾਵਾਂ ਨੇ ਉਨ੍ਹਾਂ ਵਿੱਚ ਉਤਸ਼ਾਹ ਨਾਲ ਹਿੱਸਾ ਲਿਆ ਸੀ । ਹਰਿਆਣਾ ਵਿੱਚ ਹੈ ਜਿੱਥੇ ਭਾਜਪਾ ਸੱਤਾ ਵਿੱਚ ਹੈ ਅਤੇ ਉਥੇ ਇੱਕ ਸਾਲ ਦੇ ਅੰਦਰ ਵਿਧਾਨ ਸਭਾ ਚੋਣਾਂ ਹੋਣੀਆਂ ਹਨ।ਭਾਜਪਾ ਦੇ ਕਈ ਸੀਨੀਅਰ ਅਤੇ ਜੂਨੀਅਰ ਨੇਤਾਵਾਂ ਨੇ ਬਲਾਤਕਾਰੀ ਬਾਬੇ ਤੋਂ 'ਨਾਮਦਾਨ' ਲਿਆ ਹੋਇਆ ਹੈ।ਹੈਰਾਨੀ ਦੀ ਗੱਲ ਇਹ ਹੈ ਕਿ ਇਸ 'ਤੇ ਕਾਂਗਰਸ,ਅਕਾਲੀ ਦਲ ਅਤੇ ਹੋਰ ਪਾਰਟੀਆਂ ਚੁੱਪ ਹਨ।ਰਸਿਆਸੀ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ 2024 ਦੀਆਂ ਲੋਕ ਸਭਾ ਚੋਣਾਂ ਦੌਰਾਨ ਭਾਜਪਾ ਅਜਿਹੀ ਖੇਡ ਖੇਡੇਗੀ ਕਿ ਸੌਦਾ ਸਾਧ ਖੁੱਲ੍ਹ ਕੇ ਇਸ ਦੇ ਹੱਕ ਵਿੱਚ ਆ ਜਾਵੇਗਾ। ਪਤਾ ਲਗਾ ਹੈ ਕਿ ਸੌਦਾ ਸਾਧ ਨੂੰ ਉੱਥੇ ਜੇਲ੍ਹ ਵਿੱਚ ਵੀ.ਵੀ.ਆਈ.ਪੀ. ਸਹੂਲਤਾਂ ਮਿਲ ਰਹੀਆਂ ਹਨ। ਸੌਦਾ ਸਾਧ ਰਿਹਾਈ ਚਾਹੁੰਦਾ ਹੈ ਅਤੇ ਪੀੜਤ ਵਿਰੋਧੀ ਧਿਰਾਂ ਉਸ ਦੇ ਖ਼ਿਲਾਫ਼ ਡਟ ਕੇ ਖੜ੍ਹੀਆਂ ਹਨ ਅਤੇ ਕੇਸ ਲੜਨ ਲਈ ਹਮੇਸ਼ਾ ਤਿਆਰ ਹਨ। ਸੌਦਾ ਸਾਧ ਦੀ 33 ਮਹੀਨਿਆਂ ਦੌਰਾਨ 11ਵੀਂ ਪੈਰੋਲ ਇਸ ਵਾਰ ਕੀ ਰੰਗ ਲਿਆਉਂਦੀ ਹੈ, ਇਕ ਹਫਤੇ ਵਿੱਚ ਪਤਾ ਲੱਗ ਜਾਵੇਗਾ। ਬੇਸ਼ੱਕ ਇਸ ਸਮੇਂ ਹਰਿਆਣੇ ਵਿੱਚ ਉਸ ਦੀ ਪੈਰੋਲ ਵਿਰੁੱਧ ਕੋਈ ਵੱਡੀ ਆਵਾਜ਼ ਨਹੀਂ ਉੱਠੀ ਪਰ ਪੰਜਾਬ ਵਿਚ ਸਿੱਖ ਧਰਮ ਦੀ ਸਰਵ ਉੱਚ ਸੰਸਥਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸੌਦਾ ਸਾਧ ਨੂੰ ਮਿਲੀ ਪੈਰੋਲ 'ਤੇ ਵਾਰ-ਵਾਰ ਇਤਰਾਜ਼ ਜਤਾਇਆ ਹੈ।ਉਨ੍ਹਾਂ ਕਿਹਾ ਕਿ ਡੇਰਾ ਮੁੱਖ ਬਲਾਤਕਾਰੀ ਅਤੇ ਕਾਤਲ ਹੈ। ਇੱਕ ਪਾਸੇ ਸੌਦਾ ਸਾਧ ਨੂੰ ਲਗਾਤਾਰ ਪੈਰੋਲ ਦਿੱਤੀ ਜਾ ਰਹੀ ਹੈ, ਦੂਜੇ ਪਾਸੇ ਤੀਹ ਸਾਲਾਂ ਤੋਂ ਜੇਲ੍ਹ ਵਿੱਚ ਬੰਦ ਸਿੱਖਾਂ ਨੂੰ ਸਜ਼ਾ ਪੂਰੀ ਹੋਣ ਤੋਂ ਬਾਅਦ ਵੀ ਰਿਹਾਅ ਨਹੀਂ ਕੀਤਾ ਜਾ ਰਿਹਾ। ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਸੌਦਾ ਸਾਧ ਨੂੰ ਇੱਕ ਸੋਚੀ ਸਮਝੀ ਰਣਨੀਤੀ ਤਹਿਤ ਪੈਰੋਲ ਦਿੱਤੀ ਗਈ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸਜੀਪੀਸੀ) ਦੇ ਮੁਖੀ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਵੀ ਸੌਦਾ ਸਾਧ ਨੂੰ ਮਿਲੀ ਪੈਰੋਲ 'ਤੇ ਸਖ਼ਤ ਇਤਰਾਜ਼ ਪ੍ਰਗਟ ਕਰਦਿਆਂ ਕਿਹਾ ਹੈ ਕਿ ਇਸ ਨਾਲ ਸਿੱਖਾਂ ਤੇ ਪੀੜਤਾਂ ਦੀਆਂ ਭਾਵਨਾਵਾਂ ਨੂੰ ਠੇਸ ਪੁੱਜੀ ਹੈ।ਮਾਹਿਰਾਂ ਦਾ ਮੰਨਣਾ ਹੈ ਕਿ ਕਿ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਉਹ ਸਿਰਸਾ ਸਥਿਤ ਡੇਰਾ ਸੱਚਾ ਸੌਦਾ ਵਿੱਚ ਆਪਣੀ ਪੈਰੋਲ ਜਾਂ ਫਰਲੋ ਦਾ ਅਨੰਦ ਲੈ ਸਕਦਾ ਹੈ।ਇਹ ਬਹੁਤ ਵੱਡੀ ਅਤੇ ਖ਼ਤਰਨਾਕ 'ਖੇਡ' ਹੈ ਜਿਸ ਵਿੱਚ ਸਰਕਾਰੀ ਤੇ ਭਗਵੇਂ ਤੰਤਰ ਦਾ ਹਰ ਹਿੱਸਾ ਆਪਣੀ-ਆਪਣੀ ਭੂਮਿਕਾ ਨਿਭਾਏਗਾ।ਹਾਲਾਂ ਕਿ,ਇਹ ਵਹਿਸ਼ੀ ਸਿਆਸੀ ਖੇਡ ਅਜੇ ਜਾਰੀ ਹੈ! ਆਉਣ ਵਾਲੇ ਦਿਨਾਂ ਵਿਚ ਸਾਰਾ ਦ੍ਰਿਸ਼ ਸਪੱਸ਼ਟ ਹੋ ਜਾਵੇਗਾ?

ਹਰਿਆਣਾ ਦੇ ਸੀਐਮ ਮਨੋਹਰ ਲਾਲ ਖੱਟਰ ਨੇ ਕਿਹਾ ਹੈ ਕਿ ਬਾਬਾ ਰਾਮ ਰਹੀਮ ਦੇ ਮਾਮਲੇ 'ਚ ਅਸੀਂ ਸਭ ਕੁਝ ਅਦਾਲਤ 'ਤੇ ਛੱਡਿਆ ਹੈ।ਹਰ ਕੈਦੀ ਦੇ ਆਪਣੇ ਅਧਿਕਾਰ ਹਨ।ਅਸੀਂ ਸਪੱਸ਼ਟ ਕਰ ਦਿੱਤਾ ਹੈ ਕਿ ਰਾਮ ਰਹੀਮ ਪੈਰੋਲ 'ਤੇ ਸਿਰਸਾ ਨਹੀਂ ਆ ਸਕਦਾ ਹੈ। ਜੇਲ੍ਹ ਮੈਨੂਅਲ ਅਨੁਸਾਰ ਪੈਰੋਲ ਦਾ ਫੈਸਲਾ ਕੀਤਾ ਜਾਂਦਾ ਹੈ। ਰਾਮ ਰਹੀਮ ਯੂਪੀ ਵਿੱਚ ਰਹਿੰਦਾ ਹੈ। ਉਹ ਪੈਰੋਲ ਦੌਰਾਨ ਹਰਿਆਣਾ ਨਹੀਂ ਆਉਂਦਾ।ਉਂਞ ਵੀ ਰਾਮ ਰਹੀਮ ਨੂੰ ਸਜ਼ਾ ਦੇ ਪਹਿਲੇ ਦੋ ਸਾਲਾਂ ਵਿੱਚ ਇੱਕ ਵਾਰ ਵੀ ਪੈਰੋਲ ਨਹੀਂ ਦਿੱਤੀ ਗਈ।ਇਹ ਕਾਨੂੰਨ ਮੁਤਾਬਕ ਹੀ ਦਿੱਤੀ ਜਾਂਦੀ ਹੈ।

***

## ਅੰਮ੍ਰਿਤਪਾਲ ਸਿੰਘ ਦੀ ਪਤਨੀ ਕਿਰਨਦੀਪ ਕੌਰ ਨੂੰ

ਜਦਕਿ ਮੈਨੂੰ ਇਹ ਵੀ ਨਹੀਂ ਪਤਾ ਕਿ ਅੰਤਿਮ ਸਸਕਾਰ ਕਦੋਂ ਅਤੇ ਕਿੱਥੇ ਹੋ ਰਿਹਾ ਹੈ।ਉਹ ਇਹ ਸੋਚਕੇ ਬੇਚੈਨ ਮਹਿਸੂਸ ਕਰ ਰਹੇ ਹਨ, ਕਿ ਮੈਂ ਉੱਥੇ ਭਾਸ਼ਣ ਦੇਵਾਂਗੀ।ਉਹ ਡਰਦੇ ਹਨ ਕਿ ਮੈਂ ਇੱਕ ਅੰਦੋਲਨ ਸ਼ੁਰੂ ਕਰ ਦੇਵਾਂਗੀ ਇਹ ਸਰਕਾਰ ਅਤੇ ਵਿਸ਼ੇਸ਼ ਏਜੰਸੀਆਂ ਹਨ ਜੋ ਮੈਨੂੰ ਦੇਸ਼ ਛੱਡਣ ਤੋਂ ਰੋਕ ਰਹੀਆਂ ਹਨ।

ਮੈਂ ਸਿਰਫ਼ ਆਪਣੇ ਪਰਿਵਾਰ ਨੂੰ ਮਿਲਣ ਲਈ ਕਾਨੂੰਨ ਅਤੇ ਮਨੁੱਖੀ ਅਧਿਕਾਰਾਂ ਦੇ ਤਹਿਤ ਯਾਤਰਾ ਕਰਨ ਦੀ ਕੋਸ਼ਿਸ਼ ਕਰ ਰਹੀ ਹਾਂ।ਮੇਰੀ ਯਾਤਰਾ ਇੱਕ ਜਾਂ ਦੋ ਹਫ਼ਤਿਆਂ ਲਈ ਸੀ,ਮੇਰਾ ਉੱਥੇ ਜ਼ਿਆਦਾ ਦੇਰ ਤੱਕ ਰੁਕਣ ਦਾ ਕੋਈ ਇਰਾਦਾ ਨਹੀਂ ਹੈ, ਮੇਰੀ ਤਰਜੀਹ ਮੇਰੇ ਪਤੀ ਹਨ। ਅਧਿਕਾਰੀਆਂ ਦਾ ਕਹਿਣਾ ਹੈ ਕਿ ਇਥੇ ਐੱਲ.ਓ.ਸੀ. ਸੰਬੰਧੀ ਸਮੱਸਿਆ ਹੈ, ਪਰ ਮੈਨੂੰ ਅਜਿਹਾ ਕੋਈ ਦਸਤਾਵੇਜ਼ ਮੁਹੱਈਆ ਨਹੀਂ ਕਰਵਾਇਆ ਜਾ ਰਿਹਾ ਹੈ ਜਿਸ ਨਾਲ ਪਤਾ ਲੱਗੇ ਕਿ ਕੋਈ ਐੱਲ.ਓ.ਸੀ. ਹੈ। ਜੇਕਰ ਹਾਂ ਤਾਂ ਉਹ ਕਿਸ ਆਧਾਰ 'ਤੇ ਅਤੇ ਕਿਉਂ ਮੈਨੂੰ ਦਿਖਾਉਣ ਤੋਂ ਇਨਕਾਰ ਕਰ ਰਹੇ ਹਨ? ਜੇਕਰ ਅਜਿਹਾ ਨਹੀਂ ਹੈ, ਤਾਂ ਉਹ ਮੈਨੂੰ ਦੇਸ਼ ਛੱਡਣ ਤੋਂ ਨਹੀਂ ਰੋਕ ਸਕਦੇ।

ਪੰਥਕ ਹਲਕਿਆਂ ਦਾ ਮੰਨਣਾ ਹੈ ਕਿ ਭਾਰਤ ਵਿੱਚ ਸਿੱਖਾਂ ਨਾਲ ਗੁਲਾਮਾਂ ਵਾਲਾ ਵਿਹਾਰ ਕੀਤਾ ਜਾ ਰਿਹਾ ਹੈ।ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕੀਤੀ ਜਾ ਰਹੀ ਹੈ। ਅੰਮ੍ਰਿਤਪਾਲ ਸਿੰਘ ਦੀ ਪਤਨੀ ਕਿਰਨਦੀਪ ਕੌਰ ਨੂੰ ਵਿਦੇਸ਼ ਜਾਣ ਤੋਂ ਰੋਕਣਾ ਸਟੇਟ ਦਾ ਧੱਕਾ ਹੈ।ਇਸ ਬਾਰੇ ਅਮਰੀਕਾ, ਕੈਨੇਡਾ ਯੂਰਪ, ਇੰਗਲੈਂਡ ਨੂੰ ਨੋਟਿਸ ਲੈਣਾ ਚਾਹੀਦਾ ਹੈ ਜੋ ਆਪਣੇ ਆਪ ਨੂੰ ਜਮਹੂਰੀ ਦੇਸ਼ ਹੋਣ ਦਾ ਦਾਅਵਾ ਕਰਦੇ ਹਨ

****

## ਜਲਦੀ ਹੀ ਬਣ ਜਾਵੇਗਾ ਪੰਜਾਬ ਬਜ਼ੁਰਗਾਂ ਦੀ ਧਰਤੀ

ਇੱਕ ਦਿਨ ਫੋਨ 'ਤੇ ਗੱਲਾਂ ਕਰਦਿਆਂ ਮੈਂ ਇੱਕ ਅਣਜਾਣੇ ਸੱਜਣ ਨੂੰ ਇਸ ਪਾਸੇ ਤੋਰ ਲਿਆ। ਉਹਨੇ ਆਪਣੇ ਗੁਆਂਢ ਦਾ ਕਿੱਸਾ ਸੁਣਾਇਆ। ਕੁੜੀ ਨੂੰ ਆਸਟਰੇਲੀਆ ਪੜ੍ਹਨ ਦਾ ਵੀਜ਼ਾ ਮਿਲ ਗਿਆ ਤੇ ਟੱਬਰ ਪੈਸਿਆਂ ਦੇ ਪ੍ਰਬੰਧ ਵਿੱਚ ਜੁਟ ਗਿਆ।ਇੱਕ ਦਿਨ ਇੱਕ ਓਪਰਾ ਆਦਮੀ ਸੰਕਟ-ਹਰਤਾ ਬਣ ਕੇ ਆਇਆ। ਇੱਕ ਮੁੰਡੇ ਨੂੰ ਨਕਲੀ ਪਤੀ ਬਣਾ ਕੇ ਨਾਲ ਲਿਜਾਣਾ ਸੀ ਜਿਸ ਬਦਲੇ ਉਹਨਾਂ ਨੇ ਖਾਸੀ ਨਕਦ ਮਾਇਆ ਵੀ ਦੇਣੀ ਸੀ ਤੇ ਸਾਰਾ ਖਰਚ ਵੀ ਕਰਨਾ ਸੀ।ਸਬੱਬ ਨਾਲ ਦੋਵਾਂ ਦੇ ਰਿਸ਼ਤੇਦਾਰ ਪਹਿਲਾਂ ਤੋਂ ਉੱਥੇ ਰਹਿੰਦੇ ਸਨ।ਮੁੰਡੇ ਤੇ ਕੁੜੀ ਨੇ ਹਵਾਈ ਅੱਡੇ ਤੋਂ ਲੈਣ ਆਏ ਹੋਏ ਆਪਣੇ-ਆਪਣੇ ਰਿਸ਼ਤੇਦਾਰਾਂ ਨਾਲ ਤੁਰ ਜਾਣਾ ਸੀ।ਮੈਂ ਉਸ ਬੰਦੇ ਨੂੰ ਕੁੜੀ ਦੇ ਪਰਦੇਸ ਜਾਣ ਬਾਰੇ ਓਪਰੇ ਵਿਚੋਲੇ ਦੀ ਜਾਣਕਾਰੀ ਦਾ ਵਸੀਲਾ ਪੁੱਛਿਆ।ਉਹਨੇ ਦੱਸਿਆ ਕਿ ਉਹ ਲੋਕ ਵੀਜ਼ੇ ਦੇ ਦਫਤਰੋਂ ਪਤਾ ਕਰ ਲੈਂਦੇ ਹਨ ਤੇ ਉਹਨਾਂ ਨੇ ਪੰਜਾਬ ਵਿੱਚ ਆਪਣਾ ਪੂਰਾ ਤਾਣਾ-ਬਾਣਾ ਬਣਾਇਆ ਹੋਇਆ ਹੈ।ਮੈਨੂੰ ਹੈਰਾਨੀ ਹੋਈ ਕਿ ਮਸਲਾ ਕੋਈ ਵੀ ਹੋਵੇ, ਜੁਗਤੀ ਪੰਜਾਬੀ ਬੇਈਮਾਨੀ ਦੇ ਸਹਾਰੇ ਸਭ ਅੜਿੱਕੇ ਦੂਰ ਕਰਨ ਲਈ ਪਹਿਲਾਂ ਹੀ ਤਿਆਰ ਹੁੰਦੇ ਹਨ।

ਜਿਹੜੇ ਲੋਕ ਵਿਦਿਆਰਥੀ ਵਜੋਂ ਜਾਂ ਉੱਧਰ ਪੱਕੇ ਨਾਗਰਿਕ ਬਣ ਚੁੱਕੇ ਕਿਸੇ ਨਾਲ ਰਿਸ਼ਤੇ ਦੇ ਆਧਾਰ ਉੱਤੇ ਜਾਂ ਹੋਰ ਕਿਸੇ ਕਾਨੂੰਨੀ ਰਾਹ ਸਦਕਾ ਪਰਦੇਸ ਜਾਂਦੇ ਹਨ, ਉਹਨਾਂ ਲਈ ਤਾਂ ਹੁਣ ਮਾਇਕ ਤੋਂ ਬਿਨਾਂ ਕੋਈ ਮੁਸ਼ਕਿਲ ਨਹੀਂ ਆਉਂਦੀ ਹੈਰਾਨੀ ਉਹਨਾਂ ਬਾਰੇ ਹੁੰਦੀ ਹੈ ਜੋ ਠੱਗ ਏਜੰਟਾਂ ਦੀ ਮਦਦ ਲੈ ਕੇ ਗ਼ੈਰ-ਕਾਨੂੰਨੀ ਢੰਗ ਨਾਲ ਪਹੁੰਚਣਾ ਚਾਹੁੰਦੇ ਹਨ। ਉਹਨਾਂ ਨੇ ਅਜਿਹੀ ਸੂਰਤ ਵਿੱਚ ਆਪਣੇ ਵਰਗਿਆਂ ਦੀਆਂ ਸੁੰਨੇ, ਸੰਘਣੇ, ਬਿਨ-ਰਾਹੇ ਜੰਗਲ ਪਾਰ ਕਰਨ ਲਈ ਭਟਕਦਿਆਂ ਭੁੱਖ-ਤੇਹ ਨਾਲ ਹੋਈਆਂ ਭਿਆਨਕ ਮੌਤਾਂ ਦੀਆਂ ਖ਼ਬਰਾਂ ਪੜ੍ਹੀਆਂ ਹੁੰਦੀਆਂ ਹਨ। ਇਸਦੇ ਬਾਵਜੂਦ ਉਹ ਉਹੋ ਰਾਹ ਫੜਨ ਦੀ ਦਲੇਰੀ ਦਿਖਾਉਂਦੇ ਹਨ। ਦਿਲਚਸਪ ਤੱਥ ਇਹ ਹੈ ਕਿ ਗ਼ੈਰ-ਕਾਨੂੰਨੀ ਪਰਵਾਸ ਦੀ ਕਹਾਣੀ ਵੀ ਕਾਨੂੰਨੀ ਪਰਵਾਸ ਜਿੰਨੀ ਹੀ ਪੁਰਾਣੀ ਹੈ ਅਤੇ ਖ਼ਤਰੇ ਵੀ ਉਸੇ ਤਰ੍ਹਾਂ ਹਨ।2006 ਵਿੱਚ ਆਪਣੀ ਅਮਰੀਕਾ ਦੀ ਫੇਰੀ ਸਮੇਂ ਮੈਂ ਮੁਢਲੇ ਪੰਜਾਬੀ ਪਰਵਾਸੀਆਂ ਬਾਰੇ ਜਾਣਨ ਦੀ ਕੋਸ਼ਿਸ਼ ਕੀਤੀ। ਉੱਥੋਂ ਦੀ ਖੋਜ ਦੇ ਉੱਚੇ ਤੇ ਸਿਦਕੀ-ਸਿਰੜੀ ਮਿਆਰਾਂ ਅਨੁਸਾਰ ਜਿਨ੍ਹਾਂ ਕੁਛ ਖੋਜਕਾਰਾਂ ਦਾ ਮੈਨੂੰ ਪਤਾ ਲੱਗਿਆ, ਉਹਨਾਂ ਵਿੱਚੋਂ ਇੱਕ ਸਟਾਕਟਨ ਦੀ ਯੂਨੀਵਰਸਿਟੀ ਆਫ ਦਿ ਪੈਸੇਫ਼ਿਕ ਦਾ ਪ੍ਰੋਫ਼ੈਸਰ ਬਰੂਸ ਲਾ ਬਰੈਕ ਸੀ।ਉਹਦਾ ਇੱਕ ਅਹਿਮ ਕੰਮ ਉਹਨਾਂ ਪੰਜਾਬੀ ਬਜ਼ੁਰਗਾਂ ਨਾਲ ਗੱਲਾਂਬਾਤਾਂ ਕਰਨਾ ਸੀ ਜਿਹੜੇ ਵੀਹਵੀਂ ਸਦੀ ਦੇ ਮੁਢਲੇ ਸਾਲਾਂ ਵਿੱਚ ਜਵਾਨੀ-ਪਹਿਰੇ ਪੁੱਠੇ-ਸਿੱਧੇ ਰਾਹੋਂ ਅਮਰੀਕਾ ਪਹੁੰਚੇ ਸਨ। ਉਹ ਲਗਭਗ ਸਾਰੇ ਹੀ ਸਿੱਖ ਸਨ ਕਿਉਂਕਿ ਸਿੱਖ ਧਰਮ ਵਿੱਚ ਹਿੰਦੂ ਧਰਮ ਵਾਂਗ ਸਮੁੰਦਰੋਂ ਪਾਰ ਜਾਣ ਤੋਂ ਰੋਕਣ ਵਾਲੀ ਕੋਈ ਵਰਜਨਾ ਨਹੀਂ ਸੀ। ਇੱਕ ਬਜ਼ੁਰਗ ਨੇ ਉਹਨੂੰ ਦੱਸਿਆ, ਮੈਂ ਹਜ਼ਾਰਾਂ ਮੀਲ ਦੂਰ ਆਇਆ। ਪਾਨਾਮਾ ਤੋਂ ਅਮਰੀਕਾ ਤਕ ਮੈਂ ਪੈਦਲ ਤੁਰਿਆ। ਉਹਨੇ ਇਹ ਵੀ ਦੱਸਿਆ ਕਿ ਉਹਦਾ ਇਰਾਦਾ ਕਮਾਈ ਕਰ ਕੇ ਘਰ ਮੁੜਨ ਦਾ ਸੀ ਪਰ ਉਹ ਇੱਥੋਂ ਜੋਗਾ ਹੀ ਰਹਿ ਗਿਆ।

ਸਿੱਧਾ ਅਮਰੀਕਾ ਜਾਂ ਉਹਦੇ ਨੇੜਲੇ ਕਿਸੇ ਦੇਸ ਨਾ ਉੱਤਰਨ ਦਾ ਕਾਰਨ ਤਾਂ ਕਾਨੂੰਨੀ ਰੋਕਾਂ ਹੀ ਹੋਣਗੀਆਂ।ਹੈਰਾਨੀ ਉਹਦੇ ਸਿਰੜ ਅਤੇ ਜਨੂੰਨ ਦੀ ਹੁੰਦੀ ਹੈ ਜਿਸਦਾ ਅਹਿਸਾਸ ਉੱਤਰੀ ਅਮਰੀਕਾ ਤੇ ਦੱਖਣੀ ਅਮਰੀਕਾ ਦੇ ਵਿਚਕਾਰਲੇ ਸੈਂਟਰਲ ਅਮਰੀਕਾ ਦਾ ਨਕਸ਼ਾ ਦੇਖਿਆਂ ਹੁੰਦਾ ਹੈ।ਸਮੁੰਦਰੀ ਜਹਾਜ਼ ਤੋਂ ਪਾਨਾਮਾ ਦੀ ਬੰਦਰਗਾਹ ਉੱਤੇ ਉੱਤਰ ਕੇ ਅਮਰੀਕਾ ਪੈਦਲ ਪਹੁੰਚਣ ਲਈ ਕੀਤੀ ਉਹਦੀ ਹਿੰਮਤ ਦੰਗ ਕਰ ਦਿੰਦੀ ਹੈ! ਪਾਨਾਮਾ ਤੋਂ ਅੱਗੇ ਉਹਨੇ ਚਾਰ ਦੇਸ, ਕੋਸਟਾਰੀਕਾ, ਨਿਕਾਰਾਗੂਆ, ਹੋਂਡੂਰਸ ਤੇ ਗੁਆਟੇਮਾਲਾ ਪਾਰ ਕਰ ਕੇ ਇਹਨਾਂ ਮਿਲਵੇਂ ਚਾਰਾਂ ਤੋਂ ਕਈ ਗੁਣਾ ਵੱਡਾ ਮੈਕਸੀਕੋ ਲੰਘਿਆ ਹੋਵੇਗਾ ਤਾਂ ਕਿਤੇ ਜਾ ਕੇ ਅਮਰੀਕਾ ਦੀ ਹੱਦ ਆਈ ਹੋਵੇਗੀ! ਇਹ ਰਾਹ ਕੋਈ ਚਾਰ ਹਜ਼ਾਰ ਮੀਲ ਬਣਦਾ ਹੈ।ਜੇ ਉਸ ਅਣਥੱਕ ਰਾਹੀ ਨੇ ਹਰ ਰੋਜ਼ ਪੱਚੀ ਮੀਲ ਤੁਰਨ ਦੀ ਅਣਹੋਣੀ ਵੀ ਕਰ ਦਿਖਾਈ ਹੋਵੇ, ਉਹ ਲਗਾਤਾਰ ਇੱਕ ਸੌ ਸੱਠ ਦਿਨ ਤੁਰਦਾ ਹੀ ਰਿਹਾ ਹੋਵੇਗਾ।ਬੋਲੀ ਤੇ ਮਾਇਆ ਦੀਆਂ ਸਮੱਸਿਆਵਾਂ ਵੱਖਰੀਆਂ। ਜੇ ਉਹ ਚਾਰ ਅੱਖਰ ਅੰਗਰੇਜ਼ੀ ਦੇ ਜਾਣਦਾ ਵੀ ਹੋਇਆ, ਸਪੇਨ ਦੇ ਗ਼ੁਲਾਮ ਉਹਨਾਂ ਦੇਸਾਂ ਵਿੱਚ ਉਹ ਵੀ ਕੰਮ ਨਹੀਂ ਆਏ ਹੋਣੇ।ਪੰਜ-ਛੇ ਮਹੀਨਿਆਂ ਲਈ ਰੋਟੀ-ਟੁੱਕ ਖਰੀਦਣ ਦਾ ਸਾਧਨ ਉਸ ਕੋਲ ਹੋਣ ਦੀ ਕੋਈ ਸੰਭਾਵਨਾ ਨਹੀਂ।ਹਿੰਦੁਸਤਾਨੀ ਰੁਪਏ ਉਹਨਾਂ ਦੇਸਾਂ ਵਿੱਚ ਚਲਦੇ ਵੀ ਨਹੀਂ ਹੋਣੇ।ਇਸ ਹਾਲਤ ਵਿੱਚ ਉਹ ਮੰਗ-ਪਿੰਨ ਕੇ ਢਿੱਡ ਭਰਦਾ ਹੋਵੇਗਾ ਤੇ ਬਹੁਤ ਵਾਰ ਭੁੱਖਾ ਵੀ ਰਹਿੰਦਾ ਹੋਵੇਗਾ।ਹੁਣ ਵੀ ਇਹਨਾਂ ਦੇਸਾਂ ਦੇ ਹੀ ਸੁੰਨੇ ਜੰਗਲ ਪਾਰ ਕਰਦੇ ਪੰਜਾਬੀ ਮੁੰਡਿਆਂ ਦੇ ਭੁੱਖੇ-ਤਿਹਾਏ ਮਰਨ ਦੀਆਂ ਖ਼ਬਰਾਂ ਆਉਂਦੀਆਂ ਹਨ।ਪੁਰਾਣੇ ਵੇਲਿਆਂ ਵਿੱਚ ਭੁੱਖ-ਤੇਹ ਤੋਂ ਇਲਾਵਾ ਸੱਪ-ਸਰਾਲਾਂ ਤੇ ਰਿੱਛਾਂ, ਆਦਿ ਜੰਗਲੀ ਜੀਵਾਂ ਦਾ ਡਰ ਹੁੰਦਾ ਸੀ, ਹੁਣ ਇਹਨਾਂ ਖ਼ਤਰਿਆਂ ਵਿੱਚ ਹਥਿਆਰਬੰਦ ਲੁਟੇਰਿਆਂ ਦਾ ਵਾਧਾ ਹੋ ਗਿਆ ਹੈ।

ਇਹ ਹਾਲਤ ਸਾਨੂੰ ਇਹ ਸੋਚਣ ਲਈ ਮਜਬੂਰ ਕਰਦੀ ਹੈ ਕਿ ਆਖ਼ਰ ਉਹ ਕਿਹੜੇ ਕਾਰਨ ਹਨ ਜੋ ਪੰਜਾਬੀ ਨੌਜਵਾਨ ਪੀੜ੍ਹੀ ਨੂੰ ਆਪਣੀ ਜੰਮਣ-ਭੋਇੰ ਤੋਂ ਬਾਹਰ ਧਕਦੇ ਹਨ!

***

## ਇੱਕ ਸਮਾਨ ਸਿਵਲ ਕੋਡ ਦਾ ਸ਼ੋਸ਼ਾ ਬਨਾਮ

ਤਨਖਾਹਾਂ ਅਤੇ ਭੱਤੇ ਵਧਾ ਸਕਦੇ ਹਨ ਪਰ ਕਰਮਚਾਰੀਆਂ ਨੂੰ ਆਪਣੀਆਂ ਤਨਖਾਹਾਂ ਮਹਿੰਗਾਈ ਕਾਰਣ ਵਧਾਉਣ ਲਈ ਧਰਨੇ ਮੁਜ਼ਾਹਰੇ ਕਰਨੇ ਪੈਂਦੇ ਹਨ, ਲਾਠੀਆਂ ਵੀ ਖਾਣੀਆਂ ਪੈਂਦੀਆਂ ਹਨ ਅਤੇ ਅੰਤ ਵਿੱਚ ਗੱਲਬਾਤ ਦੀ ਮੇਜ਼ 'ਤੇ ਸਰਕਾਰ ਦਾ ਜਵਾਬ ਹੁੰਦਾ ਹੈ ਕਿ ਅਸੀਂ ਸਿਧਾਂਤਿਕ ਤੌਰ 'ਤੇ ਤੁਹਾਡੇ ਨਾਲ ਸਹਿਮਤ ਹਾਂ ਪਰ ਸਰਕਾਰ ਦੀ ਆਰਥਿਕ ਹਾਲਤ ਦੇ ਮੱਦੇਨਜ਼ਰ ਅਸੀਂ ਤੁਹਾਡੀ ਮੰਗ ਦਾ ਕੁਝ ਭਾਗ ਹੀ ਪੂਰਾ ਕਰ ਸਕਦੇ ਹਾਂ। ਕੀ ਇਹ ਅਸਮਾਨਤਾ ਨਹੀਂ ਕਿ ਚੁਣੇ ਗਏ ਸਿਆਸਤਦਾਨ ਨੂੰ ਤਨਖਾਹ ਅਤੇ ਭੱਤਿਆਂ ਤੋਂ ਇਲਾਵਾ ਫ੍ਰੀ ਮਕਾਨ, ਫ੍ਰੀ ਯਾਤਰਾ ਅਤੇ ਹੋਰ ਕਾਫੀ ਕੁਝ ਫ੍ਰੀ ਮਿਲਦਾ ਹੈ ਪਰ ਉਸ ਨੂੰ ਕੋਈ ਟੈਕਸ ਨਹੀਂ ਦੇਣਾ ਪੈਂਦਾ, ਦੂਜੇ ਪਾਸੇ ਇੱਕ ਕਰਮਚਾਰੀ ਨੂੰ ਜੋ ਕੁਝ ਵੀ ਮਿਲਦਾ ਹੈ, ਉਸ ਉੱਤੇ ਟੈਕਸ ਦੇਣਾ ਪੈਂਦਾ ਹੈ। ਹੋਰ ਤਾਂ ਹੋਰ, ਜਿਹੜੀ ਕਿਸੇ ਕਰਮਚਾਰੀ ਨੇ ਟੈਕਸ ਕਟਾ ਕੇ ਤਨਖਾਹ ਪ੍ਰਾਪਤ ਕੀਤੀ ਹੁੰਦੀ ਹੈ ਉਸ ਵਿਚੋਂ ਜੇਕਰ ਉਹ ਕੁਝ ਬੱਚਤ ਕਰਕੇ ਬੈਂਕ ਵਿਚ ਜਮ੍ਹਾਂ ਕਰਵਾਏ ਉਸ ਉੱਤੇ ਮਿਲੇ ਵਿਆਜ 'ਤੇ ਵੀ ਟੈਕਸ ਦੇਣਾ ਪੈਂਦਾ ਹੈ।

ਕੀ ਇਹ ਅਸਮਾਨ ਸਿਵਲ ਕੋਡ ਨਹੀਂ ਕਿ ਕਿਸੇ ਵੱਡੇ ਵਪਾਰੀ ਜਾਂ ਕਾਰਪੋਰੇਟ ਘਰਾਣੇ ਨੂੰ ਕਰੋੜਾਂ ਰੁਪਏ ਕਰਜ਼ਾ ਦੇ ਕੇ ਜਦੋਂ ਉਹ ਚਾਹੇ ਆਪਣੇ ਬਿਜ਼ਨਸ ਵਿੱਚ ਘਾਟਾ ਦਰਸਾ ਕੇ ਆਪਣੇ ਕਰਜ਼ੇ ਦਾ ਕੁਝ ਭਾਗ ਮਾਫ਼ ਕਰਵਾ ਸਕਦਾ ਪਰ ਦੂਜੇ ਪਾਸੇ ਜੇਕਰ ਕਿਸੇ ਕਿਸਾਨ ਦੀ ਫਸਲ ਔੜ, ਮੀਂਹ, ਹਨੇਰੀ ਨਾਲ ਤਬਾਹ ਹੋ ਜਾਵੇ ਤਾਂ ਉਸ ਦਾ ਕਰਜ਼ਾ ਕਦੇ ਕਦਾਈਂ ਛੱਡ ਕੇ ਆਮ ਤੌਰ 'ਤੇ ਮਾਫ਼ ਨਹੀਂ ਹੁੰਦਾ ਅਤੇ ਬੈਂਕ ਅਧਿਕਾਰੀ ਉਸ ਦੀ ਜਾਇਦਾਦ ਜ਼ਬਤ ਕਰਨ ਲਈ ਆ ਜਾਂਦੇ ਹਨ।ਅਜੇ ਤਕ ਮੁੱਖ ਫਸਲਾਂ 'ਤੇ ਐੱਮ ਐੱਸ ਪੀ ਨਹੀਂ ਦਿੱਤੀ ਗਈ ਜਿਸ ਕਾਰਣ ਕਰਜ਼ਾ ਵਧ ਜਾਂਦਾ ਹੈ ਅਤੇ ਕਿਸਾਨ ਜਾਂ ਖੇਤ ਮਜ਼ਦੂਰ ਆਤਮ ਹੱਤਿਆ ਕਰ ਲੈਂਦਾ ਹੈ।ਪਰ ਕੀ ਕਦੇ ਕਿਸੇ ਵੱਡੇ ਧਨਾਢ ਜਾਂ ਕਾਰਪੋਰੇਟ ਨੇ ਵੀ ਕਰਜ਼ੇ ਕਾਰਣ ਆਤਮ ਹੱਤਿਆ ਕੀਤੀ ਹੈ?

ਭਾਰਤ ਵਿੱਚ ਅਸਮਾਨ ਲਾਗੂ ਕੀਤੇ ਜਾ ਰਹੇ ਕਾਨੂੰਨ ਜਾਂ ਕੋਡ ਤਾਂ ਹੋਰ ਵੀ ਹਨ ਪਰ ਅੰਤ ਵਿੱਚ ਮੈਂ ਰਾਮ ਮੰਦਿਰ ਦਾ ਨੀਂਹ ਪੱਥਰ ਰੱਖਣ ਦੀ ਰਸਮ ਜਾਂ ਨਵੀਂ ਪਾਰਲੀਮੈਂਟ ਬਿਲਡਿੰਗ ਦੇ ਉਦਘਾਟਨ ਦੇ ਸਮੇਂ ਅਸਮਾਨ ਸਿਵਲ ਕੋਡ ਲਾਗੂ ਕਰਨ ਬਾਰੇ ਦੱਸ ਰਿਹਾ ਹਾਂ।ਰਾਮ ਮੰਦਿਰ ਦੇ ਭੂਮੀ ਪੂਜਣ ਦੀ ਰਸਮ ਵੇਲੇ ਆਮ ਦਲਿਤ ਦੀ ਗੱਲ ਤਾਂ ਛੱਡੋ ਉਸ ਸਮੇਂ ਦੇ ਰਾਸ਼ਟਰਪਤੀ ਰਾਮ ਨਾਥ ਕੋਵਿੰਡ ਨੂੰ ਵੀ ਰਸਮ ਵਿੱਚ ਹਿੱਸਾ ਨਹੀਂ ਲੈਣ ਦਿੱਤਾ ਗਿਆ ਕਿਉਂਕਿ ਉਹ ਦਲਿਤ ਸੀ। ਨਵੀਂ ਪਾਰਲੀਮੈਂਟ ਬਿਲਡਿੰਗ ਦੇ ਉਦਘਾਟਨ ਵੇਲੇ ਰਾਸ਼ਟਰਪਤੀ ਮੁਰਮੂ ਨੂੰ ਨਹੀਂ ਸੱਦਿਆ ਗਿਆ ਕਿਉਂਕਿ ਉਹ ਇੱਕ ਆਦੀਵਾਸੀ ਸੀ। ਰਾਸ਼ਟਰਪਤੀ ਮੁਰਮੂ ਨੂੰ ਆਦੀਵਾਸੀ ਹੋਣ ਕਾਰਨ ਹੀ ਜਗਨਨਾਥ ਮੰਦਿਰ ਵਿੱਚ ਉਸ ਥਾਂ 'ਤੇ ਖੜ੍ਹੇ ਹੋ ਕੇ ਪ੍ਰਾਰਥਨਾ ਨਹੀਂ ਕਰਨ ਦਿੱਤੀ ਜਿੱਥੇ ਪੁਜਾਰੀ ਪ੍ਰਾਰਥਨਾ ਕਰਦੇ ਹਨ ਅਤੇ ਉਸ ਨੇ ਥੋੜ੍ਹੀ ਦੂਰ ਖੜ੍ਹੇ ਹੋ ਕੇ ਪ੍ਰਾਰਥਨਾ ਕੀਤੀ। ਜੇਕਰ ਭਾਜਪਾ ਜਾਂ ਪੁਜਾਰੀ ਵਰਗ ਦਲਿਤਾਂ ਜਾਂ ਆਦਿਵਾਸੀਆਂ ਨੂੰ ਹਿੰਦੂ ਸਮਝਦੀ ਹੈ ਤਾਂ ਉਹਨਾਂ ਨੂੰ ਹਰ ਧਰਮਿਕ ਸਥਲ 'ਤੇ, ਹਰ ਧਾਰਮਿਕ ਹਿੰਦੂ ਰਸਮ ਵਿੱਚ ਆਉਣ ਦਾ ਹੱਕ ਹੋਣਾ ਚਾਹੀਦਾ ਹੈ ਜਾਂ ਭਾਜਪਾ ਖੁੱਲ੍ਹ ਕੇ ਕਹੇ ਕਿ ਦਲਿਤ ਜਾਂ ਆਦੀਵਾਸੀ ਹਿੰਦੂ ਨਹੀਂ ਹਨ।ਇੱਕ ਪਾਸੇ ਉਹਨਾਂ ਨੂੰ ਵੋਟਾਂ ਲਈ ਹਿੰਦੂ ਵੀ ਕਹੀ ਜਾਣਾ ਅਤੇ ਦੂਜੇ ਪਾਸੇ ਉਹਨਾਂ ਨੂੰ ਹਿੰਦੂ ਮੰਦਿਰ ਜਾਂ ਹਿੰਦੂ ਧਾਰਮਿਕ ਰਸਮ ਵਿਚ ਹਿੱਸਾ ਨਾ ਲੈਣ ਦੇਣਾ, ਇਹ ਇੱਕ ਅਲਿਖਤ ਅਸਮਾਨ ਸਿਵਲ ਕੋਡ ਨਹੀਂ ਹੈ ਤਾਂ ਹੋਰ ਕੀ ਹੈ?

***

## ਕਪਾਹਾਂ ਨੂੰ ਫੁੱਲ ਪੈਣ ਵਾਲੀ ਰੁੱਤ ਮੁੱਲ

ਸਤੰਬਰ 1972 ਨੂੰ ਸ਼ਿਵ ਕੁਮਾਰ ਇੰਗਲੈਂਡ ਤੋਂ ਵਾਪਿਸ ਪਰਤਿਆ ਤਾਂ ਉਸ ਦੀ ਸਿਹਤ ਵਿੱਚ ਕਾਫ਼ੀ ਗਿਰਾਵਟ ਆ ਚੁੱਕੀ ਸੀ। ਸ਼ਿਵ ਕੁਮਾਰ ਮਹਿਸੂਸ ਕਰ ਰਿਹਾ ਸੀ ਲੋੜ ਵੇਲੇ ਉਸ ਦੇ ਬਹੁਤ ਸਾਰੇ ਦੋਸਤਾਂ ਨੇ ਉਸ ਦਾ ਸਾਥ ਛੱਡ ਦਿੱਤਾ ਸੀ। ਉਸ ਦੇ ਜਿਗਰ ਵਿੱਚ ਨੁਕਸ ਪੈ ਚੁੱਕਾ ਸੀ ਉਸ ਨੂੰ ਉਸ ਦੀ ਪਤਨੀ ਨੇ ਚੰਡੀਗੜ੍ਹ 16 ਸੈਕਟਰ ਦੇ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਜਿੱਥੇ ਕੁਝ ਦਿਨ ਇਲਾਜ ਚੱਲਿਆ।

ਕੁਝ ਮਹੀਨਿਆਂ ਬਾਅਦ ਅੰਮ੍ਰਿਤਸਰ ਦੇ ਇੱਕ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ। ਪਰ ਸ਼ਿਵ ਕੁਮਾਰ ਡਾਕਟਰਾਂ ਦੀ ਮਰਜ਼ੀ ਤੋਂ ਬਿਨਾਂ ਹੀ ਛੁੱਟੀ ਲੈ ਗਿਆ ਉਹ ਹਸਪਤਾਲ

ਵਿੱਚ ਮਰਨਾ ਨਹੀਂ ਚਾਹੁੰਦਾ ਸੀ। ਉਹ ਬਟਾਲੇ ਆਪਣੇ ਪਰਿਵਾਰ ਕੋਲ ਚਲਿਆ ਗਿਆ।ਬਾਅਦ ਵਿੱਚ ਉਸ ਨੂੰ ਉਸ ਦੇ ਸਹੁਰੇ ਪਿੰਡ ਕੀੜੀ ਮੰਗਿਆਲ ਪਾਕਿਸਤਾਨ ਦੀ ਸਰਹੱਦ ਦੇ ਨੇੜੇ ਇਕ ਛੋਟੇ ਜਿਹੇ ਪਿੰਡ ਵਿੱਚ ਲਿਟਾਇਆ ਗਿਆ।6 ਮਈ 1973 ਨੂੰ 37ਵੇ ਸਾਲ ਭਰ ਜਵਾਨੀ ਵਿੱਚ ਉੱਥੇ ਹੀ ਉਸ ਦੀ ਮੌਤ ਹੋ ਗਈ।

-- ਅਸਾਂ ਤਾਂ ਜੋਬਨ ਰੁੱਤੇ ਮਰਨਾ
ਤੁਰ ਜਾਣਾ ਅਸਾਂ ਭਰੇ ਭਰਾਏ
ਹਿਜਰ ਤੇਰੇ ਦੀ ਕਰ ਪਰਕਰਮਾਂ
ਅਸਾਂ ਤਾਂ ਜੋਬਨ ਰੁੱਤੇ ਮਰਨਾ !

ਸ਼ਿਵ ਕੁਮਾਰ ਦੇ ਮਰਨ ਉਪਰੰਤ ਬਿਰਹੜਾ(1974), ਅਲਵਿਦਾ(1974), ਅਸਾਂ ਤਾਂ ਜੋਬਨ ਰੁੱਤੇ ਮਰਨਾ(1976), ਸਾਗਰ ਤੇ ਕਣੀਆਂ(1982), ਸ਼ਿਵ ਕੁਮਾਰ ਪੂਰਨ ਕਾਵਿ ਸੰਗ੍ਰਹਿ(1983) ਵਿੱਚ ਛਪਿਆ।

***

## ਕੁਦਰਤੀ ਦੌਲਤ ਦੀ ਲੁੱਟ

ਸਿੱਟੇ ਵਜੋਂ ਹਰਿਆ-ਭਰਿਆ ਦੇਸ਼ ਦਰਖ਼ਤਾਂ ਦੀ ਕਟਾਈ ਕਾਰਨ ਪ੍ਰਦੂਸ਼ਿਤ ਹੁੰਦਾ ਗਿਆ।ਅੱਜ ਸਥਿਤੀ ਇਹ ਹੈ ਕਿ ਭਾਰਤ ਦੇਸ਼ ਜੰਗਲਾਂ ਦੇ ਖੇਤਰ 'ਚ ਦੁਨੀਆ ਭਰ 'ਚ ਦਸਵੇਂ ਥਾਂ 'ਤੇ ਖਿਸਕ ਗਿਆ ਹੈ।

ਦੇਸ਼ 'ਚ ਗਰੀਬ, ਅਮੀਰ ਦਾ ਵੱਧ ਰਿਹਾ ਪਾੜ੍ਹਾ, ਕੁਦਰਤੀ ਸਾਧਨ ਹਵਾ-ਪਾਣੀ ਦੇ ਵਿਕਣ ਦੀ ਸਥਿਤੀ ਵੱਲ ਵਧਣਾ, ਆਰਥਿਕ ਲੁੱਟ-ਖਸੁੱਟ ਆਮ ਆਦਮੀ ਦੇ ਮੁੱਢਲੇ ਕੁਦਰਤੀ ਹੱਕਾਂ ਉੱਤੇ ਧਨ-ਕੁਬੇਰਾਂ ਦਾ ਵੱਡਾ ਹਮਲਾ ਹੈ।ਇਹ ਹਮਲੇ ਦਾ ਟਾਕਰਾ ਆਮ ਆਦਮੀ ਦੇ ਜਾਗਰੂਕ ਹੋਣ ਨਾਲ ਹੀ ਹੋ ਸਕਦਾ ਹੈ।ਅੱਜ ਵੀ ਦੇਸ਼ ਦੇ ਜੰਗਲਾਂ ਦੀ ਲੁੱਟ ਅਤੇ ਦੇਸ਼ ਦੀ ਕੁਦਰਤੀ ਧਨ ਦੌਲਤ ਦੀ ਲੁੱਟ ਵਿਰੁੱਧ ਚਿਪਕੋ ਜਿਹੇ ਅੰਦੋਲਨਾਂ ਦੀ ਲੋੜ ਹੈ।

***

## ਮਹਾਨ ਸਿੱਖ ਯੋਧਾ

ਇਸ ਤੋਂ ਬਾਅਦ ਉਹ ਹਿਰਾਸਤ ਵਿੱਚ ਲੈਣ ਵਾਲੇ ਪੁਲਿਸ ਅਧਿਕਾਰੀਆਂ ਨੂੰ ਪੁੱਛਦਾ ਹੈ ਕਿ ਕੀ ਦੂਜਾ ਦੋਸ਼ੀ ਜੈੱਟਲੈਂਡ ਵੀ ਮਾਰਿਆ ਗਿਆ ਹੈ?

ਉਹ ਵੀ ਮੌਤ ਦਾ ਹੱਕਦਾਰ ਸੀ।ਮੈਂ ਉਸ ਉੱਤੇ ਵੀ ਦੋ ਰੌਂਦ ਦਾਗੇ ਸਨ। ਊਧਮ ਸਿੰਘ ਨੇ ਅਦਾਲਤ ਵਿੱਚ ਬਿਆਨ ਦਿੰਦਿਆਂ ਕਿਹਾ ਕਿ ਮੈਂ ਜਲ੍ਹਿਆਂਵਾਲੇ ਬਾਗ਼ ਦੇ ਸ਼ਹੀਦਾਂ ਦਾ ਬਦਲਾ ਲੈ ਲਿਆ ਹੈ।ਮੈਂ ਆਪਣੇ ਦੇਸ਼ ਦੀ ਸ਼ਾਨ ਵਿਰੁੱਧ ਓਡਵਾਇਰ ਦਾ ਘ੍ਰਿਣਾ ਭਰਿਆ ਲੈਕਚਰ ਸਹਾਰ ਨਹੀਂ ਸਕਿਆ। ਮੈਂ ਜੋ ਕੁਝ ਕੀਤਾ ਹੈ ਆਪਣੇ ਲੋਕਾਂ ਲਈ ਕੀਤਾ ਹੈ।ਇਕ ਵਹਿਸ਼ੀ ਨੂੰ ਸੋਧਿਆ ਹੈ।ਊਧਮ ਸਿੰਘ ਇੱਕ ਧਰਮ ਨਿਰਪੱਖ ਅਤੇ ਅਗਾਂਹਵਧੂ ਸੋਚ ਦੇ ਮਾਲਕ ਸਨ।ਜਦੋਂ ਲੰਡਨ ਦੀ ਅਦਾਲਤ ਵੱਲੋਂ ਉਨ੍ਹਾਂ ਨੂੰ ਉਨ੍ਹਾਂ ਦੇ ਨਾਮ ਬਾਰੇ ਪੁੱਛਿਆ ਗਿਆ ਤਾਂ ਊਧਮ ਸਿੰਘ ਨੇ ਆਪਣਾ ਨਾਮ 'ਮੁਹੰਮਦ ਸਿੰਘ ਆਜ਼ਾਦ' ਦੱਸਿਆ ਸੀ।ਦਰਅਸਲ ਊਧਮ ਸਿੰਘ ਦੇ ਅਜਿਹੇ ਨਾਮ ਰੱਖਣ ਦਾ ਮਤਲਬ ਸਮੂਹ ਧਰਮਾਂ, ਜਾਤਾਂ, ਕਬੀਲਿਆਂ ਨੂੰ ਬਰਾਬਰ ਅਤੇ ਇੱਕੋ ਨਜ਼ਰੀਏ ਨਾਲ ਵੇਖਣ ਅਤੇ ਧਰਮ ਨਿਰਪੱਖਤਾ ਦਾ ਪ੍ਰਤੀਕ ਸੀ।

ਓਡਵਾਇਰ ਕਤਲ ਮਾਮਲੇ ਵਿੱਚ ਪਹਿਲੀ ਅਪਰੈਲ 1940 ਨੂੰ ਊਧਮ ਸਿੰਘ ਨੂੰ ਲੰਡਨ ਦੀ ਇੱਕ ਅਦਾਲਤ ਵਿੱਚ ਪੇਸ਼ ਕੀਤਾ ਗਿਆ।ਇਹ ਕਿ 4 ਜੂਨ 1940 ਨੂੰ ਪੇਸ਼ੀ ਸਮੇਂ ਜਦੋਂ ਜੱਜ ਨੇ ਉਸ ਨੂੰ ਮਾਈਕਲ ਓਡਵਾਇਰ ਨੂੰ ਮਾਰਨ ਦਾ ਕਾਰਨ ਪੁੱਛਿਆ ਤਾਂ ਉਸ ਨੇ ਜਵਾਬ ਦਿੱਤਾ ਕਿ, ਉਹ ਸਾਡਾ ਪੁਰਾਣਾ ਦੁਸ਼ਮਣ ਸੀ ਅਤੇ ਉਹ ਇਸ ਸਜ਼ਾ ਦਾ ਹੱਕਦਾਰ ਸੀ। ਜੱਜ ਨੇ ਊਧਮ ਸਿੰਘ ਨੂੰ ਮੌਤ ਦੀ ਸਜ਼ਾ ਸੁਣਾ ਦਿੱਤੀ। 31 ਜੁਲਾਈ 1940 ਨੂੰ ਭਾਰਤ ਦੇ ਇਸ ਮਹਾਨ ਸਪੂਤ ਨੂੰ ਪੈਂਟੋਨਵਿਲੇ ਜੇਲ੍ਹ ਲੰਡਨ ਵਿੱਚ ਫ਼ਾਂਸੀ ਦੇ ਦਿੱਤੀ ਗਈ ਅਤੇ ਉਸ ਦੀ ਦੇਹ ਨੂੰ ਜੇਲ੍ਹ ਵਿੱਚ ਹੀ ਦਬਾ ਦਿੱਤਾ ਗਿਆ।ਪੰਜਾਬ ਦੇ ਤਤਕਾਲੀ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਦੇ ਯਤਨਾਂ ਸਦਕਾ 31 ਜੁਲਾਈ 1974 ਨੂੰ ਇੰਗਲੈਂਡ ਨੇ ਊਧਮ ਸਿੰਘ ਦੀਆਂ ਅਸਥੀਆਂ ਭਾਰਤ ਨੂੰ ਸੌਂਪੀਆਂ ਅਤੇ ਸਸਕਾਰ ਸੁਨਾਮ ਵਿਖੇ ਕੀਤਾ ਗਿਆ।

***

## ਜੀ.ਟੀ. ਰੋਡ 'ਤੇ ਦੁਹਾਈਆਂ ਪਾਵੇ..

ਪਾਲਦੇ ਹਨ।ਇਹਨਾਂ ਦੀ ਜ਼ਿੰਦਗੀ ਦਾ ਲੰਬਾ ਸਮਾਂ ਟਰੱਕਾਂ /ਟਰਾਲਿਆਂ ਵਿੱਚ ਸਫ਼ਰ ਕਰਦਿਆਂ ਨਿਕਲ ਜਾਂਦਾ ਹੈ।

ਅਨੇਕਾਂ ਮੁਸੀਬਤਾਂ ਦਾ ਸਾਹਮਣਾ ਕਰਦੇ ਨੇ ਟਰੱਕਾਂ ਵਾਲੇ :

ਟਰੱਕਾਂ ਵਾਲਿਆਂ ਨੂੰ ਬਹੁਤ ਸਾਰੀਆਂ ਮੁਸੀਬਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਅਕਸਰ ਪੰਜਾਬ ਤੋਂ ਦੂਜੇ ਰਾਜਾਂ ਖਾਸ ਤੌਰ 'ਤੇ ਦੂਰ ਦੁਰੇਡੇ ਦੇ ਰਾਜਾਂ ਨੂੰ ਜਾਣ ਵੇਲੇ ਰਸਤੇ ਵਿੱਚ ਅਨੇਕਾਂ ਕਿਸਮ ਦੀਆਂ ਸਮੱਸਿਆਵਾਂ ਤੇ ਖੱਜਲ ਖੁਆਰੀ ਦਾ ਸਾਹਮਣਾ ਕਰਨਾ ਪੈਂਦਾ ਹੈ।ਅਕਸਰ ਟਰੱਕਾਂ ਵਾਲੇ ਖੁਦ ਦਸਦੇ ਹਨ ਕਿ ਉਹਨਾਂ ਨੂੰ ਸਫ਼ਰ ਦੌਰਾਨ ਪੁਲਿਸ ਦੀ ਧੱਕੇਸ਼ਾਹੀ ਦਾ ਵੀ ਸ਼ਿਕਾਰ ਹੋਣਾ ਪੈ ਜਾਂਦਾ ਹੈ ਅਤੇ ਕੁਝ ਪੁਲਿਸ ਮੁਲਾਜਮ ਉਹਨਾਂ ਤੋਂ ਚਾਹ ਪਾਣੀ ਮੰਗਦੇ ਰਹਿੰਦੇ ਹਨ। ਇਸ ਤੋਂ ਇਲਾਵਾ ਜੇ ਕਿਸੇ ਟਰੱਕ ਨਾਲ ਹਾਦਸਾ ਵਾਪਰ ਜਾਵੇ ਤਾਂ ਭਾਂਵੇਂ ਦੂਜੇ ਵਾਹਨ ਵਾਲੇ ਦਾ ਕਸੂਰ ਹੋਵੇ ਤਾਂ ਵੀ ਅਕਸਰ ਸਾਰਾ ਕਸੂਰ ਟਰੱਕਾਂ ਵਾਲਿਆਂ ਦਾ ਕੱਢ ਦਿੱਤਾ ਜਾਂਦਾ ਹੈ। ਇਸ ਤੋਂ ਇਲਾਵਾ ਵੱਖ ਵੱਖ ਰਾਜਾਂ ਵਿੱਚ ਕਈ ਵਾਰ ਵਿਗੜੇ ਹਾਲਾਤਾਂ ਦਾ ਸ਼ਿਕਾਰ ਵੀ ਟਰੱਕਾਂ ਵਾਲਿਆ ਨੂੰ ਹੋਣਾ ਪੈ ਜਾਂਦਾ ਹੈ। ਦੂਜੇ ਰਾਜਾਂ ਵਿੱਚ ਅਕਸਰ ਕਈ ਵਾਰ ਗੁੰਡਾ ਅਨਸਰਾਂ ਅਤੇ ਡਕੈਟਾਂ ਵੱਲੋਂ ਟਰੱਕਾਂ ਵਿੱਚ ਲੱਦਿਆ ਮਾਲ ਲੁੱਟ ਲਿਆ ਜਾਂਦਾ ਹੈ ਅਤੇ ਟਰੱਕਾਂ ਨੂੰ ਅੱਗ ਲਗਾ ਕੇ ਸਾੜ ਦਿਤਾ ਜਾਂਦਾ ਹੈ। ਅਜਿਹੇ ਸਮੇਂ ਟਰੱਕਾਂ ਵਾਲਿਆਂ ਨਾਲ ਕੀ ਬੀਤਦੀ ਹੈ, ਇਹ ਤਾਂ ਉਹੀ ਜਾਣਦੇ ਹਨ। ਦੂਜੇ ਰਾਜਾਂ ਵਿੱਚ ਅਕਸਰ ਟਰੱਕਾਂ ਵਾਲੇ ਕਾਫ਼ਲੇ ਦੇ ਰੂਪ ਵਿੱਚ ਜਾਂਦੇ ਹਨ ਤਾਂ ਕਿ ਉਹ ਇਕ ਦੂਜੇ ਦੀ ਸਹਾਇਤਾ ਨਾਲ ਗੁੰਡਾ ਅਨੁਸਾਰ ਅਤੇ ਡਾਕੂਆਂ ਦਾ ਮੁਕਾਬਲਾ ਕਰ ਸਕਣ। ਇਸ ਤੋਂ ਇਲਾਵਾ ਟਰੱਕਾਂ ਵਾਲਿਆਂ ਨੂੰ ਅਕਸਰ ਆਪਣੇ ਟਰੱਕਾਂ ਵਿੱਚ ਆਪਣੀ ਸੁਰੱਖਿਆ ਲਈ ਸੋਟੀਆਂ ਜਾਂ ਸੂਏ ਜਾਂ ਕਿਰਪਾਨਾਂ ਆਦਿ ਰਖਣੀਆਂ ਪੈ ਜਾਂਦੀਆਂ ਹਨ। ਇਸੇ ਕਾਰਨ ਅਕਸਰ ਕਈ ਟਰੱਕਾਂ ਤੇ ਲਿਖਿਆ ਹੁੰਦਾ ਹੈ, ਕਿ " ਸੱਪ ਦੀ ਸਿਰੀ ਤੋਂ ਨੋਟ ਚੁੱਕ ਕੇ ਲਿਆਉਣੇ ਪੈਂਦੇ ਹਨ, ਡਰਾਇਵਰੀ ਕਰਨੀ ਸੌਖੀ ਨਹੀਂ ਹੁੰਦੀ।"

## ਕੀ ਹੈ ਉੱਡਣ ਤਸ਼ਤਰੀਆਂ ਅਤੇ ਏਲੀਅਨ ਦਾ ਰਹੱਸ ?

ਹਾਲਾਂ ਕਿ ਸਮਾਂ ਬੀਤਣ ਦੇ ਨਾਲ ਇਨ੍ਹਾਂ ਦਾਅਵਿਆਂ ਦਾ ਵੀ ਪਰਦਾ ਫਾਸ਼ ਹੋ ਗਿਆ। ਕਈ ਵਾਰ ਜਦੋਂ ਉੱਡਣ ਤਸ਼ਤਰੀਆਂ ਦੇਖਣ ਦੇ ਦਾਅਵਿਆਂ ਦੀ ਬਾਅਦ ਵਿੱਚ ਜਾਂਚ ਕੀਤੀ ਜਾਂਦੀ ਹੈ, ਤਾਂ ਉਹਨਾਂ ਨੂੰ ਕੁਦਰਤ ਅਤੇ ਮਨੁੱਖ ਦੁਆਰਾ ਬਣਾਈਆਂ ਚੀਜ਼ਾਂ ਜਾਂ ਵਰਤਾਰੇ ਵਜੋਂ ਪਛਾਣਿਆ ਗਿਆ ਹੈ।

1947 ਤੋਂ, ਮੀਡੀਆ ਵਿੱਚ ਉੱਡਣ ਤਸ਼ਤਰੀਆਂ ਜਾਂ ਯੂਐਫਓ ਦੇਖਣ ਦੀਆਂ ਘਟਨਾਵਾਂ ਲਗਾਤਾਰ ਆ ਰਹੀਆਂ ਹਨ। ਇਸ ਦੌਰਾਨ ਸੱਤ ਦਹਾਕੇ ਬੀਤ ਚੁੱਕੇ ਹਨ ਪਰ ਜਾਪਦਾ ਹੈ ਕਿ ਯੂਐਫਓ ਮਾਮਲੇ ਵਿੱਚ ਬਹੁਤੀ ਪ੍ਰਗਤੀ ਨਹੀਂ ਹੋਈ ਹੈ, ਉਹ ਹਨ ਜਾਂ ਨਹੀਂ,

ਇਸ ਦਾ ਅਜੇ ਤੱਕ ਸਹੀ ਢੰਗ ਨਾਲ ਖੁਲਾਸਾ ਨਹੀਂ ਕੀਤਾ ਗਿਆ ਹੈ। ਵੈਸੇ ਵੀ, ਬਹੁਤੇ ਵਿਗਿਆਨੀ ਮੰਨਦੇ ਹਨ ਕਿ ਯੂਐਫਓ ਦੇ ਦਰਸ਼ਨ ਕੁਝ ਵਿਸ਼ੇਸ਼ ਕੁਦਰਤੀ ਵਰਤਾਰਿਆਂ ਦੇ ਕਾਰਨ ਹੁੰਦੇ ਹਨ, ਜਿਵੇਂ ਕਿ ਉਲਕਾ ਦਾ ਟੁੱਟਣਾ, ਬਿਜਲੀ ਦੇ ਨਾਲ ਤੂਫਾਨ, ਅਸਧਾਰਨ ਮਾਹੌਲ, ਸੈਂਟੀਲਿਨਲ ਬੱਦਲਾਂ ਦਾ ਗਠਨ ਆਦਿ। ਕੁਝ ਮਨੁੱਖ ਦੁਆਰਾ ਬਣਾਈਆਂ ਨਕਲੀ ਵਸਤੂਆਂ ਵੀ ਇੱਕ ਉੱਡਣ ਤਸ਼ਤਰੀਆਂ ਦਾ ਭਰਮ ਪੈਦਾ ਕਰਦੀਆਂ ਹਨ। ਜਿਵੇਂ ਕਿ ਰਾਡਾਰ ਰੈਜ਼ੋਨੈਂਸ, ਵਪਾਰਕ ਅਤੇ ਫੌਜੀ ਜਹਾਜ਼, ਮੌਸਮ ਅਤੇ ਹੋਰ ਖੋਜਾਂ ਲਈ ਵਰਤੇ ਜਾਂਦੇ ਗ਼ੁਬਾਰੇ ਆਦਿ। ਇੱਥੋਂ ਤੱਕ ਕਿ ਯੂਐਫਓ ਦੀਆਂ ਕੁਝ ਮਸ਼ਹੂਰ ਤਸਵੀਰਾਂ ਵੀ ਧੋਖਾਧੜੀ ਹਨ। ਖਿੜਕੀਆਂ ਅਤੇ ਉੱਤਰਨ ਵਾਲੀਆਂ ਲੱਤਾਂ ਨੂੰ ਦਰਸਾਉਂਦੀ ਇੱਕ ਮਸ਼ਹੂਰ ਫਲਾਇੰਗ ਤਸ਼ਤਰੀ ਦੀ ਤਸਵੀਰ ਅਸਲ ਵਿੱਚ ਇੱਕ ਮਨੁੱਖ ਦੁਆਰਾ ਬਣਾਈ ਮਸ਼ੀਨ ਸੀ, ਨਾ ਕਿ ਇੱਕ ਉੱਡਣ ਤਸ਼ਤਰੀ।

ਉਪਰੋਕਤ ਕਾਰਨਾਂ ਵਿੱਚੋਂ ਇੱਕ ਕਾਰਨ ਉੱਡਣ ਤਸ਼ਤਰੀਆਂ ਦੇ 95% ਦ੍ਰਿਸ਼ਾਂ ਤੋਂ ਇਨਕਾਰ ਕੀਤਾ ਜਾ ਸਕਦਾ ਹੈ ਪਰ 5 ਫੀਸਦੀ ਘਟਨਾਵਾਂ ਅੱਜ ਵੀ ਰਹੱਸ ਬਣੀਆਂ ਹੋਈਆਂ ਹਨ, ਜਿਨ੍ਹਾਂ ਨੂੰ ਸੁਲਝਾਉਣ ਦੇ ਯਤਨ ਜਾਰੀ ਹਨ। ਵਰਤਮਾਨ ਵਿੱਚ, ਇਹ ਰਹੱਸ ਅਜੇ ਵੀ ਬਣਿਆ ਹੋਇਆ ਹੈ ਕਿ ਕੀ ਇੰਟਰਸਟੈਲਰ-ਜੀਵਨ ਅਸਲ ਵਿੱਚ ਮੌਜੂਦ ਹੈ, ਜਿੱਥੋਂ ਏਲੀਅਨ ਹਰ ਸਮੇਂ ਅਤੇ ਫਿਰ ਯੂਐਫਓ ਦੇ ਰੂਪ ਵਿੱਚ ਪੁਲਾੜ ਜਹਾਜ਼ ਦਾ ਦੌਰਾ ਕਰਨ ਲਈ ਧਰਤੀ ’ਤੇ ਆਉਂਦੇ ਹਨ ?

***

## ਬਾਲ ਮਜ਼ਦੂਰੀ ਦੀ ਚੱਕੀ ਵਿੱਚ

ਬੱਚਿਆਂ ਨੂੰ ਕੰਮ ’ਤੇ ਨਾ ਭੇਜਣ ਲਈ ਸਰਕਾਰ ਨੂੰ ਸਮਾਜਿਕ ਸੁਰੱਖਿਆ ਪ੍ਰੋਗਰਾਮਾਂ ਅਤੇ ਨਕਦੀ ਟਰਾਂਸਫਰ ਲਈ ਠੋਸ ਉਪਰਾਲੇ ਕਰਨੇ ਪੈਣਗੇ।

ਇਸ ਦੇ ਨਾਲ ਹੀ ਵਿਦਿਅਕ ਅਦਾਰਿਆਂ ਅਤੇ ਸਿੱਖਿਆ ਦੀ ਗੁਣਵੱਤਾ ਵਿੱਚ ਸੁਧਾਰ ਕਰਨ ਦੀ ਲੋੜ ਹੈ ਅਤੇ ਸਿੱਖਿਆ ਦੀ ਸਾਰਥਕਤਾ ਨੂੰ ਯਕੀਨੀ ਬਣਾਉਣ ਲਈ ਵਿਦਿਅਕ ਢਾਂਚੇ ਨੂੰ ਬਦਲਣ ਦੀ ਲੋੜ ਹੈ। ਬਾਲ ਮਜ਼ਦੂਰੀ ਨਾਲ ਨਜਿੱਠਣ ਵਾਲੇ ਮੌਜੂਦਾ ਭਾਰਤੀ ਕਾਨੂੰਨਾਂ ਵਿੱਚ ਇਕਸਾਰਤਾ ਲਿਆਉਣ ਦੀ ਵੀ ਲੋੜ ਹੈ। ਮੁਫ਼ਤ ਅਤੇ ਲਾਜ਼ਮੀ ਸਿੱਖਿਆ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣਾ ਹੋਵੇਗਾ। ਲੋਕ ਹਿੱਤ ਅਤੇ ਬੱਚਿਆਂ ਲਈ ਵੱਡੇ ਪੱਧਰ ’ਤੇ ਜਾਗਰੂਕਤਾ ਫੈਲਾਉਣ ਦੀ ਲੋੜ ਹੈ। ਬਾਲ ਮਜ਼ਦੂਰੀ ਨੂੰ ਰੋਕਣ ਲਈ ਮਾਪਿਆਂ ਨੂੰ ਵੀ ਜਾਗਰੂਕ ਅਤੇ ਸਿੱਖਿਅਤ ਕਰਨ ਦੀ ਲੋੜ ਹੈ।

ਵਿਅਕਤੀਗਤ ਪੱਧਰ ’ਤੇ ਵੀ ਬਾਲ ਮਜ਼ਦੂਰੀ ਨੂੰ ਰੋਕਣ ਲਈ ਸਾਨੂੰ ਆਪਣੀ ਨੈਤਿਕ ਜ਼ਿੰਮੇਵਾਰੀ ਸਵੀਕਾਰ ਕਰਨੀ ਪਵੇਗੀ ਕਿਉਂਕਿ ਇਹ ਸਾਡੀ ਸਾਰਿਆਂ ਦੀ ਨੈਤਿਕ ਜ਼ਿੰਮੇਵਾਰੀ ਹੈ। ਯਕੀਨੀ ਤੌਰ ’ਤੇ ਬਾਲ ਮਜ਼ਦੂਰੀ ਨੂੰ ਰੋਕਣ ਲਈ ਸਮਾਜਿਕ ਕ੍ਰਾਂਤੀ ਦੀ ਲੋੜ ਹੈ। ਜਿਸ ਵਿੱਚ ਸਰਕਾਰ ਦੇ ਨਾਲ-ਨਾਲ ਸਮਾਜ ਦਾ ਵੀ ਅਹਿਮ ਯੋਗਦਾਨ ਹੋਣਾ ਚਾਹੀਦਾ ਹੈ, ਤਾਂ ਹੀ ਅਸੀਂ ਬਚਪਨ ਅਤੇ ਜਵਾਨੀ ਵਿੱਚ ਸਹੀ ਸੰਤੁਲਨ ਕਾਇਮ ਰੱਖ ਸਕਾਂਗੇ ਅਤੇ ਦੇਸ਼ ਦਾ ਭਵਿੱਖ ਸੁਰੱਖਿਅਤ ਕਰ ਸਕਾਂਗੇ।

***

## ਫ਼ਿਲਮਾਂ ਅਤੇ ਟੀ. ਵੀ. ਸੀਰੀਅਲਾਂ

ਜਿਸ ਵਿੱਚ ਕਿਹਾ ਗਿਆ ਕਿ ਬੱਚਿਆਂ ਅਤੇ ਕਿਸ਼ੋਰਾਂ ਉੱਤੇ ਟੀਵੀ ਹਿੰਸਾ ਦੇ ਪ੍ਰਭਾਵਾਂ ਦੇ ਸੈਂਕੜੇ ਅਧਿਐਨਾਂ ਵਿੱਚ ਪਾਇਆ ਗਿਆ ਹੈ ਕਿ ਬਹੁਤ ਜ਼ਿਆਦਾ ਐਕਸਪੋਜਰ ਦੇ ਕਾਰਨ, ਬੱਚੇ ਇਸ ਦਾ ਸ਼ਿਕਾਰ ਹੋ ਸਕਦੇ ਹਨ ਅਤੇ ਉਹ ਗਲਤ ਅਨਸਰਾਂ ਨਾਲ ਰਲ ਸਕਦੇ ਹਨ। ਕਿਹਾ ਜਾਂਦਾ ਹੈ ਕਿ ਬੱਚਿਆਂ ਦਾ ਟੈਲੀਵਿਜ਼ਨ ’ਤੇ ਹਿੰਸਾ ਦਾ ਸਾਹਮਣਾ ਕਰਨਾ ਉਨ੍ਹਾਂ ਦੀ ਹਮਲਾਵਰਤਾ ਨੂੰ ਵਧਾਉਂਦਾ ਹੈ। ਕਈ ਵਾਰ ਇੱਕ ਵੀ ਹਿੰਸਕ ਪ੍ਰੋਗਰਾਮ ਦੇਖਣ ਨਾਲ ਗੁੱਸੇ ਵਿੱਚ ਵਾਧਾ ਹੋ ਸਕਦਾ ਹੈ। ਪ੍ਰੋਗ੍ਰਾਮ ਜੋ ਵਧੇਰੇ ਯਥਾਰਥਵਾਦੀ, ਦੁਹਰਾਉਣ ਵਾਲੀ ਹਿੰਸਾ ਦੇ ਨਾਲ-ਨਾਲ ਹਿੰਸਾ ਨੂੰ ਦਰਸਾਉਂਦੇ ਹਨ ਜੋ ਬਿਨਾਂ ਸਜ਼ਾ ਦਿੱਤੇ ਜਾਂਦੇ ਹਨ, ਉਹਨਾਂ ਦੀ ਨਕਲ ਕੀਤੇ ਜਾਣ ਦੀ ਜ਼ਿਆਦਾ ਸੰਭਾਵਨਾ ਹੁੰਦੀ ਹੈ। ਜਜ਼ਬਾਤੀ, ਵਿਹਾਰਕ ਅਤੇ ਸਿੱਖਣ ਦੀਆਂ ਸਮੱਸਿਆਵਾਂ ਵਾਲੇ ਬੱਚੇ, ਜਾਂ ਜਿਹੜੇ ਬੱਚੇ ਜ਼ਿਆਦਾ ਭਾਵੁਕ ਹੁੰਦੇ ਹਨ, ਉਹ ਜ਼ਿਆਦਾ ਪ੍ਰਭਾਵਿਤ ਹੋ ਸਕਦੇ ਹਨ। 1980 ਦੇ ਦਹਾਕੇ ਵਿੱਚ, ਮਨੋਵਿਗਿਆਨੀ ਐਲ. ਰੋਵੇਲ ਹਿਊਸਮੈਨ, ਲਿਓਨਾਰਡ ਐਰੋਨ ਅਤੇ ਹੋਰਾਂ ਦੁਆਰਾ ਕੀਤੀ ਗਈ ਖੋਜ ਨੇ ਦਿਖਾਇਆ ਕਿ ਜਿਹੜੇ ਬੱਚੇ ਐਲੀਮੈਂਟਰੀ ਸਕੂਲ ਵਿੱਚ ਟੀਵੀ ’ਤੇ ਕਈ ਘੰਟਿਆਂ ਦੀ ਹਿੰਸਾ ਦੇਖਦੇ ਹਨ, ਉਨ੍ਹਾਂ ਨੇ ਕਿਸ਼ੋਰ ਹੋਣ ’ਤੇ ਹਮਲਾਵਰ ਵਿਵਹਾਰ ਦੇ ਉੱਚ ਪੱਧਰ ਨੂੰ ਦਿਖਾਇਆ।

ਉਹਨਾਂ ਦੇ ਜੀਵਨ ਦਾ ਹੋਰ ਅਧਿਐਨ ਕਰਨ ਤੋਂ ਬਾਅਦ, ਖੋਜਕਰਤਾਵਾਂ ਨੇ ਪਾਇਆ ਕਿ ਜਦੋਂ ਉਹ ਬਾਲਗ ਹੋ ਗਏ ਤਾਂ ਉਹਨਾਂ ਨੂੰ ਗ੍ਰਿਫ਼ਤਾਰ ਕੀਤੇ ਜਾਣ ਅਤੇ ਅਪਰਾਧਿਕ ਕੰਮਾਂ ਲਈ ਮੁਕੱਦਮਾ ਚਲਾਉਣ ਦੀ ਜ਼ਿਆਦਾ ਸੰਭਾਵਨਾ ਸੀ।

ਖੋਜ ਦਰਸਾਉਂਦੀ ਹੈ ਕਿ ਕਾਲਪਨਿਕ ਟੈਲੀਵਿਜ਼ਨ ਸੀਰੀਅਲ ਅਤੇ ਫਿਲਮਾਂ ਵਿੱਚ ਹਿੰਸਾ ਨੌਜਵਾਨ ਦਰਸ਼ਕਾਂ ਵਿੱਚ ਹਮਲਾਵਰਤਾ ਅਤੇ ਹਿੰਸਾ ਵਿੱਚ ਥੋੜ੍ਹੇ ਅਤੇ ਲੰਬੇ ਸਮੇਂ ਦੇ ਵਾਧੇ ਵਿੱਚ ਯੋਗਦਾਨ ਪਾਉਂਦੀ ਹੈ। ਟੀ.ਵੀ. ਸੀਰੀਅਲਾਂ ਵਿੱਚ ਵਧਦੀ ਹਿੰਸਾ, ਮੁੱਖ ਤੌਰ ’ਤੇ ਆਤਮ ਹੱਤਿਆਵਾਂ ਅਤੇ ਹਮਲਾਵਰਤਾ ਦੇ ਵਾਧੇ ਵਿੱਚ ਯੋਗਦਾਨ ਪਾਉਂਦੀ ਹੈ।

ਕਈ ਫ਼ਿਲਮਾਂ ਅਤੇ ਟੀ ਵੀ ਸੀਰੀਅਲਾਂ ਵਿੱਚ ਕਲਾਕਾਰਾਂ ਨੂੰ ਸ਼ਰਾਬ ਪੀਂਦੇ, ਸਿਗਰਟ ਬੀੜੀ ਪੀਂਦੇ ਜਾਂ ਹੋਰ ਨਸ਼ਾ ਕਰਦੇ ਹੋਏ ਦਿਖਾਇਆ ਜਾਂਦਾ ਹੈ, ਜਿਸਦੀ ਦੇਖਾ ਦੇਖੀ ਅਨੇਕਾਂ ਨੌਜਵਾਨ ਵੀ ਨਸ਼ਾ ਕਰਨ ਲੱਗ ਜਾਂਦੇ ਹਨ। ਇਸ ਤੋਂ ਇਲਾਵਾ ਫ਼ਿਲਮਾਂ ਅਤੇ ਸੀਰੀਅਲਾਂ ਵਿੱਚ ਕਲਾਕਾਰਾਂ ਦੁਆਰਾ ਇਕ ਦੂਜੇ ਵਿਰੁੱਧ ਕੀਤੀਆਂ ਜਾਂਦੀਆਂ ਸਾਜ਼ਿਸ਼ਾਂ, ਚੋਰੀਆਂ, ਡਕੈਤੀਆਂ ਤੇ ਹਿੰਸਾ ਤੋਂ ਪ੍ਰੇਰਿਤ ਹੋ ਕੇ ਅਨੇਕਾਂ ਨੌਜਵਾਨ ਗੁੰਮਰਾਹ ਹੋ ਜਾਂਦੇ ਹਨ ਅਤੇ ਗਲਤ ਰਸਤੇ ਤੁਰ ਪੈਂਦੇ ਹਨ, ਜਿਸ ਕਾਰਨ ਉਹਨਾਂ ਦਾ ਜੀਵਨ ਬੇਅਰਥ ਹੋ ਜਾਂਦਾ ਹੈ।

ਅਸਲ ਵਿੱਚ ਟੀ ਵੀ ਸੀਰੀਅਲ ਅਤੇ ਫ਼ਿਲਮਾਂ ਸਾਡੇ ਸਮਾਜ ਅਤੇ ਸੱਭਿਆਚਾਰ ’ਤੇ ਵੱਡਾ ਅਸਰ ਪਾਉਂਦੇ ਹਨ। ਨੌਜਵਾਨਾਂ ਨੂੰ ਕੁਰਾਹੇ ਪੈਣ ਤੋਂ ਰੋਕਣ ਲਈ ਚੰਗੇ ਟੀ ਵੀ ਸੀਰੀਅਲਾਂ ਨੂੰ ਪ੍ਰਸਾਰਿਤ ਕੀਤਾ ਜਾਣਾ ਚਾਹੀਦਾ ਹੈ ਅਤੇ ਗਿਆਨ ਭਰਪੂਰ ਫ਼ਿਲਮਾਂ ਬਣਾਉਣੀਆਂ ਚਾਹੀਦੀਆਂ ਹਨ।

***

## ਬੋਲ ਮਿੱਟੀ ਦਿਆ ਬਾਵਿਆ ਵਾਲਾ ਸਾਂਝੇ ਪੰਜਾਬ

ਇਸ ਸੜਕ ਹਾਦਸੇ ਕਾਰਨ ਆਲਮ ਲੁਹਾਰ ਦੀ ਲੱਤ ਟੁੱਟ ਗਈ। ਹਸਪਤਾਲ ਵਿੱਚ ਕਈ ਦਿਨ ਇਲਾਜ ਚੱਲਦਾ ਰਿਹਾ। ਇਲਾਜ ਪਿੱਛੋਂ ਪੰਜਾਬ ਪਰਤ ਕੇ ਉਨ੍ਹਾਂ ਨੇ ਗੀਤ ਲਿਖਿਆ ਤੇ ਆਪ ਹੀ ਗਾਇਆ। ਇਹ ਗੀਤ ਪੰਜਾਬੀਆਂ ਦੇ ਬਹੁਤ ਦਿਲ ਲੱਗਾ ਸੀ। ਗੀਤ ਦੇ ਬੋਲ ਸਨ:

’ਵਾਜ਼ਾਂ ਮਾਰੀਆਂ ਬੁਲਾਇਆ ਕਈ ਵਾਰ ਮੈਂ
ਕਿਸੇ ਨੇ ਮੇਰੀ ਗੱਲ ਨਾ ਸੁਣੀ।
ਸੀਨੇ ਲਾ ਕੇ ਘੁੱਟ ਲਈਆਂ ਬਾਹਾਂ ਮੇਰੀਆਂ
ਆਲਮ ਦੇਖਿਆ ਤੇ ਲੋਕਾਂ ਅੱਖਾਂ ਫੇਰੀਆਂ।
ਟੁੱਟੀ ਲੱਤ ਨੂੰ ਦਿਖਾਇਆ ਕਈ ਵਾਰ ਮੈਂ
ਕਿਸੇ ਨੇ ਮੇਰੀ ਗੱਲ ਨਾ ਸੁਣੀ।

ਆਲਮ ਲੁਹਾਰ ਦੇ 8 ਪੁੱਤਰ ਹਨ। ਇਨ੍ਹਾਂ ਵਿੱਚੋਂ ਸਭ ਤੋਂ ਛੋਟਾ ਪੁੱਤਰ ਆਰਿਫ ਲੁਹਾਰ ਪੰਜਾਬੀ ਗਾਇਕੀ ਦੇ ਮੈਦਾਨ ’ਚ ਨਿੱਤਰ ਕੇ ਪੰਜਾਬੀਆਂ ਦੇ ਦਿਲਾਂ ਵਿੱਚ ਵਸਦਾ ਹੈ। ਉਸ ਦੇ ਸੱਤ ਪੁੱਤਰ ਇੰਗਲੈਂਡ ਦੇ ਵਸਨੀਕ ਬਣ ਗਏ ਹਨ। ਕੇਵਲ ਆਰਿਫ ਲੁਹਾਰ ਹੀ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਵਿਰਸੇ ਦੀਆਂ ਕਹਾਣੀਆਂ ਗੀਤਾਂ ਦੇ ਰੂਪ ਵਿੱਚ ਗਾ ਕੇ ਪੰਜਾਬੀਆਂ ਨੂੰ ਪੰਜਾਬੀ ਵਿਰਸੇ ਤੇ ਸੱਭਿਆਚਾਰ ਨਾਲ ਜੋੜਨ ਦੇ ਭਰਪੂਰ ਯਤਨ ਕਰ ਰਿਹਾ ਹੈ। ‘ਜੁਗਨੀ’ ਆਲਮ ਲੁਹਾਰ ਦੀ ਖਾਸ ਪਛਾਣ ਬਣ ਗਈ ਸੀ। ਉਹਨੇ ਅਜਿਹੀ ਜੁਗਨੀ ਗਾਈ ਕਿ ਉਹ ਪੂਰੀ ਦੁਨੀਆ ’ਚ ਪ੍ਰਸਿੱਧੀ ਦੇ ਅੱਧ-ਅਸਮਾਨ ਤੱਕ ਪਹੁੰਚ ਗਿਆ। ਜੁਗਨੀ ਤਾਂ ਕਈ ਗਾਇਕਾਂ ਨੇ ਗਾਈ, ਪਰ ਆਲਮ ਲੁਹਾਰ ਵਰਗੀ ਗੱਲ ਨਾ ਬਣੀ। ਆਲਮ ਲੁਹਾਰ ਤੇ ਜੁਗਨੀ ਦੋ ਹੋ ਕੇ ਵੀ ਇੱਕ ਹਨ। ਇਹ ਪਛਾਣ ਪੰਜਾਬੀਆਂ ਦੇ ਦਿਲਾਂ ਵਿੱਚੋਂ ਕਦੀ ਨਹੀਂ ਨਿਕਲੇਗੀ। 3 ਜੁਲਾਈ 1984 ਨੂੰ ਹੋਇਆ ਖਤਰਨਾਕ ਕਾਰ ਹਾਦਸਾ ਉਸ ਦੀ ਮੌਤ ਦਾ ਸਬੱਬ ਬਣ ਗਿਆ। ਇਤਫ਼ਾਕ ਸੀ ਕਿ ਮੌਤ ਤੋਂ ਕੁਝ ਸਮਾਂ ਪਹਿਲਾਂ ਕੁਦਰਤ ਨੇ ਆਲਮ ਲੁਹਾਰ ਦੇ ਮੂੰਹੋਂ ਇਹ ਗੀਤ ਗਵਾ ਕੇ ਉਸ ਨੂੰ ਸਦਾ ਲਈ ਦੁਨੀਆ ਤੋਂ ਅਲਵਿਦਾ ਕਰ ਦਿੱਤਾ:

ਦਿਲ ਵਾਲਾ ਦੁਖੜਾ ਨਈਂ, ਕਿਸੇ ਨੂੰ ਸੁਣਾਈਦਾ
ਆਪਣੀਆਂ ਸੋਚਾਂ ਵਿੱਚ, ਆਪੇ ਡੁੱਬ ਜਾਈਦਾ
ਆਪ ਵੀ ਨਾ ਆਇਓਂ, ਸਾਨੂੰ ਖ਼ਤ ਵੀ ਨਾ ਘੱਲਿਆ
ਜ਼ਿੰਦਗੀ ਦਾ ਦੀਵਾ ਮੇਰਾ, ਇਵੇਂ ਬੁਝ ਚੱਲਿਆ
ਹੋਰ ਕੀ ਮੈਂ ਆਖਾਂ ਤੈਨੂੰ, ਇੰਜ ਨਈਂ ਸੀ ਚਾਹੀਦਾ
ਛੱਡ ਯਾਰ ਆਲਮਾ, ਤੇਰਾ ਦੁਨੀਆ ’ਤੇ ਕੰਮ ਕੀ
ਉਹ ਵੀ ਨਹੀਂ ਰਹਿਆ, ਜਿਹਦੇ ਦਮ ਵਿੱਚ ਦਮ ਸੀ

***

## ਕੀਟਨਾਸ਼ਕ ਦਵਾਈਆਂ,

ਸਮੱਸਿਆ ਦੇ ਹੱਲ ਲਈ ਸਰਕਾਰ ਸਭ ਤੋਂ ਪਹਿਲਾਂ ਸ਼ਹਿਰਾਂ ਦਾ ਖ਼ਾਸ ਕਰਕੇ ਫੈਕਟਰੀਆਂ ਦਾ ਪਾਣੀ ਦਰਿਆਵਾਂ ਵਿੱਚ ਜਾਂ ਧਰਤੀ ਹੇਠਾਂ ਨਾ ਪਾਉਣ ਦਾ ਕਾਨੂੰਨ ਪਾਸ ਕਰ ਕੇ ਲਿਆਵੇ ਅਤੇ ਇਸ ਦੀ ਉਲੰਘਣਾ ਕਰਨ ਵਾਲੇ ਨੂੰ ਸਜ਼ਾ ਹੋਣੀ ਚਾਹੀਦੀ ਹੈ।

ਉਹ ਵੀ ਇਕੱਲੀ ਪੈਸੇ ਯਾਨੀ ਜੁਰਮਾਨੇ ਦੀ ਨਹੀਂ, ਸਗੋਂ ਕੈਦ ਵੀ ਹੋਵੇ। ਇਸੇ ਤਰ੍ਹਾਂ ਦੀ ਸਜ਼ਾ ਟੀਕੇ ਲਾ ਕੇ ਫਲ-ਸਬਜ਼ੀਆਂ ਪਕਾਉਣ ਵਾਲਿਆਂ ਨੂੰ ਹੋਵੇ। ਇਸ ਵਿੱਚ ਇੱਕ ਹੋਰ ਖੋਜ ਦੀ ਜ਼ਰੂਰਤ ਹੈ ਕਿਉਂਕਿ ਅਮਰੀਕਾ ਦੇ ਹਿਸਾਬ ਨਾਲ ਪੰਜਾਂ ਵਿੱਚੋਂ ਇੱਕ ਆਦਮੀ ਨੂੰ ਕੈਂਸਰ ਦਾ ਕਾਰਨ ਪ੍ਰੋਸੈਸਡ ਫੂਡ ਹੈ ਅਤੇ ਇਸ ਕਾਰਨ ਕਰਕੇ 6 ਵਿੱਚੋਂ ਇਕ ਦੀ ਮੌਤ ਵੀ ਹੁੰਦੀ ਹੈ। ਪਰ ਇਸ ਵਿੱਚ ਅੱਗੋਂ ਕਾਫ਼ੀ ਪੜਚੋਲ ਦੀ ਲੋੜ ਹੈ ਕਿ ਕਿਸ ਪ੍ਰੋਸੈਸਡ ਫੂਡ ਦਾ ਕਿੰਨਾ ਅਸਰ ਹੁੰਦਾ ਹੈ।

***

## ਪੰਜਾਬ ਨੂੰ ਨਿਰਾਸ਼ਾ ਦੇ ਦੌਰ ’ਚੋਂ ਕੱਢਣ ਦੀ ਜ਼ਿੰਮੇਵਾਰੀ

ਗ੍ਰੇਗ ਨੂੰ ਵਿਰਾਸਤ ਵਿਚ ਸਮਾਜ ਸੇਵਾ ਮਿਲੀ ਸੀ। ਸ਼ਾਇਦ ਇਸ ਕਰ ਕੇ ਉਸ ਉੱਤੇ ਅਮਰੀਕੀ ਸਰਕਾਰ ਦਾ ਏਜੰਟ ਹੋਣ ਦਾ ਲੇਬਲ ਨਹੀਂ ਲੱਗ ਸਕਿਆ। ਇਸ ਕੰਮ ਦੀ ਸਾਰਥਿਕਤਾ ਦੇਖਣ ਤੋਂ ਬਾਅਦ 2008 ਦੇ ਆਸ-ਪਾਸ ਅਮਰੀਕਨ ਫੌਜੀ ਅਧਿਕਾਰੀਆਂ ਨੇ ਵੀ ਉਸ ਦੀ ਸ਼ਲਾਘਾ ਕੀਤੀ; ਭਾਵੇਂ ਉਨ੍ਹਾਂ ਮਦਦ ਕੋਈ ਨਹੀਂ ਕੀਤੀ। ਜਿਨ੍ਹਾਂ ਪਿੰਡਾਂ ਵਿੱਚ ਸਕੂਲ ਖੋਲ੍ਹੇ ਗਏ, ਉਨ੍ਹਾਂ ਵਿੱਚ ਕਈ ਲੜਕੀਆਂ ਪੜ੍ਹ ਕੇ ਪੈਰਾ-ਮੈਡੀਕਲ ਵਰਕਰ ਅਤੇ ਕੁਝ ਅਧਿਆਪਕ ਬਣ ਗਈਆਂ। ਇਨ੍ਹਾਂ ਪਿੰਡਾਂ ਵਿੱਚ ਬੱਚੇ ਦੇ ਜਣੇਪੇ ਮੌਕੇ ਔਰਤਾਂ ਅਤੇ ਛੋਟੇ ਬੱਚਿਆਂ ਦੀ ਮੌਤ ਦੀ ਦਰ ਘਟ ਗਈ; ਜਨਮ ਦਰ ਵੀ ਘਟਣ ਲਗ ਪਈ। ਵਿਦਿਆ, ਖਾਸ ਕਰ ਕੇ ਲੜਕੀਆਂ ਦੀ ਵਿਦਿਆ ਨੂੰ ਉਤਸ਼ਾਹ ਮਿਲਿਆ ਅਤੇ ਔਰਤਾਂ ਦੇ ਸ਼ਕਤੀਕਰਨ ਨੂੰ ਪ੍ਰੇਰਨਾ ਮਿਲੀ। ਲੋਕਾਂ ਦੇ ਸਹਿਯੋਗ ਨਾਲ ਗੈਰ-ਸਰਕਾਰੀ ਸੰਸਥਾ ਉਨ੍ਹਾਂ ਮੁਸ਼ਕਿਲ ਪਹਾੜੀ ਥਾਂਵਾਂ ’ਤੇ ਸਕੂਲ ਕਾਇਮ ਕਰਨ ਅਤੇ ਲੋਕਾਂ ਨੂੰ ਜਾਗਰੂਕ ਕਰਨ ਵਿਚ ਕਾਮਯਾਬ ਹੋ ਗਈ ਜਿਥੇ ਸਰਕਾਰਾਂ ਪਹੁੰਚ ਨਹੀਂ ਸਕੀਆਂ ਸਨ।

ਭਾਰਤੀ ਪੰਜਾਬ ਦੇ ਹਾਲਾਤ ਤਾਂ ਅਫ਼ਗਾਨਿਸਤਾਨ ਅਤੇ ਕਬਾਇਲੀ ਪਾਕਿਸਤਾਨੀ ਇਲਾਕਿਆਂ ਨਾਲੋਂ ਕਾਫ਼ੀ ਬਿਹਤਰ ਹਨ। ਇੱਥੇ ਸਮਾਜਿਕ ਲਹਿਰ ਬਹੁਤ ਸਰਗਰਮ ਹੈ। ਕਿਸਾਨ ਲਹਿਰ ਨੇ ਤਾਂ ਦੇਸ਼ ਭਰ ਦੇ ਕਿਸਾਨਾਂ ਨੂੰ ਜਗਾਇਆ ਅਤੇ ਤਿੰਨ ਖੇਤੀ ਕਾਨੂੰਨ ਵਾਪਸ ਕਰਨ ਵਾਸਤੇ ਕੇਂਦਰ ਸਰਕਾਰ ਨੂੰ ਮਜਬੂਰ ਕੀਤਾ। ਮੱਧ ਵਰਗ ਦੇ ਮੁਲਾਜ਼ਮ ਵੀ ਕਾਫ਼ੀ ਜਥੇਬੰਦ ਹਨ। ਪੰਜਾਬ ਦੇ ਲੋਕ ਸੰਘਰਸ਼ਾਂ ਵਿੱਚ ਨਹੀਂ ਸਗੋਂ ਕੁਦਰਤੀ ਆਫ਼ਤਾਂ ਸਮੇਂ ਵੀ ਸਮਾਜਿਕ ਸੇਵਾ ਵਿੱਚ ਇਕੱਠੇ ਜੁਟ ਜਾਂਦੇ ਹਨ। ਇਸ ਸਮਾਜਿਕ ਸਰਮਾਏ ਦਾ ਸੂਬੇ ਨੂੰ ਨਿਰਾਸ਼ਾ ਵਿਚੋਂ ਕੱਢਣ ਵਿਚ ਮਹੱਤਵਪੂਰਨ ਰੋਲ ਹੋ ਸਕਦਾ ਹੈ। ਕੀ ਪੰਜਾਬ ਦੀ ਸਮਾਜਿਕ ਲਹਿਰ ਕੋਈ ਪਹਿਲਕਦਮੀ ਕਰ ਕੇ ਸੂਬੇ ਦੇ ਸਰਕਾਰੀ ਸਕੂਲਾਂ ਅਤੇ ਮੁਢਲੀ ਸਿਹਤ ਨੂੰ ਪਿੰਡਾਂ ਦੇ ਸੂਝਵਾਨ ਅਤੇ ਪ੍ਰਭਾਵਸ਼ਾਲੀ ਵਿਅਕਤੀਆਂ ਨੂੰ ਨਾਲ ਲੈ ਕੇ ਬਿਹਤਰ ਬਣਾਉਣ ਦੀ ਪ੍ਰਕਿਰਿਆ ਸ਼ੁਰੂ ਕਰ ਸਕਦੀ ਹੈ ? ਕੀ ਪੰਜਾਬ ਦੇ ਖੇਤੀ ਅਰਥਚਾਰੇ ਨੂੰ ਸਹਿਕਾਰੀ ਲੀਹਾਂ ’ਤੇ ਤੋਰਨ ਵਾਸਤੇ ਕੋਈ ਪਹਿਲਕਦਮੀ ਕਰ ਕੇ ਇਸ ਨੂੰ ਲਾਹੇਵੰਦ ਬਣਾਇਆ ਜਾ ਸਕਦਾ ਹੈ ? ਕੀ ਕਿਸਾਨ ਅੰਦੋਲਨ ਦੀ ਪੈਦਾ ਕੀਤੀ ਆਪਸੀ ਸਾਂਝ ਨੂੰ ਇਸ ਤੋਂ ਅਗਲੇ ਪੜਾਅ ਵਲ ਲਿਜਾਇਆ ਜਾ ਸਕਦਾ ਹੈ ? ਸਮਾਜਿਕ ਲਹਿਰ ਵਾਤਾਵਰਨ ਨੂੰ ਬਚਾਉਣ ਵਿੱਚ ਕਿਵੇਂ ਮਦਦਗਾਰ ਹੋ ਸਕਦੀ ਹੈ ? ਇਹ ਮੁੱਦੇ ਵਿਚਾਰ ਚਰਚਾ ਦੀ ਮੰਗ ਕਰਦੇ ਹਨ। ਇਨ੍ਹਾਂ ਦੇ ਜਵਾਬ ਲੱਭਣ ਦੀ ਕੋਸ਼ਿਸ਼ ਨਾਲ ਸਮਾਜਿਕ ਲਹਿਰ ਆਰਥਿਕ ਸੰਕਟ ਅਤੇ ਸਮਾਜਿਕ ਨਿਰਾਸ਼ਾ ਵਿਚੋਂ ਲੋਕਾਂ ਨੂੰ ਬਾਹਰ ਕੱਢਣ ਲਈ ਸਹਾਈ ਹੋ ਸਕਦੀ ਹੈ। ਇਹ ਤਰੀਕਾ ਸੂਬੇ ਦੀ ਸਿਆਸੀ ਲੀਡਰਸ਼ਿਪ ਨੂੰ ਵੀ ਸਿਰਜਣਾਤਮਕ ਸਮਾਜਿਕ ਏਜੰਡੇ ਵੱਲ ਮੋੜਨ ਵਿੱਚ ਸਹਾਈ ਹੋ ਸਕਦਾ ਹੈ।

***

## ਗੁਰਬਾਣੀ ਨਾਲ ਜੁੜਿਆ ਹੋਇਆ ਸਿੰਧੀ ਭਾਈਚਾਰਾ

ਪੰਜਾਬ ਦੇ ਸਕੂਲਾਂ ਵਿੱਚ ਪੰਜਾਬੀ ਭਾਸ਼ਾ ਰਾਹੀਂ ਪੜ੍ਹਾਈ ਕਰਨ ’ਤੇ ਜ਼ੋਰ ਦਿੰਦੇ ਹੋਏ ਉਹਨਾਂ ਕਿਹਾ ਕਿ ਸਿੱਖਾਂ ਦੀ ਆਬਾਦੀ ਤੀਹ ਲੱਖ ਹੈ ਅਤੇ ਜੇਕਰ ਇਕ ਸਿੱਖ ਇੱਕ ਰੁਪਈਆ ਦੇਵੇ ਤਾਂ ਤੀਹ ਲੱਖ ਰੁਪਏ ਦਾ ਨੈਸ਼ਨਲ ਫੰਡ ਤਿਆਰ ਹੋ ਸਕਦਾ ਹੈ ਜਿਸ ਨਾਲ ਹਰ ਪਿੰਡ ਵਿੱਚ ਸਿੱਖ ਸਕੂਲ ਖੋਲ ਕੇ ਵਿੱਦਿਆ ਪ੍ਰਦਾਨ ਕਰ ਸਕਦੇ ਹਨ ਅਤੇ ਹੁਣ ਸਰਕਾਰ ਵੀ ਇਸ ਕਾਰਜ ਸੰਬੰਧੀ ਸਹਾਇਤਾ ਦੇਣ ਲਈ ਤਿਆਰ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਤੋਂ ਸਿਰਾਂ ਦੀ ਮੰਗ ਕੀਤੀ ਸੀ ਪਰ ਹੁਣ ਧਨ ਅਤੇ ਸਮਾਂ ਕੁਰਬਾਨ ਕਰਨ ਦੀ ਲੋੜ ਹੈ ਤਾਂ ਕਿ ਪੰਜਾਬ ਵਿੱਚ ਸਿੱਖਾਂ ਦੇ ਮਿਡਲ ਅਤੇ ਹਾਈ ਸਕੂਲ ਖੋਲ੍ਹੇ ਜਾ ਸਕਣ ਤਾਂ ਕਿ ਬੱਚਿਆਂ ਨੂੰ ਧਰਮ ਦੀ ਸਿੱਖਿਆ ਵੀ ਪ੍ਰਦਾਨ ਕੀਤੀ ਜਾ ਸਕੇ ਜਿਸ ਤੋਂ ਬਗ਼ੈਰ ਉਹਨਾਂ ਦੀ ਸਿੱਖਿਆ ਅਧੂਰੀ ਹੈ।

ਗੁਰੂ ਸਾਹਿਬਾਨ ਦੁਆਰਾ ਪ੍ਰਦਾਨ ਕੀਤੀ ਸਿੱਖਿਆ ਹੀ ਮਨੁੱਖੀ ਵਲਗਣਾਂ ਤੋਂ ਮੁਕਤ ਕਰਕੇ ਸਮੁੱਚੀ ਮਾਨਵਤਾ ਵਿੱਚ ਇੱਕ ਪਰਮਾਤਮਾ ਦੀ ਹੋਂਦ ਦਾ ਅਹਿਸਾਸ ਕਰਵਾਉਂਦੀ ਹੈ। ਸਾਨੂੰ ਹਮੇਸ਼ਾਂ ਇਹ ਅਰਦਾਸ ਕਰਨੀ ਚਾਹੀਦੀ ਹੈ ਕਿ ਪਰਮਾਤਮਾ ਆਪਣੀ ਕਿਰਪਾ ਦੁਆਰਾ ਸਾਨੂੰ ਸੱਚੇ ਮਾਰਗ ’ਤੇ ਲੈ ਕੇ ਜਾਵੇ ਅਤੇ ਅਸੀਂ ਸੱਚੇ ਸਿੱਖ ਹੁੰਦੇ ਹੋਏ ਸੱਚੇ ਰਾਜ ਭਗਤ, ਸੱਚੇ ਸਪੁਤ੍ਰ, ਪਤੀ ਤੇ ਪਿਤਾ ਹੋਈਏ। ਦੀਵਾਨ ਜੀ ਦਾ ਵਿਸਤ੍ਰਿਤ ਭਾਸ਼ਣ ਪੰਜਾਬ ਅਤੇ ਸਿੰਧ ਦੇ ਲਗ-ਪਗ ਸਮੂਹ ਅਖ਼ਬਾਰਾਂ ਅਤੇ ਰਸਾਲਿਆਂ ਵਿਚ ਪ੍ਰਕਾਸ਼ਿਤ ਹੋਇਆ ਜਿਸਦੀ ਹਰ ਪਾਸੇ ਸ਼ਲਾਘਾ ਹੋਈ ਸੀ। ਛੇਵੀਂ ਸਿੱਖ ਵਿੱਦਿਅਕ ਕਾਨਫ਼ਰੰਸ ਵਿਚ ਹਿੱਸਾ ਲੈਣਾ ਅਤੇ ਬੜੇ ਖੁੱਲ੍ਹੇ ਮਨ ਨਾਲ ਸਾਰੇ ਸਮਾਗਮ ਦੀ ਅਗਵਾਈ ਕਰਨ ਕਰਕੇ ਇਹਨਾਂ ਨੂੰ ਨਿਰੰਤਰ ਯਾਦ ਕੀਤਾ ਜਾਂਦਾ ਰਿਹਾ। ਸਿੱਖਾਂ ਦੇ ਮਨ ਵਿੱਚ ਇਹਨਾਂ ਦੀ ਹਾਜ਼ਰੀ ਨਿਰੰਤਰ ਯਾਦ ਰੱਖੀ ਜਾਂਦੀ ਸੀ ਅਤੇ ਅਗਲੀਆਂ ਕਾਨਫ਼ਰੰਸਾਂ ਦੇ ਮੌਕੇ ਜਦੋਂ ਸਿੰਧੀ ਭਰਾਵਾਂ ਨੂੰ ਇਸ ਮਹੱਤਵਪੂਰਨ ਕਾਨਫ਼ਰੰਸ ਵਿੱਚ ਸ਼ਾਮਲ ਹੋਣ ਦੀ ਪ੍ਰੇਰਨਾ ਕੀਤੀ ਜਾਂਦੀ ਤਾਂ ਇਹਨਾਂ ਦੀ ਅੰਬਾਲਾ ਕਾਨਫ਼ਰੰਸ ਵਿੱਚ ਕੀਤੀ ਪ੍ਰਧਾਨਗੀ ਨੂੰ ਯਾਦ ਕੀਤਾ ਜਾਂਦਾ ਸੀ ਜਿਵੇਂ ਕਿ ਕਵੀ ਸੰਤੋਖ ਸਿੰਘ ਲਿਖਦਾ ਹੈ:

ਦੀਵਾਨ ਜੀ ! ਪਿਆਰ ਤੇਰਾ ਘਣਾਂ ਸਾਰੇ ਪੰਥ ਨਾਲ,
ਤੈਂਡੇ ਨਾਲ ਪ੍ਰੀਤਾਂ ਅਸੀਂ ਜੋੜੀਆਂ ਸਵਾਈਆਂ।
ਤੁਸੀਂ ਹੀ ਪਰੈਜ਼ੀਡੈਂਟ ਬਣੇ ਸੀ ਅੰਬਾਲੇ ਵਿਚ,
ਸਾਰੇ ਸਿੰਧ ਵਾਸੀਆਂ ਨੇ ਖੁਸ਼ੀਆਂ ਮਨਾਈਆਂ।

ਭਾਵੇਂ ਕਿ ਇਕ ਸਿੰਧੀ ਨਾਟਕਕਾਰ ਵਜੋਂ ਵੀ ਇਹਨਾਂ ਨੇ ਆਪਣੀ ਪਛਾਣ ਸਥਾਪਿਤ ਕਰ ਲਈ ਸੀ ਅਤੇ ਕਈ ਕਾਲਜਾਂ ਵਿੱਚ ਇਹਨਾਂ ਦੁਆਰਾ ਲਿਖੇ ਨਾਟਕ ਖੇਡੇ ਜਾਂਦੇ ਸਨ। ਇਹਨਾਂ ਦੇ ਸਮੂਹ ਨਾਟਕ ਵਿਦਿਆਰਥੀਆਂ ਨੂੰ ਸਮਾਜਿਕ ਅਤੇ ਸਦਾਚਾਰਿਕ ਪ੍ਰੇਰਨਾ ਪੈਦਾ ਕਰਦੇ ਸਨ। ਨਾਟਕਾਂ ਦੇ ਨਾਲ-ਨਾਲ ਗੁਰਮਤਿ ਆਸ਼ੇ ਅਨੁਸਾਰ ਜੀਵਨ ਬਸਰ ਕਰਨ ਕਰਕੇ ਇਹ ਸਿੱਖ ਸੰਸਥਾਵਾਂ ਅਤੇ ਮੰਡਲੀਆਂ ਵਿੱਚ ਨਿਰੰਤਰ ਹਾਜ਼ਰੀ ਭਰਦੇ ਸਨ। 1941 ਵਿੱਚ ਇਹ ਅਕਾਲ ਚਲਾਣਾ ਕਰ ਗਏ ਸਨ।

***

## ਕਿਸੇ ਸੈਲੀਬ੍ਰਿਟੀ ਤੋਂ ਘੱਟ ਨਹੀਂ ਹੈ

ਸਮੇਤ ਅਮਰੀਕਾ ਦੇ 16 ਰਾਜਾਂ ਦੀ ਯਾਤਰਾ ਕਰ ਚੁੱਕਾ ਹੈ। ਉਹ ‘ਟਰੈਵਲ ਬਲਾਗ’ ਰਾਹੀਂ ਪੈਸੇ ਕਮਾਉਂਦਾ ਹੈ। ਉਹ ਇੰਸਟਾਗ੍ਰਾਮ ’ਤੇ ਕਾਫੀ ਮਸ਼ਹੂਰ ਹੈ।

ਤੁਹਾਨੂੰ ਦੱਸ ਦੇਈਏ ਕਿ ਬੇਬੀ ਬ੍ਰਿਗਸ ਦੇ ਇੰਸਟਾਗ੍ਰਾਮ ਅਕਾਊਂਟ ’ਤੇ ਬ੍ਰਿਗਸ ਦੇ 42 ਹਜ਼ਾਰ ਤੋਂ ਜ਼ਿਆਦਾ ਫਾਲੋਅਰਜ਼ ਹਨ। ਉਸਨੇ ਸਿਰਫ਼ ਤਿੰਨ ਹਫ਼ਤਿਆਂ ਵਿੱਚ ਆਪਣੀ ਪਹਿਲੀ ਯਾਤਰਾ ਕੀਤੀ।

***

## ਆਲਮੀ ਭਾਈਚਾਰੇ ’ਚ ਕੈਨੇਡਾ ਦੀ ਆਰਥਿਕਤਾ

ਲੱਖਾਂ ਲੋਕ ਸਾਲਾਂਬੱਧੀ ਸਹੀ ਇਲਾਜ ਤੇ ਸਰਜਰੀਆਂ ਨੂੰ ਤਰਸ ਰਹੇ ਹਨ। ਟੈਕਸ ਠੋਕ ਰਹੇ ਹੋ ਤਾਂ ਸੇਵਾਵਾਂ ਕਿਸ ਨੇ ਦੇਣੀਆਂ ਹਨ ?

ਦੇਸ਼ ਟੁੱਟ ਰਿਹਾ ਹੈ। ਫਰੇਜ਼ਰ ਸੰਸਥਾ ਪੋਲ ਅਨੁਸਾਰ 74 ਫ਼ੀਸਦੀ ਕੈਨੇਡੀਅਨ ਸਮਝਦੇ ਹਨ ਕਿ ਔਸਤਨ ਪਰਿਵਾਰ ਵੱਧ ਟੈਕਸ ਦਾ ਸ਼ਿਕਾਰ ਹਨ। ਸਥਾਨਕ, ਸੂਬਾਈ ਤੇ ਫੈਡਰਲ ਸਰਕਾਰਾਂ ਟੈਕਸਾਂ ਰਾਹੀਂ ਪਰਿਵਾਰਾਂ ਦਾ ਕਚੂਮਰ ਕੱਢ ਰਹੀਆਂ ਹਨ। ਮਨੀਟੋਬਾ ਤੇ ਸਸਕੈਚਵਨ ਦੇ 79 ਫ਼ੀਸਦੀ, ਅਟਲਾਂਟਿਕ ਸੂਬਿਆਂ ਦੇ 77 ਫ਼ੀਸਦੀ, ਕਿਊਬੈੱਕ ਦੇ 74 ਫ਼ੀਸਦੀ, ਓਂਟਾਰੀਓ ਤੇ ਬ੍ਰਿਟਿਸ਼ ਕੋਲੰਬੀਆਂ ਦੇ 73, ਅਲਬਰਟਾ ਦੇ 71 ਫ਼ੀਸਦੀ ਲੋਕ ਆਪਣੇ ਆਪ ਨੂੰ ਵਾਧੂ ਟੈਕਸਾਂ ਦਾ ਸ਼ਿਕਾਰ ਹੋਏ ਸਮਝਦੇ ਹਨ ਪਰ ਬਦਲੇ ’ਚ ਸੇਵਾਵਾਂ ਅਤਿ ਨਾਕਸ ਪ੍ਰਾਪਤ ਹੁੰਦੀਆਂ ਹਨ। ਸੰਨ 2022 ’ਚ ਔਸਤ ਪਰਿਵਾਰ ਫੈਡਰਲ, ਸੂਬਾਈ, ਸਥਾਨਕ ਸਰਕਾਰਾਂ ਨੂੰ 45.2 ਫ਼ੀਸਦੀ ਟੈਕਸ ਦੇ ਰਿਹਾ ਹੈ। ਇਵਜ਼ ’ਚ ਸੇਵਾਵਾਂ ਰੱਦੀ। ਸੰਨ 1981 ’ਚ 40.8 ਫ਼ੀਸਦੀ ਟੈਕਸ ਸੀ ਪਰ ਸੇਵਾਵਾਂ ਬਹੁਤ ਹੀ ਉਮਦਾ ਸਨ।

ਇਸ ਸਦੀ ਦੇ ਅੰਤ ਤੱਕ ਕੈਨੇਡਾ ਨੂੰ ਮਜ਼ਬੂਤ ਮਾਰਕੀਟ ਅਤੇ ਆਰਥਿਕਤਾ ਲਈ ਮੌਜੂਦਾ 39.5 ਮਿਲੀਅਨ ਆਬਾਦੀ ਤੋਂ 100 ਮਿਲੀਅਨ ਲੁੜੀਂਦੀ ਹੈ। ਵਧੀਆ ਹੁਨਰਮੰਦ, ਉੱਤਮ ਤਕਨੀਕ ਨਾਲ ਲੈਸ ਕਾਮੇ ਅਤੇ ਆਲਮੀ ਪੱਧਰੀ ਸਰਵੋਤਮ ਤਕਨੀਕੀ, ਕਾਰੋਬਾਰੀ, ਵਿਗਿਆਨੀ, ਖੋਜੀ ਆਗੂ ਚਾਹੀਦੇ ਹਨ। ਸੰਨ 2030 ਤੱਕ 5.8 ਮਿਲੀਅਨ ਘਰ ਚਾਹੀਦੇ ਹਨ। ਢਾਈ ਲੱਖ ਡਾਲਰ ਦਾ ਘਰ ਅੱਜ 15 ਤੋਂ 20 ਲੱਖ ਡਾਲਰ ਦਾ ਕਿਉਂ ? ਕੀ 40 ਸਾਲ ਲੋਕ ਮਾਰਗੇਜ ਉਤਾਰਦੇ ਮਰ ਜਾਣਗੇ ਭਾਵ ਦੋ ਪੀੜ੍ਹੀਆਂ। ਜ਼ਰਾ ਹੋਸ਼ ਕਰਨ ਕੈਨੇਡੀਅਨ ਫੈਡਰਲ, ਸੂਬਾਈ ਅਤੇ ਸਥਾਨਕ ਸਰਕਾਰਾਂ। ਖੋਜਾਂ ਦਰਸਾ ਰਹੀਆਂ ਹਨ ਕਿ ਕਿਉਂ ਨੌਜਵਾਨ ਪੀੜ੍ਹੀ ਬੇਰੁਜ਼ਗਾਰੀ, ਘੱਟ ਉਜਰਤਾਂ, ਸ਼ੋਸ਼ਣ ਕਰਕੇ ਮਾਨਸਿਕ ਤੌਰ ’ਤੇ ਬਿਮਾਰ ਹੋ ਰਹੀ ਹੈ।

ਕੁਝ ਵੀ ਹੋਵੇ, ਨਿੱਜੀ ਅਤੇ ਸਮਾਜਿਕ ਲਾਭਾਂ ਅਤੇ ਵਧੀਆ ਸੇਵਾਵਾਂ ਲਈ ਕੈਨੇਡਾ ਨੂੰ ਵਧੀਆ ਰਾਜਨੀਤਕ ਤੇ ਆਰਥਿਕ ਲੀਡਰਸ਼ਿਪ ਨੂੰ ਲੰਬੀ ਮਿਆਦ ਵਾਲੀਆਂ ਲਾਹੇਵੰਦ ਅਤੇ ਵਧੀਆ ਨੀਤੀਆਂ ਦਾ ਨਿਰਮਾਣ ਅਤੇ ਅਮਲ ਜ਼ਰੂਰੀ ਹੈ। ਮਹਾਨ, ਗਤੀਸ਼ੀਲ, ਸਰਵੋਤਮ ਕੈਨੇਡਾ ਦੀ ਉਸਾਰੀ ਲਈ ਗਤੀਸ਼ੀਲ, ਦਲੇਰਾਨਾ, ਧੜੱਲੇਦਾਰ ਨੀਤੀਆਂ ਘੜ ਕੇ ਤੁਰੰਤ ਅਮਲ ਦੀ ਲੋੜ ਹੈ।


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
AJJ DA MUDDA
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com